TAJ INSURANCE SERVICES

*Local or Long Haul Trucking (48 States) *Personal or Commercial Lines *Standard or Non Satandard Market *Auto and Home package Available

To beat your rates, Visit or Call

Gurdawar S. Mann Or Pal Rai

37485 Fremont Blvd, #D, Fremont, CA 94536

Ph:(510)739-1700, Fax (510)740-3451

Note:Also Income Tax filing Available


Gurdawar S. Mann

Lic#0F34231



Hardeep S.Rai Attorney-at-Law

ਇੰਮੀਗਰੇਸ਼ਨ ਵਕੀਲ

ਨੌਂਵੀਂ ਸਰਕਟ ਕੋਰਟ • ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ • ਇਮੀਗ੍ਰੇਸ਼ਨ ਕੋਰਟ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਫੈਮਿਲੀ ਪਟੀਸ਼ਨਾਂ • ਲੇਬਰ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ

SAN FRANCISCO
TEL: 415.693.9131
FAX: 415.693.9135

rai@hsrai.com
www.hsrai.com

SAN JOSE
TEL: 408.280.1111
FAX: 408.280.1212



ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ

Kuldip Singh Dhariwal
Attorney At Law

Tel: (510) 744-1280
Fax: (510) 744-4192


ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication

ਕੈਲੇਫੋਰਨੀਆ ਐਡੀਸ਼ਨ Price 50¢

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 8, February 20, 2010 20451 N Plum Grove Rd. Palatine, IL 60074 Ph:847-359-0746, Fax:847-705-9388


## ਭਾਰਤ-ਪਾਕਿਸਤਾਨ ਗੱਲਬਾਤ 'ਤੇ ਪੂਣੇ ਬੰਬ ਧਮਾਕੇ ਦਾ ਪ੍ਰਛਾਵਾਂ

**ਬਿੰਦਰ ਬਸਰਾ**

ਭਾਰਤ-ਪਾਕਿਸਤਾਨ ਵਿਚਾਲੇ 25 ਫਰਵਰੀ ਨੂੰ ਹੋਣ ਵਾਲੀ ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਦੇ ਕੋਈ ਸਾਰਥਕ ਸਿੱਟੇ ਆਉਣ ਦੀ ਸੰਭਾਵਨਾ ਪਹਿਲਾਂ ਹੀ ਘੱਟ ਸੀ, ਪਰ 13 ਫਰਵਰੀ ਨੂੰ ਪੂਣੇ 'ਚ ਓਸ਼ੋ ਆਸ਼ਰਮ ਨੇੜੇ ਜਰਮਨ ਬੇਕਰੀ 'ਚ ਹੋਏ ਬੰਬ ਧਮਾਕੇ ਨੇ ਰਹਿੰਦੀ ਖੂੰਹਦੀ ਆਸ ਵੀ ਮੱਧਮ ਪਾ ਦਿੱਤੀ ਹੈ। ਇਸ ਬੰਬ ਧਮਾਕੇ ਕਾਰਨ ਜਿੱਥੇ ਗੱਲਬਾਤ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ ਉਥੇ ਇਸ ਦਾ ਪ੍ਰਛਾਵਾਂ 28 ਫਰਵਰੀ ਤੋਂ ਸ਼ੁਰੂ ਹੋਣ ਵਾਲੇ ਹਾਕੀ ਵਿਸ਼ਵ ਕੱਪ 'ਤੇ ਪੈਣ ਦਾ ਖਦਸ਼ਾ ਵੀ ਮੰਡਰਾ ਰਿਹਾ ਹੈ। ਜ਼ਿਕਰਯੋਗ ਹੈ ਕਿ ਧਮਾਕੇ 'ਚ 9 ਜਾਨਾਂ ਚਲੀਆਂ ਗਈਆਂ ਅਤੇ 57 ਵਿਅਕਤੀ ਫੱਟੜ ਹੋ ਗਏ ਸਨ। ਬੰਬ ਧਮਾਕੇ 'ਚ ਮਰਨ ਵਾਲਿਆਂ 'ਚ ਦੋ ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ। ਭਾਵੇਂ ਭਾਰਤ ਨੇ ਜਾਂਚ ਰਿਪੋਰਟ ਆਉਣ ਤੱਕ ਹੋਣ ਵਾਲੀ ਮੀਟਿੰਗ ਸਬੰਧੀ ਕੋਈ ਟਿੱਪਣੀ ਕਰਨ ਤੋਂ ਨਾਂਹ ਕੀਤੀ ਹੈ ਪਰ ਭਾਜਪਾ ਨੇ ਗੱਲਬਾਤ ਰੱਦ ਕਰਨ ਦੀ ਮੰਗ ਕੀਤੀ ਹੈ।

ਯਾਦ ਰਹੇ ਕਿ ਮੁੰਬਈ ਵਿਚ 26 ਨਵੰਬਰ 2008 ਨੂੰ ਹੋਏ ਅਤਿਵਾਦੀ ਹਮਲੇ ਪਿੱਛੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਗੱਲਬਾਤ ਦਾ ਸਿਲਸਿਲਾ ਰੁਕਿਆ ਪਿਆ ਸੀ। ਭਾਰਤ ਨੇ ਕਰੀਬ ਦੋ ਹਫਤੇ ਪਹਿਲਾਂ ਹੀ ਵਿਦੇਸ਼ ਸਕੱਤਰ ਪੱਧਰੀ ਗੱਲਬਾਤ ਲਈ ਹਾਮੀ ਭਰੀ ਸੀ। ਇਹ ਵੀ ਗੱਲ ਮਹੱਤਵਪੂਰਨ ਹੈ ਕਿ ਗੱਲਬਾਤ ਦੀ ਤਰੀਕ ਸ਼ਨਿਚਰਵਾਰ ਨੂੰ ਪੂਣੇ ਵਿਚ ਜਰਮਨ ਬੇਕਰੀ ਵਿਚ ਹੋਏ ਧਮਾਕੇ ਤੋਂ ਇਕ ਦਿਨ ਪਹਿਲਾਂ ਹੀ ਤੈਅ ਹੋਈ ਸੀ। ਵੈਸੇ ਜਦੋਂ ਤੋਂ ਦੋਹਾਂ ਦੇਸ਼ਾਂ ਵਿਚਾਲੇ ਗੱਲਬਾਤ ਦੋਬਾਰਾ ਸ਼ੁਰੂ ਕੀਤੇ ਜਾਣ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋਈਆਂ ਸਨ, ਉਦੋਂ ਤੋਂ ਹੀ ਅਤਿਵਾਦ ਦੀ ਕੋਈ ਵਾਰਦਾਤ ਹੋਣ ਦੇ ਖਦਸ਼ੇ ਪ੍ਰਗਟ ਕੀਤੇ ਜਾਣ ਲੱਗ ਪਏ ਸਨ। ਭਾਵੇਂ ਅਜੇ ਤੱਕ ਕਿਸੇ ਵੀ ਅਤਿਵਾਦੀ ਜਥੇਬੰਦੀ ਨੇ ਇਸ ਬੰਬ ਧਮਾਕੇ ਦੀ ਜ਼ਿੰਮੇਵਾਰੀ ਨਹੀਂ ਲਈ ਪਰ ਸਮਝਿਆ ਜਾ ਰਿਹਾ ਕਿ ਇਹ ਭਾਰਤ-ਪਾਕਿਸਤਾਨ ਵਿਚਾਲੇ ਹੋਣ ਵਾਲੀ ਵਿਦੇਸ਼ ਸਕੱਤਰ ਪੱਧਰੀ ਗੱਲਬਾਤ ਦੇ


(ਬਾਕੀ ਸਫਾ 8 'ਤੇ)




*ਪੂਣੇ ਵਿਚ ਬੇਕਰੀ 'ਚ ਹੋਏ ਬੰਬ ਧਮਾਕੇ ਤੋਂ ਬਾਅਦ ਦਾ ਦ੍ਰਿਸ਼*

## ਕੇਂਦਰ ਦਰਿਆਈ ਪਾਣੀਆਂ 'ਤੇ ਅਧਿਕਾਰ ਕਾਇਮ ਕਰਨ ਦੇ ਰੌਂ 'ਚ

**ਨਵੀਂ ਦਿੱਲੀ:** ਦਰਿਆਈ ਪਾਣੀਆਂ ਦੇ ਮੁੱਦੇ 'ਤੇ ਇਕ ਵਾਰ ਫਿਰ ਪੰਜਾਬ ਅਤੇ ਕੇਂਦਰ ਵਿਚਕਾਰ ਖਿਚੋਤਾਣ ਉਭਰਨ ਲੱਗੀ ਹੈ। ਅਕਾਲੀ ਦਲ (ਬ) ਅਤੇ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਮੁੱਦੇ ਨੂੰ ਲੈ ਕੇ ਕੇਂਦਰ ਸਰਕਾਰ ਦੀ ਤਿੱਖੀ ਅਲੋਚਨਾ ਕੀਤੀ ਹੈ। ਯਾਦ ਰਹੇ ਕੇਂਦਰ ਨੇ ਕੁਝ ਸਮਾਂ ਪਹਿਲਾਂ ਪੰਜਾਬ ਅਤੇ ਕੁਝ ਹੋਰ ਰਾਜਾਂ ਦੇ ਧਰਤੀ ਹੇਠਲੇ ਪਾਣੀ ਦੇ ਬਚਾਅ ਲਈ ਮਾਡਲ ਬਿਲ ਲਿਆਉਣ ਦਾ ਫੈਸਲਾ ਕੀਤਾ ਸੀ। ਪੰਜਾਬ ਤੇ ਕੁਝ ਹੋਰ ਰਾਜਾਂ ਦੇ ਧਰਤੀ ਹੇਠਲੇ ਪਾਣੀਆਂ ਨੂੰ ਬਚਾਉਣ ਤੇ ਉਸ ਦੀ ਸੁਚੱਜੀ ਵਰਤੋਂ ਕਰਨ ਸਬੰਧੀ ਮਾਡਲ ਬਿੱਲ ਦੇ ਵਿਰੋਧ ਵਿਚ ਖੜੇ ਹੋਣ ਮਗਰੋਂ ਕੇਂਦਰ ਸਰਕਾਰ ਨੇ ਨਵਾਂ ਰਾਹ ਲੱਭ ਲਿਆ ਹੈ। ਉਹ ਪਾਣੀਆਂ ਨੂੰ ਰਾਜਾਂ ਦੀ ਸੂਚੀ ਵਿਚੋਂ ਕੱਢ ਕੇ ਸਮਵਰਤੀ ਸੂਚੀ ਵਿਚ ਪਾ ਕੇ ਮਾਮਲੇ ਦਾ ਹੱਲ ਕੱਢਣ ਦੇ ਰੌਂ 'ਚ ਹੈ।

ਜਲ ਵਸੀਲਿਆਂ ਬਾਰੇ ਮੰਤਰਾਲੇ ਦੇ ਸੂਤਰਾਂ ਮੁਤਾਬਕ ਇਕ ਅਜਿਹੇ ਬਿੱਲ ਉਪਰ ਸੋਚ ਵਿਚਾਰ ਕੀਤੀ ਜਾ ਰਹੀ ਹੈ, ਜਿਸ ਨਾਲ ਪਾਣੀ ਰਾਜਾਂ ਦੀ ਸੂਚੀ ਵਿਚੋਂ ਨਿਕਲ ਕੇ ਸਮਵਰਤੀ ਯਾਨਿ ਸਾਂਝੀ ਸੂਚੀ ਵਿਚ ਚਲਾ ਜਾਵੇਗਾ। ਇਸ ਨਾਲ ਕੇਂਦਰ ਸਰਕਾਰ ਕੋਲ ਰਾਜਾਂ ਨੂੰ ਨਿਰਦੇਸ਼ ਦੇਣ ਬਾਰੇ ਤਾਕਤ ਆ ਜਾਵੇਗੀ। ਸੂਤਰਾਂ ਮੁਤਾਬਕ, ਜਦੋਂ ਤਕ



ਪਾਣੀ ਰਾਜਾਂ ਦਾ ਵਿਸ਼ਾ ਹੈ, ਉਦੋਂ ਤਕ ਕੇਂਦਰ ਦਾ ਧਰਤੀ ਹੇਠਲੇ ਪਾਣੀ 'ਤੇ ਕੋਈ ਕੰਟਰੋਲ ਨਹੀਂ। ਰਾਜ ਜਿਵੇਂ ਚਾਹੁਣ ਇਹ ਪਾਣੀ ਵਰਤਣਗੇ।' ਇਕ ਵਾਰ ਇਹ ਵਿਸ਼ਾ ਸਮਵਰਤੀ ਸੂਚੀ ਵਿਚ ਪੈ ਗਿਆ ਤਾਂ ਧਰਤੀ ਹੇਠਲੇ ਪਾਣੀ ਦੀ ਵਰਤੋਂ ਬਾਰੇ 60 ਫੀਸਦੀ ਫੈਸਲੇ ਕੇਂਦਰ ਦੇ ਹੱਥ 'ਚ ਆ ਜਾਣਗੇ। ਪਰ ਇਸ ਬਿੱਲ ਨੂੰ ਲਿਆਉਣ 'ਚ ਸਮਾਂ ਲੱਗ ਸਕਦਾ ਹੈ, ਕਿਉਂਕਿ ਪਹਿਲਾਂ ਯੋਜਨਾ ਕਮਿਸ਼ਨ, ਫੇਰ


(ਬਾਕੀ ਸਫਾ 4 'ਤੇ)


## ਪੰਜਾਬ 'ਚ ਨਵੇਂ ਸਿਆਸੀ ਜੋੜ-ਤੋੜ ਦੇ ਸੰਕੇਤ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਪਿਛਲੇ ਕੁਝ ਦਿਨਾਂ ਤੋਂ ਪੰਜਾਬ ਵਿਚ ਜਿਸ ਕਿਸਮ ਦੇ ਸਿਆਸੀ ਸੰਕੇਤ ਮਿਲ ਰਹੇ ਹਨ, ਉਸ ਤੋਂ ਇਹੋ ਜਾਪਦਾ ਹੈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੱਕ ਪੰਜਾਬ ਸਿਆਸਤ ਦੇ ਸਿਆਸੀ ਗਠਜੋੜ ਉਹ ਨਹੀਂ ਰਹਿਣਗੇ, ਜਿਹੜੇ ਅੱਜ ਮੌਜੂਦ ਹਨ। ਅਕਾਲੀ ਮੁੱਖ ਰੂਪ ਵਿਚ ਭਾਰਤੀ ਜਨਤਾ ਪਾਰਟੀ ਤੋਂ ਬਹੁਜਨ ਸਮਾਜ ਪਾਰਟੀ ਵੱਲ ਖਿਸਕਦੇ ਨਜ਼ਰ ਆ ਰਹੇ ਹਨ ਅਤੇ ਦੂਜੇ ਪਾਸੇ ਬਹੁਜਨ ਸਮਾਜ ਪਾਰਟੀ ਵੀ ਪੰਜਾਬ ਵਿਚ ਆਪਣੀਆਂ ਜੜ੍ਹਾਂ ਲਾਉਣ ਲਈ ਕਿਸੇ ਸਥਾਪਤ ਅਤੇ ਮਜ਼ਬੂਤ ਰਾਜਨੀਤਕ ਧਿਰ ਨਾਲ ਅਟੀ-ਸਟੀ ਲਾਉਣ ਵਲ ਅੱਗੇ ਵਧ ਸਕਦੀ ਹੈ।

ਉਂਜ ਭਾਵੇਂ ਦੋਹਾਂ ਪਾਰਟੀਆਂ ਦੀ ਹਮਾਇਤੀ ਅਬਾਦੀ ਵਿਚਕਾਰ ਬਹੁਤ ਸਾਰੀਆਂ ਸੱਭਿਆਚਾਰਕ ਅਤੇ ਧਾਰਮਿਕ ਸਮੱਸਿਆਵਾਂ ਵੀ ਉਠ ਰਹੀਆਂ ਹਨ ਅਤੇ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਸਮੇਤ ਕਈ ਰਾਜਨੀਤਕ ਧਿਰਾਂ ਇਸ ਨੂੰ ਹਵਾ ਦੇਣ ਵਿਚ ਰੁਝੀਆਂ ਹੋਈਆਂ ਹਨ, ਫਿਰ ਵੀ ਅਕਾਲੀ ਦਲ (ਬਾਦਲ) ਆਪਣੇ ਰਾਜਨੀਤਕ ਭਵਿੱਖ ਲਈ ਭਾਰਤੀ ਜਨਤਾ ਪਾਰਟੀ ਤੋਂ ਪਰ੍ਹਾਂ ਖਿਸਕਦਾ ਨਜ਼ਰ ਆ ਰਿਹਾ ਹੈ।

ਸੂਤਰਾਂ ਅਨੁਸਾਰ ਹਾਲ ਹੀ ਵਿਚ ਮਿਲੀਆਂ



(ਬਾਕੀ ਸਫਾ 4 'ਤੇ)



Delo
Mobil Delvac

GILL EXPRESS

WASH, TIRE & REPAIR



CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
WESTLEY @ HWY 5, JOE'S TRAVEL PLAZA

ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ

ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਦਿਓ

Call Gill 661-301-8978



ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS

TOLL FREE 1-866-FOR RAJA

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।

ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।

Raja Indian Cuisine & Bar
Ph: 510-264-9300
1275 W Winton Ave
Hayward, CA 94545

Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587

ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।

Call Makhan Bains or Ravinder Singh for your next party
Or visit us: www.rajasweets.com



Law Offices Of Manpreet S. Gahra

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ


Manpreet S.Gahra
Attorney At Law

Berkeley Office
2161 Shattuck Ave. #304, Berkeley
Ph. 510-841-4582
Fax: 510-217-6847

Sacramento Office
Call For Appointments
Ph. 916-924-1617
Email:manpreet@gahralaw.com




*ਫਰੀਮਾਂਟ ਗੁਰੂਘਰ ਤੋਂ 50,000 ਡਾਲਰ ਦਾ ਚੈਕ ਪ੍ਰਾਪਤ ਕਰਦੇ ਹੋਏ ਸਿਟੀ ਦੇ ਉਚ ਅਧਿਕਾਰੀ। ਨਾਲ ਖੜੇ ਹਨ ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ, ਸੁਪਰੀਮ ਕੌਂਸਲ ਦੇ ਮੈਂਬਰ ਅਤੇ ਸੰਗਤਾਂ*

# ਮਾਓਵਾਦੀਆਂ ਨੇ ਸੁਰੱਖਿਆ ਕੈਂਪ ਨੂੰ ਨਿਸ਼ਾਨਾ ਬਣਾਇਆ, 24 ਜਵਾਨ ਹਲਾਕ

**ਕੋਲਕਾਤਾ:** ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਵਲੋਂ ਕੀਤੀ ਅਪੀਲ ਦੇ ਬਾਵਜੂਦ ਮਾਓਵਾਦੀਆਂ ਨੇ ਹਿੰਸਾ ਦੀ ਨੀਤੀ ਜਾਰੀ ਰੱਖਦਿਆਂ ਲੰਘੀ 15 ਫਰਵਰੀ ਨੂੰ ਪੱਛਮੀ ਬੰਗਾਲ ਦੇ ਪੱਛਮੀ ਮਿਦਨਾਪੁਰ ਜ਼ਿਲ੍ਹੇ 'ਚ ਸੂਬਾ ਪੁਲਿਸ ਅਤੇ ਕੇਂਦਰੀ ਸੁਰੱਖਿਆ ਦਸਤਿਆਂ ਦੇ ਸਿਆਲਦਾ ਸਥਿਤ ਸਾਂਝੇ ਕੈਂਪ 'ਤੇ ਹਮਲਾ ਕਰ ਕੇ 24 ਜਵਾਨਾਂ ਨੂੰ ਮਾਰ ਦਿੱਤਾ। ਮਾਓਵਾਦੀਆਂ ਵਲੋਂ ਜਦੋਂ ਸ਼ਾਮ ਸਮੇਂ ਇਹ ਹਮਲਾ ਕੀਤਾ ਗਿਆ, ਉਸ ਸਮੇਂ ਜ਼ਿਆਦਾਤਰ ਜਵਾਨ ਖਾਣਾ ਬਣਾਉਣ ਦੀ ਤਿਆਰੀ ਕਰ ਰਹੇ ਸਨ।

ਮਿਲੀ ਜਾਣਕਾਰੀ ਮੁਤਾਬਕ 50 ਦੇ ਕਰੀਬ ਹਥਿਆਰਬੰਦ ਮਾਓਵਾਦੀ, ਜੋ 25 ਮੋਟਰਸਾਈਕਲਾਂ 'ਤੇ ਸਵਾਰ ਸਨ, ਨੇ ਕੈਂਪ 'ਤੇ ਹਮਲਾ ਬੋਲਿਆ। ਇਨ੍ਹਾਂ ਹਮਲਾਵਰਾਂ ਨੇ ਜਿੱਥੇ ਕੈਂਪ ਨੂੰ ਅੱਗ ਲਗਾਈ, ਉਥੇ ਸੁਰੱਖਿਆ ਦਸਤਿਆਂ 'ਤੇ ਗੋਲੀਬਾਰੀ ਵੀ ਕੀਤੀ। ਆਈ ਜੀ ਪੀ ਲਾਅ ਐਂਡ ਆਰਡਰ ਐਸ ਪੁਰਕਾਸਥਾ ਨੇ ਦੱਸਿਆ ਕਿ ਜਦੋਂ ਮਾਓਵਾਦੀਆਂ ਨੇ ਕੈਂਪ 'ਤੇ ਹਮਲਾ ਕੀਤਾ, ਉਸ ਸਮੇਂ ਕਰੀਬ 51 ਜਵਾਨ ਕੈਂਪ 'ਚ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਮਾਓਵਾਦੀਆਂ ਵੱਲੋਂ ਲਗਾਈ ਅੱਗ ਨਾਲ ਕਈ ਜਵਾਨਾਂ ਦੀ ਮੌਤ ਹੋ ਗਈ, ਜਦਕਿ ਕਈ ਜਵਾਨਾਂ ਦੀ ਮੌਤ ਗੋਲੀਬਾਰੀ ਨਾਲ ਹੋਈ।

# ਗੁਰਦਵਾਰਾ ਫਰੀਮਾਂਟ ਵਲੋਂ ਲਾਈਟ ਲਈ ਸਿਟੀ ਨੂੰ 50 ਹਜਾਰ ਡਾਲਰ ਦਾ ਚੈਕ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਨੇ ਫਰੀਮਾਂਟ ਸਿਟੀ ਨੂੰ ਗੁਰਦੁਆਰਾ ਰੋਡ ਅਤੇ ਮਿਸ਼ਨ ਬੁਲੇਵਰਡ ਉਪਰ ਸਟਰੀਟ ਲਾਈਟ ਲਗਾਉਣ ਲਈ 50,000 ਡਾਲਰ ਦਿੱਤਾ ਹੈ। ਇਸ ਰਕਮ ਦਾ ਚੈਕ ਸਿਟੀ ਦੇ ਅਧਿਕਾਰੀਆਂ ਨੂੰ ਗੁਰਦੁਆਰਾ ਸਾਹਿਬ ਵਿਖੇ ਦਿਤਾ ਗਿਆ।

ਇਸ ਮੌਕੇ ਗੁਰਦੁਆਰਾ ਪ੍ਰਬੰਧਕ, ਬਜ਼ੁਰਗ ਸਿੱਖ ਆਗੂ ਅਤੇ ਸਿਟੀ ਆਫ ਫਰੀਮਾਂਟ ਦੇ ਉਚ ਅਧਿਕਾਰੀ ਅਤੇ ਪੁਲਿਸ ਚੀਫ ਹਾਜ਼ਰ ਸਨ।

ਪ੍ਰਬੰਧਕਾਂ ਅਨੁਸਾਰ ਪਿਛਲੇ ਤਕਰੀਬਨ ਡੇਡ ਸਾਲ ਤੋ ਸਿਟੀ ਆਫ ਫਰੀਮਾਂਟ ਅਤੇ ਇਸ ਨਾਲ ਕੰਮ ਕਰਦੇ ਹੋਰ ਮਹਿਕਮਿਆਂ ਨਾਲ ਗੱਲਬਾਤ ਚੱਲ ਰਹੀ ਸੀ ਅਤੇ ਕਈ ਮੀਟਿੰਗਾਂ ਤੋਂ ਬਾਦ ਸਿਟੀ 90 ਹਜਾਰ ਡਾਲਰ ਤੋਂ ਘੱਟ ਕੇ 50 ਹਜਾਰ ਡਾਲਰ ਉਪਰ ਸਹਿਮਤ ਹੋ ਗਈ। ਹੁਣ ਇਹ ਲਾਈਟ ਬਹੁਤ ਜਲਦੀ ਲੱਗ ਜਾਵੇਗੀ ਇਸ ਉਪਰ ਆਉਣ ਵਾਲਾ ਬਾਕੀ ਦਾ ਕਰੀਬ 6 ਲੱਖ 50 ਹਜਾਰ ਡਾਲਰ ਖਰਚ ਸਿਟੀ ਅਤੇ ਕੈਲ-ਟਰੇਨ ਅਤੇ ਹੋਰ ਮਹਿਕਮਿਆਂ ਵਲੋਂ ਦਿਤਾ ਜਾਵੇਗਾ।

# ਕਿਸਾਨ ਆਗੂ ਤਖਤੂਪੁਰਾ ਦੀ ਹਮਲਾਵਰਾਂ ਵਲੋਂ ਹੱਤਿਆ, ਸੱਤ ਆਗੂ ਜ਼ਖਮੀ

**ਅੰਮ੍ਰਿਤਸਰ:** ਸਰਹੱਦੀ ਪਿੰਡ ਭਿੰਡੀ ਔਲਖ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਆਗੂਆਂ 'ਤੇ ਅਣਪਛਾਤੇ ਵਿਅਕਤੀਆਂ ਵਲੋਂ ਕੀਤੇ ਗਏ ਜਾਨਲੇਵਾ ਹਮਲੇ ਵਿਚ ਜਥੇਬੰਦੀ ਦੇ ਜਥੇਬੰਦਕ ਸਕੱਤਰ ਸ੍ਰੀ ਸਾਧੂ ਸਿੰਘ ਤਖਤੂਪੁਰਾ (65) ਦੀ ਮੌਤ ਹੋ ਗਈ ਅਤੇ ਸੱਤ ਹੋਰ ਵਿਅਕਤੀ ਜ਼ਖਮੀ ਹੋ ਗਏ।

ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਬੀਤੇ ਮਹੀਨੇ ਪੁਲੀਸ ਹਿਰਾਸਤ ਵਿਚ ਮਾਰੇ ਗਏ ਕਿਸਾਨ ਦੇ ਮਾਮਲੇ ਵਿਚ ਕਿਸਾਨਾਂ ਦਾ 17 ਫਰਵਰੀ ਨੂੰ ਡੀ.ਐਸ.ਪੀ. ਅਜਨਾਲਾ ਦੇ ਦਫਤਰ ਦੇ ਬਾਹਰ ਮੁਜਾਹਰੇ ਦਾ ਪ੍ਰੋਗਰਾਮ ਸੀ। ਇਸ ਸਬੰਧੀ ਕਿਸਾਨਾਂ ਨੂੰ ਇਕੱਠੇ ਕਰਨ ਲਈ ਆਗੂਆਂ ਵਲੋਂ ਪਿੰਡ-ਪਿੰਡ ਜਾ ਕੇ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਸਨ। ਇਸੇ ਤਹਿਤ ਜਥੇਬੰਦੀ ਦੇ ਜਥੇਬੰਦਕ ਸਕੱਤਰ ਸ੍ਰੀ ਸਾਧੂ ਸਿੰਘ ਤਖਤੂਪੁਰਾ ਤੇ ਹੋਰ ਕਿਸਾਨ ਆਗੂ ਇਕ ਸੂਮੋ ਗੱਡੀ ਵਿਚ ਵੱਖ-ਵੱਖ ਪਿੰਡਾਂ ਵਿਚ ਗਏ। ਉਨ੍ਹਾਂ ਦੱਸਿਆ ਕਿ ਜਦੋਂ ਇਹ ਕਿਸਾਨ ਆਗੂ ਪਿੰਡ ਭਿੰਡੀ ਔਲਖ ਵਿਖੇ ਕਿਸਾਨਾਂ ਨਾਲ ਮੀਟਿੰਗ ਕਰਨ ਉਪਰੰਤ ਗੁਰਦੁਆਰੇ ਵਿਚੋਂ ਲੰਗਰ ਛਕ ਕੇ ਬਾਹਰ ਆਏ ਤਾਂ ਕੁਝ ਅਣਪਛਾਤੇ ਵਿਅਕਤੀ, ਜੋ ਤੇਜ਼ਧਾਰ ਹਥਿਆਰਾਂ ਤੇ ਡਾਂਗਾਂ-ਸੋਟਿਆਂ ਨਾਲ ਲੈਸ ਸਨ, ਨੇ ਇਨ੍ਹਾਂ ਦਾ ਪਿੱਛਾ ਕੀਤਾ ਅਤੇ ਇਨ੍ਹਾਂ ਉਪਰ ਹਮਲਾ ਕਰ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਜਥੇਬੰਦੀ ਅਬਾਦਕਾਰਾਂ ਨੂੰ ਜ਼ਮੀਨਾਂ ਦੇ ਹੱਕ ਦਿਵਾਉਣ ਲਈ ਸੰਘਰਸ਼ ਕਰ ਰਹੀ ਹੈ, ਪਰ ਹਲਕੇ ਦੇ ਸਿਆਸਤਦਾਨ ਇਨ੍ਹਾਂ ਜ਼ਮੀਨਾਂ ਉਪਰ ਕਾਬਜ਼ ਹੋਣਾ ਚਾਹੁੰਦੇ ਹਨ ਅਤੇ ਇਸੇ ਲਈ ਉਹ ਜਥੇਬੰਦੀ ਨੂੰ ਖੌਫਜ਼ਦਾ ਕਰਨ ਲਈ ਅਜਿਹੇ ਹਮਲੇ ਕਰ ਰਹੇ ਹਨ।

ਹਲਕੇ ਦੇ ਹੀ ਕਿਸਾਨ ਆਗੂ ਜਸਪਾਲ ਸਿੰਘ ਨੇ ਦੱਸਿਆ ਕਿ ਅਣਪਛਾਤੇ ਹਮਲਾਵਰ ਬੋਲੈਰੋ ਅਤੇ ਦੋ ਹੋਰ ਗੱਡੀਆਂ ਵਿਚ ਸਵਾਰ ਸਨ। ਉਨ੍ਹਾਂ ਨਾਲ ਕੁਝ ਮੋਟਰਸਾਈਕਲ ਸਵਾਰ ਵੀ ਸਨ। ਉਨ੍ਹਾਂ ਨੇ ਸ੍ਰੀ ਸਾਧੂ ਸਿੰਘ ਤਖਤੂਪੁਰਾ ਨੂੰ ਗੱਡੀ ਤੋਂ ਹੇਠਾਂ ਸੁੱਟ ਲਿਆ ਅਤੇ ਉਨ੍ਹਾਂ ਦੀ ਬੁਰੀ ਤਰ੍ਹਾਂ ਮਾਰਕੁੱਟ ਕੀਤੀ, ਜਿਸ ਦੇ ਸਿੱਟੇ ਵਜੋਂ ਉਸਦੀ ਮੌਤ ਹੋ ਗਈ। ਜ਼ਖਮੀਆਂ ਵਿਚ ਸੁਖਵਿੰਦਰ ਸਿੰਘ ਧਰਮਕੋਟ, ਹੀਰਾ ਸਿੰਘ ਧਰਮਕੋਟ, ਜਰਨੈਲ ਸਿੰਘ ਧਰਮਕੋਟ ਤੇ ਬਲਕਾਰ ਸਿੰਘ ਦੁਧਰਾ ਸ਼ਾਮਲ ਹਨ।

# ਜਨਮ ਦਿਨ ਮੁਬਾਰਕ



*ਸਾਹਿਬ ਢਿੱਲੋਂ ਅਤੇ ਜੋਵਿਨ ਢਿੱਲੋਂ ਨੂੰ ਜਨਮ ਦਿਨ ਮੁਬਾਰਕ (ਦੋਵੇਂ ਆਪਣੇ ਪਿਤਾ ਪਿੰਦਰ ਢਿੱਲੋਂ, ਮਾਤਾ ਸੋਨੀਆ ਢਿੱਲੋਂ ਅਤੇ ਛੋਟੇ ਭਰਾ ਕਬੀਰ ਢਿੱਲੋਂ ਨਾਲ)*








ਦੇਗ ਤੇਗ ਫਤਹਿ ੴ ਵਾਹਿਗੁਰੂ ਜੀ ਕੀ ਫ਼ਤਹਿ ਪੰਥ ਕੀ ਜੀਤ

# ਫਰੀਮਾਂਟ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਭਾਈ ਗੁਰਮੀਤ ਸਿੰਘ ਖਾਲਸਾ ਦੀ

# ਪੰਥਕ ਸਲੇਟ


ਭਾਈ ਗੁਰਮੀਤ ਸਿੰਘ ਖਾਲਸਾ


ਭਾਈ ਗੁਰਮੇਲ ਸਿੰਘ ਬਾਠ


ਭਾਈ ਗੁਰਚਰਨ ਸਿੰਘ ਮਾਨ


ਭਾਈ ਤਰਸੇਮ ਸਿੰਘ


ਭਾਈ ਤਾਰਾ ਸਿੰਘ ਗਿੱਲ

**ਭਾਈ ਗੁਰਮੀਤ ਸਿੰਘ ਖਾਲਸਾ:**ਭਾਈ ਗੁਰਮੀਤ ਸਿੰਘ ਖਾਲਸਾ ਪੀ. ਏ. ਯੂ. ਲੁਧਿਆਣਾ ਤੋਂ ਗਰੈਜੂਏਟ ਹਨ। ਆਪ ਪਿਛਲੇ 25 ਸਾਲਾਂ ਤੋਂ ਬੇ-ਏਰੀਆ ਵਿਚ ਰਹਿੰਦੇ ਹਨ ਅਤੇ ਪਰਪੱਕ ਖਾਲਸਾਈ ਜ਼ਿੰਦਗੀ ਜਿਉਂਦੇ ਹਨ। ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਨਾਲ ਇਕ ਲੰਮੇ ਸਮੇਂ ਤੋਂ ਜੁੜੇ ਹੋਏ ਹਨ। ਸੰਨ 2005 ਅਤੇ 2006 ਦੀਆਂ ਚੋਣਾਂ ਵਿਚ ਜਿੱਤ ਕੇ ਉਹ ਦੋ ਵਾਰ ਗੁਰੂਘਰ ਦੇ ਪ੍ਰਧਾਨ ਬਣੇ। ਸਿੱਖੀ ਪ੍ਰਤੀ ਪਿਆਰ ਆਪ ਜੀ ਦੇ ਦਿਲ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਵਿਦੇਸ਼ਾਂ ਵਿਚ ਵਸੇ ਸਿੱਖਾਂ ਦੀਆਂ ਸਮੱਸਿਆਵਾਂ ਪ੍ਰਤੀ ਆਪ ਪੂਰੀ ਤਰ੍ਹਾਂ ਜਾਗਰੂਕ ਹਨ। ਇਸੇ ਕਰਕੇ ਆਪ ਜੀ ਵਲੋਂ ਵਿਸ਼ੇਸ਼ ਕਰਕੇ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਸਮਰ ਕੈਂਪਾਂ ਦਾ ਆਯੋਜਨ ਕੀਤਾ ਗਿਆ। ਪ੍ਰੀ ਸਕੂਲ ਸ਼ੁਰੂ ਕਰਵਾਇਆ ਗਿਆ। ਸਮੇਂ ਸਮੇਂ ਮੈਡੀਕਲ ਕੈਂਪਾਂ ਦਾ ਆਯੋਜਨ ਕਰਵਾਇਆ ਜਾਂਦਾ ਰਿਹਾ। ਫਿਊਨਰਲ ਹੋਮ ਦੀ ਸਮੱਸਿਆ ਨਾਲ ਨਜਿੱਠਣ ਲਈ ਨਿਰਮਲ ਸਿੰਘ ਚੀਮਾ ਦੀਆਂ ਸੇਵਾਵਾਂ ਲਈਆਂ। ਆਪ ਜੀ ਇਨਸਾਫਪਸੰਦ ਵਿਅਕਤੀ ਹਨ। ਕਿਸੇ ਵੀ ਧੱਕੇਸ਼ਾਹੀ ਦੇ ਖਿਲਾਫ ਡਟਣਾ ਜਾਣਦੇ ਹਨ। ਫਰੀਮਾਂਟ ਗੁਰੂਘਰ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੰਗਤ ਨੂੰ ਵੋਟਾਂ ਦਾ ਅਧਿਕਾਰ ਦਿਵਾਉਣਾ ਖਾਲਸਾ ਜੀ ਦੀ ਮਹੱਤਵਪੂਰਨ ਦੇਣ ਹੈ। ਗੁਰੂਘਰ ਵਿਚ ਚਲ ਰਹੇ ਮੌਜੂਦਾ ਪ੍ਰੋਜੈਕਟਾਂ ਦੀ ਮੁਢਲੀ ਰੂਪ ਰੇਖਾ ਵੀ ਖਾਲਸਾ ਵਲੋਂ ਹੀ ਉਲੀਕੀ ਗਈ ਸੀ।

**ਭਾਈ ਗੁਰਮੇਲ ਸਿੰਘ ਬਾਠ:** ਭਾਈ ਗੁਰਮੇਲ ਸਿੰਘ ਜੀ ਪਹਿਲੀ ਵਾਰ 1984 ਵਿਚ ਫਰੀਮਾਂਟ ਗੁਰੂ ਘਰ ਦੀ ਕਮੇਟੀ ਦੇ ਮੈਂਬਰ ਚੁਣੇ ਗਏ ਸਨ। ਉਹ ਦੋ ਸਾਲ ਪ੍ਰਬੰਧਕ ਕਮੇਟੀ ਦੇ ਸਕੱਤਰ ਵੀ ਰਹੇ। ਉਨ੍ਹਾਂ ਨੇ 1990 ਤੋ 1993 ਤੀਕ ਸੁਪਰੀਮ ਕੌਂਸਲ ਦੇ ਮੈਂਬਰ ਵਜੋਂ ਸੇਵਾ ਨਿਭਾਈ। ਉਹ ਕਾਫੀ ਲੰਮੇ ਸਮੇਂ ਤੋਂ ਗੁਰਬਾਣੀ ਸੰਥਿਆ ਅਤੇ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਉਂਦੇ ਆ ਰਹੇ ਹਨ। ਆਪ ਜੀ ਦਾ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੈ। ਆਪ ਜੀ ਪੰਥਕ ਕਾਰਜਾਂ ਵਿਚ ਵੱਧ ਚੜ ਕੇ ਹਿੱਸਾ ਲੈਂਦੇ ਹਨ। ਆਪ ਜੀ ਸੈਨਹੋਜੇ ਵਿਚ ਰਹਿੰਦੇ ਹਨ।

**ਭਾਈ ਗੁਰਚਰਨ ਸਿੰਘ ਮਾਨ:**ਭਾਈ ਗੁਰਚਰਨ ਸਿੰਘ ਮਾਨ ਪਿਛਲੇ 28 ਸਾਲਾਂ ਤੋ ਫਰੀਮਾਂਟ ਇਲਾਕੇ ਵਿਚ ਰਹਿ ਰਹੇ ਹਨ। ਉਹ 2006 ਤੋ 2008 ਤੱਕ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੇ ਮੈਬਰ ਦੀ ਸੇਵਾ ਨਿਭਾ ਚੁੱਕੇ ਹਨ। ਉਹ ਇਸ ਗੁਰਦੁਵਾਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵਿਚ ਸਹਾਇਕ ਸੈਕਟਰੀ ਵੀ ਰਹੇ ਹਨ। ਭਾਈ ਗੁਰਚਰਨ ਸਿੰਘ ਮਾਨ ਇਕ ਇੰਸੋਰੈਂਸ ਕੰਪਨੀ ਦੇ ਮਾਲਕ ਹਨ ਜੋ ਉਹਨਾਂ ਨੇ 1999 ਵਿਚ ਸੁਰੂ ਕੀਤੀ ਸੀ। ਉਹ ਇਸ ਵੇਲੇ ਫਰੀਮਾਂਟ ਸਹਿਰ ਦੇ ਪੁਨਰ ਨਿਰਮਾਣ ਅਤੇ ਪੁਨਰ ਸਥਾਪਨ ਮਹਿਕਮੇ ਵਿਚ ਕਮਿਸ਼ਨਰ ਦੀ ਸੇਵਾ ਨਿਭਾ ਰਹੇ ਹਨ। ਉਹਨਾਂ ਨੇ ਅਮਰੀਕਨ ਪੋਸਟ ਆਫਿਸ ਵਿਚ ਵੀ 14 ਸਾਲ ਸੇਵਾ ਕੀਤੀ ਹੈ। ਉਹ ਸਭ ਤੋ ਵਡੀਆਂ 500 ਕੰਪਨੀਆਂ ਵਿਚ ਕੰਮ ਕਰ ਚੁੱਕੇ ਹਨ। ਭਾਈ ਗੁਰਚਰਨ ਸਿੰਘ ਮਾਨ ਨੇ ਗੁਰਦੁਆਰਾ ਸਾਹਿਬ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਜਿਵੇਂ ਕਿ ਛਤਰ (ਕੈਨੋਪੀ) ਦਾ ਪਰਮਿਟ, ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਵਧਾਉਣਾ, ਖਾਲਸਾ ਸਕੂ.ਲ, ਟੈਕਨੌਲੋਜੀ ਨੂੰ ਲਾਗੂ ਕਰਨਾ, ਲੋਕਾਂ ਤਕ ਪਹੁੰਚ, ਬੱਜਟ, ਮੈਡੀਕਲ ਕੈਂਪ ਅਤੇ ਹੋਰ ਅਜਿਹੀਆਂ ਬਹੁਤ ਸਾਰੀਆਂ ਯੋਜਨਾਵਾਂ ਦੀ ਨਿਗਰਾਨੀ ਕੀਤੀ ਹੈ। ਭਾਈ ਮਾਨ ਨੇ ਅਰਥ ਸ਼ਾਸਤਰ ਦੀ ਦੀ ਬੀ. ਏ. ਕੀਤੀ ਹੈ। ਉਨ੍ਹਾਂ ਨੇ ਸਿਸਟਮ ਇੰਜੀਨੀਅਰਿੰਗ ਦੀ ਡਿਗਰੀ ਵੀ ਪ੍ਰਾਪਤ ਕੀਤੀ ਹੈ ਅਤੇ ਉਹ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਨੂੰ ਸਮਰਪਿਤ ਹਨ।

**ਭਾਈ ਤਰਸੇਮ ਸਿੰਘ:**ਭਾਈ ਤਰਸੇਮ ਸਿੰਘ 18 ਸਾਲਾਂ ਤੋਂ ਬੇ-ਏਰੀਏ ਵਿਚ ਰਹਿ ਰਹੇ ਹਨ। ਸਫਲ ਬਿਜਨੈਸ ਮੇਨ ਹਨ ਅਤੇ ਚਾਰਟਰ ਬੱਸ ਸਰਵਿਸ ਨਾਮੀ ਕੰਪਨੀ ਚਲਾਉਦੇ ਹਨ। ਸਾਂਤ ਸੁਭਾਅ ਅਤੇ ਨਿਸ਼ਕਾਮ ਸੇਵਕ ਦੇ ਤੌਰ ਤੇ ਜਾਣੇ ਜਾਂਦੇ ਹਨ। ਜਦ ਕਦੇ ਵੀ ਕਮਿਊਨਟੀ ਨੂੰ ਬੱਸਾਂ ਦੀ ਜਰੂਰਤ ਪੈਂਦੀ ਹੈ ਤਾਂ ਮੁਫਤ ਸੇਵਾ ਕਰਦੇ ਹਨ। ਸਿੱਖ ਮਸਲਿਆਂ ਪ੍ਰਤੀ ਬਹੁਤ ਸੰਜ਼ੀਦਾ ਹਨ।

**ਭਾਈ ਤਾਰਾ ਸਿੰਘ ਗਿੱਲ:**ਭਾਈ ਤਾਰਾ ਸਿੰਘ ਗਿੱਲ ਪਿਛਲੇ 29 ਸਾਲਾਂ ਤੋਂ ਯੂਨੀਅਨ ਸਿਟੀ ਵਿਚ ਪਰਿਵਾਰ ਸਮੇਤ ਰਹਿ ਰਹੇ ਹਨ ਅਤੇ ਫਰੀਮਾਂਟ ਗੁਰੂਘਰ ਸੁਪਰੀਮ ਕੌਂਸਲ ਦੇ ਮੈਂਬਰ ਰਹੇ ਹਨ। ਉਨ੍ਹਾਂ ਨੇ 17 ਸਾਲ ਭਾਰਤੀ ਫੌਜ ਦੀ ਨੌਕਰੀ ਕੀਤੀ। ਗੁਰੂ ਘਰ ਵਿਚ ਅਨਿਨ ਸ਼ਰਧਾ ਅਤੇ ਵਿਸ਼ਵਾਸ਼ ਦੇ ਧਾਰਨੀ ਹਨ। ਉਹ ਲੰਗਰ ਪ੍ਰਬੰਧ ਵਿਚ ਆਪਣਾ ਯੋਗਦਾਨ ਪਾਉਂਦੇ ਹਨ ਅਤੇ ਸੀਨੀਅਰਾਂ ਦੇ ਮਸਲਿਆਂ ਵਿਚ ਮੱਦਦ ਕਰਦੇ ਹਨ। ਆਪ ਜੀ ਸਿੱਖ ਭਾਈਚਾਰੇ ਨਾਲ ਸਬੰਧਿਤ ਮਸਲਿਆਂ ਦੇ ਹਲ ਲਈ ਵਧ ਚੜ ਕੇ ਮੁਢ ਤੋਂ ਹੀ ਹਿੱਸਾ ਲੈਂਦੇ ਆਏ ਹਨ ਅਤੇ ਆਪ ਜੀ ਬੜੇ ਨਿਘੇ ਸੁਭਾਅ ਵਾਲੇ ਮਿਠ ਬੋਲੜੇ ਗੁਰਸਿੱਖ ਹਨ।

## ਫਰੀਮਾਂਟ ਗੁਰੂ ਘਰ ਦੀ ਸੁਪਰੀਮ ਕੌਂਸਲ ਦੀ 14 ਮਾਰਚ, 2010 ਨੂੰ ਹੋ ਰਹੀ ਚੋਣ ਲਈ ਪੰਥਕ ਸਲੇਟ ਦੇ ਉਕਤ ਉਮੀਦਵਾਰਾਂ ਨੂੰ ਕੀਮਤੀ ਵੋਟ ਦਿਓ।

ਹੋਰ ਜਾਣਕਾਰੀ ਲਈ ਕਾਲ ਕਰੋ:510-342-5484 ਜਾਂ 408-667-3116, www.PanthicSlate.org

# ਗੁਰਦੁਆਰਾ ਫਰੀਮਾਂਟ ਚੋਣਾਂ: ਵੋਟਰ ਲਿਸਟਾਂ ਬਾਰੇ ਭੰਬਲਭੂਸਾ ਜਾਰੀ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਸਿਆਸਤ ਵਿਚ ਦੇਸ਼ ਵਿਦੇਸ਼ ਅੰਦਰ ਵੱਡੀ ਅਹਿਮੀਅਤ ਰੱਖਣ ਵਾਲੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਚੋਣਾਂ ਆਉਂਦੀ 14 ਮਾਰਚ ਨੂੰ ਹੋ ਰਹੀਆਂ ਹਨ ਪਰ ਜਿਸ ਤਰ੍ਹਾਂ ਦੇ ਸੰਕੇਤ ਮਿਲਦੇ ਹਨ ਉਸ ਤੋਂ ਜਾਪਦਾ ਹੈ ਕਿ ਅਜੇ ਤੱਕ ਵੋਟਰ ਸੂਚੀਆਂ ਨੂੰ ਵੀ ਅੰਤਿਮ ਰੂਪ ਨਹੀਂ ਦਿਤਾ ਜਾ ਸਕਿਆ ਜਾਂ ਫਿਰ ਦਾਲ ਵਿਚ ਕੁਝ ਕਾਲਾ ਕਾਲਾ ਹੈ। ਵਿਰੋਧੀ ਧਿਰ ਵਲੋਂ ਵਾਰ ਵਾਰ ਮੰਗ ਕੀਤੇ ਜਾਣ 'ਤੇ ਲੰਘੇ ਐਤਵਾਰ ਤੱਕ ਵੋਟਰ ਸੂਚੀਆਂ ਮੁਹੱਈਆ ਨਹੀਂ ਕੀਤੀਆਂ ਗਈਆਂ। ਪਹਿਲਾਂ ਕਿਹਾ ਜਾ ਰਿਹਾ ਸੀ ਕਿ ਵੋਟਰ ਸੂਚੀ 10 ਫਰਵਰੀ ਨੂੰ ਦਿੱਤੀ ਜਾਏਗੀ ਪਰ ਉਸ ਦਿਨ ਕਹਿ ਦਿੱਤਾ ਗਿਆ ਕਿ ਨਾਮਜ਼ਦਗੀ ਕਾਗਜ਼ ਵਾਪਸ ਲੈਣ ਤੋਂ ਬਾਅਦ ਉਮੀਦਵਾਰਾਂ ਦੀ ਤਸਵੀਰ ਸਾਫ ਹੋਣ 'ਤੇ ਦਿੱਤੀ ਜਾਏਗੀ।

ਦਿਲਚਸਪ ਗੱਲ ਇਹ ਹੈ ਕਿ ਇਸ ਬਾਰੇ ਵੀ ਕਿਸੇ ਨੂੰ ਕੁਝ ਪੱਕ ਨਹੀਂ ਕਿ ਨਾਮਜ਼ਦਗੀ ਕਾਗਜ਼ ਵਾਪਸ ਲੈਣ ਦਾ ਸਮਾਂ ਕਦੋਂ ਖਤਮ ਹੁੰਦਾ ਹੈ। ਸੁਪਰੀਮ ਕੌਂਸਲ ਮੈਂਬਰ ਬੀਬੀ ਗੁਰਬਖਸ਼ ਕੌਰ ਕਾਹਲੋਂ ਜਿਨ੍ਹਾਂ ਦੀ ਨਿਗਰਾਨੀ ਹੇਠ ਇਹ ਚੋਣਾਂ ਹੋ ਰਹੀਆਂ ਹਨ, ਗੁਰੂ ਘਰ ਦੇ ਦਰਬਾਰ ਹਾਲ 'ਚ ਸੰਗਤ ਨੂੰ ਸੰਬੋਧਨ ਕਰਦਿਆਂ ਕਹਿੰਦੇ ਆਏ ਹਨ ਕਿ ਨਾਮਜਦਗੀ ਕਾਗਜ਼ 17 ਫਰਵਰੀ ਤੱਕ ਵਾਪਸ ਲਏ ਜਾ ਸਕਦੇ ਹਨ ਪ੍ਰੰਤੂ ਲੰਘੇ ਐਤਵਾਰ ਉਹ ਕਹਿ ਰਹੇ ਸਨ ਕਿ ਕਾਗਜ਼ ਵਾਪਸ ਲੈਣ ਦੀ ਆਖਰੀ ਤਾਰੀਖ 15 ਫਰਵਰੀ ਹੈ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਪਹਿਲਾਂ ਤਾਂ ਉਹ ਕਹਿੰਦੇ ਸਨ ਕਿ ਆਖਰੀ ਤਾਰੀਖ 17 ਫਰਵਰੀ ਹੈ ਤਾਂ ਉਨ੍ਹਾਂ ਦਾ ਜਵਾਬ ਸੀ, "ਚਲੋ ਕੋਈ ਗੱਲ ਨਹੀਂ ਹੁਣੇ ਕਨਫਰਮ ਕਰ ਲੈਂਦੇ ਹਾਂ।"

ਨਾਮਜ਼ਦਗੀ ਕਾਗਜ਼ ਦਖਲ ਕਰਨ ਦੇ ਦਿਨ ਅਤੇ ਸਮੇਂ ਬਾਰੇ ਵੀ ਭੰਬਲਭੂਸਾ ਬਣਿਆ ਰਿਹਾ। ਕਾਗਜ਼ ਭਰਨ ਦੀ ਆਖਰੀ ਤਾਰੀਖ 10 ਫਰਵਰੀ ਸੀ ਪਰ ਕਿਸੇ ਨੂੰ ਵੀ ਇਸ ਬਾਰੇ ਪੱਕਾ ਪਤਾ ਨਹੀਂ ਸੀ। ਸਮੇਂ ਬਾਰੇ ਵੀ ਪਹਿਲਾਂ ਕਿਹਾ ਜਾ ਰਿਹਾ ਸੀ ਕਿ 3 ਵਜੇ ਤੱਕ ਹੈ ਅਤੇ ਫਿਰ ਕਿਹਾ ਗਿਆ ਕਿ ਰਾਤ 8 ਵਜੇ ਤੱਕ ਦਾ ਸਮਾਂ ਹੈ। ਇਸ ਸਾਰੇ ਭੰਬਲਭੂਸੇ ਦੀ ਵਜ੍ਹਾ ਇਹ ਹੈ ਕਿ ਚੋਣਾਂ ਦੀ ਸਮਾਂ-ਸਾਰਨੀ ਬਾਰੇ ਨਾ ਤਾਂ ਗੁਰੂ ਘਰ ਅੰਦਰ ਹੀ ਨੋਟਿਸ ਬੋਰਡ ਉਤੇ ਕੋਈ ਲਿਖਤੀ ਸੂਚਨਾ ਲਗਾਈ ਗਈ ਅਤੇ ਨਾ ਹੀ ਅਖਬਾਰਾਂ ਵਿਚ ਹੀ ਇਸ ਸਬੰਧੀ ਕੋਈ ਖਬਰ ਜਾਂ ਇਸ਼ਤਿਹਾਰ ਛਪਵਾਇਆ ਗਿਆ। ਹਾਲਾਂਕਿ ਪ੍ਰਬੰਧਕਾਂ ਦੀਆਂ ਅਖੌਤੀ ਪ੍ਰਾਪਤੀਆਂ ਬਾਰੇ ਖਬਰਾਂ ਤੇ ਤਸਵੀਰਾਂ ਹਰ ਹਫਤੇ ਅਖਬਾਰਾਂ ਨੂੰ ਭੇਜੀਆਂ ਜਾਂਦੀਆਂ ਹਨ। ਇਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਸੰਨ 2005, 2006 ਅਤੇ ਫਿਰ 2008 ਵਿਚ ਹੋਈਆਂ ਚੋਣਾਂ ਲਈ ਸਮਾਂ-ਸਾਰਨੀ ਬਾਕਾਇਦਾ ਅਖਬਾਰਾਂ ਵਿਚ ਛਪਵਾਈ ਗਈ ਅਤੇ ਇਸ ਬਾਰੇ ਕਿਸੇ ਨੂੰ ਵੀ ਕੋਈ ਭੁੱਲ-ਭੁਲੇਖਾ ਨਹੀਂ ਸੀ। ਇਸ ਵਾਰ ਅਜਿਹਾ ਕਿਉਂ ਨਹੀਂ ਕੀਤਾ ਗਿਆ? ਇਹ ਤਾਂ ਪ੍ਰਬੰਧਕ ਹੀ ਬਿਹਤਰ ਜਾਣਦੇ ਹਨ। ਪ੍ਰੰਤੂ ਸੰਗਤ ਵਿਚ ਇਨ੍ਹਾਂ ਚੋਣਾਂ ਬਾਰੇ ਕਈ ਤਰ੍ਹਾਂ ਦੇ ਸ਼ੰਕੇ ਭਾਰੂ ਹਨ।

ਗੁਰੂ ਘਰ ਦੀ ਨਵੀਂ ਮੈਂਬਰਸ਼ਿਪ ਬਣਾਉਣ ਦਾ ਕੰਮ 17 ਜਨਵਰੀ ਤੱਕ ਮੁਕੰਮਲ ਕਰ ਲਿਆ ਗਿਆ ਸੀ। ਸਭ ਕੁਝ ਕੰਪਿਊਟਰੀਕ੍ਰਿਤ ਹੋਣ ਕਰਕੇ ਵੋਟਰ ਸੂਚੀਆਂ ਨੂੰ ਅੰਤਿਮ ਰੂਪ ਦੇਣ ਵਿਚ ਕੁਝ ਹੀ ਘੰਟਿਆਂ ਦਾ ਸਮਾਂ ਲੱਗਣਾ ਚਾਹੀਦਾ ਹੈ। ਵੋਟਰ ਸੂਚੀਆਂ ਛਾਪਣ ਦਾ ਸਮਾਂ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਕੁਝ ਦਿਨਾਂ ਵਿਚ ਇਹ ਵੋਟਰ ਸੂਚੀਆਂ ਗੁਰੂ ਘਰ ਦੇ ਨੋਟਿਸ ਬੋਰਡ 'ਤੇ ਲੱਗ ਜਾਣੀਆਂ ਚਾਹੀਦੀਆਂ ਸਨ ਤਾਂ ਜੋ ਕਿਸੇ ਨੂੰ ਵੀ ਆਪਣੀ ਵੋਟ ਬਾਰੇ ਕੋਈ ਭੁਲੇਖਾ ਨਾ ਰਹੇ। ਕਿਸੇ ਵੀ ਚੋਣ ਪ੍ਰਬੰਧ ਵਿਚ ਵੋਟਰ ਸੂਚੀਆਂ ਬਾਰੇ ਇਤਰਾਜ਼ ਲਏ ਹੀ ਜਾਂਦੇ ਹਨ। ਪਰ ਇਥੇ ਤਾਂ ਜਾਪਦਾ ਹੈ ਪ੍ਰਬੰਧਕਾਂ ਦੀ ਨੀਯਤ ਹੀ ਚੋਣਾਂ ਬਾਰੇ ਸਾਫ ਨਹੀਂ ਹੈ। ਇਹ ਜ਼ਿਕਰਯੋਗ ਹੈ ਕਿ ਮੈਂਬਰਸ਼ਿਪ ਬਣਾਉਣ ਦਾ ਮਾਮਲਾ ਵੀ ਪਹਿਲੇ ਹੀ ਦਿਨ ਤੋਂ ਵਿਵਾਦ ਦੇ ਘੇਰੇ ਵਿਚ ਰਿਹਾ ਹੈ। ਪ੍ਰਬੰਧਕ ਮੈਂਬਰਸ਼ਿਪ ਅਪਡੇਟ ਕਰਨ ਦੇ ਨਾਂ 'ਤੇ ਮਨਮਰਜ਼ੀ ਕਰਨੀ ਚਾਹੁੰਦੇ ਸਨ ਪਰ ਵਿਰੋਧੀ ਧਿਰ ਦੇ ਵਿਰੋਧ ਕਾਰਨ ਅਜਿਹਾ ਸੰਭਵ ਨਾ ਹੋ ਸਕਿਆ। ਫਿਰ ਵੀ "ਜਾਅਲੀ ਵੋਟਾਂ" ਦੇ ਸ਼ੰਕੇ ਵਾਲਿਆਂ ਕੋਈ ਦੋ ਹਜ਼ਾਰ ਵੋਟਾਂ ਬਣਾਉਣ ਵਿਚ ਉਹ ਕਾਮਯਾਬ ਹੋ ਹੀ ਗਏ।

ਗੁਰਦੁਆਰਾ ਫਰੀਮਾਂਟ ਦੀ ਸਿਆਸਤ ਨਾਲ ਪਿਛਲੇ ਲੰਮੇ ਅਰਸੇ ਤੋਂ ਜੁੜੇ ਇਕ ਆਗੂ ਦਾ ਕਹਿਣਾ ਹੈ ਕਿ ਪ੍ਰਬੰਧਕਾਂ ਵਲੋਂ ਵੋਟਰ ਸੂਚੀਆਂ ਦੇਣ ਵਿਚ ਇਸ ਕਰਕੇ ਆਨਾਕਾਨੀ ਕੀਤੀ ਜਾ ਰਹੀ ਹੈ ਕਿ ਉਹ ਦੇਖਣਾ ਚਾਹੁੰਦੇ ਹਨ ਕਿ ਮੈਦਾਨ ਵਿਚ ਕੌਣ ਕੌਣ ਉਮੀਦਵਾਰ ਬਚਦਾ ਹੈ। ਪ੍ਰਬੰਧਕਾਂ ਦਾ ਹਿੱਤ ਇਸ ਗੱਲ ਵਿਚ ਹੈ ਕਿ ਦੋ ਤੋਂ ਵੱਧ ਸਲੇਟਾਂ ਮੈਦਾਨ ਵਿਚ ਹੋਣ। ਜੇ ਅਜਿਹਾ ਨਹੀਂ ਹੁੰਦਾ ਤਾਂ ਵੋਟਰ ਸੂਚੀਆਂ ਆਪਣੇ ਤਰੀਕੇ ਨਾਲ ਤਿਆਰ ਕੀਤੀਆਂ ਜਾਣਗੀਆਂ।

# ਪੰਜਾਬ 'ਚ ਨਵੇਂ ਸਿਆਸੀ ਜੋੜ-ਤੋੜ ਦੇ ਸੰਕੇਤ

*(ਸਫਾ ਇਕ ਦੀ ਬਾਕੀ)*

ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਇਹੋ ਆਖਦੀਆਂ ਹਨ ਕਿ ਭਾਰਤੀ ਜਨਤਾ ਪਾਰਟੀ ਦੀ ਹਾਲਤ ਸ਼ਹਿਰਾਂ ਵਿਚ ਸੁਧਰ ਨਹੀਂ ਰਹੀ ਹੈ ਅਤੇ ਦੂਸਰੇ ਪਾਸੇ ਕਾਂਗਰਸ ਪਾਰਟੀ ਹਾਲ ਦੀ ਘੜੀ ਲੀਡਰਹੀਣ ਹੈ। ਹਾਲੇ ਵੀ ਪੰਜਾਬ ਕਾਂਗਰਸ ਦੇ ਲੀਡਰ ਦਾ ਫੈਸਲਾ ਨਹੀਂ ਹੋਇਆ ਅਤੇ ਕਾਂਗਰਸ ਹਾਈਕਮਾਨ ਦੀ ਦੁਬਿਧਾ ਜਾਰੀ ਹੈ। ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਭਾਵੇਂ ਬਹੁਤੀ ਚੰਗੀ ਨਹੀਂ ਰਹੀ, ਫਿਰ ਵੀ ਕਾਂਗਰਸ ਇਸ ਮਾੜੀ ਕਾਰਗੁਜ਼ਾਰੀ ਦਾ ਲਾਭ ਉਠਾਉਣ ਦੀ ਸਥਿਤੀ ਵਿਚ ਨਹੀਂ ਹੈ। ਇਸ ਹਾਲਤ ਵਿਚ ਅਕਾਲੀ ਦਲ (ਬਾਦਲ), ਬਹੁਜਨ ਸਮਾਜ ਪਾਰਟੀ ਨਾਲ ਗਠਜੋੜ ਕਰਕੇ ਇਕ ਪਾਸੇ ਤਾਂ ਕਾਂਗਰਸ ਦੇ ਪੈਰਾਂ ਹੇਠੋਂ ਜ਼ਮੀਨ ਖਿੱਚ ਸਕਦਾ ਹੈ ਅਤੇ ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ, ਦੋਨਾਂ ਦੇ ਮੁਕਾਬਲੇ ਆਪਣੀ ਸਥਿਤੀ ਮਜ਼ਬੂਤ ਕਰ ਸਕਦਾ ਹੈ। ਉਂਜ ਪੰਜਾਬ ਦੀ ਰਾਜਨੀਤਿਕ ਅਤੇ ਸਭਿਆਚਾਰਕ ਸਥਿਤੀ ਦੀ ਦ੍ਰਿਸ਼ਟੀ ਤੋਂ ਕੁਝ ਬੌਧਿਕ ਧਿਰਾਂ ਵੀ ਇਸ ਗਠਜੋੜ ਦੀ ਹਮਾਇਤ ਕਰ ਰਹੀਆਂ ਹਨ।

ਇਸ ਕਿਸਮ ਦੇ ਸੰਕੇਤ ਵੀ ਮਿਲੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਨੇ ਸੰਨ-2012 'ਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀ ਤਿਆਰੀ ਹੁਣ ਤੋਂ ਹੀ ਆਰੰਭ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਨਵੇਂ ਸਿਆਸੀ

**ਅਕਾਲੀ ਭਾਜਪਾ ਛੱਡ ਬਸਪਾ ਵੱਲ ਹੱਥ ਵਧਾਉਣ ਲੱਗੇ**

ਭਾਈਵਾਲ ਵਜੋਂ ਬਹੁਜਨ ਸਮਾਜ ਪਾਰਟੀ ਨਾਲ ਨੇੜਤਾ ਵਧਾਉਣੀ ਸ਼ੁਰੂ ਕਰ ਦਿੱਤੀ ਹੈ।

ਫਰਵਰੀ ਦੇ ਪਹਿਲੇ ਹਫਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸੂਬੇ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਲਖਨਊ 'ਚ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਨਾਲ ਗੁਪਤ ਮੀਟਿੰਗ ਹੋਈ ਦੱਸੀ ਜਾਂਦੀ ਹੈ। ਹਾਲਾਂਕਿ ਇਸ ਮੀਟਿੰਗ ਦੇ ਵੇਰਵੇ ਸਾਹਮਣੇ ਨਹੀਂ ਆਏ ਪਰ ਦੋਹਾਂ ਪਾਰਟੀਆਂ ਦੇ ਪ੍ਰਧਾਨਾਂ 'ਚ ਹੋਈ ਇਸ ਗੁਪਤ ਮੀਟਿੰਗ ਨੇ ਭਾਜਪਾ ਦੇ ਪਸੀਨੇ ਛੁਡਵਾ ਦਿੱਤੇ ਹਨ। ਪੰਜਾਬ ਦੀਆਂ ਸੂਹੀਆ ਏਜੰਸੀਆਂ ਪਹਿਲਾਂ ਹੀ ਭਾਜਪਾ ਦੀ ਮਾੜੀ ਹਾਲਤ ਬਾਰੇ ਸਰਕਾਰ ਨੂੰ ਰਿਪੋਰਟ ਦੇ ਚੁੱਕੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਬਸਪਾ ਪ੍ਰਤੀ ਨਰਮ ਵਤੀਰੇ ਦਾ ਰੁਖ ਉਦੋਂ ਸਾਹਮਣੇ ਆਇਆ ਜਦੋਂ ਨਵੇਂ ਰਵੀਦਾਸੀਆ ਧਰਮ ਐਲਾਨੇ ਜਾਣ ਤੋਂ ਬਾਅਦ ਵੱਖ-ਵੱਖ ਥਾਵਾਂ 'ਤੇ ਰੱਖੇ ਜਾ ਰਹੇ ਨਵੇਂ ਗ੍ਰੰਥ ਬਾਰੇ ਪੈਦਾ ਹੋਏ ਵਿਵਾਦ ਦੌਰਾਨ ਬਸਪਾ ਦੇ ਕਈ ਕਾਰਕੁੰਨ ਫੜ ਲਏ ਗਏ ਸਨ ਤਾਂ ਉਨ੍ਹਾਂ ਨੂੰ ਛੱਡਣ ਲੱਗਿਆਂ ਪੁਲਿਸ ਨੇ ਕੋਈ ਬਹੁਤੀ ਚਿਚਕਚਾਹਟ ਨਹੀਂ ਦਿਖਾਈ। ਬਸਪਾ ਨੇ ਇਸ ਨਵੇਂ ਪੈਦਾ ਹੋਏ ਵਿਵਾਦ ਤੋਂ ਆਪਣੇ ਆਪ ਨੂੰ ਲਾਂਭੇ ਰੱਖ ਕੇ ਸੂਬਾ ਸਰਕਾਰ ਲਈ ਕੋਈ ਨਵਾਂ ਸੰਕਟ ਖੜ੍ਹਾ ਕਰਨ ਤੋਂ ਗੁਰੇਜ਼ ਹੀ ਕੀਤਾ ਦੱਸਿਆ ਜਾਂਦਾ ਹੈ।

ਸੂਤਰਾਂ ਅਨੁਸਾਰ ਸੁਖਬੀਰ-ਮਾਇਆਵਤੀ ਮੀਟਿੰਗ 'ਚ ਬਸਪਾ ਨੇ ਅਜੇ ਆਪਣੇ ਸਿਆਸੀ ਪੱਤੇ ਨਹੀਂ ਖੋਲ੍ਹੇ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਬਸਪਾ ਬਹੁਤ ਸਾਰੇ ਮਾਮਲਿਆਂ 'ਚ ਅਜੇ ਸ਼੍ਰੋਮਣੀ ਅਕਾਲੀ ਦਲ ਨੂੰ ਪਰਖਣ ਦੇ ਮੂਡ 'ਚ ਹੈ। ਬਸਪਾ ਦੀ ਇਹ ਧਾਰਨਾ ਦੱਸੀ ਜਾਂਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਸਿਆਸੀ ਸਮਝੌਤਾ ਹੋਣ ਸਮੇਂ ਬਸਪਾ ਦੀ ਵੋਟ ਬੈਂਕ ਤਾਂ ਚੋਣ ਸਮਝੌਤੇ ਅਨੁਸਾਰ ਟਰਾਂਸਫਰ ਹੋ ਜਾਂਦੀ ਹੈ ਪਰ ਸ਼੍ਰੋਮਣੀ ਅਕਾਲੀ ਦਲ ਦੀ ਵੋਟ ਬੈਂਕ 'ਚ ਕਈ ਗੱਲਾਂ ਨੂੰ ਲੈ ਕੇ ਰਹਿੰਦੀ ਹਿਚਕਚਾਹਟ ਪਾਰਟੀ ਨੂੰ ਨੁਕਸਾਨ ਕਰ ਜਾਂਦੀ ਹੈ।

ਬਸਪਾ ਦੀ ਸਿਆਸੀ ਕਸਵੱਟੀ 'ਤੇ ਜੇ ਸ਼੍ਰੋਮਣੀ ਅਕਾਲੀ ਦਲ ਖਰਾ ਉਤਰਦਾ ਹੈ ਤਾਂ ਇਹ ਚੋਣ ਸਮਝੌਤਾ ਸਿਰੇ ਚੜ੍ਹਨ ਦੀਆਂ ਸੰਭਾਵਨਾਵਾਂ ਬਣ ਸਕਦੀਆਂ ਹਨ। ਬਸਪਾ ਆਪਣਾ ਦਬਦਬਾ ਕਾਇਮ ਰੱਖਣ ਦੀ ਨੀਤੀ 'ਤੇ ਵੀ ਚਲਦੀ ਰਹੀ ਹੈ। ਉਂਜ ਬਸਪਾ ਦੀ ਪੰਜਾਬ 'ਚ ਕਾਰਗੁਜ਼ਾਰੀ ਇੰਨੀ ਵਧੀਆ ਨਹੀਂ ਰਹੀ, ਪਰ ਇਸ ਨਾਲ ਪੱਕਾ ਵੋਟ ਬੈਂਕ ਵੀ ਬੱਝਾ ਹੋਇਆ ਹੈ, ਜੋ ਨਾ ਕਾਂਗਰਸ ਨਾਲ ਜਾਣ ਨੂੰ ਤਿਆਰ ਹੈ ਤੇ ਨਾ ਭਾਜਪਾ ਦੇ ਹੱਕ 'ਚ ਭੁਗਤਣ ਨੂੰ ਤਿਆਰ ਹੈ।

ਸ਼ਹਿਰੀ ਵੋਟਰ ਭਾਜਪਾ ਤੋਂ ਭਾਰੀ ਨਾਰਾਜ਼ ਦੱਸਿਆ ਜਾ ਰਿਹਾ ਹੈ। ਲੋਕ ਸਭਾ ਚੋਣਾਂ ਦੌਰਾਨ ਭਾਜਪਾ ਆਪਣੇ 19 ਵਿਧਾਨ ਸਭਾ ਜੇਤੂ ਹਲਕਿਆਂ 'ਚੋਂ 17 'ਤੇ ਹਾਰ ਗਈ ਸੀ। ਸਰਕਾਰ ਵੱਲੋਂ ਵੈਟ ਤੇ ਬਿਜਲੀ ਦੀਆਂ ਦਰਾਂ ਵਧਾਏ ਜਾਣ ਕਾਰਨ ਸ਼ਹਿਰੀ ਤੇ ਵਪਾਰੀ ਵਰਗ ਭਾਜਪਾ ਤੋਂ ਪਿੱਛੇ ਹਟ ਗਿਆ ਹੈ। ਪਹਿਲਾਂ ਭਾਜਪਾ ਦੇ ਵਿਰੋਧ ਕਾਰਨ ਬਿਜਲੀ ਦਰਾਂ ਨਹੀਂ ਸਨ ਵਧੀਆਂ, ਪਰ ਹੁਣ ਸਥਿਤੀ ਉਲਟ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਚੰਗੀ ਤਰ੍ਹਾਂ ਸਮਝ ਗਿਆ ਹੈ ਕਿ ਪੰਜਾਬ 'ਚ ਭਾਜਪਾ ਦਾ ਸਿਆਸੀ ਜਨਾਜ਼ਾ ਨਿਕਲ ਚੁੱਕਾ ਹੈ, ਇਸ ਲਈ ਡੁੱਬਦੀ ਬੇੜੀ 'ਚ ਉਹ ਸਵਾਰ ਹੀ ਨਹੀਂ ਹੋਣਾ ਚਾਹੁੰਦਾ। ਸਿਆਸਤ ਕੀ ਰੰਗ ਲਿਆਏਗੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

## ਬਲਵੰਤ ਸਿੰਘ ਨਿੱਜਰ ਦਾ ਸੜਕ ਹਾਦਸੇ 'ਚ ਦੇਹਾਂਤ

**ਯੂਬਾ ਸਿਟੀ:** ਇਥੋਂ ਦੇ ਇਕ ਉਘੇ ਪਤਵੰਤੇ ਸ. ਬਲਵੰਤ ਸਿੰਘ ਨਿੱਜਰ ਦਾ ਲੰਘੇ ਐਤਵਾਰ ਇਕ ਸੜਕ ਹਾਦਸੇ ਵਿਚ ਦੇਹਾਂਤ ਹੋ ਗਿਆ। ਉਹ 71 ਵਰ੍ਹਿਆਂ ਦੇ ਸਨ ਅਤੇ ਪਿਛਲੇ 25 ਸਾਲ ਤੋਂ ਯੂਬਾ ਸਿਟੀ ਵਿਚ ਰਹਿੰਦੇ ਆ ਰਹੇ ਸਨ। ਉਹ ਪੰਜਾਬ ਦੇ ਜਿਲਾ ਜਲੰਧਰ ਦੇ ਪਿੰਡ ਰਾਸਤਗੋ (ਨੇੜੇ ਭੋਗਪੁਰ) ਤੋਂ ਸਨ। ਉਹ ਆਪਣੇ ਪਿਛੇ ਇਕ ਭੈਣ ਹਰਜਿੰਦਰ ਕੌਰ ਚੌਹਾਨ ਅਤੇ ਭਰਾ ਕੁਲਵੰਤ ਸਿੰਘ ਨਿੱਜਰ ਤੋਂ ਇਲਾਵਾ ਦੋ ਲੜਕੀਆਂ ਅਤੇ ਇਕ ਲੜਕਾ ਛਡ ਗਏ ਹਨ।

ਪਰਿਵਾਰਕ ਸੂਤਰਾਂ ਅਨੁਸਾਰ ਉਨ੍ਹਾਂ ਦਾ ਸਸਕਾਰ ਸਨਿਚਰਵਾਰ 20 ਫਰਵਰੀ ਨੂੰ ਯੂਬਾ ਸਿਟੀ ਵਿਚ ਹੋਵੇਗਾ ਅਤੇ ਉਪਰੰਤ ਭੋਗ ਗੁਰਦੁਆਰਾ ਟੈਰਾਬਿਊਨਾ ਵਿਖੇ ਪਵੇਗਾ। ਪਰਿਵਾਰ ਨਾਲ ਸੰਪਰਕ ਫੋਨ 510-706-6443 ਜਾਂ 530-671-7231 ਤੇ ਕੀਤਾ ਜਾ ਸਕਦਾ ਹੈ।

# ਹਰਿੰਦਰ ਸਿੰਘ ਮਹਿਬੂਬ ਤੇ ਅਣਖੀ ਨਹੀਂ ਰਹੇ




**ਚੰਡੀਗੜ੍ਹ:** ਪੰਜਾਬੀ ਸਾਹਿਤ ਨੂੰ 14 ਫਰਵਰੀ ਦੀ ਰਾਤ ਉਸ ਵੇਲੇ ਵੱਡਾ ਘਾਟਾ ਪਿਆ ਜਦੋਂ ਉਘੇ ਨਾਵਲਕਾਰ-ਕਹਾਣੀਕਾਰ ਰਾਮ ਸਰੂਪ ਅਣਖੀ ਤੇ ਪ੍ਰਸਿੱਧ ਵਿਦਵਾਨ ਪ੍ਰੋ. ਹਰਿੰਦਰ ਸਿੰਘ ਮਹਿਬੂਬ ਇਸ ਦੁਨੀਆਂ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ। ਅਜੇ ਪਿਛਲੇ ਹਫਤੇ ਹੀ ਪੰਜਾਬੀ ਸਾਹਿਤ ਖੇਤਰ ਨੂੰ ਸੰਤੋਖ ਸਿੰਘ ਧੀਰ ਵਿਛੋੜਾ ਦੇ ਗਏ ਸਨ।

ਸਾਹਿਤ ਅਕਾਦਮੀ ਪੁਰਸਕਾਰ ਜੇਤੂ ਨਾਵਲਕਾਰ ਤੇ 'ਕਹਾਣੀ ਪੰਜਾਬ' ਤ੍ਰੈਮਾਸਿਕ ਦੇ ਬਾਨੀ ਸ੍ਰੀ ਰਾਮ ਸਰੂਪ ਅਣਖੀ ਦੀ 14 ਫਰਵਰੀ ਦੀ ਰਾਤ 11 ਵਜੇ ਦੇ ਕਰੀਬ ਮੌਤ ਹੋ ਗਈ। ਉਨ੍ਹਾਂ ਦੇ ਬੇਟੇ ਕਰਾਂਤੀਪਾਲ ਅਨੁਸਾਰ ਰਾਤ 9 ਵਜੇ ਉਹ ਆਪਣੇ ਨਵੇਂ ਨਾਵਲ ਦਾ ਇਕ ਕਾਂਡ ਲਿਖ ਰਹੇ ਸਨ ਕਿ ਉਨ੍ਹਾਂ ਨੂੰ ਹਲਕੀ ਜਿਹੀ ਉਲਟੀ ਆ ਗਈ। ਹਸਪਤਾਲ ਲਿਜਾਏ ਜਾਣ 'ਤੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਸ੍ਰੀ ਅਣਖੀ ਦਾ ਜਨਮ 1932 ਵਿਚ ਬਰਨਾਲਾ ਜ਼ਿਲ੍ਹੇ ਦੇ ਪਿੰਡ ਧੌਲਾ ਵਿਖੇ ਹੋਇਆ। 1960 ਦੇ ਕਰੀਬ ਉਨ੍ਹਾਂ ਨੇ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਲੰਬਾ ਸਮਾਂ ਉਹ ਅਧਿਆਪਕ ਰਹੇ। ਉਨ੍ਹਾਂ ਦਾ ਪਹਿਲਾ ਨਾਵਲ 'ਸੁਲਘਦੀ ਰਾਤ' ਸੀ। 'ਕੋਠੇ ਖੜਕ ਸਿੰਘ' ਉਨ੍ਹਾਂ ਦਾ ਅਜਿਹਾ ਨਾਵਲ ਹੈ, ਜਿਹੜਾ ਨੈਸ਼ਨਲ ਬੁੱਕ ਟਰੱਸਟ ਨੇ ਭਾਰਤ ਦੀਆਂ ਸਾਰੀਆਂ ਜ਼ੁਬਾਨਾਂ ਵਿਚ ਛਾਪਿਆ। ਉਨ੍ਹਾਂ ਦੇ ਇਕ ਹੋਰ ਨਾਵਲ 'ਪ੍ਰਤਾਪੀ' 'ਤੇ ਆਧਾਰਿਤ ਇਕ ਲੜੀਵਾਰ ਲੰਬਾ ਸਮਾਂ ਦੂਰਦਰਸ਼ਨ 'ਤੇ ਪ੍ਰਸਾਰਿਤ ਹੋਇਆ। ਸ੍ਰੀ ਅਣਖੀ ਦੀ ਵੱਡੀ ਪਛਾਣ ਇਸ ਕਰਕੇ ਵੀ ਸੀ ਕਿ ਉਨ੍ਹਾਂ ਹਰ ਦੁੱਖ-ਸੁੱਖ ਵਿਚ ਕਲਮ ਦਾ ਸਫਰ ਜਾਰੀ ਰੱਖਿਆ। ਇਸ ਤੋਂ ਇਲਾਵਾ 'ਦੁੱਲੇ ਦੀ ਢਾਬ' ਨਾਵਲ ਸਮੇਤ ਉਨ੍ਹਾਂ ਦੀਆਂ ਅਨੇਕ ਕਹਾਣੀਆਂ ਲੋਕਾਂ ਵਿਚ ਚਰਚਾ ਦਾ ਵਿਸ਼ਾ ਰਹੀਆਂ। ਜਸਵੰਤ ਸਿੰਘ ਕੰਵਲ ਤੇ ਪ੍ਰੋ. ਗੁਰਦਿਆਲ ਸਿੰਘ ਤੋਂ ਬਾਅਦ ਸ੍ਰੀ ਅਣਖੀ ਤੀਜੇ ਅਜਿਹੇ ਨਾਵਲਕਾਰ ਸਨ, ਜਿਨ੍ਹਾਂ ਦੇ ਨਾਵਲ ਆਉਂਦੇ ਸਾਰ ਵਿਕ ਜਾਂਦੇ ਸਨ।

**ਹਰਿੰਦਰ ਸਿੰਘ ਮਹਿਬੂਬ ਨਹੀਂ ਰਹੇ:** ਸ਼੍ਰੋਮਣੀ ਸਾਹਿਤਕਾਰ ਪ੍ਰੋ. ਹਰਿੰਦਰ ਸਿੰਘ ਮਹਿਬੂਬ ਐਤਵਾਰ ਰਾਤ ਦਮ ਤੋੜ ਗਏ। ਉਹ ਪੰਥ ਦੇ ਮੰਨੇ-ਪ੍ਰਮੰਨੇ ਵਿਦਵਾਨ ਸਨ। ਲੰਬਾ ਸਮਾਂ ਉਨ੍ਹਾਂ ਨੇ ਖਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਬਤੌਰ ਪ੍ਰਿੰਸੀਪਲ ਸੇਵਾ ਕੀਤੀ। ਉਨ੍ਹਾਂ ਦੀ



ਪਹਿਲੀ ਕਿਤਾਬ 'ਸਹਿਜੇ ਰਚਿਓ ਖਾਲਸਾ' ਪ੍ਰਕਾਸ਼ਿਤ ਹੋਈ ਸੀ। ਇਸ ਤੋਂ ਬਾਅਦ ਉਨ੍ਹਾਂ ਦੀਆਂ ਕਵਿਤਾਵਾਂ ਦੀ ਕਿਤਾਬ 'ਝਨਾਂ ਦੀ ਰਾਤ' ਛਪੀ ਸੀ, ਜਿਸ ਨੂੰ ਸਾਹਿਤ ਅਕਾਦਮੀ ਪੁਰਸਕਾਰ ਵੀ ਮਿਲਿਆ ਸੀ। ਉਨ੍ਹਾਂ ਨੂੰ ਸ਼੍ਰੋਮਣੀ ਸਾਹਿਤਕਾਰ ਦਾ ਪੁਰਸਕਾਰ ਵੀ ਮਿਲਿਆ। ਇਸ ਤੋਂ ਬਾਅਦ 'ਇਲਾਹੀ ਨਦਰਿ ਦੇ ਪੈਂਡੇ' ਦੇ ਦੋ ਭਾਗ ਛਪ ਚੁੱਕੇ ਹਨ, ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਮਹਾ ਕਾਵਿ ਦੇ ਰੂਪ ਵਿਚ ਲਿਖਿਆ। ਤੀਜਾ ਭਾਗ ਉਹ ਇਸ ਵੇਲੇ ਲਿਖ ਰਹੇ ਸੀ, ਜਿਸ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਬਾਰੇ ਕੰਮ ਪੂਰਾ ਕਰ ਲਿਆ ਸੀ ਤੇ ਸ੍ਰੀ ਗੁਰੂ ਅਮਰਦਾਸ ਜੀ ਬਾਰੇ ਉਹ ਕੰਮ ਕਰ ਰਹੇ ਸਨ। ਉਨ੍ਹਾਂ ਦਾ ਸਸਕਾਰ 15 ਫਰਵਰੀ ਨੂੰ ਉਨ੍ਹਾਂ ਦੇ ਜੱਦੀ ਪਿੰਡ ਚੂੰਦਾਂ, ਨੇੜੇ ਅਮਰਗੜ੍ਹ (ਜ਼ਿਲ੍ਹਾ ਸੰਗਰੂਰ) ਵਿਖੇ ਕਰ ਦਿੱਤਾ ਗਿਆ। ਉਹ ਪਿਛਲੇ ਕਾਫੀ ਸਮੇਂ ਤੋਂ ਕੈਂਸਰ ਤੋਂ ਪੀੜਤ ਸਨ। ਉਨ੍ਹਾਂ ਦੀ ਮੌਤ 'ਤੇ ਭਾਸ਼ਾ ਵਿਭਾਗ ਦੇ ਡਿਪਟੀ ਡਾਇਰੈਕਟ ਸ. ਚੇਤਨ ਸਿੰਘ, ਪੰਜਾਬੀ ਲੇਖਕ ਸਭਾ ਜਲੰਧਰ ਦੇ ਜਨਰਲ ਸਕੱਤਰ ਸ. ਨਿਰੰਜਨ ਸਿੰਘ ਸਾਥੀ, ਪ੍ਰਧਾਨ ਸ. ਜਗਦੀਸ਼ ਸਿੰਘ ਵਰਿਆਮ ਤੇ ਪ੍ਰੋ. ਪਿਆਰੀ ਸਿੰਘ ਭੋਗਲ ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ।

ਇਸ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਸਿੱਧ ਸਾਹਿਤਕਾਰ ਅਤੇ ਸਾਹਿਤ ਅਕਾਦਮੀ ਐਵਾਰਡ ਜੇਤੂਆਂ ਹਰਿੰਦਰ ਸਿੰਘ ਮਹਿਬੂਬ ਅਤੇ ਰਾਮ ਸਰੂਪ ਅਣਖੀ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਕ ਸੋਗ ਸੁਨੇਹੇ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਮਹਿਬੂਬ ਅਤੇ ਸ੍ਰੀ ਅਣਖੀ ਨੇ ਪੰਜਾਬ ਦੇ ਸਭਿਆਚਾਰਕ ਵਿਰਸੇ ਨੂੰ ਪ੍ਰਫੁੱਲਤ ਕਰਨ ਦੇ ਨਾਲ ਨਾਲ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਤਰੱਕੀ ਲਈ ਵਿਲੱਖਣ ਯੋਗਦਾਨ ਪਾਇਆ ਹੈ। ਉਨ੍ਹਾਂ ਦੀਆਂ ਰਚਨਾਵਾਂ ਨੇ ਸਮਾਜ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮਹਿਬੂਬ ਅਤੇ ਸ੍ਰੀ ਅਣਖੀ ਦੀ ਮੌਤ ਨਾਲ ਪੰਜਾਬੀ ਸਾਹਿਤ ਜਗਤ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪੰਜਾਬ ਦੀ ਸਿੱਖਿਆ ਅਤੇ ਭਾਸ਼ਾ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਵੀ ਦੋਨੋਂ ਲੇਖਕਾਂ ਦੀ ਮੌਤ ਤੇ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮਹਿਬੂਬ ਅਤੇ ਸ੍ਰੀ ਅਣਖੀ ਦੀ ਮੌਤ ਕਾਰਨ ਪੰਜਾਬ ਹੀ ਨਹੀਂ ਬਲਕਿ ਸਾਹਿਤ ਜਗਤ ਤੋਂ ਉੱਘੇ ਲਿਖਾਰੀ ਖੁਸ ਗਏ ਹਨ। ਪੰਜਾਬੀ ਲੇਖਕ ਮੋਹਨ ਭੰਡਾਰੀ ਨੇ ਵੀ ਦੋਨੋਂ ਲੇਖਕਾਂ ਦੇ ਵਿਛੋੜੇ 'ਤੇ ਦੁੱਖ ਪ੍ਰਗਟਾਇਆ।

# ਕੇਂਦਰ ਦਰਿਆਈ ਪਾਣੀਆਂ 'ਤੇ ਅਧਿਕਾਰ ਕਾਇਮ ਕਰਨ ਦੇ ਰੌਂ 'ਚ

ਕੈਬਨਿਟ ਤੇ ਇਸ ਮਗਰੋਂ ਇਹ ਸੰਸਦ ਵਿਚ ਪੁੱਜੇਗਾ।

ਅਸਲ ਵਿਚ ਕੇਂਦਰ ਨੂੰ ਫਿਕਰ ਹੈ ਕਿ ਪੰਜਾਬ, ਹਰਿਆਣਾ, ਦਿੱਲੀ ਤੇ ਰਾਜਸਥਾਨ ਸੂਬਿਆਂ ਵਿਚ ਧਰਤੀ ਹੇਠਲੇ ਪਾਣੀ ਨੂੰ ਜਿਸ ਤੇਜ਼ੀ ਨਾਲ ਕੱਢਿਆ ਜਾ ਰਿਹਾ ਹੈ, ਇਸ ਨਾਲ ਆਉਣ ਵਾਲੇ ਸਮੇਂ ਵਿਚ ਹਾਲਾਤ ਬੜੇ ਖਰਾਬ ਹੋ ਜਾਣਗੇ। ਜਲ ਵਸੀਲਿਆਂ ਬਾਰੇ ਮੰਤਰੀ ਪਵਨ ਬਾਂਸਲ ਦਾ ਮੰਨਣਾ ਹੈ ਕਿ ਪੰਜਾਬ ਤੇ ਹਰਿਆਣਾ ਵਿਚ ਧਰਤੀ ਹੇਠਲਾ ਪਾਣੀ ਦਿਨ-ਬ-ਦਿਨ ਹੇਠਾਂ ਜਾ ਰਿਹਾ ਹੈ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਮਾਡਲ ਬਿਲ ਕੋਈ ਨਵੀਂ ਗੱਲ ਨਹੀਂ ਹੈ। ਇਹ ਸਭ ਤੋਂ ਪਹਿਲਾਂ 1970 ਵਿਚ ਰਾਜਾਂ ਨੂੰ ਭੇਜਿਆ ਗਿਆ ਤੇ ਇਸ ਮਗਰੋਂ ਰਾਜਾਂ ਦੀ ਰਾਇ ਲੈਣ ਲਈ ਇਸਨੂੰ ਮੁੜ 1992, 1996 ਤੇ 2005 ਵਿਚ ਭੇਜਿਆ ਗਿਆ। ਇਸ ਉਪਰ ਬਹੁਤੇ ਰਾਜਾਂ ਨੇ ਆਪਣੀ ਸਹਿਮਤੀ ਜਤਾਈ ਹੈ। ਪੰਜਾਬ, ਸਿੱਕਮ, ਅਰੁਣਾਚਲ ਪ੍ਰਦੇਸ਼, ਤ੍ਰਿਪੁਰਾ ਤੇ ਨਾਗਾਲੈਂਡ ਨੇ ਬਿੱਲ ਨੂੰ ਰੱਦ ਕਰ ਦਿੱਤਾ। ਪੰਜਾਬ ਦਾ ਕਹਿਣਾ ਹੈ ਕਿ ਇਸ ਬਿੱਲ ਨਾਲ ਉਸ ਦੇ ਕਿਸਾਨਾਂ ਦੇ ਹਿੱਤਾਂ ਨੂੰ ਸੱਟ ਵੱਜਦੀ ਹੈ।

ਸਰਵੇ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਪੰਜਾਬ 'ਚ ਧਰਤੀ ਹੇਠੋਂ ਸਭ ਤੋਂ ਵੱਧ ਪਾਣੀ ਕੱਢਿਆ ਜਾ ਰਿਹਾ ਹੈ। ਇਸ ਮਗਰੋਂ ਰਾਜਸਥਾਨ, ਹਰਿਆਣਾ ਤੇ ਦਿੱਲੀ ਹਨ। ਇਨ੍ਹਾਂ ਸੂਬਿਆਂ ਦਾ ਬਹੁਤਾ ਹਿੱਸਾ ਬੰਜਰ ਹੋਣ ਦੇ ਕੰਢੇ ਹੈ। ਜਿਸ ਢੰਗ ਨਾਲ ਮੌਨਸੂਨ ਵੱਲੋਂ 'ਦਗਾ' ਦਿੱਤਾ ਜਾ ਰਿਹਾ ਹੈ। ਉਸ ਨਾਲ ਭਵਿੱਖ ਵੀ ਬਹੁਤ ਵਧੀਆ ਨਜ਼ਰ ਨਹੀਂ ਆ ਰਿਹਾ। ਇਸ ਸਭ ਦੇ ਮੱਦੇਨਜ਼ਰ ਕੇਂਦਰ ਵਲੋਂ ਰਾਜਾਂ ਦੇ ਪਰ ਕਤਰਨ ਦੀ ਤਿਆਰੀ ਹੋ ਰਹੀ ਹੈ।

ਇਸ ਦੌਰਾਨ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਨਾਮ 'ਤੇ ਪਾਣੀਆਂ ਦੇ ਅਧਿਕਾਰਾਂ ਨੂੰ ਰਾਜਾਂ ਦੇ ਅਧਿਕਾਰ ਖੇਤਰ ਵਿਚੋਂ ਕੱਢ ਕੇ, ਕੇਂਦਰ ਸਰਕਾਰ ਹੇਠ ਲਿਆਉਣ ਲਈ ਕੇਂਦਰ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਪੰਜਾਬ ਨੇ ਜ਼ੋਰਦਾਰ ਵਿਰੋਧ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਉਹ ਇਸ ਸੰਜੀਦਾ ਮੁੱਦੇ ਦੀ ਭਾਵਨਾ ਨੂੰ ਸਮਝੇ ਤੇ ਕੋਈ ਵੀ ਅਜਿਹੀ ਕਾਰਵਾਈ ਨਾ ਕਰੇ, ਜਿਸ ਨਾਲ ਪਾਣੀਆਂ ਦੇ ਅਧਿਕਾਰ ਰਾਜਾਂ ਤੋਂ ਖੋਹ ਲਏ ਜਾਣ। ਪੰਜਾਬ ਇਸ ਤਰ੍ਹਾਂ ਦੀ ਕਾਰਵਾਈ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰੇਗਾ।

ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਥੇ ਇਕ ਬਿਆਨ ਵਿਚ ਕਿਹਾ ਕਿ ਇਸ ਤਰ੍ਹਾਂ ਦੀ ਕਾਰਵਾਈ ਆਰਥਿਕ ਅਤੇ ਰਾਜਨੀਤਕ ਖੇਤਰ ਵਿਚ ਗੰਭੀਰ ਉਲਝਣਾਂ ਪੈਦਾ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਇਕ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਰਾਜ ਦੇ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੱਕ ਹੈ। ਇਹ ਪਾਣੀ ਨਾ ਸਿਰਫ ਕਿਸਾਨਾਂ ਦਾ ਹੈ ਬਲਕਿ ਰਾਜ ਦੀ ਸਮੁੱਚੀ ਜਨਤਾ ਦਾ ਇਸ ਉਪਰ ਅਧਿਕਾਰ ਹੈ।

ਸ. ਬਾਦਲ ਨੇ ਕਿਹਾ ਕਿ ਕੇਂਦਰ ਇਸ ਕਾਨੂੰਨ ਦੀ ਆੜ ਵਿਚ ਪੰਜਾਬ ਦੇ ਸਾਰੇ ਕੀਮਤੀ ਪਾਣੀ ਸਰੋਤਾਂ 'ਤੇ ਡਾਕਾ ਮਾਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਪਾਣੀਆਂ ਦਾ ਮਾਮਲਾ ਅਦਾਲਤ ਵਿਚ ਪਿਆ ਹੈ ਅਤੇ ਕੇਂਦਰ ਸਰਕਾਰ ਦੀ ਇਸ ਤਰ੍ਹਾਂ ਦੀ ਕਾਰਵਾਈ ਨਿਆਂਪਾਲਿਕਾ ਦੇ ਸਨਮਾਨ ਨੂੰ ਠੇਸ ਪਹੁੰਚਾਉਣ ਅਤੇ ਦੇਸ਼ ਦੇ ਫੈਡਰਲ ਢਾਂਚੇ ਨੂੰ ਗੰਭੀਰ ਸੱਟ ਮਾਰਨ ਵਾਲੀ ਹੋਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਿਧਾਨ 'ਚ ਰਾਜਾਂ ਨੂੰ ਦਿੱਤੀਆਂ ਸ਼ਕਤੀਆਂ ਨੂੰ ਖੋਹਣ ਲਈ ਕਾਨੂੰਨ ਨਾਲ ਛੇੜਛਾੜ ਕਰਨ ਤੋਂ ਪਰਹੇਜ਼ ਕਰੇ। ਉਨ੍ਹਾਂ ਦੋਸ਼ ਲਾਇਆ ਕਿ ਪਹਿਲਾਂ ਵੀ ਕੇਂਦਰ ਵਿਚ ਕਾਂਗਰਸ ਸਰਕਾਰਾਂ ਨੇ ਰਾਜਾਂ ਦੇ ਅਧਿਕਾਰ ਖੋਹ ਕੇ, ਇਨ੍ਹਾਂ ਨੂੰ ਕਮਜ਼ੋਰ ਕੀਤਾ ਹੈ। ਉਨ੍ਹਾਂ ਕਿਹਾ ਕਿ ਰਾਜ ਵਿਚ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਪੰਜਾਬ ਪਹਿਲਾਂ ਹੀ ਯਤਨ ਕਰ ਰਿਹਾ ਹੈ। ਇਸ ਸਮੱਸਿਆ ਦੇ ਹੱਲ ਲਈ ਹੀ ਪੰਜਾਬ ਨੇ ਦੋ ਸਾਲ ਪਹਿਲਾਂ ਝੋਨੇ ਦੀ ਬਿਜਾਈ 'ਤੇ ਬੰਦਿਸ਼ਾਂ ਲਗਾ ਕੇ 15 ਜੂਨ ਤੋਂ ਇਸ ਦੀ ਬਿਜਾਈ ਦੀ ਆਗਿਆ ਦਿੱਤੀ ਹੈ। ਇਸ ਦੇ ਚੰਗੇ ਨਤੀਜੇ ਸਾਹਮਣੇ ਆਏ ਹਨ।

# ਕੁਝ ਨਹੀਂ ਬਣਦਾ ਨਜ਼ਰ ਆ ਰਿਹਾ "ਜਾਅਲੀ ਵੋਟਾਂ" ਦਾ

ਬੇ-ਏਰੀਏ ਤੋਂ ਛਪਦੇ ਇਕ ਪੰਜਾਬੀ ਅਖਬਾਰ ਵਿਚ ਪਿਛਲੇ ਹਫਤੇ "ਜਾਅਲੀ ਵੋਟਾਂ ਜਾਂ ਸੰਗਤ ਨੂੰ ਇਲਜ਼ਾਮ" ਸਿਰਲੇਖ ਹੇਠ ਯੂਨੀਅਨ ਸਿਟੀ ਦੇ ਕਿਸੇ ਚਰਨ ਸਿੰਘ ਨਾਂ ਦੇ ਵਿਅਕਤੀ ਦੀ ਚਿੱਠੀ ਛਪੀ ਸੀ। ਇਸ ਚਿੱਠੀ ਵਿਚ ਜਾਅਲੀ ਵੋਟਾਂ ਦਾ ਸਵਾਲ ਉਠਾਉਣ ਵਾਲੇ ਵਿਅਕਤੀਆਂ ਨੂੰ ਜਾਅਲੀ ਕਰਾਰ ਦਿੰਦਿਆਂ ਆਖਿਆ ਗਿਆ ਹੈ ਕਿ ਜਾਅਲੀ ਵੋਟਾਂ ਦੀ ਗੱਲ ਕਰਨਾ ਸੰਗਤ ਨੂੰ ਜਾਅਲੀ ਦੱਸਣਾ ਹੈ। ਬਾਕੀ ਗੱਲ ਉਤੇ ਵਿਚਾਰ ਕਰਨ ਤੋਂ ਪਹਿਲਾਂ ਇਹ ਜਾਨਣ ਦੀ ਕੋਸ਼ਿਸ਼ ਕਰੀਏ ਕਿ ਇਸ ਪੱਤਰ ਦਾ ਲਿਖਾਰੀ ਚਰਨ ਸਿੰਘ ਵਾਕਿਆ ਹੀ ਯੂਨੀਅਨ ਸਿਟੀ ਵਿਚ ਰਹਿੰਦਾ ਕੋਈ ਜਿਉਂਦਾ ਜਾਗਦਾ ਸ਼ਖ਼ਸ ਹੈ ਜਾਂ ਫਿਰ ਸਵਾਰਥੀ ਹਿੱਤਾਂ ਵਲੋਂ ਘੜਿਆ ਗਿਆ ਕੋਈ ਬੇਨਾਮੀ ਜਾਂ ਜਾਅਲੀ ਵਿਅਕਤੀ। ਜੇ ਇਹ ਗੱਲ ਧਿਆਨ ਵਿਚ ਰੱਖੀਏ ਕਿ ਸਬੰਧਤ ਅਖਬਾਰ ਗੁਰੂ ਘਰ ਦੇ ਪ੍ਰਬੰਧ ਉਤੇ ਕਾਬਜ਼ ਧੜੇ ਦਾ ਆਪਨਾ ਹੀ ਅਖਬਾਰ ਹੈ ਤਾਂ ਗੱਲ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਸੰਨ 2008 ਦੀ ਵੋਟਰ ਸੂਚੀ ਵਿਚ ਯੂਨੀਅਨ ਸਿਟੀ ਤੋਂ ਚਰਨ ਸਿੰਘ ਨਾਂ ਦਾ ਕੋਈ ਵੋਟਰ ਨਹੀਂ ਹੈ। ਜਦੋਂਕਿ ਇਸ ਚਰਨ ਸਿੰਘ ਨਾਂ ਦੇ ਵੋਟਰ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਮੌਜੂਦਾ ਪ੍ਰਬੰਧਕਾਂ ਦੇ ਉਲਟ ਵੋਟ ਪਾਈ ਅਤੇ ਉਸ ਨੂੰ ਇਸ ਗੱਲ ਦੀ ਸ਼ਰਮ ਹੀ ਖਾਈ ਜਾ ਰਹੀ ਹੈ।

ਜਾਹਰ ਹੈ ਕਿ ਪ੍ਰਬੰਧਕ ਏਨੇ ਕਮਜ਼ੋਰ ਹਨ ਕਿ ਉਹ ਆਪਣੀ ਗੱਲ ਕਹਿਣ ਲਈ ਕਿਸੇ ਫਰਜ਼ੀ ਯਾਨਿ ਜਾਅਲੀ ਨਾਂ ਦਾ ਸਹਾਰਾ ਲੈ ਰਹੇ ਹਨ। ਇੰਨੀ ਹਿੰਮਤ ਵੀ ਨਹੀਂ ਜੁਟਾ ਪਾਏ ਕਿ ਆਪਣੀ ਗੱਲ ਕਹਿਣ ਲਈ ਖੁਦ ਆਪਨਾ ਨਾਂ ਦਿੰਦੇ। ਕਾਰਨ ਕੀ ਹੈ? ਸੰਗਤ ਜਾਣੀਜਾਣ ਹੈ।

ਹੁਣ ਇਸ ਪੱਤਰ ਵਿਚ ਪ੍ਰਗਟਾਏ ਗਏ ਵਿਚਾਰਾਂ ਉਤੇ ਗੌਰ ਕਰੀਏ। ਇਸ ਪੱਤਰ ਦੀ ਸ਼ੁਰੂਆਤ ਹੀ ਇਥੋਂ ਹੁੰਦੀ ਹੈ ਕਿ ਸੰਗਤ ਵੋਟਾਂ ਨਹੀਂ ਚਾਹੁੰਦੀ। ਕੌਣ ਨਹੀਂ ਜਾਣਦਾ 'ਇਲੈਕਸ਼ਨ ਨਹੀਂ, ਸਿਲੈਕਸ਼ਨ' ਦਾ ਨਾਅਰਾ ਕਿਸ ਦਾ ਹੈ ਅਤੇ ਚੋਣਾਂ ਰੁਕਵਾਉਣ ਲਈ ਅਦਾਲਤਾਂ ਦੀ ਲੜਾਈ ਕਿਸ ਨੇ ਲੜੀ। ਫਰੀਮਾਂਟ ਗੁਰੂ ਘਰ ਦੀ ਸੰਗਤ ਨੂੰ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਇਸ ਅਖੌਤੀ ਪੱਤਰ ਵਿਚਲੇ ਵਿਚਾਰ ਯੂਨੀਅਨ ਸਿਟੀ ਦੇ ਕਿਸੇ ਚਰਨ ਸਿੰਘ ਦੇ ਨਹੀਂ ਸਗੋਂ ਜਸਜੀਤ ਸਿੰਘ ਚੇਲਾ ਦੀ ਅਗਵਾਈ ਹੇਠਲੇ ਧੜੇ ਦੇ ਹੀ ਹਨ। 1996 ਤੋਂ ਸੰਨ 2004 ਤੱਕ ਗੁਰਦੁਆਰਾ ਪ੍ਰਬੰਧ ਉਤੇ ਕਾਬਜ਼ ਰਹੇ ਇਸ ਧੜੇ ਨੇ ਚੋਣਾਂ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਮਜਬੂਰਨ ਸੰਗਤ ਨੂੰ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪਿਆ ਸੀ। ਅਦਾਲਤ ਵਿਚ ਇਸ ਧੜੇ ਨੇ ਦਲੀਲ ਦਿੱਤੀ ਸੀ ਕਿ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਯਾਨਿ ਪੰਜ ਪਿਆਰਾ ਕੌਂਸਲ ਦੀ ਚੋਣ ਉਮਰ ਭਰ ਲਈ ਹੋਈ ਹੈ। ਸੰਗਤ ਨੂੰ ਕੋਈ ਹੱਕ ਨਹੀਂ ਕਿ ਇਨ੍ਹਾਂ ਨੂੰ ਬਦਲੇ ਜਾਂ ਚੋਣਾਂ ਦੀ ਗੱਲ ਕਰੇ।



ਸੰਗਤ ਨੂੰ ਮਾਣਯੋਗ ਜੱਜ ਜੂਲੀਆ ਸਪੇਨ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਜਿਸ ਨੇ ਇਨ੍ਹਾਂ ਲੋਕਾਂ ਦੀ ਗੱਲ ਉਤੇ ਯਕੀਨ ਨਾ ਕੀਤਾ ਅਤੇ ਚੋਣਾਂ ਕਰਵਾਉਣ ਦੇ ਹੁਕਮ ਦਿੱਤੇ। ਫਿਰ ਇਨ੍ਹਾਂ ਟਾਹਰਾਂ ਮਾਰੀਆਂ ਕਿ ਅਸੀਂ ਕਿਉਂਕਿ ਚੋਣਾਂ ਦੇ ਖਿਲਾਫ ਹਾਂ ਇਸ ਲਈ ਚੋਣਾਂ ਨਹੀਂ ਲੜਾਂਗੇ ਪਰ ਇਨ੍ਹਾਂ ਦਾ ਦੋਗਲਾਪਨ ਉਸ ਵੇਲੇ ਸਾਹਮਣੇ ਆ ਗਿਆ ਜਦੋਂ ਇਨ੍ਹਾਂ ਚੋਣਾਂ "ਸਾਧ ਸੰਗਤ ਸਲੇਟ" ਦੇ ਓਹਲੇ ਹੇਠ ਲੜੀਆਂ। ਤਾਕਤ ਲਈ ਇਹ ਲੋਕ ਆਪਣੀ ਲਾਲਸਾ ਛੱਡ ਨਾ ਸਕੇ ਤੇ ਹੌਲੀ ਹੌਲੀ ਚੋਣਾਂ ਦੇ ਮੈਦਾਨ ਵਿਚ ਸਿਧੇ ਆ ਨਿਤਰੇ। ਸੰਨ 2008 ਦੀਆਂ ਚੋਣਾਂ ਇਨ੍ਹਾਂ ਨੇ ਸਿੱਧਿਆਂ ਲੜੀਆਂ। "ਚੋਣਾਂ ਸਿੱਖ ਸਿਧਾਂਤਾਂ ਦੇ ਉਲਟ" ਦੀ ਤੋਤੇ ਰਟ ਲਾਉਂਦਿਆਂ ਵੀ ਇਕ ਵਾਰ ਫਿਰ ਚੋਣ ਮੈਦਾਨ ਵਿਚ ਹਨ। ਸਵਾਲ ਉਠਦਾ ਹੈ ਕਿ ਜੇ ਚੋਣਾਂ ਸਿੱਖ ਸਿਧਾਂਤਾਂ ਦੇ ਉਲਟ ਹਨ ਤਾਂ ਚੋਣਾਂ ਵਿਚ ਹਿੱਸਾ ਕਿਉਂ ਲੈ ਰਹੇ ਹਨ? ਸਪਸ਼ਟ ਹੈ ਸਿਧਾਂਤ ਗੁਰਦੁਆਰਾ ਪ੍ਰਬੰਧ 'ਤੇ ਕਾਬਜ਼ ਰਹਿਣ ਦਾ ਹੈ, ਹਰਬਾ ਭਾਵੇਂ ਕੋਈ ਵੀ ਵਰਤਣਾ ਪਵੇ।

ਪੱਤਰ ਦਾ ਇਹ ਲੇਖਕ ਚਰਨ ਸਿੰਘ ਅਸਲ ਵਿਚ ਮੌਜੂਦਾ ਪ੍ਰਬੰਧਕਾਂ ਦਾ ਆਕਾ ਹੀ ਤਾਂ ਹੈ ਫਿਰ ਵੀ ਅਸੀਂ ਆਪਣੀ ਗੱਲ ਇਸ ਅਖੌਤੀ ਚਰਨ ਸਿੰਘ ਨੂੰ ਸੰਬੋਧਨ ਕਰਕੇ ਹੀ ਕਰਾਂਗੇ ਜਿਹੜਾ ਅੱਜ ਸੰਗਤ ਨਾਲ ਹੇਜ ਇਹ ਕਹਿ ਕੇ ਜਤਾ ਰਿਹਾ ਹੈ ਕਿ ਸੰਗਤ 'ਤੇ ਇਲਜ਼ਾਮ ਲਗਾਏ ਜਾ ਰਹੇ ਹਨ। ਸਾਡੇ ਉਪਰ ਇਲਜ਼ਾਮ ਲਾਇਆ ਜਾ ਰਿਹਾ ਹੈ ਕਿ ਅਸੀਂ ਜਾਅਲੀ ਵੋਟਾਂ ਦੀ ਗੱਲ ਕਰਕੇ ਸੰਗਤ ਨੂੰ ਜਾਅਲੀ ਦੱਸ ਰਹੇ ਹਾਂ। ਅਸੀਂ ਤੱਥਾਂ ਦੇ ਆਧਾਰ 'ਤੇ ਇਹ ਠੋਕ-ਵਜਾ ਕੇ ਕਹਿ ਸਕਦੇ ਹਾਂ ਕਿ ਮੌਜੂਦਾ ਪ੍ਰਬੰਧਕਾਂ ਨੇ ਸਭੇ ਕਾਇਦੇ ਕਾਨੂੰਨ ਛਿੱਕੇ ਟੰਗ ਕੇ ਜਾਅਲੀ ਵੋਟਾਂ ਬਣਾਈਆਂ ਹਨ। ਇਸ ਵਿਚ ਸੰਗਤ ਦਾ ਕੋਈ ਕਸੂਰ ਨਹੀਂ, ਕਸੂਰ ਤਾਂ ਚੋਰੀ ਚੋਰੀ ਵੋਟਾਂ ਬਣਾਉਣ ਵਾਲਿਆਂ ਦਾ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਪ੍ਰਬੰਧਕਾਂ ਦੇ ਇਸ ਆਕਾ ਨੂੰ ਸੰਗਤ ਦਾ ਹੇਜ ਆਉਣ ਲੱਗ ਪਿਆ ਹੈ ਭਾਵੇਂ ਝੂਠੀ ਮੂਠੀ ਹੀ ਸਹੀ, ਵਰਨਾ ਇਸੇ ਸੰਗਤ ਨੂੰ ਬੀਤੇ ਵਿਚ ਭੇਡਾਂ-ਬੱਕਰੀਆਂ ਕਿਹਾ ਜਾਂਦਾ ਰਿਹਾ ਹੈ।

ਇਹ ਅਖੌਤੀ ਚਰਨ ਸਿੰਘ ਜੀ ਕਹਿ ਰਹੇ ਹਨ ਕਿ ਪ੍ਰਬੰਧਕਾਂ ਨੇ ਗੁਰੂ ਘਰ ਦੀ ਨੁਹਾਰ ਹੀ ਬਦਲ ਦਿੱਤੀ ਅਤੇ ਬੜੇ ਮਹਾਨ ਕੰਮ ਕੀਤੇ ਹਨ। ਇਸ ਸੱਜਣ ਨੇ ਇਹ ਵੀ ਦਆਵਾ ਕੀਤਾ ਹੈ ਕਿ ਪਿਛਲੇ 25 ਸਾਲਾਂ ਤੋਂ ਉਹ ਇਥੇ ਰਹਿ ਰਹੇ ਹਨ। ਜੇ ਇਹ ਦਾਅਵਾ ਸੱਚ ਹੈ ਤਾਂ ਫਿਰ ਇਸ ਚਰਨ ਸਿੰਘ ਨੇ ਭਾਈ ਗੁਰਮੀਤ ਸਿੰਘ ਖਾਲਸਾ ਉਤੇ ਗੋਲੀ ਚਲਦੀ ਵੀ ਵੇਖੀ ਹੋਵੇਗੀ, ਸੰਗਤ ਨਾਲ ਹੁੰਦਾ ਦੁਰ-ਵਿਹਾਰ ਵੀ ਵੇਖਿਆ ਹੋਵੇਗਾ, ਸੰਗਤ ਦੇ ਪੈਸੇ ਦਾ ਹਿਸਾਬ-ਕਿਤਾਬ ਮੰਗਣ ਵਾਲਿਆਂ ਨੂੰ ਕੁਟਾਪਾ ਚੜ੍ਹਦਾ ਵੀ ਵੇਖਿਆ ਹੋਵੇਗਾ, ਜਾਅਲੀ ਕੈਸਿਟਾਂ ਅਤੇ ਡਰੱਗ ਦੇ ਧੰਦੇ ਦੇ ਦੋਸ਼ ਹੇਠ ਹਥਕੜੀਆਂ ਲੱਗਦੀਆਂ ਵੀ ਵੇਖੀਆਂ ਹੋਣਗੀਆਂ, ਜਾਅਲੀ ਗਰੀਨ ਕਾਰਡਾਂ ਕਰਕੇ ਸਿੰਘ ਜੇਲ੍ਹ ਯਾਤਰਾ ਵੀ ਕਰਦੇ ਵੇਖੇ ਹੋਣਗੇ, ਡਰੱਗ ਤੋਂ ਲੈ ਕੇ ਇੰਸ਼ੋਰੈਂਸ ਤੇ ਇਮੀਗਰੇਸ਼ਨ ਫਰਾਡ ਦੇ ਕਿੱਸੇ ਵੀ ਸੁਣੇ ਹੋਣਗੇ, ਚੋਣਾਂ ਰੁਕਵਾਉਣ ਲਈ ਅਦਾਲਤ ਵਿਚ ਨੌਂ ਲੱਖਾ ਬਾਂਡ ਭਰਿਆ ਜਾਂਦਾ ਵੀ ਵੇਖਿਆ ਹੋਵੇਗਾ ਅਤੇ ਚੋਣਾਂ ਰੁਕਵਾਉਣ ਲਈ ਸੰਗਤ ਦਾ ਚਾਰ ਲੱਖ ਡਾਲਰ ਕੋਰਟਾਂ ਕਚਹਿਰੀਆਂ ਦੇ ਲੇਖੇ ਲੱਗਦਾ ਵੀ ਵੇਖਿਆ ਹੋਵੇਗਾ। ਜੇ ਇਹ ਸਾਰਾ ਕੁਝ ਨਹੀਂ ਵੇਖਿਆ ਤਾਂ ਫਿਰ ਸਾਡੇ ਇਸ ਭਾਈ ਚਰਨ ਸਿੰਘ ਦੀ ਅੱਖ ਵਿਚ ਲਾਜ਼ਮੀ ਕੋਈ ਟੀਰ ਹੈ ਜਿਸ ਨੂੰ ਇਕੋ ਹੀ ਪਾਸਾ ਦਿਸਦਾ ਹੈ। ਸਮਝ ਨਹੀਂ ਆ ਰਹੀ ਕਿ ਇਸ ਸੱਜਣ ਨੂੰ ਸ਼ਰਮ ਕਿਸ ਗੱਲ ਦੀ ਆ ਰਹੀ ਹੈ!

ਅਸੀਂ ਗੱਲ ਮੌਜੂਦਾ ਪ੍ਰਬੰਧਕਾਂ ਵਲੋਂ ਸਭ ਕਾਇਦੇ ਕਾਨੂੰਨ ਛਿੱਕੇ ਟੰਗ ਕੇ ਜਾਅਲੀ ਵੋਟਾਂ ਬਣਾਏ ਜਾਣ ਦੀ ਕੀਤੀ ਹੈ ਪਰ ਇਸ ਭਾਈ ਚਰਨ ਸਿੰਘ ਨੂੰ ਸਭ ਕੁਝ ਹੀ ਜਾਅਲੀ ਦਿਸਣ ਲੱਗ ਪਿਆ ਹੈ। ਮੈਂਬਰਸ਼ਿਪ ਕਮੇਟੀ ਦੇ ਤਿੰਨ ਮੈਂਬਰ ਜੋ ਸੁਪਰੀਮ ਕੌਂਸਲ ਨੂੰ ਲਿਖਤੀ ਰੂਪ ਵਿਚ ਦਿੰਦੇ ਹਨ ਕਿ ਤੇਜਿੰਦਰ ਸਿੰਘ ਧਾਮੀ ਵਕਤ ਬੇਵਕਤ ਵੋਟਾਂ ਬਣਾ ਰਿਹਾ ਹੈ, ਇਕ ਐਤਵਾਰ ਉਹ ਰਜਿਸਟਰ ਉਤੇ 512 ਵੋਟਾਂ ਛੱਡ ਕੇ ਗਏ ਅਤੇ ਅਗਲੇ ਹਫਤੇ ਰਜਿਸਟਰ 598 ਉਤੇ ਪਹੁੰਚਿਆ ਹੋਇਆ ਹੈ, ਫਿਰ ਇਕ ਦਿਨ ਮੈਂਬਰਸ਼ਿਪ ਕਮੇਟੀ ਵੋਟਰ ਸੂਚੀ 810 ਉਤੇ ਛੱਡ ਕੇ ਗਈ ਪਰ ਅਗਲੇ ਹਫਤੇ 842 ਉਤੇ ਪਹੁੰਚੀ ਹੋਈ ਸੀ। ਪੁੱਛੇ ਜਾਣ ਉਤੇ ਇਹ ਧਾਮੀ ਜੀ ਕਹਿੰਦੇ ਹਨ ਕਿ ਪ੍ਰਧਾਨ ਸਾਹਿਬ ਨੇ ਕਿਹਾ ਸੀ ਕਿ ਅੱਜ ਜਲਦੀ ਆ ਜਾਈਂ ਕਾਫੀ ਵੋਟਾਂ ਬਣਾਉਣ ਵਾਲੀਆਂ ਹਨ। ਇਤਰਾਜ਼ਾਂ ਦੀ ਕੋਈ ਸੁਣਵਾਈ ਨਾ ਹੋਵੇ। ਇਸ ਸਭ ਕਾਸੇ ਨੂੰ ਵੇਖ ਕੇ ਜੇ ਇਹ ਸ਼ੱਕ ਪੈਦਾ ਨਾ ਹੋਵੇ ਕਿ ਵੋਟਾਂ ਵਿਚ ਹੇਰਾਫੇਰੀ ਹੋ ਰਹੀ ਹੈ ਤਾਂ ਫਿਰ ਹੋਰ ਕੀ ਹੋਵੇ? ਦਿਲਚਸਪ ਗੱਲ ਇਹ ਹੈ ਕਿ ਇਹ ਤੇਜਿੰਦਰ ਸਿੰਘ ਧਾਮੀ ਉਹੋ ਵਿਅਕਤੀ ਹੈ ਜਿਸ ਉਤੇ ਸੰਨ 2008 ਦੀਆਂ ਚੋਣਾਂ ਵੇਲੇ ਸਟਿਕਰ ਚੋਰੀ ਕਰਨ ਦੇ ਦੋਸ਼ ਲੱਗੇ ਸਨ। ਵਿਰੋਧੀ ਧਿਰ ਨੇ ਇਸ ਸ਼ਖਸ ਨੂੰ ਵੋਟਾਂ ਬਣਾਉਣ ਦੇ ਕੰਮ ਤੋਂ ਹਟਾਉਣ ਲਈ ਵਾਰ ਵਾਰ ਬੇਨਤੀ ਕੀਤੀ ਪਰ ਕੋਈ ਸੁਣਵਾਈ ਨਾ ਹੋਈ। ਪ੍ਰਬੰਧਕਾਂ ਦੇ ਸਾਧ ਹੋਣ ਦਾ ਸਬੂਤ ਤੇ ਤਾਂ ਮਿਲਦਾ ਜੇ ਵਿਰੋਧੀ ਧਿਰ ਦੀਆਂ ਸ਼ਿਕਾਇਤਾਂ ਦੀ ਕੋਈ ਸੁਣਵਾਈ ਹੁੰਦੀ। ਸਾਡੀਆਂ ਸ਼ਿਕਾਇਤਾਂ ਪ੍ਰਤੀ ਪ੍ਰਬੰਧਕ ਕਮੇਟੀ ਤੋਂ ਲੈ ਕੇ ਸੁਪਰੀਮ ਕੌਂਸਲ ਤੱਕ ਕਿਸੇ ਦੇ ਕੰਨਾਂ ਉਤੇ ਕੋਈ ਜੂੰ ਨਾ ਸਰਕੀ-ਸ਼ਰਮ ਮਗਰ ਹਮ ਕੋ ਆਤੀ ਨਹੀਂ- ਦੂਜਿਆਂ ਨੂੰ ਜਾਅਲੀ ਦੱਸਣ ਵਾਲੇ ਨੂੰ ਆਪਣੀ ਜਾਅਲਸਾਜ਼ੀ ਵੀ ਦਿਸਣੀ ਹੀ ਚਾਹੀਦੀ ਹੈ। ਇਸ ਅਖੌਤੀ ਚਰਨ ਸਿੰਘ ਨੂੰ ਕਿੰਨੀ ਤਕਲੀਫ ਹੋਈ ਹੈ ਇਕ ਬੰਦੇ ਦੇ ਵਾਕਆਊਟ ਕਰਨ ਦੀ। ਸ਼ਾਇਦ ਇਸ ਨੇ ਆਪਣੀ ਅੱਖ ਦੇ ਟੀਰ ਕਰਕੇ ਪੰਜਾਬ ਟਾਈਮਜ਼ ਵਿਚ ਛਪੀ ਪੂਰੀ ਖਬਰ ਪੜ੍ਹੀ ਹੀ ਨਾ ਹੋਵੇ। ਦਰਅਸਲ ਮੈਂਬਰਸ਼ਿਪ ਕਮੇਟੀ ਵਿਚੋਂ ਤਿੰਨ ਬੰਦਿਆਂ ਨੇ ਵਾਕਆਊਟ ਕੀਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਦ ਸਾਡੀਆਂ ਸ਼ਿਕਾਇਤਾਂ ਦੀ ਕੋਈ ਸੁਣਵਾਈ ਹੀ ਨਹੀਂ ਹੋਣੀ ਤਾਂ ਇਥੇ ਮੂਕ ਦਰਸ਼ਕ ਬਣ ਕੇ ਬੈਠਣ ਦੀ ਵੀ ਕੀ ਲੋੜ ਹੈ?

ਗੱਲ ਵੇਖੋ ਇਸ ਸ਼ਖਸ ਦੀ, ਅਖੇ ਜੀ, "ਇਸ ਬੰਦੇ ਦੀ ਤਾਂ ਜ਼ਿੰਦਗੀ ਹੀ ਲੰਘ ਗਈ ਵਾਕਆਊਟ ਕਰਦੇ ਦੀ।" ਇਸ ਭਾਈ ਸਾਹਿਬ ਦਾ ਸ਼ਾਇਦ ਨਜ਼ਰੀਆ ਹੀ ਇੰਨਾ ਛੋਟਾ ਹੈ ਕਿ ਇਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਦੁਨੀਆਂ ਭਰ ਦੇ ਜਮਹੂਰੀ ਪ੍ਰਬੰਧਾਂ ਵਿਚ ਆਪਣੀ ਗੱਲ ਉਤੇ ਜ਼ੋਰ ਦੇਣ ਲਈ ਵਿਰੋਧੀ ਧਿਰ ਅਕਸਰ ਵਾਕਆਊਟ ਕਰ ਜਾਂਦੀ ਹੈ। ਇਸ ਵਾਕਆਊਟ ਦਾ ਮਕਸਦ ਹੁੰਦਾ ਹੈ ਆਪਣੀ ਗੱਲ ਵੋਟਰਾਂ ਤੱਕ ਜਾਂ ਜਨਤਾ ਤੱਕ ਪਹੁੰਚਾਉਣਾ। ਮੈਂਬਰਸ਼ਿਪ ਕਮੇਟੀ ਦੇ ਮੈਂਬਰਾਂ ਨੇ ਵਾਕਆਊਟ ਕਰਕੇ ਕੋਈ ਗੁਨਾਹ ਨਹੀਂ ਕਰ ਦਿਤਾ। ਵਾਕਆਊਟ ਕਰਨ ਵਾਲੇ ਸੱਜਣਾਂ ਨੂੰ ਆਪਣੀ ਗੱਲ ਡਾਂਗ ਨਾਲ ਮੰਨਵਾਉਣ ਦੀ ਥਾਂ ਜਮਹੂਰੀ ਢੰਗ ਅਪਨਾਉਣਾ ਬਿਹਤਰ ਜਾਪਿਆ ਹੋਵੇਗਾ।

ਸੰਨ 2008 ਦੀਆਂ ਚੋਣਾਂ ਵਿਚ ਸਿਰਫ 518 ਨਵੀਆਂ ਵੋਟਾਂ ਰਜਿਸਟਰ ਹੋਈਆਂ ਸਨ। ਸੰਗਤ ਨੇ ਗੁਰੂ ਘਰ ਅੰਦਰ ਇਹ ਵੋਟਾਂ ਬਣਦੀਆਂ ਵੇਖੀਆਂ ਸਨ। ਕਿੰਨੀ ਬੇਹਯਾਈ ਨਾਲ ਕਹਿ ਦਿੱਤਾ ਗਿਆ ਕਿ ਸੁਖਦੇਵ ਸਿੰਘ ਬੈਣੀਵਾਲ ਨੇ 500 ਵੋਟਾਂ ਜਾਅਲੀ ਬਣਾਈਆਂ ਸਨ। ਜੇ ਅਜਿਹਾ ਸੀ ਤਾਂ ਪੁੱਛਿਆ ਜਾ ਸਕਦਾ ਹੈ ਕਿ ਉਸ ਸਮੇਂ ਚਰਨ ਸਿੰਘ ਜੀ ਤੁਸੀਂ ਕਿਸੇ ਘੁਰਨੇ ਵਿਚ ਕਿਉਂ ਸੁਤੇ ਹੋਏ ਸੀ? ਤੁਸੀਂ ਆਵਾਜ਼ ਕਿਉਂ ਨਾ ਉਠਾਈ? ਉਂਜ ਤੁਹਾਡੀ ਅਤੇ ਸੰਗਤ ਦੀ ਜਾਣਕਾਰੀ ਲਈ ਇਹ ਦੱਸ ਦਈਏ ਕਿ ਜਿਨ੍ਹਾਂ ਪੰਨਿਆਂ ਉਤੇ ਤੁਹਾਡੀ ਚਿੱਠੀ ਛਪੀ ਹੈ ਇਨ੍ਹਾਂ ਹੀ ਪੰਨਿਆਂ ਉਤੇ ਇਸੇ ਹੀ ਅਖਬਾਰ ਨੇ ਚੋਣਾਂ ਵਿਚ ਸਹੀ ਰੋਲ ਨਿਭਾਉਣ ਲਈ ਭਾਈ ਸੁਖਦੇਵ ਸਿੰਘ ਬੈਣੀਵਾਲ ਦੀ ਪ੍ਰਸ਼ੰਸਾ ਕੀਤੀ ਸੀ ਅਤੇ ਉਹ ਵੀ ਕਿਸੇ ਤੁਹਾਡੇ ਵਰਗੀ ਕਿਸੇ ਜਾਅਲੀ ਚਿੱਠੀ ਰਾਹੀਂ ਨਹੀਂ ਸਗੋਂ ਅਖਬਾਰ ਦੀ ਆਪਣੀ ਤਰਫੋਂ।

ਇਸ ਅਖੌਤੀ ਚਰਨ ਸਿੰਘ ਨੇ ਇਕ ਹੋਰ ਗੱਲ ਕੀਤੀ ਹੈ ਕਿ ਪਿਛਲੇ ਪ੍ਰਬੰਧਕਾਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਜਾਅਲੀ ਬੰਦੇ ਅਮਰੀਕਾ ਲੰਘਾਏ। ਇਹ ਤਾਂ ਪੁਰਾਣੇ ਪ੍ਰਬੰਧਕਾਂ ਦੀ ਇਮਾਨਦਾਰੀ ਹੀ ਸਮਝੋ ਕਿ ਉਨ੍ਹਾਂ ਨੇ ਸਪਾਂਸਰਸ਼ਿਪਾਂ ਦਾ ਸਾਰਾ ਰਿਕਾਰਡ ਗੁਰੂ ਘਰ ਦੇ ਬਾਕੀ ਰਿਕਾਰਡ ਦੇ ਨਾਲ ਨਵੇਂ ਪ੍ਰਬੰਧਕਾਂ ਨੂੰ ਸੌਂਪਿਆ। ਜੇ ਦਾਲ ਵਿਚ ਕੁਝ ਕਾਲਾ ਹੁੰਦਾ ਤਾਂ ਉਹ ਵੀ ਇਹ ਸਾਰਾ ਰਿਕਾਰਡ ਆਪਣੇ ਨਾਲ ਹੀ ਲੈ ਜਾਂਦੇ ਜਿਵੇਂ ਹੁਣ ਵਾਲੇ ਪ੍ਰਬੰਧਕ 1996 ਤੋਂ 2004 ਤੱਕ ਦੇ ਆਪਣੇ ਪਿਛਲੇ ਸਮੇਂ ਦਾ ਰਿਕਾਰਡ ਨਾਲ ਹੀ ਲੈ ਗਏ ਸਨ। ਬਾਕੀ 14 ਮਾਰਚ ਨੂੰ ਹੋਣ ਵਾਲੀਆਂ ਚੋਣਾਂ ਤੋਂ ਬਾਅਦ ਪਤਾ ਲੱਗ ਜਾਵੇਗਾ ਕਿ ਮੌਜੂਦਾ ਪ੍ਰਬੰਧਕ ਰਿਕਾਰਡ ਦੇ ਮਾਮਲੇ ਵਿਚ ਕੀ ਕਰਦੇ ਹਨ?

ਇਸ ਅਖੌਤੀ ਚਰਨ ਸਿੰਘ ਅਤੇ ਆਮ ਸੰਗਤ ਦੀ ਜਾਣਕਾਰੀ ਲਈ ਚੇਤੇ ਕਰਾ ਦਈਏ ਕਿ ਸਾਡੇ ਸਮੇਂ ਵਿਚ ਇਕ ਵਿਅਕਤੀ ਨੇ ਗੋਲਕ ਵਿਚੋਂ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਸੀ ਅਸੀਂ ਸੰਗਤ ਦੀ ਕਚਹਿਰੀ ਵਿਚ ਪੇਸ਼ ਕਰ ਦਿੱਤਾ ਸੀ। ਮੌਜੂਦਾ ਪ੍ਰਬੰਧਕਾਂ ਦੇ ਪ੍ਰਬੰਧ ਵਿਚ ਇਕ ਬੀਬੀ ਉਤੇ ਗੋਲਕ ਵਿਚੋਂ ਚੋਰੀ ਕਰਨ ਦੇ ਇਲਜ਼ਾਮ ਲੱਗੇ ਅਤੇ ਇਹ ਇਲਜ਼ਾਮ ਵੀ ਕਿਸੇ ਹੋਰ ਨੇ ਨਹੀਂ ਸਗੋਂ ਪ੍ਰਬੰਧਕਾਂ ਦੇ ਵਿਚੋਂ ਹੀ ਇਕ ਅਹੁਦੇਦਾਰ ਨੇ ਲਾਏ। ਪਰ ਮਾਮਲਾ ਸੰਗਤ ਵਿਚ ਲਿਆਉਣ ਦੀ ਥਾਂ 'ਤੇ ਅੰਦਰੇ ਅੰਦਰ ਰਫਾਦਫਾ ਕਰ ਦਿੱਤਾ ਗਿਆ। ਕੋਈ ਵਿਅਕਤੀ ਕਿਸੇ ਟਰਸਟ ਲਈ ਪੈਸਾ ਲੈ ਗਿਆ, ਪੈਸਾ ਕਿਥੇ ਗਿਆ ਕੁਝ ਪਤਾ ਨਹੀਂ, ਕੀ ਕਾਰਵਾਈ ਕੀਤੀ ਗਈ? ਬਸ ਦੜ ਵੱਟ ਜ਼ਮਾਨਾ ਕੱਟ ਬੀਬੀ ਭਲੇ ਦਿਨ ਆਵਣਗੇ।

ਰਾਗੀਆਂ, ਢਾਡੀਆਂ ਜਾਂ ਧਾਰਮਿਕ ਸ਼ਖਸੀਅਤਾਂ ਨੂੰ ਸਪਾਂਸਰਸ਼ਿਪਾਂ ਦੇਣੀਆਂ ਕੋਈ ਗੁਨਾਹ ਨਹੀਂ ਹੈ। ਗੁਨਾਹ ਇਸ ਵਿਚ ਹੈ ਕਿ ਕੋਈ ਪ੍ਰਬੰਧਕ ਇਸ ਵਿਚੋਂ ਮੁਨਾਫਾ ਕਮਾਵੇ। ਬਾਕੀ ਅਗਰ ਕਿਸੇ ਪਾਸ ਕੋਈ ਸਬੂਤ ਹੈ ਤਾਂ ਸੰਗਤ ਕੋਲ ਪੇਸ਼ ਕੀਤਾ ਜਾਵੇ। ਅਸੀਂ ਤੁਹਾਡੇ ਇਨ੍ਹਾਂ ਪ੍ਰਬੰਧਕਾਂ ਵਾਂਗ ਚੁਪ ਨਹੀਂ ਰਹਾਂਗੇ।

ਆਖੀਰ ਵਿਚ ਸਾਡੀ ਬੇਨਤੀ ਹੈ ਕਿ ਮੂਲ ਮੁੱਦਾ ਜਾਅਲੀ ਵੋਟਾਂ ਦਾ ਹੈ, ਉਹ ਵੋਟਾਂ ਜੋ ਸਭ ਕਾਇਦੇ-ਕਾਨੂੰਨ ਛਿਕੇ ਟੰਗ ਕੇ ਬਣਾਈਆਂ ਗਈਆਂ ਹਨ। ਅਸਲ ਮੁੱਦੇ ਤੇ ਆਓ, ਕਿਸੇ ਚਰਨ ਸਿੰਘ ਦੇ ਪੱਤਰ ਰਾਹੀਂ ਗਲਤ ਗੱਲਾਂ ਕਰਕੇ ਸੰਗਤ ਨੂੰ ਭੰਬਲਭੂਸੇ ਵਿਚ ਨਾ ਪਾਓ।

**ਗੁਰੂ ਪੰਥ ਦੇ ਦਾਸ**

**ਭਾਈ ਹਰਮਿੰਦਰ ਸਿੰਘ** **ਭਾਈ ਕੁਲਜੀਤ ਸਿੰਘ**

# ਅਣਪਛਾਤੀਆਂ ਲਾਸ਼ਾਂ ਦੀ ਪਛਾਣ ਦਾ ਕੰਮ ਠੱਪ ਹੋਇਆ

**ਚੰਡੀਗੜ੍ਹ :** ਪੰਜਾਬ ਵਿਚ ਅੱਤਵਾਦ ਦੇ ਦੌਰ ਸਮੇਂ ਪੁਲਿਸ ਵਲੋਂ ਅਣਪਛਾਤੀਆਂ ਕਰਾਰ ਦਿੱਤੀਆਂ ਲਾਸ਼ਾਂ ਦੀ ਸ਼ਨਾਖਤ ਕਰਨ ਦੇ ਕੰਮ ਨੂੰ ਬਰੇਕਾਂ ਲੱਗ ਗਈਆਂ ਹਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਅਣਪਛਾਤੀਆਂ ਲਾਸ਼ਾਂ ਦੀ ਪਛਾਣ ਲਈ ਗਠਿਤ ਤੱਥ ਖੋਜ ਕਮੇਟੀ ਦੇ ਇਕ ਮੈਂਬਰ ਕੇ. ਕੇ. ਗਰਗ (ਸੇਵਾ ਮੁਕਤ ਜ਼ਿਲ੍ਹਾ ਤੇ ਸੈਸ਼ਨ ਜੱਜ) ਦੀ ਮੌਤ ਹੋ ਚੁੱਕੀ ਹੈ ਤੇ ਕਮੇਟੀ ਦੇ ਮੁਖੀ ਤੇ ਪੰਜਾਬ ਦੇ ਵਿੱਤ ਕਮਿਸ਼ਨਰ (ਵਿਕਾਸ) ਨਵਰੀਤ ਸਿੰਘ ਕੰਗ ਨੇ ਕਮੇਟੀ ਮੁਖੀ ਦੀ ਜ਼ਿੰਮੇਵਾਰੀ ਤੋਂ ਲਾਂਭੇ ਹੋਣ ਲਈ ਗ੍ਰਹਿ ਵਿਭਾਗ ਨੂੰ ਲਿਖ ਦਿੱਤਾ ਹੈ। ਇਸ ਕਮੇਟੀ ਨੇ ਪਿਛਲੇ ਪੰਜ ਮਹੀਨਿਆਂ ਤੋਂ ਕੋਈ ਮੀਟਿੰਗ ਨਹੀਂ ਕੀਤੀ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਪੰਜਾਬ ਪੁਲਿਸ ਵਲੋਂ ਅਣਪਛਾਤੇ ਵਿਅਕਤੀਆਂ ਦੇ ਕੇਸਾਂ ਦੀ ਪੜਤਾਲ ਨੂੰ ਲਮਕਾਇਆ ਹੀ ਨਹੀਂ ਜਾ ਰਿਹਾ ਸਗੋਂ ਪੜਤਾਲ ਭੰਬਲਭੂਸਾ ਖੜ੍ਹਾ ਕਰਨ ਵਾਲੀ ਵੀ ਹੈ। ਅਜਿਹੇ ਮਾਹੌਲ ਵਿਚ ਅਧਿਕਾਰੀਆਂ ਵਲੋਂ ਇਸ ਨਾਜ਼ੁਕ ਮਾਮਲੇ ਦੀ ਜਾਂਚ ਤੋਂ ਟਾਲਾ ਵੱਟਿਆ ਜਾਣ ਲੱਗਾ ਹੈ। ਮੁਆਵਜ਼ੇ ਦੀ ਉਮੀਦ ਲਾਈ ਬੈਠੇ ਸੈਂਕੜੇ ਪਰਿਵਾਰਾਂ ਦੇ ਪੱਲੇ ਫਿਲਹਾਲ ਨਿਰਾਸ਼ਾ ਹੀ ਪਈ ਹੈ। ਅਣਪਛਾਤੀਆਂ ਲਾਸ਼ਾਂ ਦੇ ਜ਼ਿਆਦਾਤਰ ਮਾਮਲੇ ਅੰਮ੍ਰਿਤਸਰ ਤੇ ਤਰਨਤਾਰਨ ਜ਼ਿਲਿਆਂ ਨਾਲ ਸੰਬੰਧਤ ਹਨ।

ਪੰਜਾਬ ਸਰਕਾਰ ਵਲੋਂ ਨਵਰੀਤ ਸਿੰਘ ਕੰਗ ਦੀ ਅਗਵਾਈ ਵਿਚ ਇਹ ਕਮੇਟੀ ਜੂਨ 2008 ਵਿਚ ਗਠਿਤ ਕੀਤੀ ਗਈ ਸੀ ਤੇ ਕਮੇਟੀ ਨੂੰ ਆਪਣਾ ਕੰਮ 6 ਮਹੀਨੇ ਵਿਚ ਸਿਰੇ ਚਾੜ੍ਹਨ ਲਈ ਕਿਹਾ ਗਿਆ ਸੀ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕੇ. ਐਸ. ਪੰਨੂੰ ਨੂੰ ਇਸ ਕਮੇਟੀ ਦਾ ਕਨਵੀਨਰ ਨਿਯੁਕਤ ਕੀਤਾ ਗਿਆ ਸੀ।

ਡੇਢ ਸਾਲ ਦੇ ਸਮੇਂ ਵਿਚ ਇਹ ਕਮੇਟੀ ਅਣਪਛਾਤੀਆਂ ਲਾਸ਼ਾਂ ਦੇ ਰਹੱਸ ਦੀ ਗੰਢ ਨਹੀਂ ਖੋਲ੍ਹ ਸਕੀ। ਮਹੱਤਵਪੂਰਨ ਤੱਥ ਇਹ ਹੈ ਕਿ ਪੰਜਾਬ ਵਿਚੋਂ 1015 ਪਰਿਵਾਰਾਂ ਨੇ ਇਸ ਕਮੇਟੀ ਤੱਕ ਪਹੁੰਚ ਕਰਕੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦੇ ਨੌਜਵਾਨ ਪੁੱਤਰਾਂ ਨੂੰ ਪੰਜਾਬ ਪੁਲਿਸ ਨੇ ਖਪਾ ਦਿੱਤਾ ਹੈ। ਕਮੇਟੀ ਨੂੰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਡਿਪਟੀ ਕਮਿਸ਼ਨਰ ਤਰਨਤਾਰਨ ਰਾਹੀਂ ਵੀ 158 ਕੇਸ ਮਿਲੇ ਸਨ, ਜਿਨ੍ਹਾਂ ਦੀ ਮੁਢਲੀ ਪੜਤਾਲ ਵੀ ਨਹੀਂ ਹੋ ਸਕੀ। ਇਸ ਕਮੇਟੀ ਵਲੋਂ ਆਈਆਂ 1015 ਅਰਜ਼ੀਆਂ ਵਿਚੋਂ 935 ਦੀ ਸ਼ਨਾਖਤ ਲਈ ਗ੍ਰਹਿ ਵਿਭਾਗ ਰਾਹੀਂ ਪੰਜਾਬ ਪੁਲਿਸ ਨੂੰ ਲਿਖਿਆ ਗਿਆ ਸੀ।

ਪੰਜਾਬ ਪੁਲਿਸ ਦੇ ਲਿਟੀਗੇਸ਼ਨ ਵਿੰਗ ਵਲੋਂ 394 ਕੇਸਾਂ ਦੀ ਪੜਤਾਲ ਕਰ ਦਿੱਤੀ ਗਈ ਹੈ ਜਦੋਂਕਿ 541 ਕੇਸਾਂ ਦੀ ਪੜਤਾਲ ਕਰਨੀ ਅਜੇ ਬਾਕੀ ਹੈ। ਸੂਤਰਾਂ ਦਾ ਦੱਸਣਾ ਹੈ ਕਿ ਪੁਲਿਸ ਵਲੋਂ ਜਿਨ੍ਹਾਂ 394 ਕੇਸਾਂ ਦੀ ਪੜਤਾਲ ਕਰਕੇ ਕਮੇਟੀ ਨੂੰ ਭੇਜੀ ਗਈ ਹੈ, ਉਨ੍ਹਾਂ ਮਾਮਲਿਆਂ ਵਿਚ ਤਸਵੀਰ ਸਾਫ ਨਾ ਹੋਣ ਕਾਰਨ ਕਮੇਟੀ ਨੂੰ ਕੋਈ ਰਾਹ ਮਿਲਣ ਦੀ ਥਾਂ ਭੰਬਲਭੂਸਾ ਖੜ੍ਹਾ ਹੋ ਗਿਆ ਹੈ। ਕਮੇਟੀ ਵਲੋਂ ਇਕੱਲੇ-ਇਕੱਲੇ ਕੇਸ ਵਿਚ ਪੀੜਤ ਵਿਅਕਤੀਆਂ ਅਤੇ ਪੁਲਿਸ ਅਧਿਕਾਰੀਆਂ ਨੂੰ ਵੀ ਸੁਣਿਆ ਜਾਣਾ ਹੈ। ਇਸ ਤਰ੍ਹਾਂ ਅਣਪਛਾਤੀਆਂ ਲਾਸ਼ਾਂ ਦੀ ਪਛਾਣ ਦਾ ਕੰਮ ਅਜੇ ਵੀ ਦੂਰ ਦੀ ਗੱਲ ਹੈ। ਕਮੇਟੀ ਦੇ ਚੇਅਰਮੈਨ ਨਵਰੀਤ ਸਿੰਘ ਕੰਗ ਦਾ ਮੰਨਣਾ ਹੈ ਕਿ ਇਹ ਮਾਮਲਾ ਨਾ ਕੇਵਲ ਸੰਵੇਦਨਸ਼ੀਲ ਬਲਕਿ ਕਾਨੂੰਨੀ ਪੱਖ ਤੋਂ ਪੇਚੀਦਾ ਤੇ ਨਾਜ਼ੁਕ ਵੀ ਹੈ। ਉਨ੍ਹਾਂ ਗ੍ਰਹਿ ਸਕੱਤਰ ਨੂੰ ਲਿਖਿਆ ਹੈ ਕਿ ਇਸ ਕਮੇਟੀ ਦਾ ਚੇਅਰਮੈਨ ਕਿਸੇ ਸੇਵਾਮੁਕਤ ਜੱਜ ਜਾਂ ਫਿਰ ਕਿਸੇ ਅਜਿਹੇ ਅਧਿਕਾਰੀ ਨੂੰ ਲਾਇਆ ਜਾਵੇ ਜੋ ਆਜ਼ਾਦ ਹੋਵੇ।

ਪ੍ਰਮੁੱਖ ਸਕੱਤਰ (ਗ੍ਰਹਿ) ਏ. ਆਰ. ਤਲਵਾੜ ਦਾ ਕਹਿਣਾ ਹੈ ਕਿ ਨਵਰੀਤ ਸਿੰਘ ਕੰਗ ਵਲੋਂ ਲਿਖਿਆ ਪੱਤਰ ਉਨ੍ਹਾਂ ਨੂੰ ਮਿਲ ਗਿਆ ਹੈ ਤੇ ਵਿਭਾਗ ਵਲੋਂ ਕਮੇਟੀ ਦਾ ਚੇਅਰਮੈਨ ਬਦਲਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ.) ਵਲੋਂ ਪੰਜਾਬ 'ਚ ਅੱਤਵਾਦ ਦੇ ਦੌਰ ਸਮੇਂ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲਿਆਂ 'ਚ ਪੁਲਿਸ ਵਲੋਂ ਅਣਪਛਾਤੇ ਕਰਾਰ ਦੇ ਕੇ ਜਿਨ੍ਹਾਂ 2000 ਤੋਂ ਵਧ ਵਿਅਕਤੀਆਂ ਦਾ ਸੰਸਕਾਰ ਕੀਤਾ ਗਿਆ ਸੀ, ਦੀ ਜਾਂਚ ਕੀਤੀ ਗਈ ਸੀ। ਉਨ੍ਹਾਂ 'ਚੋਂ 632 ਲਾਸ਼ਾਂ ਦੀ ਅਜੇ ਤਾਈਂ ਸ਼ਨਾਖਤ ਨਹੀਂ ਹੋ ਸਕੀ। ਵੱਡੀ ਗਿਣਤੀ ਮਾਮਲਿਆਂ 'ਚ ਐਫ. ਆਈ. ਆਰ. ਵੀ ਦਰਜ ਨਹੀਂ ਕੀਤੀ।

ਪੰਜਾਬ 'ਚ ਅੱਤਵਾਦ ਦੇ ਦੌਰ 'ਚ ਅਣਪਛਾਤੀਆਂ ਲਾਸ਼ਾਂ ਦਾ ਮਾਮਲਾ ਸਭ ਤੋਂ ਪਹਿਲਾਂ ਜਸਵੰਤ ਸਿੰਘ ਖਾਲੜਾ ਨੇ ਚੁੱਕਿਆ ਸੀ। ਅਣਪਛਾਤੀਆਂ ਲਾਸ਼ਾਂ ਨੂੰ ਬੇਪਰਦ ਕਰਨ ਕਾਰਨ ਹੀ ਸ੍ਰੀ ਖਾਲੜਾ ਨੂੰ ਵੀ ਆਪਣੀ ਜਾਨ ਤੋਂ ਹੱਥ ਧੋਣੇ ਪਏ ਸਨ। ਸੀ. ਬੀ. ਆਈ ਵਲੋਂ ਪੰਜਾਬ ਨੂੰ ਅਣਪਛਾਤੀਆਂ ਲਾਸ਼ਾਂ ਦੀ ਜਿਹੜੀ ਸੂਚੀ ਦਿੱਤੀ ਗਈ ਹੈ, ਉਸ ਮੁਤਾਬਕ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲਿਆਂ ਦੇ ਪੁਲਸ ਥਾਣਿਆਂ ਝਬਾਲ, ਹਰੀਕੇ, ਸਦਰ ਅਤੇ ਸਿਟੀ ਤਰਨਤਾਰਨ, ਸਰਹਾਲੀ, ਭਿਖੀਵਿੰਡ ਵਲਟੋਹਾ, ਗੋਇੰਦਵਾਲ, ਸਦਰ ਤੇ ਕੋਤਵਾਲੀ ਅੰਮ੍ਰਿਤਸਰ, ਘਰਿੰਡਾ, ਛੇਹਰਟਾ, ਫਤਹਿਗੜ੍ਹ ਚੂੜੀਆਂ, ਸਰਾਏ ਅਮਾਨਤ ਖਾਂ, ਸੀ. ਆਈ. ਏ. ਸਟਾਫ ਅੰਮ੍ਰਿਤਸਰ, ਰਮਦਾਸ, ਡਵੀਜ਼ਨ ਬੀ. ਸੀ. ਤੇ ਡੀ. ਅੰਮ੍ਰਿਤਸਰ, ਰਾਜਾਸਾਂਸੀ, ਸੁਲਤਾਨਵਿੰਡ, ਮਹਿਤਾ, ਲੋਪੋਕੇ, ਮਜੀਠਾ, ਜੰਡਿਆਲਾ, ਅਜਨਾਲਾ, ਰਮਦਾਸ, ਬਿਆਸ, ਖਿਲਚੀਆਂ ਆਦਿ ਥਾਣਿਆਂ ਦੀ ਪੁਲਿਸ ਵਲੋਂ 1984 ਤੋਂ ਲੈ ਕੇ 1993 ਤਕ ਜਿਹੜੇ ਵਿਅਕਤੀਆਂ ਦਾ ਸੰਸਕਾਰ ਕੀਤਾ ਗਿਆ, ਉਨ੍ਹਾਂ 'ਚ 200 ਲਾਸ਼ਾਂ ਬਾਰੇ ਕਿਸੇ ਕਿਸਮ ਦੀ ਕਾਨੂੰਨੀ ਕਾਰਵਾਈ ਅਮਲ 'ਚ ਨਹੀਂ ਲਿਆਂਦੀ ਗਈ ਸੀ।

## ਪੰਜਾਬ 'ਚ ਪੋਲੀਓ ਮਰੀਜ਼ਾਂ ਦੀ ਗਿਣਤੀ ਵਧੀ

**ਚੰਡੀਗੜ੍ਹ :** ਪੰਜਾਬ ਸਮੇਤ ਪੂਰੇ ਦੇਸ਼ ਵਿਚ ਸਾਲ 2009 ਦੌਰਾਨ ਪੋਲੀਓ ਦੇ ਕੇਸਾਂ ਵਿਚ ਵਾਧਾ ਹੋਇਆ ਹੈ। ਪੰਜਾਬ ਵਿਚ ਸਾਲ 2009 ਦੌਰਾਨ ਸਾਲ 2008 ਨਾਲੋਂ ਪੋਲੀਓ ਦੇ ਕੇਸਾਂ ਦੀ ਗਿਣਤੀ ਦੋ ਗੁਣਾ ਹੋ ਗਈ, ਜਦੋਂਕਿ ਪੂਰੇ ਦੇਸ਼ ਵਿਚੋਂ ਮਰੀਜ਼ਾਂ ਦੀ ਗਿਣਤੀ ਵਿਚ ਪੌਣੇ ਦੋ ਸੌ ਦੇ ਕਰੀਬ ਵਾਧਾ ਹੋਇਆ। ਇਹ ਅੰਕੜੇ ਭਾਰਤ ਦੇ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਵਲੋਂ 10 ਫਰਵਰੀ ਨੂੰ ਜਾਰੀ ਕੀਤੀ ਰਿਪੋਰਟ ਵਿਚੋਂ ਮਿਲੇ ਹਨ।

ਉਂਜ ਪੋਲੀਓ ਹਾਲੇ ਵੀ ਸਭ ਤੋਂ ਵਧ ਮਾਰ ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿਚ ਕਰ ਰਿਹਾ ਹੈ। ਕੇਂਦਰੀ ਸਿਹਤ ਮੰਤਰਾਲੇ ਦੀ ਰਿਪੋਰਟ ਅਨੁਸਾਰ ਪੂਰੇ ਦੇਸ਼ ਵਿਚ ਸਾਲ 2009 ਦੌਰਾਨ ਪੋਲੀਓ ਦੇ ਕੁੱਲ 733 ਕੇਸ ਸਾਹਮਣੇ ਆਏ ਜਦੋਂਕਿ ਇਸਤੋਂ ਇਕ ਸਾਲ ਪਹਿਲਾਂ ਭਾਵ ਸਾਲ 2008 ਵਿਚ ਇਹ ਗਿਣਤੀ ਕੇਵਲ 599 ਸੀ। ਸਾਲ 2007 ਵਿਚ ਪੋਲੀਓ ਦੇ 874 ਕੇਸਾਂ ਦਾ ਪਤਾ ਲੱਗਾ ਜਦੋਂ ਕਿ ਸਾਲ 2006 ਵਿਚ ਇਹ ਗਿਣਤੀ 676 ਸੀ। ਸਾਲ 2005 ਵਿਚ ਪੋਲੀਓ ਦੇ ਕੇਵਲ 66, ਸਾਲ 2004 ਵਿਚ ਕੇਵਲ 134, ਸਾਲ 2003 ਵਿਚ 225 ਅਤੇ ਸਾਲ 2002 ਵਿਚ ਪੋਲੀਓ ਦੇ 1600 ਕੇਸ ਸਾਹਮਣੇ ਆਏ ਸਨ। ਪੰਜਾਬ ਵਿਚ ਪੋਲੀਓ ਦੇ ਕੇਸਾਂ ਵਿਚ ਚਿੰਤਾਜਨਕ ਵਾਧਾ ਹੋਇਆ ਹੈ। ਸਾਲ 2008 ਵਿਚ ਪੋਲੀਓ ਦੇ ਦੋ ਕੇਸਾਂ ਦਾ ਪਤਾ ਲੱਗਾ ਸੀ ਜਦੋਂਕਿ ਬੀਤੇ ਸਾਲ ਇਹ ਗਿਣਤੀ ਦੁੱਗਣੀ ਭਾਵ ਚਾਰ ਹੋ ਗਈ। ਸਾਲ 2007 ਵਿਚ ਪੰਜਾਬ ਵਿਚ ਕੇਵਲ ਇਕ ਮਰੀਜ਼ ਹੀ ਸਾਹਮਣੇ ਆਇਆ। ਸਾਲ 2006 ਵਿਚ ਇਹ ਗਿਣਤੀ 8 ਸੀ ਜਦੋਂਕਿ 2005 ਦਾ ਕੇਵਲ ਇਕ ਹੀ ਮਰੀਜ਼ ਦੱਸਿਆ ਗਿਆ ਹੈ। ਸਾਲ 2004 ਵਿਚ ਪੋਲੀਓ ਤੋਂ ਪੂਰੀ ਤਰ੍ਹਾਂ ਬਚਾਅ ਰਿਹਾ। ਸਾਲ 2003 ਵਿਚ ਇਕ ਅਤੇ ਸਾਲ 2002 ਵਿਚ ਕੇਵਲ ਦੋ ਕੇਸ ਹੀ ਸਾਹਮਣੇ ਆਏ ਸਨ। ਰਿਪੋਰਟ ਦੇ ਅੰਕੜਿਆਂ ਉਤੇ ਨਜ਼ਰ ਮਾਰੀਏ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਸਾਲ 2006 ਨੂੰ ਛੱਡ ਕੇ ਪਿਛਲੇ ਅੱਠ ਸਾਲਾਂ ਦੌਰਾਨ ਸਭ ਤੋਂ ਵਧ ਕੇਸ ਪਿਛਲੇ ਸਾਲ ਹੀ ਪਤਾ ਲੱਗੇ ਹਨ। ਭਾਰਤ ਸਰਕਾਰ ਵਲੋਂ ਪੋਲੀਓ ਵਿਰੁਧ ਮੁਹਿੰਮ 12 ਸਾਲ ਪਹਿਲਾਂ ਛੇੜੀ ਗਈ ਸੀ ਪਰ ਇਹ ਬਿਮਾਰੀ ਅਜੇ ਤਾਈਂ ਖਤਮ ਨਹੀਂ ਹੋਈ।

ਦੂਜੇ ਪਾਸੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਪੋਲੀਓ ਨੂੰ ਜੜੋਂ ਖਤਮ ਕਰਨ ਦੇ ਦਾਅਵੇ ਕਰ ਰਹੀਆਂ ਹਨ ਜਦੋਂਕਿ ਅਸਲੀਅਤ ਬਿਲਕੁਲ ਉਲਟ ਹੈ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਨਕਸਲੀ ਹਿੰਸਾ ਛੱਡਣ ਤਾਂ ਗੱਲਬਾਤ ਲਈ ਤਿਆਰ ਹਾਂ-ਚਿਦੰਬਰਮ**

-ਥੱਲੇ ਅੱਗ ਬਾਲਣੀ ਬੰਦ ਕਰੋ ਪਾਣੀ ਉਬਲਣਾ ਆਪੇ ਈ ਬੰਦ ਹੋਜੂ।

***ਸਰਕਾਰ ਵਲੋਂ ਬੀ.ਟੀ. ਬੈਂਗਣ ਦੀ ਕਾਸ਼ਤ ਦੀ ਆਗਿਆ ਦੇਣ ਤੋਂ ਇਨਕਾਰ**

-ਜਿਹੜੇ ਲੋਕ ਜ਼ਹਿਰੀਲਾ ਪਾਣੀ ਪੀ ਸਕਦੇ ਐ, ਜ਼ਹਿਰੀਲੀ ਹਵਾ 'ਚ ਸਾਹ ਲੈ ਸਕਦੇ ਐ, ਉਹ ਬੀ.ਟੀ. ਬੈਂਗਣ ਖਾ ਕੇ ਮਰਨ ਤਾਂ ਨ੍ਹੀਂ ਲੱਗੇ!

***ਅਕਾਲ ਤਖਤ ਮਹਾਨ ਹੈ, ਸਿੱਖ ਪੰਥ ਦੀ ਸ਼ਾਨ ਹੈ-ਮੱਕੜ**

-ਪਰ ਚੋਰਾਂ ਦੇ ਟੋਲੇ ਅਧੀਨ ਹੈ, ਜਿਹਦਾ ਮਾਲਕ ਬੇਈਮਾਨ ਹੈ।

***ਕੈਪਟਨ ਨੂੰ ਮੈਂ ਕਾਂਗਰਸ 'ਚ ਲਿਆਂਦਾ-ਭੱਠਲ**

-ਪੈਰੀਂ ਕੁਹਾੜਾ ਮਾਰਿਆ।

***ਮੈਂ ਪਰਵਾਸੀਆਂ ਦੀਆਂ ਮੁਸ਼ਕਿਲਾਂ ਭਾਰਤ ਸਰਕਾਰ ਤੋਂ ਹੱਲ ਕਰਾਉਣ ਦੀ ਮੰਗ ਕਰਾਂਗਾ-ਗੁਲਜ਼ਾਰ ਸਿੰਘ ਰਣੀਕੇ**

-ਫੜ੍ਹਾ 'ਤਾ ਲੀਡਰਾਂ ਵਾਲਾ ਲਾਲੀਪਾਪ।

***ਵਿਦੇਸ਼ਾਂ ਵਿਚ ਅਕਾਲੀ ਦਲ ਦੀ ਸਾਖ ਮਜ਼ਬੂਤ ਹੋਈ-ਗਿਲਜੀਆਂ**

-ਲੁਧਿਆਣਾ ਵਿਚ ਸਿੱਖਾਂ 'ਤੇ ਗੋਲੀਆਂ ਚਲਾਉਣ ਦੇ ਇਨਾਮ ਵਜੋਂ?

***ਨਾ ਭੁਲਿਓ ਤੁਸੀਂ ਵਿਰਸਾ ਆਪਣਾ, ਨਾ ਭੁੱਲਿਓ ਤੁਸੀਂ ਦੇਸ-ਇਕ ਗੀਤ**

-ਥੋਡੇ ਵਿਰਸੇ 'ਚੋਂ ਪੱਗ ਨਹੀਂ ਲੱਭੀ ਮਾਲਕੋ!

***ਮੈਂ ਇਕ ਚੰਗਾ ਭਾਰਤੀ ਹਾਂ-ਸ਼ਾਹਰੁਖ ਖਾਨ**

-ਪਹਿਲੀ ਵਾਰ ਨਾਮ ਖਾਨ ਰੱਖਣ 'ਤੇ ਅਗਲਿਆਂ ਨੇ ਬਣਾ 'ਤਾ ਪਾਕਿਸਤਾਨ ਦਾ ਏਜੰਟ।


WELLS FARGO HOME MORTGAGE

**Your goals deserve our attention**

**Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit**

- **Priority Buyer ® preapproval**
- **Low down payment options for qualified borrowers**
- **Purchases and refinances**



*Contact **Jag Jiwan Bhangu** to put your goals into action today.*
3010 Lava Ridge Ct. Roseville, CA
**Ph: 1-866-490-9758 (Ext. 127)**
**Fax: 1-866-972-2179**
**Cell: 408-598-9605, 916-759-1923**

EQUAL HOUSING LENDER

1. Available on qualified purchase transactions. Other terms and conditions apply. See a homemortgage consultant for details. Wells Fargo Home Mortgage is a division of Wells Fargo Bank, N.A.

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
**ਗੁਰਬੰਸ ਸਿੰਘ ਗਿੱਲ ਫੋਨ: 209-815-1869**

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

**We Specialize in Bankowned, Foreclosure and Short Sale Homes**

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

**We Do Loan Modification and Credit Repair to Save Your Home From Forclosure**

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

**Right Time To Buy For Investers And First Time Home Buyers**

REALTY WORLD Millennium



**Gurbans Singh Gill**
Realtor
12 Years Experiance in Real Estate
e-mail: gurbans@gotracy.com
**Fax: 209-836-0706**
**www.gotracy.com**


**Gurbans Gill 209-815-1869**

# ਸਿਮਰਨਜੀਤ ਸਿੰਘ ਮਾਨ ਵਲੋਂ ਖਾਲਿਸਤਾਨ ਦੀ ਖੁਲੇਆਮ ਵਕਾਲਤ

**ਪੰਜਾਬ ਟਾਈਮਜ਼ ਬਿਊਰੋ**

**ਫ਼ਤਿਹਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ 63ਵੇਂ ਜਨਮ ਦਿਨ ਉਤੇ ਕੀਤੀ ਕਾਨਫ਼ਰੰਸ ਵਿਚ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, ''ਜਦੋਂ ਹਿੰਦ ਹਕੂਮਤ ਸਿੱਖ ਕੌਮ ਉਤੇ ਜ਼ੁਲਮ ਕਰ ਰਹੀ ਸੀ, ਉਸ ਸਮੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਹਿੰਦ ਹਕੂਮਤ ਦੀਆਂ ਫ਼ੌਜਾਂ, ਮਾਰੂ ਬੰਬਾਂ ਅਤੇ ਧਨ-ਦੌਲਤਾਂ ਦੀ ਸ਼ਕਤੀ ਦੇ ਭੈਅ ਤੋਂ ਨਿਰਲੇਪ ਰਹਿੰਦਿਆਂ ਸਾਨੂੰ ਅਣਖ਼-ਗ਼ੈਰਤ ਨਾਲ ਜਿਉਣ ਦਾ ਸੰਦੇਸ਼ ਦਿੱਤਾ ਅਤੇ ਸਿੱਖ ਕੌਮ ਵਿਚ ਨਵੀਂ ਰੂਹ ਫੂਕ ਕੇ ਦੁਸ਼ਮਣ ਤਾਕਤਾਂ ਅੱਗੇ ਈਨ ਨਾ ਮੰਨਣ ਲਈ ਤਿਆਰ ਕੀਤਾ।'' ਇਸ ਮੌਕੇ ਸ. ਮਾਨ ਨੇ ਦਮਦਮੀ ਟਕਸਾਲ ਦੇ ਇਕ ਧੜੇ ਦੇ ਮੁਖੀ ਬਾਬਾ ਰਾਮ ਸਿੰਘ ਦੀ ਹਾਜ਼ਰੀ ਵਿਚ ਹੁਣ ਤਕ ਦੇ ਸਿੱਖ ਕੌਮ ਦੇ ਕਾਤਲਾਂ ਦੀਆਂ 53 ਤਸਵੀਰਾਂ ਵਾਲਾ ਕੈਲੰਡਰ ਜਾਰੀ ਕੀਤਾ ਜਿਸ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀਆਂ ਤਸਵੀਰਾਂ ਸ਼ਾਮਲ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਇੰਦਰਾ ਗਾਂਧੀ ਨੂੰ ਸਲਾਹ ਦੇਣ ਵਾਲੀ ਰੂਸ ਦੀ ਕੇਰੇਮਲਿਨ (ਪਾਰਲੀਮੈਂਟ), ਭਾਰਤੀ ਸੁਪਰੀਮ ਕੋਰਟ ਤੇ ਪਾਰਲੀਮੈਂਟ ਦੀਆਂ ਤਸਵੀਰਾਂ ਵੀ ਕੈਲੰਡਰ ਵਿਚ ਸ਼ਾਮਲ ਹਨ।

ਗੁਰਦਵਾਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਹੋਏ ਇੱਕਠ ਵਿਚ ਸ. ਮਾਨ ਨੇ ਕਿਹਾ, ''ਅਸੀਂ ਕੋਈ ਹਥਿਆਰਬੰਦ ਲੜਾਈ ਨਹੀਂ ਲੜ ਰਹੇ ਸਗੋਂ ਜਿਵੇਂ ਕੋਸੋਵੋ, ਬੋਸਨੀਆ, ਅਲਬਾਨੀਆ, ਯੁਕਰੇਨ, ਕਜ਼ਾਕਿਸਤਾਨ, ਉਜਬੇਕਿਸਤਾਨ ਅਤੇ ਤੁਰਕਮੇਨਿਸਤਾਨ ਆਦਿ ਮੁਲਕ ਬਿਨਾਂ ਕੋਈ ਖ਼ੂਨ ਦਾ ਕਤਰਾ ਵਹਾਏ ਆਜ਼ਾਦ ਹੋਏ ਹਨ, ਉਸੇ ਤਰ੍ਹਾਂ ਸਿੱਖ ਅਪਣਾ ਦੇਸ਼ ਖ਼ਾਲਿਸਤਾਨ ਕਾਇਮ ਕਰਨ ਦੀ ਸੋਚ ਰੱਖਦੇ ਹਨ। ਹਿੰਦੂਤਵ ਹਕੂਮਤ ਨੂੰ ਇਕ ਪਲ ਦੀ ਦੇਰੀ ਤੋਂ ਬਿਨਾਂ ਖ਼ਾਲਿਸਤਾਨ ਨੂੰ ਆਜ਼ਾਦ ਕਰ ਦੇਣਾ ਚਾਹੀਦਾ ਹੈ। ਜੇ ਸਾਡੀ ਇਸ ਅਪੀਲ ਅਤੇ ਦਲੀਲ ਨੂੰ ਹਿੰਦੂਤਵ ਹਕੂਮਤ ਨੇ ਕੋਈ ਅਹਿਮੀਅਤ ਨਾ ਦਿਤੀ ਅਤੇ ਬੀਤੇ 62 ਸਾਲਾਂ ਤੋਂ ਅਪਣਾਈ ਜਾ ਰਹੀ ਸਿੱਖ ਵਿਰੋਧੀ ਸੋਚ ਉਤੇ ਅਮਲ ਕਰਦੀ ਰਹੀ ਤਾਂ ਫਿਰ ਸਿੱਖ ਕੌਮ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਉਚਾਰੇ ਸ਼ਬਦ ''ਚੂੰਕਾਰ ਅਜਾ ਹਮ ਹੀਲਤੇ ਦਰਗੁਜ਼ਸਤ ਹਲਾਲ ਅਸਤ ਬਰਦਨੁ ਬ ਸ਼ਮਸ਼ੀਰ ਦਸਤ'' ਉਤੇ ਪਹਿਰਾ ਦਿੰਦਿਆਂ ਸੰਤ ਭਿੰਡਰਾਂਵਾਲਿਆਂ ਵਲੋਂ ਖ਼ਾਲਿਸਤਾਨ ਦੀ ਰੱਖੀ ਗਈ ਨੀਂਹ ਦੀ ਇਮਾਰਤ ਨੂੰ ਪੂਰਨ ਕਰਨ ਹਿਤ ਤਲਵਾਰ ਤੇ ਹਥਿਆਰ ਚੁੱਕਣ ਲਈ ਮਜਬੂਰ ਹੋਣਾ ਪਵੇਗਾ। ਅਸੀਂ ਹੁਣ ਖ਼ਾਲਿਸਤਾਨ ਨੂੰ ਹਰ ਕੀਮਤ ਉਤੇ ਕਾਇਮ ਕਰਨਾ ਹੈ ਅਤੇ ਸਾਨੂੰ ਦੁਨੀਆਂ ਦੀ ਕੋਈ ਵੀ ਤਾਕਤ ਅਪਣੀ ਮੰਜ਼ਲ ਨੂੰ ਪ੍ਰਾਪਤ ਕਰਨ ਤੋਂ ਨਹੀਂ ਰੋਕ ਸਕਦੀ।'' ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਦ੍ਰਿੜਤਾ ਨਾਲ ਕਾਨੂੰਨੀ ਲੜਾਈ ਲੜਨ ਦੀ ਬਦੌਲਤ ਸਾਨੂੰ ਖ਼ਾਲਿਸਤਾਨ ਦੇ ਨਾਹਰੇ ਲਗਾਉਣ, ਲਿਖਤੀ ਸਮਗਰੀ ਵੰਡਣ ਅਤੇ ਪ੍ਰਚਾਰ ਕਰਨ ਤੋਂ ਹਿੰਦ ਦਾ ਕਾਨੂੰਨ ਨਹੀਂ ਰੋਕ ਸਕਦਾ, ਕਿਉਂਕਿ ਹਿੰਦੋਸਤਾਨ ਦੀ ਸੁਪਰੀਮ ਕੋਰਟ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਬੈਂਚ ਵਲੋਂ ਕੀਤੇ ਗਏ ਫ਼ੈਸਲੇ ਅਨੁਸਾਰ ਸਾਨੂੰ ਇਹ ਜਮਹੂਰੀ ਹਕ ਪ੍ਰਾਪਤ ਹੋ ਗਏ ਹਨ।'' ਸ. ਮਾਨ ਨੇ ਕਿਹਾ ਕਿ ਅਫ਼ਗ਼ਾਨਿਸਤਾਨ ਵਿਚ ਅਸਫ਼ਲ ਰਹਿਣ ਬਾਅਦ ਅਮਰੀਕਾ ਤੇ ਨਾਟੋ ਫ਼ੌਜਾਂ ਪਿੱਛੇ ਹਟ ਰਹੀਆਂ ਹਨ ਤੇ ਮੁਸਲਿਮ ਜੁਝਾਰੂ ਜਿੱਤ ਰਹੇ ਹਨ। ਜਦੋਂ ਇਹ ਫ਼ੌਜਾਂ ਅਫ਼ਗ਼ਿਨਸਤਾਨ ਵਿਚੋਂ ਚਲੀਆਂ ਗਈਆਂ ਤਾਂ ਮੁਸਲਿਮ ਜੁਝਾਰੂ ਬਾਬਰੀ ਮਸਜਿਦ ਤੇ ਗੁਜਰਾਤ ਕਤਲੇਆਮ ਦਾ ਬਦਲਾ ਲੈਣ ਲਈ ਭਾਰਤ ਵਲ ਮੂੰਹ ਕਰਨਗੇ ਜਿਸ ਨਾਲ ਹਿੰਦੂ ਤੇ ਮੁਸਲਮਾਨਾਂ ਦੀ ਲੜਾਈ ਵਿਚ ਸਿੱਖ ਕੌਮ ਪਿਸ ਜਾਵੇਗੀ। ਸਾਨੂੰ ਅਜਿਹੇ ਹਾਲਾਤ ਪੈਦਾ ਹੋਣ ਤੋਂ ਰੋਕਣ ਲਈ ਸੋਚਣਾ ਪਵੇਗਾ।''



ਉਨ੍ਹਾਂ ਕਿਹਾ ਕਿ ਮੁੰਬਈ ਵਿਚ ਹੋਈ ਮੁਠਭੇੜ ਦੇ ਦੋਸ਼ੀਆਂ ਨੂੰ ਤਾਂ ਭਾਰਤ, ਪਕਿਸਤਾਨ ਤੋਂ ਮੰਗ ਰਿਹਾ ਹੈ ਪਰ ਭਾਰਤ ਵਿਚ ਬੈਠੇ ਹਜ਼ਾਰਾਂ ਸਿੱਖਾਂ ਦੇ ਕਾਤਲ ਦਰਿੰਦਿਆਂ ਨੂੰ ਹਰ ਤਰ੍ਹਾਂ ਦੀ ਸੁਰੱਖਿਆ ਮਿਲ ਰਹੀ ਹੈ।

ਇਕੱਠ ਵਿਚ 20 ਦੇ ਕਰੀਬ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ। ਇਨ੍ਹਾਂ ਮਤਿਆਂ ਵਿਚ ਮੁੱਖ ਹਨ ਸਰਬੱਤ ਦੇ ਭਲੇ ਦੀ ਵਡਮੁੱਲੀ ਸੋਚ ਨੂੰ ਲਾਗੂ ਕਰਨਾ, ਭਾਈ ਲਾਲੋ ਵਰਗੇ ਗ਼ਰੀਬ ਸਿੱਖਾਂ ਦੀ ਸੋਚ ਨੂੰ ਉਜਾਗਰ ਕਰ ਕੇ ਮਲਿਕ ਭਾਗੋ ਦੇ ਜਬਰ-ਜ਼ੁਲਮਾਂ ਨੂੰ ਖ਼ਤਮ ਕਰਨਾ, ਸਿੱਖ ਕੌਮ ਦੀ ਬਣਾਈ ਗਈ ਕਾਲੀ ਸੂਚੀ ਖ਼ਤਮ ਕਰਨਾ, ਕੌਮ ਦੇ ਕਾਤਲਾਂ ਨੂੰ ਕਾਨੂੰਨ ਅਨੁਸਾਰ ਸਜ਼ਾਵਾਂ ਦੇਣਾ, ਲਿਬਰਹਾਨ ਕਮਿਸ਼ਨ ਦੀ ਰੀਪੋਰਟ ਦੇ ਦੋਸ਼ੀਆਂ ਨੂੰ ਤੁਰਤ ਸਜ਼ਾਵਾਂ ਦੇਣਾ, ਕੌਮਾਂਤਰੀ ਦਹਿਸ਼ਤਵਾਦ ਵਿਰੁਧ ਪੰਜਾਬ ਅਤੇ ਗੁਆਂਢੀ ਸੂਬਿਆਂ ਨੂੰ 'ਨੋ ਫ਼ਲਾਈ ਜ਼ੋਨ' ਐਲਾਨ ਕਰਨਾ, ਪ੍ਰਵਾਸੀ ਮਜ਼ਦੂਰਾਂ ਨੂੰ ਵੋਟਰ ਸੂਚੀਆਂ ਵਿਚ ਦਰਜ ਕਰਨ ਦੀ ਕਾਰਵਾਈ ਬੰਦ ਕਰਨਾ, ਕੌਮੀ ਮੁੱਦਿਆਂ ਦਾ ਤੁਰਤ ਹੱਲ ਲੱਭ ਕੇ ਭਰਾ ਮਾਰੂ ਜੰਗ ਨੂੰ ਖ਼ਤਮ ਕਰਨਾ, ਚੰਡੀਗੜ੍ਹ ਹੈੱਡਵਰਕਸ ਅਤੇ ਪੰਜਾਬੀ ਬੋਲਦੇ ਇਲਾਕੇ ਤੁਰਤ ਪੰਜਾਬ ਦੇ ਹਵਾਲੇ ਕਰਨਾ ਆਦਿ ਸ਼ਾਮਲ ਹਨ। ਆਖ਼ਰੀ ਮਤੇ ਵਿਚ ਬਾਦਲ ਅਤੇ ਮੱਕੜ ਵਲੋਂ ਸਿੱਖ ਸਿਧਾਂਤਾਂ ਨੂੰ ਪਿੱਠ ਦੇਣ ਅਤੇ ਅਪਣੀਆਂ ਕੌਮੀ ਜ਼ੁੰਮੇਵਾਰੀਆਂ ਤੋਂ ਭੱਜ ਜਾਣ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਜੈਕਾਰਿਆਂ ਦੀ ਗੂੰਜ ਵਿਚ ਇਹ ਮਤੇ ਪਾਸ ਕੀਤੇ ਗਏ। ਜੰਮੂ ਦੇ ਸਿੱਖ ਨੌਜਵਾਨ ਸ. ਮਨਮੋਹਨ ਸਿੰਘ ਜੰਮੂ ਵਲੋਂ ਅਪਣੇ ਪਿੰਡੇ ਉਤੇ ਹੰਢਾਏ ਬੀਤੇ ਸਮੇਂ ਦੇ ਸੰਤਾਪ ਤੇ ਜੰਮੂ ਦੇ ਸਿੱਖ ਸ਼ਹੀਦਾਂ ਦੀ ਸੋਚ ਦੀ ਦਾਸਤਾਨ ਨੂੰ ਪੇਸ਼ ਕਰਦੀ ਹੋਈ ਕਿਤਾਬ ''ਸਫ਼ਰ-ਇ-ਸ਼ਹਾਦਤ'' (1700-2001) ਵੀ ਰਿਲੀਜ਼ ਕੀਤੀ ਗਈ।

ਇਸ ਦੌਰਾਨ ਕਾਰਜਕਾਰਨੀ ਦੇ ਮੈਂਬਰ ਸੂਬੇਦਾਰ ਅਨੂਪ ਸਿੰਘ ਨੇ ਦੋਸ਼ ਲਾਇਆ ਹੈ ਕਿ ਪਾਰਟੀ ਵਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਮਨਾਏ ਗਏ ਜਨਮ ਦਿਨ ਸਬੰਧੀ ਕੀਤੇ ਸਮਾਗਮ ਨੂੰ ਬਣਦੀ ਥਾਂ ਨਹੀਂ ਦਿੱਤੀ ਗਈ ਅਤੇ ਮੀਡੀਆ ਵਲੋਂ ਹਕੀਕਤ ਤੋਂ ਅੱਖਾਂ ਬੰਦ ਕਰਨਾ ਬੇਹੱਦ ਖਤਰਨਾਕ ਹੈ। ਲੁਧਿਆਣਾ ਨੇੜੇ ਪੈਂਦੇ ਪਿੰਡ ਘਲੋਟੀ 'ਚ ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਨੂੰ ਸਮਰਪਤ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਅਖੰਡ ਪਾਠਾਂ ਦੇ ਭੋਗ ਪਿੱਛੋਂ ਵੀ ਧਾਰਮਕ ਸਮਾਗਮ ਕਰਵਾਏ ਗਏ। ਸਮਾਗਮ ਵਿਚ ਸੰਗਤ ਨੂੰ ਭਿੰਡਰਾਂਵਾਲਿਆਂ ਦੇ ਸਟਿੱਕਰ ਵੰਡੇ ਗਏ। ਸੰਗਤ ਨੇ ਸੰਤ ਭਿੰਡਰਾਂਵਾਲਿਆਂ ਦੀ ਯਾਦ 'ਚ 'ਮੁੜ ਆਵੀਂ ਬਾਬਾ ਤੀਰ ਵਾਲਿਆ' ਦੇ ਨਾਹਰੇ ਵੀ ਲਾਏ। ਸ਼੍ਰੋਮਣੀ ਸਿੱਖ ਕੌਂਸਲ ਨੇ ਪੁਰਾਣਾ ਨਾਨਕਸ਼ਾਹੀ ਕੈਲੰਡਰ (2003) ਵੀ ਵੰਡਿਆ। ਇਸ ਦੌਰਾਨ ਮੰਡੀ ਗੋਬਿੰਦਗੜ੍ਹ ਵਿਖੇ ਲੰਘੀ 11 ਫਰਵਰੀ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਸ਼ਹਿਰ ਦੇ ਲਾਲ ਬੱਤੀ ਚੌਕ 'ਤੇ ਲਗਾਏ ਗਏ ਖਾਲਿਸਤਾਨੀ ਹੋਰਡਿੰਗ ਅਤੇ ਸ਼ਹਿਰ ਦੇ ਹੋਰ ਜਗ੍ਹਾ ਵਿਚ ਲੱਗੇ ਪੋਸਟਰਾਂ ਦੇ ਵਿਰੁਧ ਖਾਲਿਸਤਾਨ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਵਿਰੋਧ ਵਿਚ ਨਾਅਰੇਬਾਜ਼ੀ ਕੀਤੀ ਗਈ ਜਿਸ ਦੌਰਾਨ ਇਕੱਤਰ ਸੰਗਠਨਾਂ ਨੇ ਦੇਸ਼ ਵਿਰੋਧੀ ਇਸ ਸਮੱਗਰੀ ਨੂੰ ਤੁਰੰਤ ਹਟਾਏ ਜਾਣ ਦੀ ਮੰਗ ਕਰਦੇ ਹੋਏ ਰੋਸ ਮਾਰਚ ਕਰਦਿਆਂ ਪੁਲਸ ਨੂੰ ਮੰਗ ਪੱਤਰ ਸੌਂਪਿਆ।ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਜਨਮ ਦਿਨ ਸੰਬੰਧੀ ਹੋਰਡਿੰਗ ਸਥਾਨਕ ਲਾਲ ਬੱਤੀ ਚੌਕ ਅਤੇ ਇਸ ਸੰਬੰਧੀ ਪੋਸਟਰ ਸ਼ਹਿਰ ਦੇ ਵੱਖ-ਵੱਖ ਜਗ੍ਹਾ 'ਤੇ ਲਗਾਏ ਗਏ ਸਨ, ਜਿਨ੍ਹਾਂ ਦਾ ਵਿਰੋਧ ਕਰਦੇ ਹੋਏ ਵਿਸ਼ਵ ਹਿੰਦੂ ਪ੍ਰੀਸ਼ਦ ਮੈਂਬਰਾਂ ਨੇ ਨਾਅਰੇਬਾਜ਼ੀ ਕੀਤੀ।

**ਭਿੰਡਰਾਂਵਾਲਿਆਂ ਦੇ ਸਟਿੱਕਰਾਂ ਸਬੰਧੀ ਜਨਹਿਤ ਪਟੀਸ਼ਨ ਖਾਰਜ:** ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਸਟਿੱਕਰਾਂ ਤੇ ਹੋਰਡਿੰਗਾਂ ਦੇ ਖਿਲਾਫ਼ ਜਨਹਿਤ ਪਟੀਸ਼ਨ ਖਾਰਜ ਹੋ ਗਈ ਹੈ। ਚੀਫ ਜਸਟਿਸ ਮੁਕਲ ਮੁਦਗਲ ਤੇ ਜਸਟਿਸ ਜਸਬੀਰ ਸਿੰਘ 'ਤੇ ਅਧਾਰਤ ਡਵੀਜ਼ਨ ਬੈਂਚ ਪਾਸ ਨਵਨੀਤ ਕਪੂਰ ਨਾਮੀ ਪਟੀਸ਼ਨਰ ਨੇ ਜਨਹਿਤ ਪਟੀਸ਼ਨ ਦਾਇਰ ਕੀਤੀ ਸੀ। 15 ਫਰਵਰੀ ਨੂੰ ਮਾਮਲੇ ਦੀ ਸੁਣਵਾਈ 'ਤੇ ਨਾ ਪੁੱਜੇ ਪਟੀਸ਼ਨਰ ਜਾਂ ਉਨ੍ਹਾਂ ਦੇ ਵਕੀਲ ਦੀ ਗੈਰਹਾਜ਼ਰੀ ਕਰਕੇ ਪਟੀਸ਼ਨ ਨੂੰ ਖਾਰਜ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ।

## ਸਿਮਰਨਜੀਤ ਸਿੰਘ ਮਾਨ ਵਿਰੁਧ ਮੁਕੱਦਮਾ ਦਰਜ ਹੋਵੇ-ਬਿੱਟੂ

**ਫਿਲੌਰ :** ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਕਰਾਰਾ ਜਵਾਬ ਦਿੰਦਿਆਂ ਕਿਹਾ ਕਿ ਮਾਨ ਵਲੋਂ ਪੰਜਾਬ ਵਿਚ ਖਾਲਿਸਤਾਨ ਦੀ ਮੰਗ ਕਰਨ 'ਤੇ ਉਨ੍ਹਾਂ ਵਿਰੁਧ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹ ਭੇਜ ਦੇਣਾ ਚਾਹੀਦਾ ਹੈ। ਸੰਸਦ ਮੈਂਬਰ ਰਵਨੀਤ ਨੇ ਜ਼ਿਲਾ ਯੂਥ ਕਾਂਗਰਸ



ਜਲੰਧਰ ਦਿਹਾਤੀ ਦੇ ਪ੍ਰਧਾਨ ਵਿਕਰਮਜੀਤ ਸਿੰਘ ਚੌਧਰੀ ਦੇ ਫਿਲੌਰ ਨਿਵਾਸ ਸਥਾਨ 'ਤੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਇਹ ਵਿਚਾਰ ਪ੍ਰਗਟ ਕੀਤੇ। ਸ੍ਰੀ ਬਿੱਟੂ ਨੇ ਕਿਹਾ ਕਿ ਕਿਸੇ ਦਾ ਵੀ ਜਨਮ ਦਿਨ ਮਨਾਉਣਾ ਗਲਤ ਨਹੀਂ ਹੈ ਪਰ ਦੇਸ਼ ਵਿਰੋਧੀ ਕੰਮ ਕਰਨਾ ਤੇ ਮਾਹੌਲ ਖਰਾਬ ਕਰਨਾ ਗਲਤ ਹੈ। ਉਨ੍ਹਾਂ ਕਿਹਾ ਕਿ ਜਦ ਮਾਨ ਦੇ ਕੋਲ ਪੈਸੇ ਖਤਮ ਹੋ ਜਾਂਦੇ ਹਨ ਤਾਂ ਉਹ ਦੇਸ਼ ਵਿਰੋਧੀ ਬਿਆਨਬਾਜ਼ੀ ਕਰਕੇ ਵਿਦੇਸ਼ਾਂ 'ਚੋਂ ਮੋਟਾ ਧਨ ਇਕੱਠਾ ਕਰਵਾ ਲੈਂਦਾ ਹੈ। ਉਨ੍ਹਾਂ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਤੇ ਉਸ ਦੀ ਪਾਰਟੀ ਦਾ ਪ੍ਰਦੇਸ਼ ਵਿਚ ਕੋਈ ਆਧਾਰ ਨਹੀਂ ਹੈ।


**Prem Indian Cuisine & Sweets**
**Turlock, California**

ਜਲਦ ਆ ਰਿਹਾ ਹੈ

ਲੋੜ ਹੈ

ਸਾਨੂੰ ਨਵੇਂ ਖੁਲ੍ਹ ਰਹੇ ਇੰਡੀਅਨ ਕੁਜ਼ੀਨ ਐਂਡ ਸਵੀਟਸ ਰੈਸਟੋਰੈਂਟ ਲਈ ਤੰਦੂਰੀਏ, ਕੁਕ, ਵੇਟਰ ਅਤੇ ਹੈਲਪਰ ਚਾਹੀਦੇ ਹਨ।

ਕਾਲ ਕਰੋ: ਆਰਤੀ

ਫੋਨ:209-535-8642 ਜਾਂ 209-667-6200



**"ਜਿਊਣ ਕੌਰ ਸਿੰਘ ਸਭਾ"**

www.sikhsidhant.com ਜਨਮ ਅਸਥਾਨ ਪਹੁਵਿੰਡ

ਫੋਨ:97811-44641, 94175-18384, 510-734-2047

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਿਹ।


ਸਾਧ ਸੰਗਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਾਬਾ ਦੀਪ ਸਿੰਘ ਸ਼ਹੀਦ ਦੇ ਜਨਮ ਦਿਹਾੜੇ ਉਪਰ ਸਾਧ ਸੰਗਤ ਦੇ ਸਹਿਯੋਗ ਨਾਲ ਇਕ ਜਥੇਬੰਦੀ ਬਣਾਈ ਗਈ ਹੈ, ਜੋ ਦੁਨੀਆਂ ਨੂੰ ਸ਼ਾਂਤੀ ਨਾਲ ਜੋੜਨ ਦਾ ਉਪਰਾਲਾ ਕਰੇਗੀ ਇਸ ਦਾ ਨਾਮ "ਜਿਊਣ ਕੌਰ ਸਿੰਘ ਸਭਾ" (J.K.S.S.) ਹੈ। ਇਹ ਨਾਮ ਬਾਬਾ ਦੀਪ ਸਿੰਘ ਸ਼ਹੀਦ ਦੇ ਸਤਿਕਾਰਯੋਗ ਮਾਤਾ ਜੀ ਦੇ ਨਾਮ ਉਪਰ ਹੈ, ਜਿਸ ਦਾ ਪਿਤਾ ਸ਼ਹੀਦ, ਪਤੀ ਸ਼ਹੀਦ, ਪੁੱਤਰ ਸ਼ਹੀਦ, ਜਿਸ ਦਾ ਜਨਮ ਅਸਥਾਨ ਪਿੰਡ ਪਹੁਵਿੰਡ, ਤਹਿਸੀਲ ਪੱਟੀ, ਜ਼ਿਲਾ ਤਰਨਤਾਰਨ ਹੈ ਅਤੇ ਪਿੰਡ ਗੁਰਮ, ਜ਼ਿਲਾ ਲੁਧਿਆਣਾ ਵਿਚ ਹੈ, ਪਤੀ ਜੀ ਦਾ ਨਾਮ ਸ਼ਹੀਦ ਭਗਤ ਸਿੰਘ ਹੈ, ਬਾਬਾ ਦੀਪ ਸਿੰਘ ਜੀ ਨੇ ਬ੍ਰਹਮ ਗਿਆਨ ਦੀ ਵਿਦਿਆ ਆਪਣੀ ਮਾਤਾ ਜਿਊਣ ਕੌਰ ਤੋਂ ਹੀ ਲਈ ਸੀ। ਅੱਜ ਇਨ੍ਹਾਂ ਸ਼ਹੀਦਾਂ ਦਾ ਪਰਿਵਾਰ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਸ਼ਹੀਦ ਪਿੰਡ ਪੱਟੀ ਲਾਗੇ, ਪਿੰਡ ਗੁਰਮ, ਪਹੁਵਿੰਡ, ਆਦਿ ਕਸਬਿਆਂ ਵਿਚ ਵੱਸਦਾ ਹੈ। ਸੋ ਸਾਰੇ ਪਰਿਵਾਰਾਂ ਵਲੋਂ ਇਹੋ ਬੇਨਤੀ ਹੈ ਕਿ ਆਪਣੇ ਆਪ ਨੂੰ ਪਛਾਣੋ ਜਿਵੇਂ ਮਾਤਾ ਜਿਊਣ ਕੌਰ ਨੇ ਪਛਾਣਿਆ ਸੀ, ਮਨ ਤੂੰ ਖਾਲਸਾ ਜੋਤਿ ਹੈ ਆਪਣਾ ਆਪ ਪਛਾਣੁ॥ ਦਸ ਮਿਰਗੀ ਸਹਜੇ ਬੰਧਿ ਆਨੀ॥ ਪਾਂਚ ਮਿਰਗ ਬੇਧੇ ਸਿਵ ਕੀ ਬਾਨੀ॥ ਸੰਤ ਸੰਗਿ ਲੇ ਚੜਿਓ ਸਿਕਾਰ॥ ਮ੍ਰਿਗ ਪਕਰੇ ਬਿਨੁ ਘੋਰ ਹਥੀਆਰ॥

ਜਾਰੀ ਕਰਤਾ

ਪ੍ਰੋ. ਅਵਤਾਰ ਸਿੰਘ ਫਗਵਾੜਾ, ਡਾ. ਦਲਵਿੰਦਰ ਸਿੰਘ ਪਹੁਵਿੰਡ, ਮਨਜੀਤ ਕੌਰ, ਸੁਖਦੇਵ ਸਿੰਘ ਸਿਖਿਆਰਥੀ, ਜਗਰੂਪ ਸਿੰਘ, ਸਕੱਤਰ ਸਿੰਘ, ਭਾਈ ਬਚਿੱਤਰ ਸਿੰਘ, ਭਾਈ ਕੁਲਵੰਤ ਸਿੰਘ, ਆਗਿਆਪਾਲ ਸਿੰਘ, ਭਾਈ ਪਰਮਜੀਤ ਸਿੰਘ ਆਦਿ।



ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**



ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਭਾਰਤ-ਪਾਕਿ ਗੱਲਬਾਤ 'ਤੇ ਪੁਣੇ ਬੰਬ ਧਮਾਕੇ ਦਾ ਪਰਛਾਵਾਂ

ਸਿਲਸਿਲੇ ਨੂੰ ਲੀਹੋਂ ਲਾਹੁਣ ਦਾ ਹੀ ਯਤਨ ਹੈ।

ਬੰਬ ਧਮਾਕੇ ਸਬੰਧੀ ਭਾਵੇਂ ਹਾਲੇ ਜਾਂਚ ਰਿਪੋਰਟ ਆਉਣੀ ਬਾਕੀ ਹੈ ਪਰ ਇਸ ਵਾਰ ਫਿਰ ਸ਼ੱਕ ਦੀ ਸੂਈ ਪਾਕਿਸਤਾਨ ਵੱਲ ਹੀ ਹੈ। ਇਸ ਦੀ ਵਜ੍ਹਾ ਲਸ਼ਕਰੇ-ਤੋਇਬਾ ਨਾਲ ਰਲ ਕੇ ਚੱਲਣ ਵਾਲੇ ਅਮਰੀਕੀ ਨਾਗਰਿਕ ਡੇਵਿਡ ਹੈਡਲੀ ਦਾ ਨਾਂ ਸਾਹਮਣੇ ਆਉਣਾ ਹੋ ਸਕਦਾ ਹੈ। ਹੈਡਲੀ ਨੇ ਜੁਲਾਈ 2008 ਅਤੇ ਮਾਰਚ 2009 ਵਿਚ ਆਪਣੀ ਪੁਣੇ ਫੇਰੀ ਦੌਰਾਨ ਕੋਰੇਗਾਉਂ ਪਾਰਕ ਵਿਚ ਸੂਰੀਆ ਵਿੱਲਾ ਵਿਖੇ ਠਹਿਰ ਬਣਾਈ ਸੀ। ਕੇਂਦਰ ਸਰਕਾਰ ਨੇ ਇਸ ਧਮਾਕੇ ਸਬੰਧੀ ਕੁਝ ਵੀ ਕਹਿਣ ਤੋਂ ਪਹਿਲਾਂ ਇਸ ਵਾਰਦਾਤ ਦੀ ਤਹਿ ਤੱਕ ਜਾਣ ਲਈ ਸੀ.ਬੀ.ਆਈ. ਦੀ ਟੀਮ ਪੁਣੇ ਭੇਜੀ ਹੈ ਤੇ ਫੋਰੈਂਸਿਕ ਮਾਹਿਰ ਲੋੜੀਂਦੀ ਜਾਣਕਾਰੀ ਤੇ ਸਮੱਗਰੀ ਇਕੱਠੀ ਕਰਨ 'ਚ ਜੁਟ ਗਏ ਹਨ।

ਵਿਦੇਸ਼ ਮੰਤਰੀ ਐਸ.ਐਮ ਕ੍ਰਿਸ਼ਨਾ ਨੇ ਅਜੇ ਗੱਲਬਾਤ ਦੇ ਭਵਿੱਖ ਬਾਰੇ ਕੁਝ ਵੀ ਕਹਿਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ, ਇਸ ਮੌਕੇ ਮੈਂ ਗੱਲਬਾਤ ਬਾਰੇ ਕੋਈ ਟਿੱਪਣੀ ਨਹੀਂ ਕਰਨੀ ਚਾਹੁੰਦਾ। ਸਾਨੂੰ ਪਹਿਲਾਂ ਜਾਂਚ ਰਿਪੋਰਟ ਉਡੀਕਣੀ ਪਵੇਗੀ। ਦੂਜੇ ਪਾਸੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਤੈਅ ਹੋਈ ਗੱਲਬਾਤ ਸਬੰਧੀ ਸਵਾਲਾਂ ਦੇ ਜਵਾਬ 'ਚ ਕਿਹਾ ਕਿ ਪਾਕਿਸਤਾਨ ਹਮੇਸ਼ਾ ਭਾਰਤ ਨਾਲ ਵਧੀਆ ਸੰਬੰਧ ਚਾਹੁੰਦਾ ਹੈ ਅਤੇ ਇਸ ਸਬੰਧੀ ਅਰਥਪੂਰਨ ਗੱਲਬਾਤ ਵੀ ਹੋਣੀ ਚਾਹੀਦੀ ਹੈ। ਉਨ੍ਹਾਂ ਪੁਣੇ ਧਮਾਕੇ ਦੀ ਵੀ ਸਖਤ ਨਿਖੇਧੀ ਕੀਤੀ ਅਤੇ ਕਿਹਾ ਕਿ ਪਾਕਿਸਤਾਨ ਹਮੇਸ਼ਾ ਦਹਿਸ਼ਤਗਰਦੀ ਦਾ ਵਿਰੋਧ ਕਰਦਾ ਹੈ।


ਦੋਹਾਂ ਦੇਸ਼ਾਂ ਵਲੋਂ ਬੰਬ ਧਮਾਕੇ ਸਬੰਧੀ ਉਕਤ ਟਿੱਪਣੀਆਂ ਦਰਮਿਆਨ ਭਾਜਪਾ ਨੇ ਇਸ ਗੱਲਬਾਤ ਨੂੰ ਰੱਦ ਕਰ ਦੇਣ ਦੀ ਜ਼ੋਰਦਾਰ ਮੰਗ ਕੀਤੀ ਹੈ। ਪਾਰਟੀ ਦੀ ਮੀਟਿੰਗ ਤੋਂ ਬਾਅਦ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਅਰੁਣ ਜੇਤਲੀ ਨੇ ਕਿਹਾ ਕਿ ਦਹਿਸ਼ਤਗਰਦੀ ਅਤੇ ਗੱਲਬਾਤ ਨਾਲੋਂ ਨਾਲ ਨਹੀਂ ਚੱਲ ਸਕਦੇ। ਜਦੋਂ ਭਾਰਤ ਉਤੇ ਦਹਿਸ਼ਤਗਰਦੀ ਹਮਲਾ ਹੋਵੇ ਤਾਂ ਗੱਲਬਾਤ ਨਾ ਕਰਨੀ ਹੀ ਇਕ ਵਾਜਬ ਸਿਫਾਰਤੀ ਬਦਲ ਬਣਦਾ ਹੈ। ਭਾਜਪਾ ਦੀ ਹੀ ਆਗੂ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਨੇ ਵੀ ਕਿਹਾ ਹੈ ਕਿ ਭਾਰਤ ਨੂੰ ਪਾਕਿਸਤਾਨ ਨਾਲ ਉਦੋਂ ਤੱਕ ਕੋਈ ਗੱਲਬਾਤ ਨਹੀਂ ਕਰਨੀ ਚਾਹੀਦੀ ਜਦੋਂ ਤੱਕ ਉਹ ਮੁੰਬਈ ਹਮਲਿਆਂ ਦੇ ਕੇਸ ਵਿਚ ਕੋਈ ਕਾਰਵਾਈ ਨਹੀਂ ਕਰਦਾ।

ਜ਼ਿਕਰਯੋਗ ਹੈ ਕਿ ਭਾਰਤ ਨੇ ਪਾਕਿਸਤਾਨ ਨਾਲ ਸਬੰਧਾਂ ਨੂੰ ਸਾਜਗਾਰ ਬਣਾਉਣ ਲਈ ਦੋ ਕਦਮ ਉਠਾਏ ਹਨ ਜਿਨ੍ਹਾਂ ਵਿਚ ਇਕ ਮਕਬੂਜ਼ਾ ਕਸ਼ਮੀਰ ਤੋਂ ਨੌਜਵਾਨਾਂ ਨੂੰ ਵਾਪਸੀ ਦੀ ਇਜਾਜ਼ਤ ਦੇਣਾ ਤੇ ਦੂਜਾ ਗੱਲਬਾਤ ਮੁੜ ਸ਼ੁਰੂ ਕਰਨਾ ਸ਼ਾਮਿਲ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਗ੍ਰਹਿ ਮੰਤਰੀ ਪੀ.ਚਿਦੰਬਰਮ ਜਿਥੇ ਮਕਬੂਜ਼ਾ ਕਸ਼ਮੀਰ ਤੋਂ ਨੌਜਵਾਨਾਂ ਨੂੰ ਵਾਪਸੀ ਦੀ ਇਜਾਜਤ ਦੇਣ ਦੀ ਵਕਾਲਤ ਕਰ ਰਹੇ ਹਨ ਉਥੇ ਉਨ੍ਹਾਂ ਦੇ ਸਹਿਯੋਗੀ ਮੰਤਰੀ ਗੁਲਾਮ ਨਬੀ ਆਜ਼ਾਦ ਇਸ ਮਾਮਲੇ ਨੂੰ ਘੁਸਪੈਠ ਵਧ ਜਾਣ ਦੇ ਨਜ਼ਰੀਏ ਤੋਂ ਦੇਖ ਰਹੇ ਹਨ। ਦੋਹਾਂ ਵਿਚਾਲੇ ਸਹਿਮਤੀ ਦੀ ਕਮੀ ਇਸ ਕਦਮ ਦਾ ਕਮਜ਼ੋਰ ਪਹਿਲੂ ਹੈ। ਜਿਥੋਂ ਤਕ ਵਿਦੇਸ਼ ਸਕੱਤਰ ਪੱਧਰੀ ਗੱਲਬਾਤ ਦਾ ਸਬੰਧ ਹੈ ਉਸ ਦੇ ਵੀ ਕੋਈ ਚੰਗੇ ਸਿੱਟੇ ਆਉਣ ਦੇ ਆਸਾਰ ਨਹੀਂ। ਹਾਲ ਦੀ ਘੜੀ ਤਾਂ ਇਸ ਗੱਲਬਾਤ ਦਾ ਹੋਣਾ ਵੀ ਸ਼ੱਕ ਦੇ ਘੇਰੇ 'ਚ ਹੈ। ਸਾਰਥਿਕ ਸਿੱਟਿਆਂ ਦੀ ਉਮੀਦ ਇਸ ਕਰਕੇ ਵੀ ਘੱਟ ਦੇਖੀ ਜਾ ਰਹੀ ਹੈ ਕਿ ਗੱਲਬਾਤ ਲਈ ਵਿਚਾਰੇ ਜਾਣ ਵਾਲੇ ਮੁੱਦਿਆਂ 'ਤੇ ਸਹਿਮਤੀ ਨਹੀਂ ਬਣ ਰਹੀ। ਪਾਕਿਸਤਾਨ ਜਿਥੇ ਗੱਲਬਾਤ 'ਚ ਕਸ਼ਮੀਰ, ਦਰਿਆਵਾਂ ਦੇ ਪਾਣੀ ਦੀ ਹਿੱਸੇਦਾਰੀ ਅਤੇ ਬਲੋਚਿਸਤਾਨ 'ਚ ਭਾਰਤ ਦੀ ਕਥਿਤ ਦਖਲਅੰਦਾਜ਼ੀ ਨੂੰ ਸ਼ਾਮਿਲ ਕਰਨਾ ਚਾਹੁੰਦਾ ਹੈ ਉਥੇ ਭਾਰਤ ਅਤਿਵਾਦ ਦੇ ਮੁੱਦੇ 'ਤੇ ਕੇਂਦਰਿਤ ਰਹਿਣਾ ਚਾਹੁੰਦਾ ਹੈ। ਮੁੱਦਿਆਂ ਦੇ ਇਸ ਭੇੜ 'ਚ ਬੰਬ ਧਮਾਕੇ ਨੇ ਗੱਲਬਾਤ ਦੇ ਆਸਾਰ ਹੋਰ ਮੱਧਮ ਪਾ ਦਿੱਤੇ ਹਨ।

ਪੁਣੇ ਬੰਬ ਧਮਾਕੇ ਦਾ ਪਰਛਾਵਾਂ ਹਾਕੀ ਵਿਸ਼ਵ ਕੱਪ 'ਤੇ ਵੀ ਪੈਣ ਦੀ ਸੰਭਾਵਨਾ ਬਣਦੀ ਜਾ ਰਹੀ ਹੈ। ਸੁਰੱਖਿਆ ਦੇ ਮਾਮਲੇ ਨੂੰ ਲੈ ਕੇ ਬਰਤਾਨੀਆ ਟੀਮ ਦਾ ਇਸ ਕੱਪ 'ਚ ਹਿੱਸਾ ਲੈਣਾ ਸੰਦੇਹਪੂਰਨ ਹੈ। ਪਾਕਿਸਤਾਨ ਦੀ ਟੀਮ ਨੇ ਕੱਪ 'ਚ ਸ਼ਾਮਲ ਹੋਣ ਦਾ ਐਲਾਨ ਭਾਵੇਂ ਕਰ ਦਿੱਤਾ ਹੈ ਪਰ ਸੁਰਖਿਆ ਨੂੰ ਲੈ ਕੇ ਸਾਰੇ ਦੇਸ਼ ਚਿੰਤਤ ਹਨ। ਵਿਸ਼ਵ ਕੱਪ 28 ਫਰਵਰੀ ਤੋਂ 13 ਮਾਰਚ ਤਕ ਹੋਵੇਗਾ ਜਿਸ ਵਿਚ ਭਾਰਤ, ਪਾਕਿਸਤਾਨ, ਜਰਮਨੀ, ਬਰਤਾਨੀਆ ਤੇ ਆਸਟਰੇਲੀਆ ਆਦਿ ਟੀਮਾਂ ਹਿੱਸਾ ਲੈਣਗੀਆਂ। ਉਧਰ ਖਿਡਾਰੀਆਂ ਨੂੰ ਸੁਰਖਿਆ ਮੁਹੱਈਆ ਕਰਾਉਣ ਲਈ ਪੁਣੇ ਵਿਚ ਬੰਬ ਧਮਾਕੇ ਮਗਰੋਂ ਸੁਰਖਿਆ ਮਸ਼ਕ ਕੀਤੀ ਗਈ ਤਾਂ ਕਿ ਬੰਬ ਵਿਸਫੋਟ ਵਰਗੀ ਘਟਨਾ ਵਾਪਰਨ 'ਤੇ ਵੱਖ-ਵੱਖ ਏਜੰਸੀਆਂ ਦੀਆਂ ਤਿਆਰੀਆਂ ਨੂੰ ਪਰਖਿਆ ਜਾ ਸਕੇ। ਇਹ ਮਸ਼ਕ ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ ਦੇ ਗੇਟ ਨੰਬਰ ਦੋ ਨੇੜੇ ਕੀਤੀ ਗਈ। ਸੁਰੱਖਿਆ ਕਾਰਨਾਂ ਕਰਕੇ ਪਿਛਲੇ ਇਕ ਹਫਤੇ ਤੋਂ ਮੀਡੀਆ ਨੂੰ ਸਟੇਡੀਅਮ ਵਿਚ ਭਾਰਤੀ ਖਿਡਾਰੀਆਂ ਦੇ ਅਭਿਆਸ ਤੋਂ ਦੂਰ ਰਖਿਆ ਹੋਇਆ ਹੈ।

ਅਜਿਹੇ ਮਾਹੌਲ 'ਚ 25 ਫਰਵਰੀ ਨੂੰ ਹੋਣ ਵਾਲੀ ਵਿਦੇਸ਼ ਸਕੱਤਰ ਪੱਧਰੀ ਗੱਲਬਾਤ ਦੀਆਂ ਸੰਭਾਵਨਾਵਾਂ ਕਿੰਨੀਆਂ ਕੁ ਹਨ ਇਹ ਕੁਝ ਦਿਨਾਂ 'ਚ ਹੀ ਤੈਅ ਹੋ ਜਾਣਾ ਯਕੀਨੀ ਹੈ।

## ਭਾਈ ਗੁਰਮੀਤ ਸਿੰਘ ਖਾਲਸਾ ਨੂੰ ਸਦਮਾ, ਛੋਟੇ ਭਰਾ ਦਾ ਦੇਹਾਂਤ



ਸ. ਅਮਰੀਕ ਸਿੰਘ

**ਫਰੀਮਾਂਟ:** ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਅਤੇ ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਭਾਈ ਗੁਰਮੀਤ ਸਿੰਘ ਖਾਲਸਾ ਨੂੰ ਉਸ ਸਮੇਂ ਭਾਰੀ ਸਦਮਾ ਪੁਜਾ ਜਦੋਂ ਉਨ੍ਹਾਂ ਦੇ ਛੋਟੇ ਭਰਾ ਸ. ਅਮਰੀਕ ਸਿੰਘ ਗੋਰਾਇਆ ਸੰਖੇਪ ਜਿਹੀ ਬਿਮਾਰੀ ਪਿਛੋਂ ਲੰਘੀ 14 ਫਰਵਰੀ ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਨੂੰ 2 ਫਰਵਰੀ ਨੂੰ ਐਸਕਾਰਟਸ ਹਸਪਤਾਲ ਅੰਮ੍ਰਿਤਸਰ ਇਲਾਜ ਲਈ ਦਾਖਲ ਕਰਵਾਇਆ ਗਿਆ ਸੀ। ਜ਼ਿਗਰ ਦੇ ਰੋਗ ਕਾਰਣ ਉਨ੍ਹਾਂ ਦੀ ਹਾਲਤ ਲਗਾਤਾਰ ਵਿਗੜਦੀ ਗਈ ਅਤੇ ਅਖੀਰ ਉਹ ਵਿਛੋੜਾ ਦੇ ਗਏ। ਉਹ 57 ਸਾਲ ਦੇ ਸਨ ਅਤੇ ਆਪਣੇ ਪਿਛੇ ਪਤਨੀ ਤੋਂ ਇਲਾਵਾ ਦੋ ਪੁਤਰ ਅਤੇ ਇਕ ਧੀ ਛਡ ਗਏ ਹਨ।

ਸ. ਅਮਰੀਕ ਸਿੰਘ ਦਾ ਅੰਤਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਰਣਸੀਕੇ (ਗੁਰਦਾਸਪੁਰ) ਵਿਖੇ 17 ਫਰਵਰੀ ਨੂੰ ਹੋਵੇਗਾ ਅਤੇ ਅੰਤਿਮ ਅਰਦਾਸ 23 ਫਰਵਰੀ ਨੂੰ ਹੋਵੇਗੀ। ਭਾਈ ਗੁਰਮੀਤ ਸਿੰਘ ਖਾਲਸਾ ਨਾਲ ਸੰਪਰਕ ਫੋਨ 408-896-4518 ਤੇ ਕੀਤਾ ਜਾ ਸਕਦਾ ਹੈ।

# ਆਈ ਏ ਐਸ/ਆਈ ਪੀ ਐਸ ਅਫਸਰਾਂ ਦੀ ਜੰਗ ਮੁੜ ਮਘੀ

**ਅੰਮ੍ਰਿਤਸਰ:** ਸੂਬੇ 'ਚ ਪੁਲਿਸ ਕਮਿਸ਼ਨਰ ਪ੍ਰਣਾਲੀ ਲਾਗੂ ਹੁੰਦਿਆਂ ਸਾਰ ਹੀ ਪ੍ਰਸ਼ਾਸਨਿਕ ਹਲਕਿਆਂ 'ਚ ਖਾਨਾਜੰਗੀ ਦੇ ਹਾਲਾਤ ਪੈਦਾ ਹੋਣ ਦੀ ਸੰਭਾਵਨਾ ਬਣ ਚੁੱਕੀ ਹੈ। ਚੇਤੇ ਰਹੇ ਕਿ ਜ਼ਿਲ੍ਹਾ ਪੁਲਿਸ ਮੁਖੀ ਬਣਨ 'ਤੇ ਸੀਨੀਆਰਤਾ 'ਪ੍ਰਾਪਤ' ਕਰਨ ਨੂੰ ਲੈ ਕੇ ਆਈ ਪੀ ਐਸ ਤੇ ਪੀ ਪੀ ਐਸ ਅਫ਼ਸਰਾਂ ਵਿਚਕਾਰ ਪਿਛਲੇ ਸਮਿਆਂ ਤੋਂ ਖਿੱਚੋਤਾਣ ਚੱਲੀ ਆ ਰਹੀ ਹੈ। ਪੰਜਾਬ ਦੀ ਬਾਦਲ ਸਰਕਾਰ ਨੇ ਦਿੱਲੀ ਤੇ ਭਾਰਤ ਦੇ ਦੂਜਿਆਂ ਸੂਬਿਆਂ ਦੀ ਤਰਜ਼ 'ਤੇ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿਚ ਆਈ ਪੀ ਐਸ ਕਾਡਰ ਦੇ ਤਿੰਨ ਡੀ ਆਈ ਜੀ ਰੈਂਕ ਦੇ ਅਧਿਕਾਰੀਆਂ ਨੂੰ ਪੁਲਿਸ ਕਮਿਸ਼ਨਰ ਨਿਯੁਕਤ ਕਰਕੇ ਆਈ ਪੀ ਐਸ ਕਾਡਰ ਦੀ ਜਿੱਤ 'ਤੇ ਮੋਹਰ ਲਾਉਂਦਿਆਂ ਪੀ ਪੀ ਐਸ 'ਲਾਬੀ' ਦੇ ਅੰਦੋਲਨ ਨੂੰ ਕਰਾਰਾ ਝਟਕਾ ਦੇ ਦਿੱਤਾ ਹੈ।

ਪੰਜਾਬ ਸਰਕਾਰ ਦੇ ਤਾਜ਼ਾ ਫੈਸਲੇ ਨਾਲ ਸਮੂਹ ਪੀ ਪੀ ਐਸ ਅਧਿਕਾਰੀਆਂ ਦੇ ਸਾਹ ਸੂਤੇ ਗਏ ਹਨ। ਪੀ ਪੀ ਐਸ ਅਫ਼ਸਰਾਂ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਦਰਜਨ ਜ਼ਿਲ੍ਹਿਆਂ 'ਚ ਭਾਵੇਂ ਪੀ ਪੀ ਐਸ ਅਫ਼ਸਰਾਂ ਨੂੰ ਜ਼ਿਲ੍ਹਾ ਮੁਖੀ ਲਗਾਇਆ ਹੈ, ਪਰ ਸਰਕਾਰ ਦੇ ਕਮਿਸ਼ਨਰ ਪ੍ਰਣਾਲੀ ਦੇ ਫੈਸਲੇ ਨਾਲ ਪੀ ਪੀ ਐਸ 'ਲਾਬੀ' ਦੀ ਤਰੱਕੀ 'ਚ ਖੜੋਤ ਆਉਣ ਦੀ ਸੰਭਾਵਨਾ ਬਣ ਗਈ ਹੈ। ਜ਼ਿਲ੍ਹਿਆਂ 'ਚ ਸੇਵਾਵਾਂ ਨਿਭਾ ਰਹੇ ਕਈ ਅਫ਼ਸਰਾਂ ਨੇ ਦੱਸਿਆ ਕਿ ਸਰਕਾਰ ਨੇ ਆਈ ਪੀ ਐਸ ਅਫ਼ਸਰਾਂ ਦੇ ਹੱਕ 'ਚ ਫਤਵਾ ਦੇਣ ਲਈ ਕਾਨੂੰਨੀ ਦਾਅ ਪੇਚ ਖੇਡ ਕੇ ਸਾਨੂੰ ਦਾਤ ਦਿੱਤੀ ਹੈ। ਉਨ੍ਹਾਂ ਰੋਸ ਭਰੇ ਲਹਿਜ਼ੇ 'ਚ ਕਿਹਾ ਕਿ ਭਾਰਤੀ ਸੰਵਿਧਾਨ ਅਨੁਸਾਰ ਪੀ ਪੀ ਐਸ ਅਫ਼ਸਰ ਪੁਲਿਸ ਕਮਿਸ਼ਨਰ ਬਣਨ ਦੀ ਦੌੜ 'ਚੋਂ ਬਾਹਰ ਹੋ ਗਏ ਹਨ। ਪੀ ਪੀ ਐਸ 'ਲਾਬੀ' ਦੀ ਸੀਨੀਆਰਤਾ ਪ੍ਰਾਪਤ ਕਰਨ ਦੀ ਦੌੜ ਦਾ ਅੰਤ ਹੋ ਗਿਆ ਸਮਝਿਆ ਜਾ ਰਿਹਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਦਿਹਾਤੀ, ਤਰਨ ਤਾਰਨ, ਮੁਕਤਸਰ, ਫਤਿਹਗੜ੍ਹ ਸਾਹਿਬ, ਮੋਹਾਲੀ, ਪਟਿਆਲਾ, ਫਿਰੋਜ਼ਪੁਰ, ਮੋਗਾ, ਖੰਨਾ, ਬਰਨਾਲਾ ਅਤੇ ਮਾਨਸਾ ਆਦਿ ਜ਼ਿਲ੍ਹਿਆਂ 'ਚ ਪੀ ਪੀ ਐਸ ਅਫ਼ਸਰ ਜ਼ਿਲ੍ਹਾ ਪੁਲਿਸ ਮੁਖੀ ਲਗਾਏ ਗਏ ਹਨ। ਜਦਕਿ ਬਾਕੀ ਡੀ ਜੀ ਪੀ, ਏ ਡੀ ਜੀ ਪੀ, ਆਈ ਜੀ ਤੇ ਡੀ ਆਈ ਜੀ ਤੋਂ ਇਲਾਵਾ ਤਿੰਨ ਪੁਲਿਸ ਕਮਿਸ਼ਨਰ ਬਣਾਏ ਗਏ ਅਧਿਕਾਰੀ ਆਈ ਪੀ ਐਸ ਕਾਡਰ ਦੇ ਹਨ। ਪੀ ਪੀ ਐਸ ਅਫ਼ਸਰਾਂ ਦੇ ਹੱਕਾਂ ਦੀ ਰਖ਼ਵਾਲੀ ਲਈ ਬਣੀ ਜਥੇਬੰਦੀ ਵੀ ਸਰਕਾਰ ਦੇ ਫੈਸਲੇ ਅੱਗੇ ਨਰਮ ਪੈ ਚੁੱਕੀ ਹੈ।ਦਿਲਚਸਪ ਗੱਲ ਇਹ ਹੈ ਕਿ ਪੀ ਪੀ ਐਸ ਅਫ਼ਸਰਾਂ ਦੀ ਖਿੱਚੋਤਾਣ ਤੋਂ ਇਲਾਵਾ ਜ਼ਿਲ੍ਹਿਆਂ ਵਿਚ ਬਤੌਰ ਡਿਪਟੀ ਕਮਿਸ਼ਨਰ ਸੇਵਾਵਾਂ ਨਿਭਾ ਰਹੇ, ਆਈ ਏ ਐਸ ਅਧਿਕਾਰੀ ਵੀ ਪੰਜਾਬ ਸਰਕਾਰ ਦੇ ਪੁਲਿਸ ਕਮਿਸ਼ਨਰ ਪ੍ਰਣਾਲੀ ਲਾਗੂ ਕਰਨ ਤੋਂ ਖੁਸ਼ ਨਹੀਂ ਹਨ। ਕਿਉਂਕਿ ਡਿਪਟੀ ਕਮਿਸ਼ਨਰਾਂ ਦੀਆਂ ਕੁਝ ਸ਼ਕਤੀਆਂ ਪੰਜਾਬ ਸਰਕਾਰ ਨੇ ਨਵੇਂ ਬਣੇ ਪੁਲਿਸ ਕਮਿਸ਼ਨਰਾਂ ਨੂੰ ਦੇ ਦਿੱਤੀਆਂ ਹਨ। ਜਦੋਂ ਇਕ ਸੀਨੀਅਰ ਆਈ ਏ ਐਸ ਅਧਿਕਾਰੀ ਨਾਲ ਗੱਲਬਾਤ ਕਰਕੇ ਕਮਿਸ਼ਨਰ ਪ੍ਰਣਾਲੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ 'ਖਾਕੀ ਵਰਦੀ' ਦਾ ਕਹਿਰ ਹੁਣ ਲੋਕਾਂ ਨੂੰ ਬਰਦਾਸ਼ਤ ਕਰਨਾ ਪਵੇਗਾ। ਆਈ ਪੀ ਐਸ ਦੀ ਹਿੰਦੂ ਅਤੇ ਸਿੱਖ ਲਾਬੀ ਵਿਚਕਾਰ ਕਮਿਸ਼ਨਰ ਪ੍ਰਣਾਲੀ ਨੂੰ ਲੈ ਕੇ ਵੀ ਘੁਸਰ-ਮੁਸਰ ਸ਼ੁਰੂ ਹੋ ਗਈ ਹੈ। ਕਈ ਸਿੱਖ ਆਈ ਪੀ ਐਸ ਅਫ਼ਸਰਾਂ ਨੇ ਕਿਹਾ ਕਿ ਅਕਾਲੀ ਸਰਕਾਰ ਨੂੰ ਸੂਬੇ ਵਿਚ ਪੁਲਿਸ ਕਮਿਸ਼ਨਰ ਲਗਾਉਣ ਲਈ ਸਿੱਖ ਆਈ ਪੀ ਐਸ ਅਫਸਰ ਨਹੀਂ ਲੱਭਾ।

ਪਤਾ ਲੱਗਾ ਹੈ ਕਿ ਲੁਧਿਆਣਾ ਤੇ ਜਲੰਧਰ ਨਿਯੁਕਤ ਕੀਤੇ ਗਏ ਕਮਿਸ਼ਨਰ ਯੂ ਪੀ ਕਾਡਰ ਦੇ ਹਨ। ਸਿਰਫ਼ ਅੰਮ੍ਰਿਤਸਰ ਤਾਇਨਾਤ ਕੀਤੇ ਗਏ ਵਰਿੰਦਰ ਕੁਮਾਰ ਹੀ ਪੰਜਾਬ ਕਾਡਰ ਦੇ ਹਨ। ਉਪਰੋਕਤ ਪ੍ਰਣਾਲੀ ਨੂੰ ਲੈ ਕੇ ਸੀਨੀਅਰ ਤੇ ਜੂਨੀਅਰ ਅਫ਼ਸਰਾਂ ਪ੍ਰਤੀ ਸਰਕਾਰ ਵਲੋਂ ਵਰਤੇ ਗਏ ਵੱਖਵਾਦੀ ਹੱਥਕੰਡਿਆਂ ਦੇ ਵਿਰੁਧ ਸਥਾਨਕ ਪੱਧਰ ਦੀ ਅਫ਼ਸਰਸ਼ਾਹੀ ਪੰਜਾਬ ਸਰਕਾਰ ਵਿਰੁਧ ਬਗਾਵਤ ਦਾ ਝੰਡਾ ਚੁੱਕ ਸਕਦੀ ਹੈ।ਪੁਲਿਸ ਕਮਿਸ਼ਨਰ ਪ੍ਰਣਾਲੀ ਦੀ ਸਾਰਥਕਤਾ ਬਾਰੇ ਜਦੋਂ ਪੰਜਾਬ ਦੀ ਸਾਬਕਾ ਮੰਤਰੀ ਤੇ ਸੀਨੀਅਰ ਆਗੂ ਗੁਰਕੰਵਲ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਪੁਲਿਸ ਹੁਣ ਮੁਜ਼ਾਹਰਾਕਾਰੀਆਂ ਦੇ ਧਰਨਿਆਂ ਤੇ ਅੰਦੋਲਨਾਂ ਨੂੰ ਠੱਲਣ ਲਈ ਹਰ ਹੱਥਕੰਡਾ ਵਰਤਿਆ ਕਰੇਗੀ। ਉਨ੍ਹਾਂ ਕਿਹਾ ਕਿ ਹਾਕਮ ਧਿਰ ਵਿਰੋਧੀ ਧਿਰ ਦੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਲਈ ਹੱਥ ਠੋਕੇ ਬਣੇ ਕਮਿਸ਼ਨਰਾਂ ਦੀ ਵਰਤੋਂ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਉਕਤ ਫ਼ਾਰਮੂਲੇ ਨਾਲ ਕਈ ਜੂਨੀਅਰ ਅਫ਼ਸਰਾਂ ਦੇ ਸੁਪਨਿਆਂ ਨੂੰ ਚਕਨਾਚੂਰ ਕਰਕੇ ਰੱਖ ਦਿੱਤਾ ਗਿਆ ਹੈ। ਸੀ ਪੀ ਆਈ ਦੇ ਕੇਂਦਰੀ ਆਗੂ ਕਾ. ਜੋਗਿੰਦਰ ਦਿਆਲ ਨੇ ਪੰਜਾਬ ਸਰਕਾਰ ਵਲੋਂ ਅਮਲ ਵਿਚ ਲਿਆਂਦੀ ਗਈ ਕਮਿਸ਼ਨਰ ਪ੍ਰਣਾਲੀ ਤੇ ਟਿੱਪਣੀ ਕਰਦਿਆਂ ਕਿਹਾ ਕਿ ਅਸੀਂ ਕਮਿਸ਼ਨਰ ਪ੍ਰਣਾਲੀ ਦੀ ਨਿਖੇਧੀ ਕਰਦੇ ਹਾਂ। ਉਨ੍ਹਾਂ ਨੇ ਸਰਕਾਰ ਵਲੋਂ ਕਮਿਸ਼ਨਰ ਨੂੰ ਮੈਜਿਸਟਰੇਟੀ ਪਾਵਰਾਂ ਦਿੱਤੇ ਜਾਣ ਨੂੰ ਮੰਦਭਾਗਾ ਤੇ ਪੁਲਿਸ ਦੀ ਅਲੋਚਨਾ ਕਰਦਿਆਂ ਕਿਹਾ ਕਿ ਪੁਲਿਸ ਦਾ ਕਲਚਰ ਬਦਲਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪੁਲਿਸ ਕਮਿਸ਼ਨਰ ਪ੍ਰਣਾਲੀ ਲਾਗੂ ਕਰਕੇ ਕੋਈ ਸੁਧਾਰ ਨਹੀਂ ਕਰ ਸਕੇਗੀ। ਅੰਤ ਵਿਚ ਉਨ੍ਹਾਂ ਕਿਹਾ ਕਿ ਸਮੂਹ ਰਾਜਸੀ ਪਾਰਟੀਆਂ ਨੂੰ ਕਮਿਸ਼ਨਰ ਪ੍ਰਣਾਲੀ ਵਿਰੁਧ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਸ ਦੌਰਾਨ ਪੰਜਾਬ ਦੀ ਅਕਾਲੀ ਸਰਕਾਰ ਵਲੋਂ ਸੂਬੇ ਦੇ ਤਿੰਨ ਜ਼ਿਲ੍ਹਿਆਂ ਵਿਚ ਲਾਗੂ ਕੀਤੀ ਗਈ ਪੁਲਿਸ ਕਮਿਸ਼ਨਰ ਪ੍ਰਣਾਲੀ ਦੀ ਵਿਰੋਧਤਾ ਕਰਦਿਆਂ ਜਲੰਧਰ ਲੋਕ ਸਭਾ ਹਲਕੇ ਤੋਂ ਸਾਂਸਦ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ ਪੀ ਨੇ ਕਿਹਾ ਕਿ ਹਾਕਮ ਧਿਰ ਵਲੋਂ ਆਪਣੇ ਨਿੱਜੀ ਤੇ ਸੌੜੇ ਹਿੱਤਾਂ ਦੀ ਪੂਰਤੀ ਲਈ ਕੁਝ ਅਫ਼ਸਰਾਂ ਨੂੰ ਕਮਿਸ਼ਨਰ ਪ੍ਰਣਾਲੀ ਦਾ ਲਾਭ ਦੇ ਕੇ ਖਾਕੀ ਦੀ ਦੁਰਵਰਤੋਂ ਕਰਨ ਦਾ ਅਸਿੱਧਾ ਹੱਥਕੰਡਾ ਵਰਤਿਆ ਹੈ। ਸ੍ਰੀ ਕੇ ਪੀ ਨੇ ਕਿਹਾ ਕਿ ਸੁਖਬੀਰ ਬਾਦਲ ਨੇ ਪ੍ਰਸ਼ਾਸਕੀ ਅਦਾਰਿਆਂ ਦਾ ਰਾਜਸੀਕਰਨ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਾਕਮ ਧਿਰ ਉਕਤ ਕਮਿਸ਼ਨਰ ਦੀ ਵਰਤੋਂ ਵਿਰੋਧੀ ਧਿਰ 'ਤੇ ਰਾਜਸੀ ਸ਼ਰੀਕਾਂ ਵਿਰੁਧ ਕਰ ਸਕਦੀ ਹੈ।

ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਮਿਸ਼ਨਰ ਪ੍ਰਣਾਲੀ ਲਾਗੂ ਕਰਨ ਤੋਂ ਪਹਿਲਾਂ ਸੂਬਾ ਸਰਕਾਰ ਨੂੰ ਆਲ ਪਾਰਟੀ ਮੀਟਿੰਗ ਬੁਲਾ ਕੇ ਪਹਿਲਾਂ ਸਹਿਮਤੀ ਲੈਣੀ ਚਾਹੀਦੀ ਹੈ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਜੰਜੂਆ ਵਲੋਂ ਸੁਮੇਧ ਸੈਣੀ ਤੇ ਹੋਰਨਾਂ ਖਿਲਾਫ ਸ਼ਿਕਾਇਤ

**ਚੰਡੀਗੜ੍ਹ :** ਪੰਜਾਬ ਦੇ ਆਈ.ਏ.ਐਸ. ਅਧਿਕਾਰੀ ਵੀ.ਕੇ. ਜੰਜੂਆ ਨੇ ਡਾਇਰੈਕਟਰ ਵਿਜੀਲੈਂਸ ਸੁਮੇਧ ਸੈਣੀ ਅਤੇ ਕਈ ਹੋਰ ਅਧਿਕਾਰੀਆਂ ਖ਼ਿਲਾਫ ਚੰਡੀਗੜ੍ਹ ਪੁਲੀਸ ਕੋਲ ਉਸ ਖ਼ਿਲਾਫ਼ ਮੁਜਰਮਾਨਾ ਸਾਜ਼ਿਸ਼ ਘੜਨ ਬਾਰੇ ਸ਼ਿਕਾਇਤ ਕੀਤੀ ਹੈ। ਉਨ੍ਹਾਂ ਨੇ ਪੁਲੀਸ ਅਧਿਕਾਰੀਆਂ 'ਤੇ ਝੂਠੇ ਕੇਸ ਵਿਚ ਫਸਾਉਣ ਦਾ ਦੋਸ਼ ਲਾਇਆ ਹੈ। ਸ੍ਰੀ ਜੰਜੂਆ ਨੇ ਆਪਣੀ ਸ਼ਿਕਾਇਤ ਬਾਰੇ ਦੱਸਿਆ ਕਿ ਸੈਕਟਰ 17 ਦੇ ਪੁਲੀਸ ਥਾਣੇ ਵਿਚ ਆਪਣੀ ਸ਼ਿਕਾਇਤ ਦਿੱਤੀ ਹੈ ਅਤੇ ਇਸਦੀ ਬਕਾਇਦਾ ਰਸੀਦ ਹਾਸਲ ਕੀਤੀ ਹੈ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਹਵਾਲੇ ਨਾਲ ਕਿਹਾ ਹੈ ਕਿ ਪੁਲੀਸ ਕੋਲ ਸ਼ਿਕਾਇਤ ਆਉਣ ਦੀ ਸੂਰਤ ਵਿਚ ਪੁਲੀਸ ਦੀ ਡਿਊਟੀ ਬਣਦੀ ਹੈ ਕਿ ਸ਼ਿਕਾਇਤ ਦਰਜ ਕੀਤੀ ਜਾਵੇ।

ਉਨ੍ਹਾਂ ਨੇ ਪੁਲੀਸ ਕੋਲ ਜਿਹੜੀ ਸ਼ਿਕਾਇਤ ਕੀਤੀ ਹੈ ਉਸ ਵਿਚ ਸ੍ਰੀ ਸੈਣੀ ਤੋਂ ਇਲਾਵਾ ਐਸ.ਐਸ. ਮੰਡ ਐਸ.ਪੀ. ਵਿਜੀਲੈਂਸ, ਆਰ.ਐਸ. ਬਰਾੜ ਡੀ.ਐਸ.ਪੀ. ਵਿਜੀਲੈਂਸ, ਐਸ.ਪੀ. ਸਿੰਘ ਐਸ.ਪੀ.ਵਿਜੀਲੈਂਸ (ਸੇਵਾ ਮੁਕਤ) ਟੀ.ਆਰ. ਮਿਸ਼ਰਾ ਅਤੇ ਕਈ ਹੋਰ ਸ਼ਾਮਲ ਹਨ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਮੁਜਰਮਾਨਾ ਸਾਜ਼ਿਸ਼ ਅਧੀਨ ਭ੍ਰਿਸ਼ਟਾਚਾਰ ਦੇ ਝੂਠੇ ਕੇਸ ਵਿਚ ਉਨ੍ਹਾਂ ਨੂੰ ਫਸਾਇਆ ਗਿਆ ਹੈ। ਉਨ੍ਹਾਂ ਨੂੰ ਅਗਵਾ ਕਰਕੇ ਨਜਾਇਜ਼ ਹਿਰਾਸਤ ਵਿਚ ਰੱਖਿਆ ਗਿਆ। ਉਨ੍ਹਾਂ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਹੈ ਕਿ ਧਾਰਾ 154 ਸੀ ਆਰ ਪੀ ਸੀ ਅਧੀਨ ਉਨ੍ਹਾਂ ਦੀ ਸ਼ਿਕਾਇਤ ਦਰਜ ਕੀਤੀ ਜਾਵੇ।

ਸ੍ਰੀ ਜੰਜੂਆ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਹੈ ਕਿ ਉਹ ਆਪਣੇ ਦਫਤਰ ਉਦਯੋਗ ਭਵਨ ਵਿਚ ਬੈਠੇ ਸਰਕਾਰੀ ਕੰਮ ਕਰ ਰਹੇ ਸਨ ਕਿ ਇਕ ਵੱਜ ਕੇ 30 ਮਿੰਟ ਤੇ ਸ੍ਰੀ ਮੰਡ ਅਤੇ ਹੋਰ ਪੁਲੀਸ ਅਧਿਕਾਰੀ ਉਥੇ ਆ ਧਮਕੇ। ਉਹ ਜ਼ਬਰਦਸਤੀ ਦਾਖਲ ਹੋਏ ਸਨ ਪਰ ਜਦੋਂ ਉਨ੍ਹਾਂ ਨੂੰ ਬਾਹਰ ਨਿਕਲਣ ਲਈ ਕਿਹਾ ਤਾਂ ਸ੍ਰੀ ਬਰਾੜ ਨੇ ਆਪਣੀ ਵਿਜੀਲੈਂਸ ਅਧਿਕਾਰੀ ਵਜੋਂ ਜਾਣ ਪਛਾਣ ਕਰਵਾਈ। ਉਸਨੇ ਪੁਲੀਸ ਅਧਿਕਾਰੀਆਂ ਨੂੰ ਕਿਹਾ ਕਿ ਯੂ.ਟੀ. ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਹੈ। ਸ਼ਿਕਾਇਤ ਅਨੁਸਾਰ ਪੁਲੀਸ ਅਧਿਕਾਰੀਆਂ ਨੇ ਸ੍ਰੀ ਜੰਜੂਆ ਦੀ ਬੇਨਤੀ ਵਲ ਕੋਈ ਧਿਆਨ ਨਾ ਦਿੱਤਾ ਅਤੇ ਜ਼ਬਰਦਸਤੀ ਉਨ੍ਹਾਂ ਨੂੰ ਉਥੋਂ ਲੈ ਗਏ। ਉਨ੍ਹਾਂ ਨੇ ਪੁਲੀਸ 'ਤੇ ਕੁੱਟਮਾਰ ਕਰਨ ਦਾ ਦੋਸ਼ ਵੀ ਲਾਇਆ ਹੈ। ਸ੍ਰੀ ਜੰਜੂਆ ਨੇ ਸ਼ਿਕਾਇਤ ਕਰਕੇ ਕਾਨੂੰਨ ਅਧੀਨ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਵੀ.ਕੇ. ਜੰਜੂਆ ਨੇ ਦੋਸ਼ ਲਾਇਆ ਹੈ ਕਿ ਵਿਜੀਲੈਂਸ ਅਧਿਕਾਰੀਆਂ ਨੇ ਉਨ੍ਹਾਂ 'ਤੇ ਭ੍ਰਿਸ਼ਟਾਚਾਰ ਦਾ ਕੇਸ ਸਾਜ਼ਿਸ਼ ਅਧੀਨ ਵਿਜੀਲੈਂਸ ਦੇ ਡਾਇਰੈਕਟਰ ਸੁਮੇਧ ਸੈਣੀ ਨੂੰ ਹੀਰੋ ਬਨਾਉਣ ਲਈ ਕੀਤਾ ਹੈ।



ਮੇਰੇ ਖ਼ਿਲਾਫ ਕੇਸ ਮੁਜ਼ਰਮਾਨਾ ਸਾਜ਼ਿਸ਼ ਰਚ ਕੇ ਕੀਤਾ ਗਿਆ- ਜੰਜੂਆ

ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਦੇ ਮਾਮਲੇ ਵਿਚ ਇਕ ਸਿਆਸਤਦਾਨ ਦਾ ਹੱਥ ਹੈ ਪਰ ਮੌਕਾ ਆਉਣ 'ਤੇ ਉਸਦੇ ਨਾਂ ਬਾਰੇ ਦੱਸਣਗੇ। ਉਨ੍ਹਾਂ ਨੇ ਆਪਣੇ 'ਤੇ ਬਣਾਏ ਕੇਸ ਨੂੰ ਤੱਥਾਂ ਦੇ ਆਧਾਰ 'ਤੇ ਝੂਠਾ ਕਰਾਰ ਦਿੰਦੇ ਹੋਏ ਕਿਹਾ ਕਿ ਫੋਨ ਦਾ ਰਿਕਾਰਡ ਦਸਦਾ ਹੈ ਕਿ ਟੀ.ਆਰ. ਮਿਸ਼ਰਾ ਵਲੋਂ ਉਸ ਤੋਂ ਪੈਸੇ ਮੰਗਣ ਦੇ ਦਾਅਵੇ ਗਲਤ ਹਨ। ਰਿਕਾਰਡ ਅਨੁਸਾਰ ਸ੍ਰੀ ਮਿਸ਼ਰਾ 9 ਨਵੰਬਰ ਨੂੰ ਸਵੇਰੇ ਮੁਹਾਲੀ ਨਹੀਂ ਸੀ ਜਦੋਂ ਕਿ ਮਿਸ਼ਰਾ ਨੇ ਕਿਹਾ ਹੈ ਕਿ ਉਸ ਕੋਲੋਂ ਸਵੇਰੇ ਪੈਸੇ ਮੰਗੇ ਗਏ। ਸ੍ਰੀ ਜੰਜੂਆ ਨੇ ਕਿਹਾ ਕਿ ਮਿਸ਼ਰਾ ਦੇ ਦਾਅਵੇ ਦੇ ਉਲਟ ਉਸ ਵੇਲੇ ਦੱਸੇ ਸਮੇਂ ਵੇਲੇ ਤਾਂ ਉਹ ਮੰਤਰੀ ਦੀ ਰਿਹਾਇਸ 'ਤੇ ਸਨ। ਫੋਨ ਕਾਲਾਂ ਤੋਂ ਪਤਾ ਲਗਦਾ ਹੈ ਕਿ ਮਿਸ਼ਰਾ ਸਵੇਰੇ 7.30 ਵਜੇ ਮੋਤੀ ਨਗਰ ਲੁਧਿਆਣਾ ਤੋਂ ਚਲਿਆ ਸੀ ਅਤੇ 12.57 ਵਜੇ ਚੰਡੀਗੜ੍ਹ ਸੈਕਟਰ ਜਾ ਪੁੱਜਾ ਸੀ। ਸ੍ਰੀ ਜੰਜੂਆ ਨੇ ਦੋਸ਼ ਲਾਇਆ ਕਿ ਜਿਹੜੀਆਂ ਗੱਲਾਂ ਉਸ ਦੀ ਐਫ.ਆਈ.ਆਰ. ਵਿਚ ਲਿਖੀਆਂ ਗਈਆਂ ਹਨ, ਉਹ ਉਸਦੇ ਫੜਨ ਬਾਅਦ ਤਿਆਰ ਕੀਤੀਆਂ ਗਈਆਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਡੀ ਐਸ ਪੀ ਵਿਜੀਲੈਂਸ ਆਰ ਐਸ ਬਰਾੜ ਅਤੇ ਮਿਸ਼ਰਾ ਵਿਚਕਾਰ 9 ਨਵੰਬਰ ਅਤੇ 28 ਅਕਤੂਬਰ ਵਿਚਕਾਰ 12 ਕਾਲਾਂ ਹੋਈਆਂ ਸਨ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਮਿਸਰਾ ਨੇ ਦੋ ਲੱਖ ਰੁਪਏ ਬੈਂਕ 'ਚੋਂ ਕਢਵਾ ਕੇ ਦੇਣ ਦਾ ਦੋਸ਼ ਲਾਇਆ ਹੈ ਪਰ ਰਿਕਾਰਡ ਦੱਸਦਾ ਹੈ ਕਿ ਮਿਸਰਾ ਨੇ ਦੋ ਲੱਖ ਰੁਪਏ ਬੈਂਕ ਤੋਂ ਨਹੀਂ ਕਢਵਾਏ। ਉਨ੍ਹਾਂ ਨੇ ਡੀ ਐਸ ਪੀ ਵਿਜੀਲੈਂਸ ਦੇ ਉਸ ਦਾਅਵੇ ਨੂੰ ਵੀ ਰੱਦ ਕੀਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਉਸਨੇ ਮੁਹਾਲੀ ਤੋਂ ਛਾਪਾ ਮਾਰਨ ਦਾ ਕੰਮ ਸ਼ੁਰੂ ਕੀਤਾ ਸੀ। ਸ੍ਰੀ ਜੰਜੂਆ ਦੇ ਦਾਅਵੇ ਅਨੁਸਾਰ ਕਾਲਾਂ ਦਾ ਰਿਕਾਰਡ ਦੱਸਦਾ ਹੈ ਕਿ ਡੀ.ਐਸ.ਪੀ. 10.50 'ਤੇ ਚੰਡੀਗੜ੍ਹ ਸੈਕਟਰ 15 'ਚ ਸੀ। ਇਸ ਲਈ ਐਫ ਆਈ ਆਰ ਝੂਠੀ ਦਰਜ ਕੀਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੇ ਉਸ ਵੇਲੇ ਤਾਂ ਪੈਸੇ ਨਹੀਂ ਲਏ ਜਦੋਂ ਮਿਸ਼ਰਾ ਨੂੰ 9 ਲੱਖ ਰੁਪਏ ਦੀ ਸਬਸਿਡੀ ਦਿੱਤੀ ਸੀ ਅਤੇ ਇਸ ਕਰਕੇ ਇਹ ਸਾਰੀ ਕਹਾਣੀ ਘੜੀ ਗਈ ਹੈ। ਉਨ੍ਹਾਂ ਕਿਹਾ ਕਿ ਦੋ ਲੱਖ ਰੁਪਏ ਉਸ ਦੇ ਕਮਰੇ ਵਿਚ ਉਸ ਵੇਲੇ ਰੱਖੇ ਗਏ ਜਦੋਂ ਉਹ ਆਪ ਬਾਥਰੂਮ ਵਿਚ ਸੀ। ਸ੍ਰੀ ਜੰਜੂਆ ਨੇ ਇਹ ਵੀ ਕਿਹਾ ਕਿ ਉਸ 'ਤੇ ਕਾਰਵਾਈ ਕਰਨ ਵੇਲੇ ਮੁੱਖ ਮੰਤਰੀ ਜਾਂ ਮੁੱਖ ਸਕੱਤਰ ਨੂੰ ਜਾਣਕਾਰੀ ਨਹੀਂ ਦਿੱਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਉਸ ਦੇ ਘਰ ਦੀ ਤਲਾਸ਼ੀ ਲਈ ਗਈ ਤਾਂ ਘਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ਅਤੇ ਛਾਪਾਮਾਰ ਟੀਮ ਨੇ ਗ੍ਰੰਥ ਸਾਹਿਬ ਦੀ ਵੀ ਬੇਅਦਬੀ ਕੀਤੀ। ਉਨ੍ਹਾਂ ਇਹ ਵੀ ਸਵਾਲ ਕੀਤਾ ਕਿ ਜਦੋਂ ਕਿਸੇ ਨੇ ਉਸ ਖ਼ਿਲਾਫ਼ ਪੰਜ ਹਲਫੀਆ ਬਿਆਨ ਦਿਤੇ ਹੋਣ ਤਾਂ ਉਹ ਕਿਵੇਂ ਉਸ ਤੋਂ ਪੈਸੇ ਮੰਗ ਸਕਦੇ ਹਨ। ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਪੁਲੀਸ ਅਧਿਕਾਰੀਆਂ ਸੁਮੇਧ ਸੈਣੀ, ਐਸ.ਐਸ. ਮੰਡ ਅਤੇ ਬਰਾੜ ਨੂੰ ਮੁਅੱਤਲ ਕੀਤਾ ਜਾਵੇ ਅਤੇ ਉਨ੍ਹਾਂ ਖ਼ਿਲਾਫ ਝੂਠਾ ਕੇਸ ਬਣਾਉਣ ਦੇ ਦੋਸ਼ ਹੇਠ ਐਫ.ਆਈ.ਆਰ ਦਰਜ ਕੀਤਾ ਜਾਵੇ।

## ਹਰਦੇਵ ਮਾਹੀਨੰਗਲ 'ਤੇ ਠੱਗੀ ਦਾ ਦੋਸ਼

**ਮੋਗਾ:** ਪੰਜਾਬੀ ਗਾਇਕ ਹਰਦੇਵ ਮਾਹੀਨੰਗਲ ਵਲੋਂ ਆਪਣੇ ਭਰਾ ਨਾਲ ਮਿਲ ਕੇ ਮੋਗਾ ਦੇ ਇੱਕ ਅਕਾਲੀ ਆਗੂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 4 ਲੱਖ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ।



ਜਾਣਕਾਰੀ ਅਨੁਸਾਰ ਅਕਾਲੀ ਆਗੂ ਸੁਲੱਖਣ ਸਿੰਘ ਹੁੰਦਲ ਨੇ ਐਸ ਐਸ ਪੀ ਅਸ਼ੋਕ ਬਾਠ ਨੂੰ ਕੀਤੀ ਸ਼ਿਕਾਇਤ ਵਿਚ ਦੱਸਿਆ ਕਿ ਸਾਲ 2002 ਵਿਚ ਉਸਦੀ ਮੁਲਾਕਾਤ ਬਠਿੰਡਾ ਦੇ ਪਿੰਡ ਮਾਹੀਨੰਗਲ ਵਾਸੀ ਗਾਇਕ ਹਰਦੇਵ ਮਾਹੀਨੰਗਲ ਅਤੇ ਉਸਦੇ ਭਰਾ ਨਾਲ ਹੋਈ। ਮੁਲਾਕਾਤ ਦੌਰਾਨ ਉਨ੍ਹਾਂ ਅਕਾਲੀ ਆਗੂ ਨੂੰ ਦੱਸਿਆ ਕਿ ਉਨ੍ਹਾਂ ਦਾ ਨਿਊਜ਼ੀਲੈਂਡ ਵਿਖੇ ਕਾਰੋਬਾਰ ਹੈ ਅਤੇ ਉਸ ਨੂੰ (ਅਕਾਲੀ ਆਗੂ) ਉਥੇ ਸੈਟਲ ਕਰਵਾ ਦੇਣਗੇ।ਸੁਲੱਖਣ ਸਿੰਘ ਨੇ ਦੱਸਿਆ ਕਿ ਉਹ ਉਨ੍ਹਾਂ ਦੀਆਂ ਗੱਲਾਂ ਵਿਚ ਆ ਗਿਆ ਤੇ ਉਸ ਨੇ ਆਪਣੀ ਪਤਨੀ ਦਾ ਤੁਰੰਤ ਸੁਵਿਧਾ ਸੈਂਟਰ ਵਿਚ ਪਾਸਪੋਰਟ ਬਣਾ ਕੇ ਕੇਸ ਅਪਲਾਈ ਕਰਵਾ ਦਿੱਤਾ। ਇਸੇ ਤਹਿਤ 6 ਅਕਤੂਬਰ 2002 ਨੂੰ 20 ਹਜ਼ਾਰ ਰੁਪਏ ਤੋਂ ਇਲਾਵਾ ਬਾਅਦ ਵਿਚ 2 ਲੱਖ ਰੁਪਏ ਦੇ ਦਿੱਤੇ। ਇਸ ਤੋਂ ਬਾਅਦ ਸਾਲ 2005 ਵਿਚ ਜਲਦ ਵੀਜ਼ਾ ਲਗਵਾ ਦੇਣ ਦੇ ਬਹਾਨੇ 2 ਲੱਖ ਰੁਪਏ ਹੋਰ ਲੈ ਲਏ। ਸੁਲੱਖਣ ਸਿੰਘ ਨੇ ਦੋਸ਼ ਲਾਇਆ ਕਿ ਪੈਸੇ ਲੈਣ ਤੋਂ ਬਾਅਦ ਨਾ ਤਾਂ ਉਨ੍ਹਾਂ ਉਸਦੇ ਪਰਿਵਾਰ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਰਕਮ ਵਾਪਸ ਕੀਤੀ। ਸ਼ਿਕਾਇਤ ਦੇ ਆਧਾਰ 'ਤੇ ਥਾਣਾ ਸਿਟੀ ਪੁਲਿਸ ਨੇ ਹਰਦੇਵ ਮਾਹੀਨੰਗਲ ਅਤੇ ਉਸਦੇ ਭਰਾ ਖਿਲਾਫ਼ ਕੇਸ ਦਰਜ ਕਰਨ ਦੇ ਹੁਕਮ ਦਿੱਤੇ, ਜਿਸ 'ਤੇ ਕਾਰਵਾਈ ਕਰਦਿਆਂ ਇਨ੍ਹਾਂ ਵਿਰੁਧ ਕੇਸ ਦਰਜ ਕਰਕੇ ਜਾਂਚ ਐਂਟੀ ਫਰਾਡ ਸੈਲ ਨੂੰ ਸੌਂਪ ਦਿੱਤੀ ਗਈ ਹੈ।

## Matrimonials

Match for 27, 5'-2" Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data- Hsingh2222@gmail.com

Parents seek professional, slim, attractive Sikh match for handsome Jat Sikh, Canadian born, non-smoker, non-drinker, 6.2', 32, cleanshaven, athletic son, working with energy company in San Diego CA, USA earning very high six figure salary, B.COM & MBA from well reputed Canadian varsities. Photos will be appreciated respond to info@victoriaairportshuttle.com

US citizen handsome, well settled, well educated, divorcee issueless Punjabi Sikh gentleman, 48, 5'-10" seeks well settled, educated US citizen/visitor life partner age 40-50 with no kids, no liability. Call: 516-503-6718

### Bride Wanted

**Wanted Jat Sikh homely US citizen or green card holder match for handsome, humble, well cultured Jat Sikh Shergill boy, 26, 5'11", bachelor degree from UK on multiple USA visa, reputed well established landlord family in Punjab. Girl 5'4" or above preferred. Contact:920-292-0569, 99159-70266**


ਵਧੀਆ ਭਾਅ 'ਤੇ ਭਰੋਸੇਮੰਦ ਹੈਲਥ ਤੇ ਲਾਈਫ ਇੰਸ਼ੋਰੈਂਸ ਲੈਣ ਲਈ ਮੇਰੇ ਨਾਲ ਸੰਪਰਕ ਕਰੋ।



ਜਗਰੂਪ ਸਿੰਘ ਤੱਖਰ

ਫੋਨ:209-485-1521

Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.

Jagroop Singh Takhar
786 Empress Road,
Modesto, CA 95350
(209) 485-1521
jagroop209@aol.com
Health plans and insurance
California license No. 0D95393

Authorized Broker
blue of california
Blue Shield of California Life & Health Insurance Company

Vital Shield Plus 2900 Generic Rx

| Age Range | Individual | Individual & Spouse | Family |
|---|---|---|---|
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

An independent Licensee of the Blue Shield Association A36145(1/09)

Call me now to learn more about Blue Shield plans

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.



Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਵਕਫ਼ ਬੋਰਡ ਵਿਚ ਆਰ.ਐਸ.ਐਸ ਦੇ ਬੰਦੇ ਭਰਤੀ

**ਪਟਿਆਲਾ :** ਪੰਜਾਬ ਵਕਫ਼ ਬੋਰਡ ਉਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਾਂਗ ਸਿਆਸਤ ਭਾਰੂ ਹੁੰਦੀ ਜਾ ਰਹੀ ਹੈ। ਇਸੇ ਲਈ ਵਕਫ਼ ਬੋਰਡ ਦਾ ਸੰਕਟ ਹੋਰ ਗੰਭੀਰ ਹੋ ਗਿਆ ਹੈ। ਲੰਘੀ 10 ਫਰਵਰੀ ਨੂੰ ਇਥੇ ਹੋਈ ਬੋਰਡ ਦੀ ਮੀਟਿੰਗ ਵਿਚ ਉਸ ਵੇਲੇ ਸਥਿਤੀ ਬੇਹੱਦ ਗੰਭੀਰ ਹੋ ਗਈ ਜਦੋਂ ਵਿਰੋਧੀ ਮੈਂਬਰਾਂ ਦੇ ਨਾਲ-ਨਾਲ ਸੱਤਾਧਾਰੀ ਮੈਂਬਰਾਂ ਨੇ ਵੀ ਮੀਟਿੰਗ ਵਿਚ ਬਾਈਕਾਟ ਵਾਲੀ ਸਥਿਤੀ ਪੈਦਾ ਕਰ ਦਿਤੀ।

ਆਖ਼ਰਕਾਰ ਮੀਟਿੰਗ ਮੁਲਤਵੀ ਕਰਨੀ ਪਈ। ਅਤੀ ਗੁਪਤ ਢੰਗ ਨਾਲ ਰੱਖੀ ਗਈ ਮੀਟਿੰਗ ਵਿਚ ਬੋਰਡ ਦੇ ਚੇਅਰਮੈਨ ਮੁਹੰਮਦ ਇਜ਼ਹਾਰ ਆਲਮ ਅਤੇ ਮੈਂਬਰਾਂ ਰਜ਼ੀਆ ਸੁਲਤਾਨਾ, ਸਈਅਦ ਅਫ਼ਜ਼ਲ, ਦਿਲਬਾਗ ਹੁਸੈਨ, ਨਦੀਮ ਅਨਵਾਰ ਅਹਿਮਦ ਖ਼ਾਨ, ਮੰਜੂ ਕੁਰੈਸ਼ੀ, ਮੁਹੰਮਦ ਉਸਮਾਨ (ਲੁਧਿਆਣਾ), ਉਸਮਾਨ ਕੁਰੈਸ਼ੀ, ਅਬਦੁਲ ਗ਼ੱਫ਼ਾਰ, ਬੇਗਮ ਫ਼ਰਜ਼ਾਨਾ, ਸ਼ਮੀਮ ਅਹਿਮਦ ਕਾਸਮੀ ਅਤੇ ਫ਼ਜ਼ਲੁਦੀਨ ਭੱਟੀ ਨੇ ਹਿੱਸਾ ਲਿਆ। ਮੀਟਿੰਗ ਬਾਰੇ ਮੀਡੀਆ ਨੂੰ ਬਿਲਕੁਲ ਵੀ ਜਾਣਕਾਰੀ ਨਾ ਦਿਤੀ ਗਈ ਪਰ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜਿਵੇਂ ਹੀ ਮੀਟਿੰਗ ਸ਼ੁਰੂ ਹੋਈ ਸੱਤਾਧਾਰੀ ਮੈਂਬਰਾਂ ਨੇ ਹੀ ਬੋਰਡ ਦੇ ਚੇਅਰਮੈਨ ਨੂੰ ਬੁਰੀ ਤਰ੍ਹਾਂ ਘੇਰ ਲਿਆ। ਮੈਂਬਰਾਂ ਨੇ ਕਾਨੂੰਨ ਕਮਿਸ਼ਨ ਦੀ ਜਾਇਦਾਦਾਂ ਦੇ ਸਰਵੇਖਣ ਬਾਰੇ ਉਸ ਰਿਪੋਰਟ ਦੀ ਕਾਪੀ ਵਿਖਾਉਣ ਲਈ ਕਿਹਾ ਜਿਸ ਦੇ ਆਧਾਰ 'ਤੇ ਸਰਵੇਖਣ ਕਰਨ ਨੂੰ ਮਨਜ਼ੂਰੀ ਦਿਤੀ ਜਾਣੀ ਹੈ। ਮੈਂਬਰਾਂ ਨੇ ਮੰਗ ਕੀਤੀ ਕਿ ਹਰ ਮੈਂਬਰ ਨੂੰ ਪਹਿਲਾਂ ਕਾਨੂੰਨ ਕਮਿਸ਼ਨ ਦੀ ਰਿਪੋਰਟ ਦੀ ਇਕ-ਇਕ ਕਾਪੀ ਦਿਤੀ ਜਾਵੇ, ਉਸ ਤੋਂ ਬਾਅਦ ਹੀ ਕੋਈ ਵਿਚਾਰ-ਚਰਚਾ ਹੋ ਸਕੇਗੀ। ਮੈਂਬਰਾਂ ਨੇ ਦੋਸ਼ ਲਾਇਆ ਵਕਫ਼ ਬੋਰਡ ਦਾ ਸਿਆਸੀਕਰਨ ਅਤੇ ਹਿੰਦੂਕਰਨ ਕੀਤਾ ਜਾ ਰਿਹਾ ਹੈ। ਅਕਾਲੀ ਦਲ ਪੱਖੀ ਹੀ ਇਕ ਮੈਂਬਰ ਨੇ ਜਵਾਬ ਮੰਗਿਆ ਕਿ 'ਹਜ਼ਰਤ ਹਲੀਮਾ ਹਸਪਤਾਲ' ਦੀ ਪ੍ਰਬੰਧਕੀ ਕਮੇਟੀ ਵਿਚ ਆਰ.ਐਸ.ਐਸ. ਦੇ ਵਰਕਰ ਰਹੇ ਵਿਅਕਤੀ ਨੂੰ ਕਿਉਂ ਲਿਆ ਗਿਆ ਹੈ ਜਦਕਿ ਮੁਸਲਮਾਨ ਡਾਕਟਰ ਅਪਣੀਆਂ ਸੇਵਾਵਾਂ ਦੇਣ ਲਈ ਤਿਆਰ ਹਨ। ਸੂਤਰਾਂ ਮੁਤਾਬਕ ਮੈਂਬਰਾਂ ਨੇ ਚੇਅਰਮੈਨ ਵਲੋਂ ਕੀਤੀ ਗਈ ਤਮਾਕੂਨੋਸ਼ੀ ਉਤੇ ਵੀ ਇਤਰਾਜ਼ ਉਠਾਇਆ। ਸੱਤਾਧਾਰੀ ਪਾਰਟੀ ਦੇ ਹੀ ਇਕ ਮੈਂਬਰ ਨੇ ਮੰਗ ਕੀਤੀ ਕਿ ਪੰਜਾਬ ਵਕਫ਼ ਬੋਰਡ ਲੋਕਾਂ ਦਾ ਅਦਾਰਾ ਹੈ, ਇਸ ਲਈ ਸਾਰੀਆਂ ਮੀਟਿੰਗਾਂ ਵਿਚ ਲਏ ਜਾਂਦੇ ਫ਼ੈਸਲਿਆਂ ਨੂੰ ਜਨਤਕ ਕਰਨਾ ਚਾਹੀਦਾ ਹੈ। ਮੈਂਬਰਾਂ ਨੇ ਇਹ ਵੀ ਮੁੱਦਾ ਚੁਕਿਆ ਕਿ ਚੇਅਰਮੈਨ ਦਾ ਮੋਬਾਈਲ 'ਆਨ' ਹੈ ਜਦਕਿ ਬਾਕੀ ਮੈਂਬਰਾਂ ਦੇ ਮੋਬਾਈਲ 'ਆਫ਼' ਕਿਉਂ ਕਰਵਾ ਦਿਤੇ ਗਏ, ਕਾਇਦਾ-ਕਾਨੂੰਨ ਸਾਰਿਆਂ ਲਈ ਇਕੋ-ਜਿਹਾ ਹੋਣਾ ਚਾਹੀਦਾ ਹੈ। ਦਸਿਆ ਜਾ ਰਿਹਾ ਹੈ ਕਿ ਕੁੱਲ-ਮਿਲਾ ਕੇ ਸਥਿਤੀ ਗੰਭੀਰ ਹੁੰਦਿਆਂ ਵੇਖ ਕੇ ਮੀਟਿੰਗ ਮੁਲਤਵੀ ਕਰ ਦਿਤੀ ਗਈ। ਬਾਅਦ ਵਿਚ ਸਥਾਨਕ ਮੈਂਬਰ ਬੀਬੀ ਮੰਜੂ ਕੁਰੈਸ਼ੀ ਦੇ ਘਰ ਰੱਖੇ ਗਏ ਚੇਅਰਮੈਨ ਦੇ ਸਨਮਾਨ ਸਮਾਗਮ ਵਿਚ ਸਿਰਫ਼ ਚੇਅਰਮੈਨ ਖ਼ੁਦ ਅਤੇ ਰਜ਼ੀਆ ਸੁਲਤਾਨਾ ਹੀ ਸ਼ਾਮਲ ਹੋਏ। ਵਿਰੋਧੀਆਂ ਸਣੇ ਬਾਕੀ ਸਾਰੇ ਸੱਤਾਧਾਰੀ ਮੈਂਬਰਾਂ ਨੇ ਸਮਾਗਮ ਦਾ ਬਾਈਕਾਟ ਕਰ ਦਿਤਾ। ਉਨ੍ਹਾਂ ਦਾ ਦੋਸ਼ ਸੀ ਕਿ ਬੀਬੀ ਮੰਜੂ ਕੁਰੈਸ਼ੀ ਨੇ ਸਿਰਫ਼ ਚੇਅਰਮੈਨ ਨੂੰ ਹੀ ਨਿੱਜੀ ਤੌਰ 'ਤੇ ਸੱਦਿਆ ਹੈ, ਬਾਕੀ ਕਿਸੇ ਵੀ ਮੈਂਬਰ ਨੂੰ ਦਾਅਵਤ ਨਹੀਂ ਦਿਤੀ ਗਈ। ਚੇਤੇ ਰਹੇ ਕਿ ਵਕਫ਼ ਬੋਰਡ ਦਾ ਨਵੇਂ ਸਿਰਿਉਂ ਗਠਨ ਕਰਨ ਵਿਚ ਸਰਕਾਰ ਨੇ ਪਹਿਲਾਂ ਹੀ ਕਾਫ਼ੀ ਦੇਰ ਕਰ ਦਿਤੀ ਸੀ। ਹੁਣ ਨਵਾਂ ਬੋਰਡ ਹੋਂਦ ਵਿਚ ਆਉਣ ਪਿਛੋਂ ਹੀ ਵਿਵਾਦਾਂ ਵਿਚ ਘਿਰ ਗਿਆ।

ਬੋਰਡ ਦੇ ਪ੍ਰਬੰਧਕਾਂ ਉਤੇ ਆਰ.ਐਸ.ਐਸ. ਦਾ ਪਿੱਠੂ ਹੋਣ ਦੇ ਦੋਸ਼ ਲੱਗ ਰਹੇ ਹਨ। ਬੋਰਡ ਉਤੇ ਗ਼ੈਰ ਮੁਸਲਮਾਨਾਂ ਦਾ ਕਬਜ਼ਾ ਹੁੰਦਾ ਜਾ ਰਿਹਾ ਹੈ। ਪੰਥ ਦੇ ਨਾਂ ਉਤੇ ਵੋਟਾਂ ਲੈਣ ਲਈ ਜਿਸ ਤਰ੍ਹਾਂ ਅਕਾਲੀਆਂ ਨੇ ਸ਼੍ਰੋਮਣੀ ਕਮੇਟੀ ਉਤੇ ਕਬਜ਼ਾ ਕਰ ਰਖਿਆ ਹੈ, ਉਸੇ ਤਰ੍ਹਾਂ ਹੁਣ ਅਕਾਲੀ-ਭਾਜਪਾ ਗਠਜੋੜ ਦੀ ਨਜ਼ਰ ਵਕਫ਼ ਬੋਰਡ ਉਤੇ ਆ ਟਿਕੀ ਜਾਪਦੀ ਹੈ।

# ਐਨ. ਆਰ. ਆਈ. ਸਭਾ ਦੀ ਚੋਣ ਅੱਗੇ ਪਾਉਣ ਤੋਂ ਪਰਵਾਸੀ ਭਾਰਤੀਆਂ 'ਚ ਰੋਸ

**ਜਲੰਧਰ:** ਪੰਜਾਬ ਸਰਕਾਰ ਵਲੋਂ ਐਨ. ਆਰ. ਆਈ. ਸਭਾ ਦੀ ਚੋਣ ਅੱਗੇ ਪਾਏ ਜਾਣ ਦੇ ਫੈਸਲੇ ਨੇ ਵੱਖ-ਵੱਖ ਮੁਲਕਾਂ ਤੋਂ ਆਏ ਪਰਵਾਸੀ ਪੰਜਾਬੀਆਂ ਨੂੰ ਅੱਧ ਵਿਚਕਾਰ ਲਟਕਾ ਦਿੱਤਾ ਹੈ। ਆਲਮੀ ਆਰਥਿਕ ਮੰਦਵਾੜੇ ਦੀ ਜਕੜ 'ਚ ਆਏ ਆਪਣੇ ਕੰਮਕਾਜ ਛੱਡ ਕੇ ਵੱਡੀ ਗਿਣਤੀ 'ਚ ਪਰਵਾਸੀ ਪੰਜਾਬੀ ਸਭਾ ਦੀ ਚੋਣ ਲਈ ਇਥੇ ਆਏ ਸਨ ਕਿ ਸਰਕਾਰ ਨੇ ਚੋਣ ਨੂੰ ਅਣਮਿੱਥੇ ਸਮੇਂ ਲਈ ਅੱਗੇ ਪਾ ਦਿੱਤਾ। ਜਰਮਨ, ਕੈਨੇਡਾ, ਇਟਲੀ, ਹਾਲੈਂਡ, ਇੰਗਲੈਂਡ, ਸਪੇਨ, ਨਿਊਜ਼ੀਲੈਂਡ, ਆਸਟਰੇਲੀਆ ਤੇ ਹੋਰ ਮੁਲਕਾਂ ਤੋਂ ਇਸ ਚੋਣ ਲਈ ਆਏ ਪਰਵਾਸੀ ਪੰਜਾਬੀਆਂ ਨੇ ਸਰਕਾਰ ਦੇ ਇਸ ਫੈਸਲੇ ਨੂੰ ਬੇਤੁਕਾ ਕਰਾਰ ਦਿੰਦਿਆਂ ਕਿਹਾ ਕਿ ਇਕ ਪਾਸੇ ਤਾਂ ਸਰਕਾਰ ਪਰਵਾਸੀ ਪੰਜਾਬੀਆਂ ਨੂੰ ਨਿਵੇਸ਼ ਕਰਨ ਦੇ ਸੱਦੇ ਦਿੰਦੀ ਹੈ ਪਰ ਜਦੋਂ ਉਨ੍ਹਾਂ ਦੇ ਮਸਲਿਆਂ ਦੀ ਗੱਲ ਤੁਰਦੀ ਹੈ ਤਾਂ ਸਰਕਾਰ ਆਪਣੀਆਂ ਅੱਖਾਂ ਫੇਰ ਲੈਂਦੀ ਹੈ। ਜ਼ਿਕਰਯੋਗ ਹੈ ਕਿ 14 ਫਰਵਰੀ ਨੂੰ ਐਨ. ਆਰ. ਆਈ. ਸਭਾ ਦੇ ਪ੍ਰਧਾਨ ਦੀ ਚੋਣ ਹੋਣੀ ਸੀ, ਜਿਸ ਨੂੰ ਸਰਕਾਰ ਨੇ ਅਣਮਿੱਥੇ ਸਮੇਂ ਲਈ ਅੱਗੇ ਪਾ ਦਿੱਤਾ ਹੈ। ਇਸ ਚੋਣ ਲਈ ਵਿਸ਼ੇਸ਼ ਤੌਰ 'ਤੇ ਆਏ ਅਮਰੀਕਾ ਨਾਲ ਸੰਬੰਧਤ ਪਰਵਾਸੀ ਪੰਜਾਬੀ ਚਰਨਜੀਤ ਸਿੰਘ ਵਿਰਕ, ਹਾਲੈਂਡ ਤੋਂ ਸੁਰਿੰਦਰ ਸਿੰਘ ਰਾਣਾ ਤੇ ਇਟਲੀ ਤੋਂ ਆਏ ਸਰਬਜੀਤ ਸਿੰਘ ਗਿਲਜ਼ੀਆਂ ਨੇ ਸਰਕਾਰ ਦੇ ਇਸ ਫੈਸਲੇ ਦੀ ਆਲੋਚਨਾ ਕਰਦਿਆਂ ਕਿਹਾ ਕਿ ਪੱਛਮੀ ਮੁਲਕਾਂ ਵਿਚ ਆਰਥਿਕ ਮੰਦਵਾੜੇ ਦੇ ਅਸਰ ਹੇਠ ਹੋਣ ਦੇ ਬਾਵਜੂਦ ਚਾਰ-ਪੰਜ ਸੌ ਦੇ ਕਰੀਬ ਪਰਵਾਸੀ ਪੰਜਾਬੀ ਇਸ ਚੋਣ ਲਈ ਆਪਣਾ ਪੈਸਾ ਖ਼ਰਚ ਕੇ ਆਏ ਸਨ ਪਰ ਸਰਕਾਰ ਨੇ ਬਿਨਾਂ ਕੁਝ ਸੋਚੇ-ਸਮਝੇ ਇਸ ਚੋਣ ਨੂੰ ਅਣਮਿੱਥੇ ਸਮੇਂ ਲਈ ਅੱਗੇ ਪਾ ਦਿੱਤਾ।

ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਅਮਨ ਕਾਨੂੰਨ ਦੀ ਸਥਿਤੀ ਨੂੰ ਭਾਂਪਣ ਦੀ ਦਲੀਲ ਵਿਚ ਵੀ ਵਜ਼ਨ ਨਹੀਂ ਜਾਪਦਾ ਕਿਉਂਕਿ ਜੇਕਰ ਦੋਆਬੇ ਵਿਚ ਸਰਕਾਰ ਨੂੰ ਹਾਲਾਤ ਸਾਜ਼ਗਾਰ ਨਹੀਂ ਜਾਪਦੇ ਸਨ ਤਾਂ ਇਹ ਚੋਣ ਪੰਜਾਬ ਦੇ ਕਿਸੇ ਹੋਰ ਸ਼ਹਿਰ ਵਿਚ ਵੀ ਕਰਵਾਈ ਜਾ ਸਕਦੀ ਸੀ। ਇੰਗਲੈਂਡ ਤੋਂ ਆਏ ਸੋਹਣ ਸਿੰਘ ਸੰਧੂ ਤੇ ਅਵਤਾਰ ਸਿੰਘ ਜੌਹਲ ਨੇ ਕਿਹਾ ਕਿ ਬਹੁਤੇ ਪਰਵਾਸੀ ਪੰਜਾਬੀ ਇਸ ਚੋਣ ਖ਼ਾਤਰ ਕੁਝ ਦਿਨ ਲਈ ਆਏ ਸਨ ਪਰ ਸਰਕਾਰ ਵਲੋਂ ਅਗਲੀ ਤਾਰੀਖ ਦਾ ਕੰਮ ਲਟਕਾ ਦਿੱਤੇ ਜਾਣ ਨਾਲ ਪਰਵਾਸੀ ਪੰਜਾਬੀ ਫਸੇ-ਫਸੇ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਚੋਣ ਦੀ ਅਗਲੀ ਤਾਰੀਖ ਜਲਦੀ ਐਲਾਨਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜਲੰਧਰ 'ਚ ਹੋਏ ਪਰਵਾਸੀ ਪੰਜਾਬੀ ਸੰਮੇਲਨ 'ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪਰਵਾਸੀ ਪੰਜਾਬੀਆਂ ਨਾਲ ਆਉਣ ਦਾ ਵਾਅਦਾ ਕਰਨ ਦੇ ਬਾਵਜੂਦ ਹਾਜ਼ਰ ਨਹੀਂ ਹੋਏ ਸਨ। ਇਥੋਂ ਤਕ ਕਿ ਜਦੋਂ ਸੰਮੇਲਨ ਚੱਲ ਰਿਹਾ ਸੀ, ਉਸ ਵਕਤ ਸੁਖਬੀਰ ਸਿੰਘ ਬਾਦਲ ਜਲੰਧਰ ਸ਼ਹਿਰ ਵਿਚ ਸਨ ਪਰ ਇਸ ਸੰਮੇਲਨ ਤੋਂ ਕਿਨਾਰਾ ਕਰਕੇ ਚਲੇ ਗਏ ਸਨ।

## ਸ਼ਾਮ ਦੀ ਅਦਾਲਤ ਦਾ ਉਦਘਾਟਨ

**ਜਲੰਧਰ :** ਪੰਜਾਬ ਦੀ ਪਹਿਲੀ ਸ਼ਾਮ ਨੂੰ ਲੱਗਣ ਵਾਲੀ ਅਦਾਲਤ ਦਾ ਉਦਘਾਟਨ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ਼ ਜਸਟਿਸ ਮੁਕਲ ਮੋਦਗਿੱਲ ਤੇ ਸੁਪਰੀਮ ਕੋਰਟ ਦੇ ਜਸਟਿਸ ਐਸ ਐਸ ਨਿੱਜਰ ਨੇ ਸਥਾਨਕ ਜੁਡੀਸ਼ੀਅਲ ਕੰਪਲੈਕਸ 'ਚ ਕੀਤਾ। ਇਸ ਅਦਾਲਤ 'ਚ ਹਲਕੇ-ਫੁਲਕੇ ਕੇਸਾਂ ਨੂੰ ਵਿਚਾਰਿਆ ਜਾਵੇਗਾ। ਇਹ ਅਦਾਲਤ ਸ਼ਾਮ 5 ਵਜੇ ਤੋਂ ਬਾਅਦ ਸ਼ੁਰੂ ਹੋਇਆ ਕਰੇਗੀ। ਚੀਫ਼ ਜਸਟਿਸ ਸ੍ਰੀ ਮੋਦਗਿਲ ਨੇ ਕਿਹਾ ਕਿ ਇਸ ਤੋਂ ਬਾਅਦ ਪੰਜਾਬ 'ਚ ਤਿੰਨ ਹੋਰ ਸ਼ਾਮ ਦੀਆਂ ਅਦਾਲਤਾਂ ਪਟਿਆਲਾ, ਅੰਮ੍ਰਿਤਸਰ ਤੇ ਜਲੰਧਰ 'ਚ ਸਥਾਪਤ ਕੀਤੀਆਂ ਜਾਣਗੀਆਂ।

ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਚੀਫ਼ ਜਸਟਿਸ ਮੋਕਲ ਮੋਦਗਿੱਲ ਨੇ ਕਿਹਾ ਕਿ ਅਦਾਲਤਾਂ ਵਿਚ ਕੇਸਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਤੇ ਜੱਜਾਂ ਦੀ ਘਾਟ ਹੋਣ ਕਾਰਨ ਕੇਸਾਂ ਦੇ ਨਿਪਟਾਰੇ ਵਿਚ ਸਮਾਂ ਲੱਗਦਾ ਹੈ। ਉਨ੍ਹਾਂ ਕਿਹਾ ਕਿ ਸ਼ਾਮ ਦੀਆਂ ਅਦਾਲਤਾਂ 'ਚ ਉਨ੍ਹਾਂ ਕੇਸਾਂ ਨੂੰ ਹੀ ਹੱਲ ਕੀਤਾ ਜਾਵੇਗਾ ਜਿਹੜੇ ਬਹੁਤੇ ਗੰਭੀਰ ਨਹੀਂ ਹੋਣਗੇ। ਇਨ੍ਹਾਂ ਵਿਚ ਦੁਕਾਨਾਂ, ਫੈਕਟਰੀਆਂ ਆਦਿ ਦੇ ਮਾਮਲੇ ਸ਼ਾਮਲ ਹੋਣਗੇ। ਸੁਪਰੀਮ ਕੋਰਟ ਦੇ ਜਸਟਿਸ ਐਸ ਐਸ ਨਿੱਜਰ ਨੇ ਕਿਹਾ ਕਿ ਵਕੀਲ ਵੀ ਸਹੀ ਢੰਗ ਨਾਲ ਕੇਸਾਂ ਨੂੰ ਲੜ ਕੇ ਦੇਸ਼ ਦੀ ਤਰੱਕੀ 'ਚ ਯੋਗਦਾਨ ਪਾ ਸਕਦੇ ਹਨ। ਉਨ੍ਹਾਂ ਕਿਹਾ ਕਿ ਮੈਂ ਵੀ ਆਪਣਾ ਕੈਰੀਅਰ ਜਲੰਧਰ ਤੋਂ ਹੀ ਸ਼ੁਰੂ ਕੀਤਾ ਸੀ। ਜਲੰਧਰ ਬਾਰ ਐਸੋਸੀਏਸ਼ਨ ਦੀ 125 ਵੀਂ ਵਰ੍ਹੇ ਗੰਢ ਮੌਕੇ ਸੋਵੀਨਾਰ ਅਤੇ ਡਾਇਰੈਕਟਰੀ ਵੀ ਰਿਲੀਜ਼ ਕੀਤੀ ਗਈ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਮਲਵਿੰਦਰ ਸਿੰਘ ਮੱਲ੍ਹੀ ਤੇ ਹੋਰ ਅਹੁਦੇਦਾਰ ਹਾਜ਼ਰ ਸਨ।

# ਖੱਬੀਆਂ ਪਾਰਟੀਆਂ ਦਾ ਜੇਲ੍ਹ ਭਰੋ ਅੰਦੋਲਨ 5 ਮਾਰਚ ਤੋਂ

**ਚੰਡੀਗੜ੍ਹ :** ਪੰਜਾਬ ਸੀ. ਪੀ. ਆਈ. ਦੇ ਸਕੱਤਰ ਕਾਮਰੇਡ ਭੁਪਿੰਦਰ ਸਾਂਬਰ ਨੇ ਡੀਜ਼ਲ, ਪੈਟਰੋਲ, ਮਿੱਟੀ ਦੇ ਤੇਲ ਅਤੇ ਰਸੋਈ ਗੈਸ ਦੇ ਭਾਅ ਵਧਾਉਣ ਦੇ ਕੇਂਦਰ ਦੇ ਯਤਨਾਂ ਦੀ ਜ਼ੋਰਦਾਰ ਨਿਖੇਧੀ ਕਰਦੇ ਹੋਏ ਕਿਹਾ ਕਿ ਸਰਕਾਰ ਦੀਆਂ ਅਜਿਹੀਆਂ ਤਰਕਹੀਣ ਨੀਤੀਆਂ ਹੀ ਮਹਿੰਗਾਈ ਲਈ, ਗਰੀਬਾਂ ਤੇ ਅਮੀਰਾਂ ਵਿਚਾਲੇ ਵਧਦੇ ਪਾੜੇ ਲਈ ਅਤੇ 83 ਕਰੋੜ ਲੋਕਾਂ ਨੂੰ ਵੀਹ ਰੁਪਏ ਪ੍ਰਤੀ ਦਿਨ 'ਤੇ ਗੁਜ਼ਾਰਾ ਕਰਨ ਲਈ ਜ਼ਿੰਮੇਵਾਰ ਹਨ। ਸਾਂਬਰ ਨੇ ਕਿਹਾ ਕਿ ਦਸੰਬਰ, 2007 ਤੋਂ ਸ਼ੁਰੂ ਹੋਇਆ ਸੰਸਾਰ ਮੰਦਾ ਕੁੱਲ ਪੈਦਾਵਾਰ ਵਿਚੋਂ ਮਿਹਨਤਕਸ਼ਾਂ ਦਾ ਹਿੱਸਾ ਘੱਟ ਕਰਨ, ਉਨ੍ਹਾਂ ਦੀ ਖਰੀਦ ਸ਼ਕਤੀ ਤੋੜਨ, ਸਿੱਟੇ ਵਜੋਂ ਪੈਦਾਵਾਰ ਨੂੰ ਮੰਡੀ ਵਿਚ ਗਾਹਕ ਨਾ ਮਿਲਣ ਦਾ ਹੀ ਸਿੱਟਾ ਸੀ ਤੇ ਹੁਣ ਸੰਸਾਰ ਸਰਮਾਏਦਾਰੀ ਇਹ ਮੰਦਵਾੜਾ ਗਰੀਬ ਮਿਹਨਤਕਸ਼ਾਂ 'ਤੇ ਭਾਰ ਵਧਾ ਕੇ ਹੀ ਹੱਲ ਕਰਨਾ ਚਾਹੁੰਦੀ ਹੈ ਤੇ ਲੋਕਾਂ 'ਤੇ ਹਰ ਢੰਗ ਨਾਲ ਭਾਰ ਵਧਾ ਰਹੀ ਹੈ।

ਉਨ੍ਹਾਂ ਕਿਹਾ ਕਿ ਭਾਰਤ ਦੀ ਕੋਈ ਸਨਅਤ, ਨਿੱਜੀ ਬੈਂਕ ਜਾਂ ਮਾਲੀ ਅਦਾਰੇ ਫੇਲ੍ਹ ਨਹੀਂ ਹੋਏ, ਘਾਟੇ ਵਿਚ ਵੀ ਨਹੀਂ ਗਏ, ਕਿਉਂ ਜੋ ਕਾਰਪੋਰੇਟ ਪੱਖੀ ਸਰਕਾਰ ਨੇ ਮੰਦੇ ਦੇ ਸ਼ੁਰੂ ਵਿਚ ਹੀ ਉਨ੍ਹਾਂ ਨੂੰ ਸਰਕਾਰੀ ਬਜਟ, ਖਜ਼ਾਨੇ ਤੇ ਲੋਕਾਂ ਦੀ ਕੀਮਤ 'ਤੇ ਕਈ ਲੱਖ ਕਰੋੜ ਦੇ ਲਾਭ ਦੇ ਦਿੱਤੇ। ਟੈਕਸ ਘਟਾ ਦਿੱਤੇ, ਬਜਟ ਦਾ ਘਾਟਾ ਕੁੱਲ ਪੈਦਾਵਾਰ ਦੀ ਸੱਤ ਫੀਸਦੀ ਤੱਕ ਵਧਾ ਦਿੱਤਾ। ਹੁਣ ਵੀ ਇਹ ਸਰਕਾਰ ਉਹੋ ਨੀਤੀ ਜਾਰੀ ਰੱਖ ਰਹੀ ਹੈ ਤੇ ਇਹ ਰਿਆਇਤਾਂ ਟੈਕਸ ਛੋਟਾਂ, ਸਸਤੇ ਕਰਜ਼ੇ ਵਾਪਸ ਨਹੀਂ ਲੈ ਰਹੀ ਜਦਕਿ ਬੇਰੁਜ਼ਗਾਰ ਹੋਏ ਕਰੋੜਾਂ ਲੋਕਾਂ ਦੀ ਕੋਈ ਮੱਦਦ ਨਹੀਂ ਕਰ ਰਹੀ। ਮਹਿੰਗਾਈ ਨਾਲ ਲੋਕਾਂ 'ਤੇ ਭਾਰ ਵਧਾ ਰਹੀ ਹੈ। ਸਾਂਬਰ ਨੇ ਕਿਹਾ ਕਿ ਇਹ ਪ੍ਰਚਾਰ ਗਲਤ ਹੈ ਕਿ ਤੇਲ ਕੰਪਨੀਆਂ ਘਾਟੇ ਵਿਚ ਜਾ ਰਹੀਆਂ ਹਨ, ਸਿਰਫ ਉਨ੍ਹਾਂ ਦੀ ਆਮਦਨ ਤੇ ਮੁਨਾਫੇ ਘੱਟ ਰਹੇ ਹਨ, ਜਿਹੜੇ ਵਧਾਉਣ ਲਈ ਸਰਕਾਰ ਲੋਕਾਂ 'ਤੇ ਭਾਰ ਪਾ ਰਹੀ ਹੈ। ਪੈਟਰੋਲੀਅਮ ਵਸਤਾਂ ਦੇ ਭਾਅ ਵਧਾਉਣ ਨਾਲ ਸਭ ਚੀਜ਼ਾਂ ਦੀ ਢੋਆ-ਢੁਆਈ ਤੇ ਰਸੋਈ ਗੈਸ ਤੇ ਮਿੱਟੀ ਦੇ ਤੇਲ ਦੇ ਖਰਚੇ ਖੇਤੀ ਲਾਗਤਾਂ ਸਭ ਵਧਣਗੀਆਂ ਅਤੇ ਕੁਦਰਤੀ ਤੌਰ 'ਤੇ ਮਹਿੰਗਾਈ ਵਧੇਗੀ, ਜਦਕਿ ਲੋੜ ਇਸ ਗੱਲ ਦੀ ਹੈ ਕਿ ਮਿਹਨਤਕਸ਼ ਲੋਕਾਂ ਲਈ ਰੁਜ਼ਗਾਰ ਵਧਾਇਆ ਜਾਵੇ ਅਤੇ ਉਨ੍ਹਾਂ ਦੀ ਖਿੱਚ ਸ਼ਕਤੀ ਵਧਾਈ ਜਾਵੇ। ਇਸ ਮਹਿੰਗਾਈ ਵਿਰੁੱਧ ਖੱਬਾ ਪੱਖ ਦੇਸ਼ ਵਿਚ ਅੰਦੋਲਨ ਚਲਾ ਰਿਹਾ ਹੈ, ਜਿਸ ਦੀ ਅਗਲੀ ਕੜੀ ਵਜੋਂ ਪੰਜ ਮਾਰਚ ਨੂੰ ਸਾਰੀਆਂ ਮਜ਼ਦੂਰ ਜਥੇਬੰਦੀਆਂ ਦੇਸ਼ਵਿਆਪੀ ਜੇਲ੍ਹ ਭਰੋ ਅੰਦੋਲਨ ਕਰਨ ਜਾ ਰਹੀਆਂ ਹਨ। ਸੀ. ਪੀ. ਆਈ. ਉਨ੍ਹਾਂ ਦੀ ਪੂਰਨ ਤੇ ਸਰਗਰਮ ਮੱਦਦ ਕਰੇਗੀ।

## ਦੱਖਣੀ ਏਸ਼ੀਆ 'ਚ ਅਮਨ ਲਈ ਅਹਿਦਨਾਮਾ

**ਲੁਧਿਆਣਾ:** ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ ਵਲੋਂ ਕਰਵਾਏ ਦੱਖਣੀ ਏਸ਼ੀਆ ਵਿਚ ਪਾਇਦਾਰ ਅਮਨ ਵਿਸ਼ੇ 'ਤੇ ਦੋ ਰੋਜ਼ਾ ਸੈਮੀਨਾਰ ਤੋਂ ਬਾਅਦ ਸਾਂਝੀ ਵਿਚਾਰ ਚਰਚਾ ਤੇ ਆਧਾਰ 'ਤੇ ਇਕ ਅਹਿਦਨਾਮਾ ਜਾਰੀ ਕੀਤਾ ਗਿਆ ਹੈ, ਜਿਸ ਵਿਚ ਵਿਸ਼ਵ ਅਮਨ ਦੀ ਕਾਮਨਾ ਕਰਦੇ ਹੋਏ ਦੱਖਣੀ ਏਸ਼ੀਆ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਅਹਿਦਨਾਮੇ 'ਤੇ ਪਹਿਰਾ ਦੇਣ।

ਅਹਿਦਨਾਮੇ ਮੁਤਾਬਕ ਦੱਖਣੀ ਏਸ਼ੀਆ ਦੇ ਦੋ ਵੱਡੇ ਮੁਲਕ ਭਾਰਤ ਅਤੇ ਪਾਕਿਸਤਾਨ ਨੂੰ ਚਾਹੀਦਾ ਹੈ ਕਿ ਉਹ ਦੋਹਾਂ ਦੇਸ਼ਾਂ ਦੇ ਸਾਂਝੇ ਦੁਸ਼ਮਣਾਂ ਅਨਪੜ੍ਹਤਾ, ਬੇਰੁਜ਼ਗਾਰੀ, ਭੁੱਖਮਰੀ, ਗਰੀਬੀ, ਨਸ਼ਾਖੋਰੀ ਅਤੇ ਕਿਸਾਨੀ ਦੀ ਕਮਜ਼ੋਰ ਹੋ ਰਹੀ ਆਰਥਕਤਾ ਲਈ ਸਾਂਝੀ ਕਾਰਜ ਨੀਤੀ ਦਾ ਵਿਕਾਸ ਕਰਨ। ਦੋਹਾਂ ਪੰਜਾਬਾਂ ਦੀ ਪੇਂਡੂ ਨੁਹਾਰ ਬਦਲਣ ਲਈ ਸ਼ਹਿਰਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਦੋਹਾਂ ਦੇਸ਼ਾਂ ਦੀਆਂ ਕੇਂਦਰੀ ਸਰਕਾਰਾਂ ਨੂੰ ਰਜ਼ਾਮੰਦ ਤੇ ਸਮਾਂਬੱਧ ਕਾਰਜ ਯੋਜਨਾ ਉਲੀਕਣ ਲਈ ਨੀਤੀ ਨਿਰਧਾਰਤ ਕਰਨ। ਦੋਹਾਂ ਪੰਜਾਬਾਂ ਦੇ ਬਹੁ-ਪੱਖੀ ਪੇਂਡੂ ਅਤੇ ਖੇਤੀ ਵਿਕਾਸ ਲਈ ਖੇਤੀਬਾੜੀ ਵਿਗਿਆਨੀਆਂ, ਖੋਜਕਾਰਾਂ, ਬੀਜ ਵਿਕਾਸ ਪ੍ਰੋਗਰਾਮਾਂ, ਵਿਦਿਆਰਥੀਆਂ, ਕਿਸਾਨਾਂ, ਖੇਤੀਬਾੜੀ ਸਾਹਿਤ ਅਤੇ ਸੰਚਾਰ ਮਾਹਰਾਂ ਦਾ ਬੇਰੋਕ-ਟੋਕ ਆਦਾਨ ਪ੍ਰਦਾਨ ਦਾ ਪ੍ਰਬੰਧ ਕੀਤਾ ਜਾਵੇ। ਦੋਹਾਂ ਦੇਸ਼ਾਂ ਵਿਚਲੇ ਪੰਜਾਬਾਂ ਦੀ ਖੇਤੀ ਉਪਜ ਲਈ ਸਾਂਝਾ ਮੰਡੀਕਰਨ ਨਿਜ਼ਾਮ ਅਤੇ ਸਾਂਝੀਆਂ ਖੇਤੀਬਾੜੀ ਵਿਕਾਸ ਸਮੱਸਿਆਵਾਂ ਸਬੰਧੀ ਸੰਯੁਕਤ ਵਿਚਾਰ ਵਟਾਂਦਰੇ ਦਾ ਸਾਂਝਾ ਫੋਰਮ ਵਿਕਸਤ ਕਰਨ ਦੀ ਅਪੀਲ ਕੀਤੀ ਗਈ। ਅਹਿਦਨਾਮੇ ਵਿਚ ਸਾਂਝੀ ਵਿਰਾਸਤ ਦੇ ਆਧਾਰ ਬਿੰਦੂ, ਸਾਹਿਤ, ਸੰਗੀਤ, ਕੋਮਲ ਕਲਾਵਾਂ, ਖੇਡਾਂ, ਸਿੱਖਿਆ ਵਿਧੀਆਂ ਅਤੇ ਰਸਮਾਂ ਰਿਵਾਜ਼ਾਂ ਦਾ ਦਸਤਾਵੇਜ਼ੀ ਸਰੂਪ ਸੰਭਾਲਣ ਦੇ ਨਾਲ ਨਾਲ ਵਿਕਾਸ ਦੇ ਸਾਂਝੇ ਮੌਕੇ ਮੁਹੱਈਆ ਕਰਨ ਨੂੰ ਪਹਿਲ ਦੇਣ ਦੀ ਸਿਫਾਰਸ਼ ਕੀਤੀ ਗਈ ਹੈ। ਸਰਹੱਦ ਦੇ ਆਰ-ਪਾਰ ਦੁੱਖ-ਸੁੱਖ ਦੇ ਮੌਕੇ ਵਧਾਉਣ ਲਈ ਯੂਰਪੀਨ ਯੂਨੀਅਨ ਵਰਗਾ ਰਿਸ਼ਤਾ ਉਸਾਰਨ ਦੀ ਸਿਫਾਰਸ਼ ਕਰਦਿਆਂ ਕਿਹਾ ਗਿਆ ਹੈ ਕਿ ਸਾਂਝੇ ਨਾਇਕਾਂ, ਵਿਗਿਆਨੀਆਂ ਅਤੇ ਪ੍ਰੇਰਨਾ ਸਰੋਤ ਵਿਅਕਤੀਆਂ ਦੀਆਂ ਜੀਵਨੀਆਂ ਨੂੰ ਸਾਂਝੀ ਪੁਸਤਕ ਵਿਚ ਗੁਰਮੁਖੀ ਅਤੇ ਸ਼ਾਹਮੁਖੀ ਵਿਚ ਪ੍ਰਕਾਸ਼ਤ ਕਰਕੇ ਦੋਹਾਂ ਦੇਸ਼ਾਂ ਦੇ ਪੰਜਾਬਾਂ ਵਿਚ ਹਰ ਸਕੂਲ-ਕਾਲਜ ਵਿਚ ਪਹੁੰਚਾਇਆਂ ਜਾਣ ਅਤੇ ਨਾਲ ਹੀ ਦੋਹਾਂ ਪੰਜਾਬਾਂ ਦੀਆਂ ਸਾਂਝੀਆਂ ਖੇਡਾਂ ਵਾਂਗ ਹੀ ਤਰਜ਼ 'ਤੇ ਸਾਂਝੀਆਂ ਵਿਗਿਆਨਕ ਗੋਸ਼ਟੀਆਂ ਅਤੇ ਕਿਸਾਨ ਮੇਲਿਆਂ ਦਾ ਪ੍ਰਬੰਧ ਕੀਤਾ ਜਾਵੇ। ਵਾਹਗਾ ਅਤੇ ਅਟਾਰੀ ਵਿਖੇ ਦੋਹਾਂ ਦੇਸ਼ਾਂ ਨੂੰ ਵੀਜ਼ਾ ਸਹੂਲਤਾਂ ਅਤੇ ਕੁਆਰਨਟਾਈਨ ਸਹੂਲਤ ਦਾ ਨਿਰਮਾਣ ਕਰੀਏ। ਅਹਿਦਨਾਮੇ ਵਿਚ ਕਿਹਾ ਗਿਆ ਕਿ ਦੋਹਾਂ ਦੇਸ਼ਾਂ ਦੇ ਆਗੂ ਅਮਨ, ਦੋਸਤੀ, ਪਿਆਰ-ਭਰਪਣ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਨ ਅਤੇ ਸਦੀਵੀਂ ਸਾਂਝ ਬਣਾਉਣ ਲਈ ਹਥਿਆਰਾਂ ਦੀ ਦੌੜ ਤਿਆਗ ਕੇ ਪਿਆਰ ਦੀ ਬਾਜ਼ੀ ਜਿੱਤਣ ਵਲ ਧਿਆਨ ਦੇਣ।

## ਮਹਿਰਾ ਦੀ ਯਾਦਗਾਰ ਉਸਾਰਾਂਗੇ-ਬਾਦਲ

**ਗੁਰਦਾਸਪੁਰ:** ਮਨੁੱਖੀ ਕਦਰਾਂ ਕੀਮਤਾਂ ਦਾ ਸਨਮਾਨ ਕਰਦੇ ਹੋਏ ਬਾਬਾ ਮੋਤੀ ਰਾਮ ਮਹਿਰਾ ਨੇ ਇੱਕ ਵਿਲੱਖਣ ਕੁਰਬਾਨੀ ਕੀਤੀ ਅਤੇ ਸਰਹਿੰਦ ਦੇ ਨਵਾਬ ਦੇ ਹੁਕਮਾਂ ਦੀ ਪਰਵਾਹ ਨਾ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਨੂੰ ਠੰਢੇ ਬੁਰਜ ਵਿਚ ਕੈਦ ਸਮੇਂ ਭੋਜਨ ਦੀ ਜੋ ਸੇਵਾ ਕੀਤੀ ਸੀ, ਉਸ ਲਈ ਪੰਜਾਬ ਸਰਕਾਰ ਉਨ੍ਹਾਂ ਦੀ ਢੁਕਵੀਂ ਯਾਦਗਾਰ ਉਸਾਰੇਗੀ।

ਇਹ ਐਲਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਗੁਰਦਾਸਪੁਰ ਵਿਖੇ ਬਾਬਾ ਮੋਤੀ ਰਾਮ ਮਹਿਰਾ ਦੀ ਯਾਦ ਵਿਚ ਕਰਵਾਏ ਗਏ ਰਾਜ ਪੱਧਰੀ ਸਮਾਗਮ ਦੌਰਾਨ ਕਸ਼ਯਪ ਰਾਜਪੂਤ ਸਮਾਜ ਨੂੰ ਸੰਬੋਧਨ ਕਰਦਿਆਂ ਕੀਤਾ।

# ਨਵੰਬਰ '84 ਦੇ ਸਿੱਖ ਕਤਲੇਆਮ ਦਾ ਇਕ ਹੋਰ ਗਵਾਹ

**ਨਵੀਂ ਦਿੱਲੀ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਦੇ ਨਿਰੰਤਰ ਯਤਨਾਂ ਸਦਕਾ ਨਵੰਬਰ 1984 ਦੇ ਸਿੱਖ ਕਤਲੇਆਮ ਦਾ ਇਕ ਹੋਰ ਚਸ਼ਮਦੀਦ ਗਵਾਹ ਰੇਸ਼ਮ ਸਿੰਘ ਸਾਹਮਣੇ ਆਇਆ ਹੈ।

ਇਹ ਜਾਣਕਾਰੀ ਦਿੰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਹੈ ਕਿ ਇਸ ਕਤਲੇਆਮ ਦੇ ਮੁੱਖ ਦੋਸ਼ੀ ਮੰਨੇ ਜਾਂਦੇ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਨੂੰ ਭਾਵੇਂ ਸੀ.ਬੀ.ਆਈ. ਨੇ ਇਹ ਕਹਿ ਕੇ ਕਲੀਨ ਚਿੱਟ ਦੇ ਦਿੱਤੀ ਹੈ ਕਿ ਗਿਆਨੀ ਸੁਰਿੰਦਰ ਸਿੰਘ ਅਤੇ ਜਸਬੀਰ ਸਿੰਘ ਦੇ ਬਿਆਨ ਸਾਰਥਕ ਨਹੀਂ ਹਨ, ਪਰ ਹੁਣ ਇਕ ਹੋਰ ਚਸ਼ਮਦੀਦ ਗਵਾਹ ਰੇਸ਼ਮ ਸਿੰਘ ਪੁੱਤਰ ਜੋਗਿੰਦਰ ਸਿੰਘ ਨੇ ਹਲਫੀਆ ਬਿਆਨ ਦੇ ਕੇ ਕਿਹਾ ਹੈ ਕਿ ਉਸ ਨੇ ਜਗਦੀਸ਼ ਟਾਈਟਲਰ ਦੀ ਅਗਵਾਈ ਹੇਠ ਹਜੂਮ ਨੂੰ ਖੂਨ ਕਾ ਬਦਲਾ ਖੂਨ ਦੇ ਨਾਅਰੇ ਲਾਉਂਦਿਆਂ ਆਪ ਦੇਖਿਆ ਹੈ।

ਰੇਸ਼ਮ ਸਿੰਘ ਨੇ ਆਪਣੇ ਹਲਫੀਆ ਬਿਆਨ ਵਿਚ ਕਿਹਾ ਹੈ ਕਿ ਅਕਤੂਬਰ-ਨਵੰਬਰ 1984 ਵਿਚ ਉਹ ਦਿੱਲੀ ਰਹਿੰਦਾ ਸੀ ਅਤੇ ਟੈਕਸੀ ਚਲਾਉਣ ਦਾ ਕੰਮ ਕਰਦਾ ਸੀ। ਪਹਿਲੀ ਨਵੰਬਰ 1984 ਨੂੰ ਵੱਡੇ ਪੈਮਾਨੇ 'ਤੇ ਹੋ ਰਹੀ ਕਤਲੋਗਾਰਤ ਕਾਰਨ ਉਹ ਆਪਣੇ ਘਰ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਗੁਰਦੁਆਰਾ ਪੁਲਬੰਗਸ਼ ਕੋਲੋਂ ਲੰਘਦੇ ਹੋਏ ਉਸ ਨੇ ਗੁਰਦੁਆਰਾ ਇਮਾਰਤ 'ਚੋਂ ਧੂੰਆਂ ਨਿਕਲਦਾ ਅਤੇ ਬਾਹਰ ਜਗਦੀਸ਼ ਟਾਈਟਲਰ ਦੀ ਅਗਵਾਈ ਵਿਚ ਇਕ ਹਜੂਮ 'ਖੂਨ ਕਾ ਬਦਲਾ ਖੂਨ' ਦੇ ਨਾਅਰੇ ਲਾਉਂਦਾ ਵੇਖਿਆ। ਜਦੋਂ ਉਹ ਨਜ਼ਦੀਕ ਪਹੁੰਚਿਆ ਤਾਂ ਉਸ ਨੇ ਜਗਦੀਸ਼ ਟਾਈਟਲਰ ਨੂੰ ਭੀੜ ਉਤੇ ਖੜ੍ਹੇ ਹੋਏ ਅਤੇ ਗੁਰਦੁਆਰਾ ਸਾਹਿਬ ਵਿਚ ਲੁਕੇ ਹੋਏ ਸਿੱਖਾਂ ਨੂੰ ਬਾਹਰ ਕੱਢ ਕੇ ਲਿਆਉਣ ਦੇ ਹੁਕਮ ਦਿੰਦੇ ਹੋਏ ਵੇਖਿਆ ਅਤੇ ਸੁਣਿਆ। ਉਸ ਨੇ ਇਕ ਸਿੱਖ ਨੂੰ ਵੀ ਵੇਖਿਆ, ਜਿਸ ਦੇ ਗਲ ਵਿਚ ਜਲਦਾ ਹੋਇਆ ਟਾਇਰ ਪਿਆ ਸੀ ਅਤੇ ਉਹ ਚੀਖਾਂ ਮਾਰ ਰਿਹਾ ਸੀ ਤੇ ਬਚਾਅ ਲਈ ਤਰਲੇ ਪਾ ਰਿਹਾ ਸੀ, ਜਦਕਿ ਭੀੜ ਨਾਅਰੇ ਲਾ ਰਹੀ ਸੀ।

ਬਿਆਨ ਅਨੁਸਾਰ ਦਸੰਬਰ 2008 ਵਿਚ ਉਸ ਨੂੰ ਪਤਾ ਲੱਗਾ ਕਿ ਸੀ.ਬੀ.ਆਈ. ਦੀ ਇਕ ਟੀਮ ਉਨ੍ਹਾਂ ਗਵਾਹਾਂ ਦੇ ਬਿਆਨ ਰਿਕਾਰਡ ਕਰਨ ਵਾਸਤੇ ਯੂ.ਐਸ.ਏ. ਆਈ ਹੈ, ਜਿਨ੍ਹਾਂ ਨੇ ਨਵੰਬਰ 1984 ਵਿਚ ਜਗਦੀਸ਼ ਟਾਈਟਲਰ ਨੂੰ ਸਿੱਖਾਂ ਦੇ ਕਾਤਲਾਂ ਦੀ ਅਗਵਾਈ ਕਰਦੇ ਹੋਏ ਅਤੇ ਭੜਕਾਉਂਦੇ ਹੋਏ ਵੇਖਿਆ ਸੀ। ਇਹ ਪਤਾ ਚੱਲਣ 'ਤੇ ਉਸ ਨੇ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਪੰਤ ਸਿੰਘ ਪੰਨੂ ਜੋ ਕਿ ਇਸ ਕੇਸ ਵਿਚ ਗਵਾਹ ਸੁਰਿੰਦਰ ਸਿੰਘ ਅਤੇ ਜਸਵੀਰ ਸਿੰਘ ਦੀ ਪੈਰਵੀ ਕਰ ਰਹੇ ਸਨ, ਨਾਲ ਸੰਪਰਕ ਕੀਤਾ ਕਿ ਉਹ ਨਵੰਬਰ 84 ਦੇ ਕਤਲੇਆਮ ਦੇ ਸਿਲਸਿਲੇ ਵਿਚ ਜਗਦੀਸ਼ ਟਾਈਟਲਰ ਵਿਰੁਧ ਗਵਾਹੀ ਦੇਣਾ ਚਾਹੁੰਦਾ ਹੈ। ਐਡਵੋਕੇਟ ਪੰਨੂ ਨੇ ਉਸ ਨੂੰ ਦੱਸਿਆ ਕਿ ਉਹ ਸੀ.ਬੀ.ਆਈ. ਨੂੰ ਨਵੰਬਰ 1984 ਦੀਆਂ ਘਟਨਾਵਾਂ ਬਾਰੇ ਬਿਆਨ ਦੇਣ ਦੀ ਉਸ ਦੀ ਇੱਛਾ ਬਾਬਤ ਜਾਣੂ ਕਰਵਾ ਦੇਣਗੇ। ਸੀ.ਬੀ.ਆਈ. ਟੀਮ ਦੇ ਨਿਊ ਯਾਰਕ ਹੋਣ ਬਾਰੇ ਪਤਾ ਚੱਲਣ 'ਤੇ ਉਹ ਕੈਲੀਫੋਰਨੀਆ ਤੋਂ ਨਿਊ ਯਾਰਕ ਗਿਆ ਅਤੇ ਇੰਡੀਅਨ ਅੰਬੈਸੀ ਦੇ ਬਾਹਰ 22 ਅਤੇ 23 ਦਸੰਬਰ 2008 ਨੂੰ ਇੰਤਜ਼ਾਰ ਕੀਤਾ, ਪਰੰਤੂ ਉਸ ਦੇ ਬਿਆਨ ਰਿਕਾਰਡ ਨਹੀਂ ਕੀਤੇ ਗਏ।

ਰੇਸ਼ਮ ਸਿੰਘ ਅਨੁਸਾਰ ਉਸ ਦੇ ਵਕੀਲ ਨੇ ਦੱਸਿਆ ਕਿ ਸੀ.ਬੀ.ਆਈ. ਨੇ ਭਰੋਸਾ ਦਿਵਾਇਆ ਕਿ ਉਸ ਦੇ ਬਿਆਨ ਕੈਲੀਫੋਰਨੀਆ ਵਿਚ 25 ਅਤੇ 26 ਦਸੰਬਰ 2008 ਨੂੰ ਰਿਕਾਰਡ ਕਰ ਲਏ ਜਾਣਗੇ। ਉਹ 25 ਅਤੇ 26 ਦਸੰਬਰ 2008 ਨੂੰ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲੇਟ ਦੇ ਬਾਹਰ ਗਵਾਹੀ ਦੇਣ ਲਈ ਮੌਜੂਦ ਰਿਹਾ ਅਤੇ ਗਵਾਹਾਂ ਦੇ ਵਕੀਲ ਨੇ ਸੀ.ਬੀ.ਆਈ. ਨੂੰ ਉਸ ਦੇ ਹਾਜ਼ਰ ਹੋਣ ਬਾਰੇ ਜਾਣੂ ਕਰਾਇਆ ਪਰ ਸੀ.ਬੀ.ਆਈ. ਨੇ ਆਪਣੇ ਅਮਰੀਕਾ ਦੌਰੇ ਦੌਰਾਨ ਉਸ ਦਾ ਬਿਆਨ ਰਿਕਾਰਡ ਨਹੀਂ ਕੀਤਾ।

ਬਿਆਨ ਵਿਚ ਰੇਸ਼ਮ ਸਿੰਘ ਨੇ ਕਿਹਾ ਹੈ ਕਿ ਹੁਣ ਉਹ ਨਵੰਬਰ 1984 ਵਿਚ ਗੁਰਦੁਆਰਾ ਪੁਲਬੰਗਸ਼ ਸਾਹਿਬ ਦੇ ਬਾਹਰ ਟਾਈਟਲਰ ਨੂੰ ਸਿੱਖਾਂ ਦਾ ਕਤਲ ਕਰਨ ਲਈ ਹਜੂਮ ਦੀ ਅਗਵਾਈ ਕਰਦਿਆਂ ਅਤੇ ਭੜਕਾਉਂਦਿਆਂ ਅੱਖੀਂ ਵੇਖਣ ਬਾਰੇ ਫਿਰ ਸੀ.ਬੀ.ਆਈ. ਜਾਂ ਕਿਸੇ ਵੀ ਜਾਂਚ ਸੰਸਥਾ ਜਾਂ ਕਾਨੂੰਨ ਦੀ ਅਦਾਲਤ ਸਾਹਮਣੇ ਪੇਸ਼ ਹੋ ਕੇ ਬਿਆਨ ਦੇਣਾ ਚਾਹੁੰਦਾ ਹੈ। ਬਿਆਨ ਦੇ ਜ਼ਰੀਏ ਉਸ ਨੇ ਭਾਰਤੀ ਅਦਾਲਤਾਂ ਅਤੇ ਕਾਨੂੰਨੀ ਸੰਸਥਾਵਾਂ ਨੂੰ ਬੇਨਤੀ ਕੀਤੀ ਹੈ ਕਿ ਸੀ.ਬੀ.ਆਈ. ਨੂੰ ਉਸ ਦਾ ਬਿਆਨ ਦਰਜ ਕਰਨ ਦੇ ਨਿਰਦੇਸ਼ ਦਿੱਤੇ ਜਾਣ।

# ਡੇਰਾ ਬੱਲਾਂ ਖਿਲਾਫ ਇਕ ਹੋਰ ਮੁਹਿੰਮ ਉਭਰੀ

**ਜਲੰਧਰ :** ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਅਹੁਦੇਦਾਰਾਂ ਨੇ ਇਥੇ ਪੱਤਰਕਾਰ ਸੰਮੇਲਨ ਵਿਚ ਡੇਰਾ ਬੱਲਾਂ ਦੇ ਬਾਬਾ ਨਿਰੰਜਨ ਦਾਸ ਵਲੋਂ ਬੀਤੇ ਦਿਨੀਂ ਭਗਤ ਰਵਿਦਾਸ ਦੇ ਪ੍ਰਕਾਸ਼ ਪੁਰਬ ਮੌਕੇ ਜਾਰੀ ਵਖਰੇ 'ਅੰਮ੍ਰਿਤਬਾਣੀ' ਧਾਰਮਕ ਗ੍ਰੰਥ ਵਿਰੁਧ ਸਖ਼ਤ ਇਤਰਾਜ਼ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਬਾਬਾ ਨਿਰੰਜਣ ਦਾਸ ਨੂੰ ਭਗਤ ਰਵਿਦਾਸ ਦੇ ਜਨਮ-ਅਸਥਾਨ ਸੀਰ ਗੋਵਰਧਨਪੁਰ ਵਾਰਾਣਸੀ ਵਿਖੇ ਅਜਿਹੀ ਗਤੀਵਿਧੀ ਚਲਾਉਣ ਦਾ ਕੋਈ ਅਧਿਕਾਰ ਨਹੀਂ। ਇਸ ਮੌਕੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸਤਿੰਦਰਜੀਤ ਸਿੰਘ ਹੀਰਾ, ਉਪ ਪ੍ਰਧਾਨ ਚੇਤ ਰਾਮ ਤੱਖੀ, ਬਲਵਿੰਦਰ ਬਿੱਟੂ ਜਨਰਲ ਸਕੱਤਰ, ਚਰਨ ਦਾਸ ਹੀਰ ਪੰਜਾਬ ਪ੍ਰਧਾਨ, ਬਲਬੀਰ ਸਿੰਘ ਸੰਯੁਕਤ ਸਕੱਤਰ ਤੇ ਹੋਰ ਆਗੂ ਹਾਜ਼ਰ ਸਨ। ਉਨ੍ਹਾਂ ਸਪੱਸ਼ਟ ਕੀਤਾ ਕਿ ਭਗਤ ਰਵਿਦਾਸ ਦੀ ਬਾਣੀ ਬਹੁਤ ਜ਼ਿਆਦਾ ਹੈ ਅਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਨ੍ਹਾਂ ਦੀ ਬਾਣੀ ਨੂੰ ਪ੍ਰਮਾਣਿਕ ਮੰਨਿਆ ਜਾ ਚੁੱਕਾ ਹੈ।

ਬਾਕੀ ਬਾਣੀ ਬਾਰੇ ਖੋਜ ਚੱਲ ਰਹੀ ਹੈ ਜਿਸ ਦਾ ਫ਼ੈਸਲਾ ਸਮੁੱਚੀ ਕੌਮ ਦੇ ਵਿਦਵਾਨ ਅਤੇ ਆਗੂ ਡੂੰਘੀ ਵਿਚਾਰ-ਚਰਚਾ ਪਿੱਛੋਂ ਹੀ ਕਰ ਸਕਦੇ ਹਨ। ਇਸ ਸਬੰਧੀ ਡੇਰਾ ਬੱਲਾਂ ਵਲੋਂ ਇਕੱਲੇ ਤੌਰ 'ਤੇ ਕੋਈ ਫ਼ੈਸਲਾ ਲੈਣਾ ਨਿੰਦਣਯੋਗ ਕਾਰਵਾਈ ਹੈ। ਆਗੂਆਂ ਨੇ ਦਸਿਆ 1963 ਤੋਂ 1965 ਤਕ ਮਰਹੂਮ ਬੰਤਾ ਰਾਮ ਘੇੜਾ ਨੇ ਭਗਤ ਰਵਿਦਾਸ ਦੇ ਜਨਮ ਅਸਥਾਨ ਦੀ ਖੋਜ ਕਰ ਕੇ ਪ੍ਰਗਟ ਕੀਤਾ ਅਤੇ ਇਸ ਅਸਥਾਨ ਦੀ ਉਸਾਰੀ ਸ਼ੁਰੂ ਕਰਵਾਈ। ਉਸ ਤੋਂ ਬਾਅਦ ਕੌਮ ਦੇ ਮੁੱਖ ਧਰਮ ਅਸਥਾਨ ਸੀਰ ਗੋਵਰਧਨਪੁਰ ਵਾਰਾਣਸੀ ਦਾ ਅੰਦਰੂਨੀ ਪ੍ਰਬੰਧ ਅਤੇ ਸਾਲਾਨਾ ਪ੍ਰਕਾਸ਼ ਉਤਸਵ, ਦੀਵਾਨ ਅਤੇ ਸ਼ੋਭਾ-ਯਾਤਰਾ ਦੇ ਆਯੋਜਨ ਦਾ ਪ੍ਰਬੰਧ ਸਰਕਾਰੀ ਰਿਕਾਰਡ ਤਹਿਤ ਆਦਿ-ਧਰਮ ਮਿਸ਼ਨ ਦੇ ਅਧੀਨ ਹੀ ਚਲਦਾ ਆ ਰਿਹਾ ਹੈ। ਪ੍ਰਸ਼ਾਸਨ ਤੋਂ ਸ਼ੋਭਾ ਯਾਤਰਾ ਦੀ ਮਨਜ਼ੂਰੀ ਵੀ ਆਦਿ ਮਿਸ਼ਨ ਨੂੰ ਹੀ ਮਿਲਦੀ ਹੈ। 1993 ਵਿਚ ਡੇਰਾ ਬੱਲਾਂ ਦੇ ਟਰੱਸਟੀਆਂ ਨੇ ਕੌਮੀ ਗੁਰੂ ਘਰ 'ਤੇ ਮੌਕੇ ਦੀ ਸਰਕਾਰ ਨਾਲ ਮਿਲੀਭੁਗਤ ਰਾਹੀਂ ਜਬਰਨ ਕਬਜ਼ਾ ਕਰ ਲਿਆ ਪਰ ਇਸ ਦੇ ਬਾਵਜੂਦ ਅੱਜ ਤਕ ਸ਼ੋਭਾ ਯਾਤਰਾ ਲਈ ਮਨਜ਼ੂਰੀ ਆਦਿ ਧਰਮ ਮਿਸ਼ਨ ਨੂੰ ਹੀ ਮਿਲਦੀ ਹੈ। ਆਗੂਆਂ ਅਨੁਸਾਰ 9 ਫ਼ਰਵਰੀ 1912 ਨੂੰ ਬਾਬਾ ਸਰਵਣ ਦਾਸ (ਬੱਲਾਂ) ਜ਼ਿਲ੍ਹਾ ਜਲੰਧਰ ਨੇ ਇਕਰਾਰਨਾਮਾ ਲਿਖ ਕੇ ਦਿਤਾ ਕਿ ਆਲ ਇੰਡੀਆ ਆਦਿ ਧਰਮ ਮਿਸ਼ਨ ਦੀ ਖੋਜ ਅਤੇ ਇੰਤਜ਼ਾਮ ਨਾਲ ਜੋ ਭਗਤ ਰਵਿਦਾਸ ਜਨਮ ਅਸਥਾਨ ਮੁਕਾਮ ਸੀਰ ਗੋਵਰਧਨਪੁਰ, ਜ਼ਿਲ੍ਹਾ ਵਾਰਾਣਸੀ, ਯੂ.ਪੀ. ਵਿਖੇ ਬਣਾ ਰਹੇ ਹਨ, ਉਹ ਤਮਾਮ ਰਵਿਦਾਸੀਆ ਕੌਮ (ਆਦਿ ਵਾਸੀ) ਦੀ ਮਲਕੀਅਤ ਹੋਵੇਗੀ ਅਤੇ ਇੰਤਜ਼ਾਮ ਆਲ ਇੰਡੀਆ ਆਦਿ ਧਰਮ ਮਿਸ਼ਨ ਦਾ ਹੋਵੇਗਾ। ਮੇਰਾ ਜਾਂ ਮੇਰੇ ਰਿਸ਼ਤੇਦਾਰਾਂ ਅਤੇ ਸੇਵਕਾਂ ਦਾ ਕੋਈ ਮਲਕੀਤੀ ਹੱਕ ਨਹੀਂ ਹੋਵੇਗਾ।

ਇਸ ਕਰ ਕੇ ਡੇਰਾ ਬੱਲਾਂ ਦੇ ਟਰੱਸਟੀਆਂ ਨੂੰ ਕੋਈ ਅਧਿਕਾਰ ਨਹੀਂ ਕਿ ਭਾਰਤ ਦੇ ਆਦਿ ਧਰਮੀਆਂ ਨੂੰ ਕੋਈ ਹੁਕਮ ਜਾਰੀ ਕਰਨ। ਉਨ੍ਹਾਂ ਇਸ ਸਬੰਧੀ ਸਬੂਤ ਵੀ ਪੇਸ਼ ਕੀਤੇ ਕਿ ਸੀਰ ਗੋਵਰਧਨਪੁਰ ਵਿਚ ਗੁਰੂ ਘਰ ਦੀ ਬਿਜਲੀ, ਪਾਣੀ ਅਤੇ ਵਿਦਿਆ ਦਾ ਪ੍ਰਬੰਧ ਆਦਿ ਧਰਮ ਮਿਸ਼ਨ ਵਲੋਂ ਚੱਲ ਰਿਹਾ ਹੈ ਅਤੇ ਗੁਰੂ ਘਰ ਦੀ ਜਨਮ ਭੂਮੀ ਵਾਲੀ ਜਗ੍ਹਾ ਦੀ ਰਜਿਸਟਰੀ ਵੀ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਨਾਮ ਉਤੇ ਹੈ। ਆਗੂਆਂ ਨੇ ਦੋਸ਼ ਲਗਾਇਆ ਕਿ 1993 ਵਿਚ ਰਾਤ ਨੂੰ ਮਰਹੂਮ ਬਾਬਾ ਰਾਮਾਨੰਦ ਦੀ ਅਗਵਾਈ ਵਿਚ ਕੁਝ ਲੋਕਾਂ ਨੇ ਕਬਜ਼ਾ ਕੀਤਾ ਸੀ ਜਿਸ ਦਾ ਸਬੂਤ ਉਸ ਮੌਕੇ ਉਚ ਅਧਿਕਾਰੀਆਂ ਨੂੰ ਭੇਜੀਆਂ ਤਾਰਾਂ ਹਨ ਅਤੇ ਉਦੋਂ ਤੋਂ ਆਦਿ ਧਰਮ ਮਿਸ਼ਨ ਦਾ ਡੇਰਾ ਬੱਲਾਂ ਦੇ ਧਾਰਮਕ ਵਿਅਕਤੀਆਂ ਨਾਲ ਮੁਕੱਦਮਾ ਚੱਲ ਰਿਹਾ ਹੈ। ਇਸ ਦੀ ਅਗਲੀ ਪੇਸ਼ੀ 23 ਫ਼ਰਵਰੀ ਨੂੰ ਹੈ। ਆਗੂਆਂ ਨੇ ਇਹ ਵੀ ਦਾਅਵਾ ਕੀਤਾ ਕਿ ਡੇਰਾ ਬੱਲਾਂ ਦੀ ਸੰਗਤ ਵਧੇਰੇ ਵਿਦੇਸ਼ੀ ਜਾਂ ਪੰਜਾਬ ਦੇ ਖ਼ਾਸ ਖੇਤਰ ਤੋਂ ਹੈ ਜਦਕਿ ਆਦਿ ਧਰਮ ਨਾਲ ਜੁੜੀ ਸੰਗਤ ਉਥੋਂ ਦੀ ਹੀ ਹੈ।

# 11 ਸਾਲਾਂ ਦਾ ਗੁਰਜੀਵਨ ਬਣਿਆ ਲੋਕਾਂ ਦਾ ਹੀਰੋ




**ਬਠਿੰਡਾ:** ਪੁਲਿਸ ਅਫ਼ਸਰ ਬਣਨ ਦੀ ਚਾਹਤ ਰੱਖਣ ਵਾਲਾ ਗੁਰਜੀਵਨ ਗ਼ਰੀਬੀ ਦੀ ਮਾਰ ਦੇ ਚਲਦਿਆਂ ਬੇਸ਼ੱਕ ਸਕੂਲ ਵਿਚ ਤਾਂ ਪੈਰ ਨਹੀਂ ਪਾ ਸਕਿਆ, ਪਰ ਮਾਪਿਆਂ ਦੀ ਸਰਪ੍ਰਸਤੀ ਵਿਹੂਣੇ ਇਸ ਗਿਆਰਾਂ ਸਾਲਾ ਬੱਚੇ ਨੇ ਖਾਲੀ ਹੱਥ ਤਿੰਨ ਹਥਿਆਰਬੰਦ ਲੁਟੇਰਿਆਂ ਦਾ ਮੁਕਾਬਲਾ ਕਰਕੇ ਬਹਾਦਰੀ ਦਾ ਜੋ ਅਜਬ ਰਿਕਾਰਡ ਕਾਇਮ ਕੀਤੈ, ਉਸ ਮੂਹਰੇ ਵੱਡੇ-ਵੱਡੇ ਮੈਡਲ ਪ੍ਰਾਪਤ ਕਰਨ ਵਾਲੇ ਅਧਿਕਾਰੀ ਵੀ ਬੌਣੇ ਜਾਪਣ ਲੱਗ ਪਏ ਹਨ। ਇਸ ਮਾਸੂਮ ਦੀ ਦਲੇਰੀ ਦੀ ਕਦਰ ਪਾਉਂਦਿਆਂ ਡੀ ਆਈ ਜੀ ਬਠਿੰਡਾ ਡਾ. ਜਤਿੰਦਰ ਜੈਨ ਨੇ ਬੱਚਿਆਂ ਲਈ ਰਾਸ਼ਟਰਪਤੀ ਦੇ ਬਹਾਦਰੀ ਵਾਲੇ ਮੈਡਲ ਲਈ ਹੀ ਉਸਦੇ ਨਾਂ ਦੀ ਸਿਫਾਰਸ਼ ਨਹੀਂ ਕੀਤੀ, ਸਗੋਂ ਦਸ ਹਜ਼ਾਰ ਰੁਪਏ ਦਾ ਨਕਦ ਇਨਾਮ, ਇੱਕ ਟਰਾਫ਼ੀ ਤੇ ਕਿਤਾਬਾਂ ਦੇ ਇੱਕ ਸੈੱਟ ਨਾਲ ਉਸਨੂੰ ਲੰਘੀ 11 ਫਰਵਰੀ ਨੂੰ ਇੱਥੇ ਸਨਮਾਨਤ ਵੀ ਕੀਤਾ।

ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਹਿੱਲ ਚੁੱਕੀ ਪਰਵਾਸੀ ਪਿਛੋਕੜ ਵਾਲੀ ਮਾਂ ਦੇ ਪੁੱਤਰ, ਭਰਾਵਾਂ ਤੇ ਭੈਣਾਂ 'ਚੋਂ ਵਿਚਕਾਰਲੇ ਗੁਰਜੀਵਨ ਦੀ ਉਮਰ ਉਦੋਂ ਚਾਰ ਕੁ ਵਰ੍ਹਿਆਂ ਦੀ ਹੀ ਸੀ, ਜਦ ਉਸਦੇ ਸਿਰ ਤੋਂ ਬਾਪ ਸਰਬਣ ਸਿੰਘ ਦਾ ਛਾਇਆ ਉਠ ਗਿਆ। ਰੁਲਦਾ ਖੁਲਦਾ ਕਿਸੇ ਤਰ੍ਹਾਂ ਉਹ ਆਪਣੇ ਜੱਦੀ ਪਿੰਡ ਖੱਤਰੀਵਾਲਾ ਤੋਂ ਮਾਨਸਾ ਜ਼ਿਲ੍ਹੇ ਦੇ ਹੀ ਫਫੜੇ ਭਾਈ ਕੇ ਪਿੰਡ ਪਹੁੰਚ ਗਿਆ, ਜਿੱਥੋਂ ਦੇ ਇੱਕ ਦਿਆਲੂ ਸੱਜਣ ਮਲਕੀਤ ਸਿੰਘ ਨੰਬਰਦਾਰ ਨੇ ਉਸਨੂੰ ਪਾਲਣ ਪੋਸਣ ਦੀ ਜ਼ਿੰਮੇਵਾਰੀ ਉਠਾਈ। ਸੁਰਤ ਸੰਭਾਲਦਿਆਂ ਹੀ ਗੁਰਜੀਵਨ ਨੇ ਆਪਣੇ ਮਾਲਕ ਦੇ ਘਰ ਘਰੇਲੂ ਨੌਕਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪਿੰਡ ਦੇ ਮੋਹਤਬਰਾਂ ਅਨੁਸਾਰ ਤਿੱਖੀ ਬੁੱਧੀ ਦਾ ਮਾਲਕ ਇਹ ਬੱਚਾ ਅਕਸਰ ਹੀ ਆਪਣੀ ਕਿਸਮਤ 'ਤੇ ਝੂਰਦਾ ਹੋਇਆ ਇਹ ਕਹਿੰਦਾ ਰਹਿੰਦਾ ਹੈ ਕਿ ਉਹ ਪੜ੍ਹ-ਲਿਖ ਕੇ ਵੱਡਾ ਪੁਲਿਸ ਅਫ਼ਸਰ ਬਣਨਾ ਚਾਹੁੰਦਾ ਸੀ, ਪਰ ਵਕਤ ਨੇ ਵਫ਼ਾ ਨਹੀਂ ਕੀਤੀ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਦੁਪਹਿਰ 12 ਕੁ ਵਜੇ ਗੁਰਜੀਵਨ ਉਦੋਂ ਆਪਣੇ ਪਾਲਕ ਦੇ ਦਰਵਾਜ਼ੇ ਅੱਗੇ ਖੜ੍ਹਾ ਸੀ, ਜਦ ਸਤਲੁਜ ਗਰਾਮੀਣ ਬੈਂਕ ਫਫੜੇ ਭਾਈ ਕੇ ਦੇ ਗੰਨਮੈਨ ਨੂੰ ਜ਼ਖ਼ਮੀ ਕਰਕੇ ਤਿੰਨ ਹਥਿਆਰਬੰਦ ਲੁਟੇਰੇ ਉਸਦੀ ਬੰਦੂਕ ਖੋਹ ਰਹੇ ਸਨ। ਚੀਕ ਪੁਕਾਰ ਸੁਣ ਕੇ ਰੌਲਾ ਪਾਉਂਦਿਆਂ ਗੁਰਜੀਵਨ ਨੇ ਨਾ ਸਿਰਫ਼ ਪਿੰਡ ਦੇ ਲੋਕਾਂ ਨੂੰ ਖਬਰਦਾਰ ਕਰ ਦਿੱਤਾ, ਬਲਕਿ ਮੌਕਾ-ਏ-ਵਾਰਦਾਤ 'ਤੇ ਪੁੱਜ ਕੇ ਲੁਟੇਰਿਆਂ ਨੂੰ ਰੋੜੇ ਮਾਰਨੇ ਸ਼ੁਰੂ ਕਰ ਦਿੱਤੇ। ਇਕ ਲੁਟੇਰੇ ਨੇ ਉਸ ਉਪਰ ਪਿਸਤੌਲ ਨਾਲ ਫਾਇਰ ਕਰ ਦਿੱਤਾ, ਪਰ ਉਹ ਬਚ ਗਿਆ। ਬਾਵਜੂਦ ਇਸਦੇ ਉਸਨੇ ਜਦੋਂ ਹੌਸਲਾ ਨਾ ਹਾਰਿਆ ਤਾਂ ਦੂਜੇ ਨੇ ਮੱਥੇ ਵਿਚ ਰੋੜਾ ਮਾਰ ਕੇ ਗੁਰਜੀਵਨ ਨੂੰ ਜ਼ਖਮੀ ਕਰ ਦਿੱਤਾ। ਗੁਰਜੀਵਨ ਅਜੇ ਲੁਟੇਰਿਆਂ ਨਾਲ ਮੁਕਾਬਲੇ ਤੇ ਪੂਰੀ ਦਲੇਰੀ ਨਾਲ ਡਟਿਆ ਹੋਇਆ ਸੀ ਕਿ ਪਿੰਡ ਦੇ ਲੋਕ ਆਉਂਦੇ ਦਿਸ ਪਏ। ਹੌਸਲਾ ਦਿਖਾਉਂਦਿਆਂ ਉਸਨੇ ਇੱਕ ਲੁਟੇਰੇ ਵਲ ਰੋੜਾ ਵਗਾਹ ਮਾਰਿਆ, ਹੱਥ 'ਤੇ ਲੱਗਣ ਦੀ ਵਜ੍ਹਾ ਕਾਰਨ ਲੁਟੇਰੇ ਦਾ ਪਿਸਤੌਲ ਡਿੱਗ ਪਿਆ। ਦੇਖਦਿਆਂ ਹੀ ਦੇਖਦਿਆਂ ਲੋਕਾਂ ਦੀ ਭੀੜ ਨੇ ਤਿੰਨਾਂ ਲੁਟੇਰਿਆਂ ਨੂੰ ਕਾਬੂ ਕਰਕੇ ਉਨ੍ਹਾਂ ਦਾ ਕੁਟਾਪਾ ਚਾੜ੍ਹ ਦਿੱਤਾ।

ਸਤਲੁਜ ਗਰਾਮੀਣ ਬੈਂਕ ਦੇ ਚੇਅਰਮੈਨ ਕੇ ਜੇ ਐਸ ਢਿੱਲੋਂ ਦਾ ਕਹਿਣਾ ਹੈ ਕਿ ਜੇਕਰ ਇਹ ਬੱਚਾ ਆਪਣੇ ਵਿੱਤ ਤੋਂ ਵਧ ਦਲੇਰੀ ਨਾ ਦਿਖਾਉਂਦਾ ਤਾਂ ਯਕੀਨਨ ਲੁਟੇਰਿਆਂ ਨੇ ਬੈਂਕ ਲੁੱਟ ਲੈਣੀ ਸੀ। ਉਸਦੇ ਸਨਮਾਨ ਲਈ ਮੀਡੀਆ ਪ੍ਰਤੀਨਿਧਾਂ ਸਮੇਤ ਡੀ ਆਈ ਜੀ ਡਾ. ਜੈਨ ਆਪਣੇ ਕੈਂਪ ਆਫਿਸ ਵਿਖੇ ਉਸਦੀ ਉਡੀਕ ਕਰ ਰਹੇ ਸਨ ਕਿ ਪਿੰਡ ਦੀ ਪੰਚਾਇਤ ਸਮੇਤ ਗੁਰਜੀਵਨ ਐਨੇ ਆਤਮ ਵਿਸ਼ਵਾਸ ਨਾਲ ਆ ਪਹੁੰਚਿਆ ਕਿ ਜਿਵੇਂ ਉਹ ਸਭ ਨੂੰ ਪਹਿਲਾਂ ਤੋਂ ਹੀ ਚੰਗੀ ਤਰ੍ਹਾਂ ਜਾਣਦਾ ਹੋਵੇ। ਡਾ. ਜੈਨ ਵਲੋਂ ਵਧਾਏ ਹੱਥ ਨੂੰ ਬੜੀ ਗਰਮਜੋਸ਼ੀ ਨਾਲ ਫੜਦਿਆਂ ਗੁਰਜੀਵਨ ਨੇ ਫਤਹਿ ਬੁਲਾਈ। ਆਪਣੇ ਬਰਾਬਰ ਕੁਰਸੀ 'ਤੇ ਬਿਠਾਉਣ ਉਪਰੰਤ ਜਦ ਡੀ ਆਈ ਜੀ ਨੇ ਪੁੱਛਿਆ ਕਿ ਚਾਹ ਪੀਣੀ ਹੈ ਜਾਂ ਕੌਫੀ ਤਾਂ ਉਸਨੇ ਕੌਫੀ ਦੀ ਮੰਗ ਕੀਤੀ।


MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40



Asiana Airlines · Emirates · Singapore Airlines · Cathay Pacific · Korean Air · Lufthansa · China Airlines
We Also Offer Notary Service



NCP College of Nursing
Educate | Grow | Succeed
100% NCLEX-PN Pass Rate! SSF Campus 5 Consecutive Quarters January 1008 - March 2009
Affordable Payment Plans! Up to 10 years Repayment Terms on Approved Credit
Start your career now! Find a job fast using our Job Placement Office.
Start Your Nursing Career Today!
Full Time
Part Time
Day & Evening




12 Month LVN Program • 20 Day CNA Program
- LVN Vocational Nursing Program
- CNA Nursing Assistant Training
- CNA Acute Care Training
- IV Therapy & Blood Withdrawal Certification Course
- NCLEX-PN Test Preparation Workshop
- CPR
- Medical Terminology
- Continuing Education for RNs

Choose which is right for you... Your career is a call away. Call today!
www.ncpcollegeofnursing.com
Peninsula Campus 257 Longford Drive #5 So. San Francisco, CA 94080 1.800.339.5145
East Bay Campus 21615 Hesperian Blvd, Ste A Hayward, CA 94541 1.800.611.4054




FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



Realtor & Mortgage Specialist
Bay Area & Central Valley
ਚੰਗੀ ਜੁਗਤਤ-ਚਿੰਤਾ ਮੁਕਤਤ
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।
Refinance, Home Loan, SBA Loan
(All at Best Rates)
RAJ SINGH
Notary Free
Cell:510-452-7370
MISSIONPEAK BROKERS, INC. PEAK OF EXCELLENCE
46560 Fremont Blvd.
Suite #111 Fremont, CA 94538
singhrajpaul@yahoo.com

# ਅਕਾਲੀ ਦਲ (ਬਾਦਲ) ਹੁਣ ਨਵੇਂ ਜਥੇਦਾਰਾਂ ਦੀ ਭਾਲ ਵਿਚ ਸਰਗਰਮ

## ਬਾਦਲ ਵਿਰੋਧੀਆਂ ਨੇ ਗੁਰਧਾਮਾਂ ਦੀ ਆਜ਼ਾਦੀ ਦਾ ਲਿਆ ਦ੍ਰਿੜ੍ਹ ਸੰਕਲਪ

**ਅੰਮ੍ਰਿਤਸਰ**: ਸੰਤ ਸਮਾਜ ਦੀ ਰਜ਼ਾਮੰਦੀ ਨਾਲ ਪ੍ਰਵਾਸੀ ਪੰਜਾਬੀ ਪਾਲ ਸਿੰਘ ਪੁਰੇਵਾਲ ਵਲੋਂ ਮਿਹਨਤ ਅਤੇ ਲਗਨ ਨਾਲ ਤਿਆਰ ਕੀਤੇ ਨਾਨਕਸ਼ਾਹੀ ਕੈਲੰਡਰ ਰੱਦ ਕਰਨ ਤੋਂ ਬਾਅਦ ਕੀ ਹੁਣ ਨਵਾਂ ਕੈਲੰਡਰ ਜਾਰੀ ਕਰਨਗੇ ? ਇਹ ਸਵਾਲ ਪਿਛਲੇ ਕੁੱਝ ਦਿਨਾਂ ਤੋਂ ਵੱਡੀ ਪੱਧਰ 'ਤੇ ਪੰਥਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਨਵਾਂ ਨਾਨਕਸ਼ਾਹੀ ਸਾਲ 14 ਮਾਰਚ ਭਾਵ 1 ਚੇਤ ਤੋਂ ਆਰੰਭ ਹੋਣਾ ਹੈ ਤੇ ਹੁਣ ਇਸ ਨਵੇਂ ਕੈਲੰਡਰ ਮਾਮਲੇ 'ਤੇ ਸੋਧਾਂ ਕਰਨ ਵਾਲੀਆਂ ਧਿਰਾਂ ਬਹੁਤ ਹੀ ਫੂਕ-ਫੂਕ ਕੇ ਕਦਮ ਰੱਖ ਰਹੀਆਂ ਹਨ। ਕੋਈ ਵੀ ਧਿਰ ਇਸ ਮਾਮਲੇ 'ਤੇ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦੀ। ਇਸ ਲਈ ਸੰਭਵ ਹੈ ਕਿ ਨਵਾਂ ਕੈਲੰਡਰ ਨਵੇਂ ਜਥੇਦਾਰਾਂ ਹੱਥੋਂ ਰਿਲੀਜ਼ ਹੋਵੇ। ਹੁਣ ਅਗਲੇ ਮਹੀਨੇ ਚੜ੍ਹਨ ਵਾਲੇ ਨਵੇਂ ਨਾਨਕਸ਼ਾਹੀ ਸਾਲ ਵਿਚ ਸੋਧਿਆ ਕੈਲੰਡਰ ਜਾਰੀ ਹੋਵੇਗਾ। ਇਸ ਕੈਲੰਡਰ ਨੂੰ ਕਿਹੜੇ ਜਥੇਦਾਰ ਸਾਹਿਬਾਨ ਜਾਰੀ ਕਰਨਗੇ। ਨਵੇਂ ਜਥੇਦਾਰਾਂ ਦੀ ਤਿਆਰ ਸੂਚੀ ਵਿਚ ਭਾਈ ਬਲਦੇਵ ਸਿੰਘ ਮੁਖੀ ਅਖੰਡ ਕੀਰਤਨੀ ਜਥਾ ਅੰਮ੍ਰਿਤਸਰ, ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਮੈਂਬਰ ਬਾਬਾ ਟੇਕ ਸਿੰਘ ਧਨੌਲਾ ਸਣੇ ਅਕਾਲ ਤਖ਼ਤ ਦੇ ਸਾਬਕਾ ਮੁੱਖ ਸੇਵਾਦਾਰ ਪ੍ਰੋ. ਮਨਜੀਤ ਸਿੰਘ ਅਤੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਇਕ ਕਥਾ ਵਾਚਕ ਗਿਆਨੀ ਪਿੰਦਰਪਾਲ ਸਿੰਘ ਦੇ ਨਾਮ ਦੀ ਚਰਚਾ ਜ਼ੋਰ-ਸ਼ੋਰ ਨਾਲ ਉਠੀ ਹੋਈ ਹੈ। ਨਾਨਕਸ਼ਾਹੀ ਕੈਲੰਡਰ ਸੋਧਣ ਦੇ ਮਾਮਲੇ ਵਿਚ ਬੇਹੱਦ ਸਖ਼ਤ ਰਵਈਆ ਅਖ਼ਤਿਆਰ ਕਰਨ ਵਾਲੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਦੀ ਜਗ੍ਹਾ ਗਿਆਨੀ ਬਲਦੇਵ ਸਿੰਘ ਜਾਂ ਬਾਬਾ ਟੇਕ ਸਿੰਘ ਧਨੌਲਾ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ। ਇਹ ਦੋਵੇਂ ਹੀ ਧਾਰਮਕ ਸ਼ਖ਼ਸੀਅਤਾਂ ਕਾਫ਼ੀ ਸਮੇਂ ਤੋਂ ਮਾਲਵਾ ਖੇਤਰ ਵਿਚ ਧਰਮ ਪ੍ਰਚਾਰ ਵਿਚ ਰੁਝੀਆਂ ਹੋਈਆਂ ਹਨ। ਬੇਹੱਦ ਸਰਗਰਮ ਭਾਈ ਬਲਦੇਵ ਸਿੰਘ ਸ਼੍ਰੋਮਣੀ ਕਮੇਟੀ ਵਲੋਂ ਵਿੱਢੀ ਧਰਮ ਪ੍ਰਚਾਰ ਮੁਹਿੰਮ ਦੇ ਚੇਅਰਮੈਨ ਹਨ ਅਤੇ ਉਨ੍ਹਾਂ ਦਾ ਕਾਰਜ ਖੇਤਰ ਵੀ ਲੰਬੇ ਸਮੇਂ ਤੋਂ ਮਾਲਵਾ ਹੀ ਹੈ। ਪਿਛਲੇ ਦਿਨੀਂ ਸ. ਪ੍ਰਕਾਸ਼ ਸਿੰਘ ਬਾਦਲ ਦੇ ਸਾਹਮਣੇ ਅਪਣਾ ਸ਼ਕਤੀ ਪ੍ਰਦਰਸ਼ਨ ਕਰਨ ਲਈ ਭਾਈ ਬਲਦੇਵ ਸਿੰਘ ਨੇ ਅਪਣੀ ਸੰਸਥਾ ਦੀ ਤਰਫ਼ੋਂ ਕਰਵਾਏ ਗਏ ਪ੍ਰੋਗਰਾਮ ਵਿਚ ਮੁੱਖ ਮੰਤਰੀ ਨੂੰ ਵਿਸ਼ੇਸ਼ ਤੌਰ 'ਤੇ ਸਦਿਆ ਸੀ ਅਤੇ ਉਥੇ ਮੌਜੂਦ ਹਰ ਇਕ ਬੁਲਾਰੇ ਨੇ ਭਾਈ ਬਲਦੇਵ ਸਿੰਘ ਵਲੋਂ ਧਰਮ ਪ੍ਰਚਾਰ ਖੇਤਰ ਵਿਚ ਨਿਭਾਏ ਰੋਲ ਨੂੰ ਵੇਖਦਿਆਂ ਮੁੱਖ ਮੰਤਰੀ ਕੋਲੋਂ ਮਾਲਵਾ ਖੇਤਰ ਵਿਚ ਭਾਈ ਬਲਦੇਵ ਸਿੰਘ ਨੂੰ ਕੋਈ ਜ਼ੁੰਮੇਵਾਰ ਅਹੁਦਾ ਦੇਣ ਦੀ ਮੰਗ ਵੀ ਕੀਤੀ ਸੀ।

ਮੁੱਖ ਮੰਤਰੀ ਨੇ ਮੌਕੇ 'ਤੇ ਬੇਸ਼ਕ ਕੋਈ ਹੁੰਗਾਰਾ ਨਾ ਭਰਿਆ ਪਰ ਇਕ ਗੱਲ ਸਾਫ਼ ਹੈ ਕਿ ਮੁੱਖ ਮੰਤਰੀ ਹੁਣ ਭਾਈ ਬਲਦੇਵ ਸਿੰਘ ਦੇ ਮੋਢਿਆਂ 'ਤੇ ਕੋਈ ਵੱਡੀ ਜ਼ੁੰਮੇਵਾਰੀ ਪਾਉਣ ਦੇ ਰੌਂਅ ਵਿਚ ਹਨ। ਸੰਭਵ ਹੈ ਕਿ ਗਿਆਨੀ ਨੰਦਗੜ੍ਹ ਦੀ ਛੁੱਟੀ ਤੋਂ ਬਾਅਦ ਭਾਈ ਬਲਦੇਵ ਸਿੰਘ ਉਨ੍ਹਾਂ ਦੇ ਜਾਨਸ਼ੀਨ ਹੋ ਸਕਦੇ ਹਨ। ਮਾਲਵੇ ਵਿਚ ਦੂਜੀ ਧਾਰਮਕ ਸ਼ਖ਼ਸੀਅਤ ਵਜੋਂ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ ਬਾਬਾ ਟੇਕ ਸਿੰਘ ਧਨੌਲਾ ਦਾ ਨਾਮ ਵੀ ਉਭਰ ਰਿਹਾ ਹੈ। ਬਾਬਾ ਟੇਕ ਸਿੰਘ ਧਨੌਲਾ ਨੂੰ ਇਸ ਵਾਰ ਸ਼੍ਰੋਮਣੀ ਕਮੇਟੀ ਵਿਚ ਕੋਈ ਵੱਡੀ ਜ਼ੁੰਮੇਵਾਰੀ ਸੌਂਪਣ ਲਈ ਸੱਤਾਧਾਰੀ ਅਕਾਲੀ ਪਾਰਟੀ ਦੇ ਸੁਪਰੀਮੋ ਨੇ ਮੌਖਿਕ ਰਜ਼ਾਮੰਦੀ ਦਿਤੀ ਸੀ ਪਰ ਐਨ ਮੌਕੇ 'ਤੇ ਕਿਸੇ ਚੰਗੀ ਥਾਂ 'ਤੇ ਅਡਜਸਟ ਕਰਨ ਦੀ ਗੱਲ ਆਖ ਕੇ ਪਹਿਲੇ ਹੁਕਮ ਰੱਦ ਕਰ ਦਿਤੇ ਗਏ ਸਨ। ਬਾਬਾ ਟੇਕ ਸਿੰਘ ਧਨੌਲਾ ਅਪਣੇ ਸਿਆਸੀ ਆਕਾ ਸ. ਸੁਖਦੇਵ ਸਿੰਘ ਢੀਂਡਸਾ ਰਾਹੀਂ ਹਰ ਹੀਲੇ ਹੁਣ ਅਪਣੀ ਅਡਜਸਟਮੈਂਟ ਚਾਹੁੰਦੇ ਹਨ ਤੇ ਸ. ਢੀਂਡਸਾ ਦੀ ਵੀ ਦਿਲੀ ਇੱਛਾ ਬਾਬਾ ਟੇਕ ਸਿੰਘ ਧਨੌਲਾ ਨੂੰ ਵੱਡੀ ਜ਼ੁੰਮੇਵਾਰੀ ਵਾਲੀ ਥਾਂ 'ਤੇ ਸਥਾਪਤ ਕਰਨ ਦੀ ਹੈ। ਇਸ ਲਈ ਸੰਭਵ ਹੈ ਕਿ ਭਾਈ ਬਲਦੇਵ ਸਿੰਘ ਦੀਆਂ ਸਿਆਸੀ ਗੋਟੀਆਂ ਫ਼ਿੱਟ ਨਾ ਹੋਣ ਦੀ ਸੂਰਤ ਵਿਚ ਬਾਬਾ ਟੇਕ ਸਿੰਘ ਧਨੌਲਾ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਸੰਭਾਲ ਦਿਤੀ ਜਾਵੇ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬਾਬਾ ਟੇਕ ਸਿੰਘ ਧਨੌਲਾ ਖ਼ੁਦ ਇਕ ਡੇਰੇਦਾਰ ਵੀ ਹਨ ਅਤੇ ਡੇਰੇਦਾਰਾਂ ਦੀਆਂ ਲੋੜਾਂ ਅਤੇ ਇਛਾਵਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਦੂਜੇ ਪਾਸੇ ਭਾਈ ਬਲਦੇਵ ਸਿੰਘ ਮੁਖੀ ਅਖੰਡ ਕੀਰਤਨੀ ਜਥਾ ਅੰਤਰਰਾਸ਼ਟਰੀ ਦੀ ਗਰਮ ਖ਼ਿਆਲ ਧਿਰਾਂ ਵਿਚ ਵੀ ਚੰਗੀ ਪੈਂਠ ਹੈ ਅਤੇ ਗਰਮ ਖ਼ਿਆਲੀ ਧਿਰਾਂ ਲਈ ਵੀ ਮਨਜ਼ੂਰ ਸ਼ੁਦਾ ਜਥੇਦਾਰ ਹੋ ਸਕਦੇ ਹਨ। ਕਿਆਸ ਅਰਾਈ ਤਾਂ ਇਹ ਵੀ ਹੈ ਕਿ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਤਰਲੋਚਨ ਸਿੰਘ ਨੂੰ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਲਿਆ ਕੇ ਨਾਨਕਸ਼ਾਹੀ ਕੈਲੰਡਰ ਦਾ ਸੋਧਿਆ ਕੈਲੰਡਰ ਜਾਰੀ ਕਰਵਾ ਦਿਤਾ ਜਾਵੇ। ਗਿਆਨੀ ਤਰਲੋਚਨ ਸਿੰਘ ਦਾ 10 ਸਾਲ ਦਾ ਕੈਰੀਅਰ ਉਨ੍ਹਾਂ ਦੇ ਰਸਤੇ ਨੂੰ ਹੋਰ ਵੀ ਸੌਖਾ ਬਣਾ ਰਿਹਾ ਹੈ। ਪਿਛਲੇ 10 ਸਾਲ ਤੋਂ ਸ੍ਰੀ ਕੇਸਗੜ੍ਹ ਦੇ ਜਥੇਦਾਰ ਵਜੋਂ ਸੇਵਾ ਨਿਭਾਅ ਰਹੇ ਗਿਆਨੀ ਤਰਲੋਚਨ ਸਿੰਘ ਉਤੇ ਅੱਜ ਤਕ ਕੋਈ ਅਜਿਹਾ ਦੋਸ਼ ਨਹੀਂ ਲੱਗਾ ਜਿਸ ਨੇ ਉਨ੍ਹਾਂ ਲਈ ਜਾਂ ਉਨ੍ਹਾਂ ਦੇ ਸਿਆਸੀ ਨੇਤਾਵਾਂ ਲਈ ਮੁਸੀਬਤ ਪੈਦਾ ਕੀਤੀ ਹੋਵੇ। ਮੰਨਿਆ ਇਹ ਵੀ ਜਾ ਰਿਹਾ ਹੈ ਕਿ ਨਵਾਂ ਕੈਲੰਡਰ ਗਿਆਨੀ ਤਰਲੋਚਨ ਸਿੰਘ ਹੱਥੋਂ ਹੀ ਜਾਰੀ ਕਰਵਾ ਦਿਤਾ ਜਾਵੇਗਾ।

ਗਿਆਨੀ ਤਰਲੋਚਨ ਸਿੰਘ ਦੇ ਅੰਮ੍ਰਿਤਸਰ ਆਉਣ ਪਿੱਛੋਂ ਖ਼ਾਲੀ ਹੋਈ ਥਾਂ ਨੂੰ ਭਰਨ ਲਈ ਪ੍ਰੋ. ਮਨਜੀਤ ਸਿੰਘ ਜਾਂ ਗਿਆਨੀ ਪਿੰਦਰਪਾਲ ਸਿੰਘ ਦਾ ਨਾਮ ਜਥੇਦਾਰ ਵਜੋਂ ਉਭਰ ਰਿਹਾ ਹੈ। ਪ੍ਰੋ. ਮਨਜੀਤ ਸਿੰਘ ਕਰੀਬ 12 ਸਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਨਿਭਾਅ ਤਾਂ ਚੁਕੇ ਹਨ ਪਰ ਜਥੇਦਾਰੀ ਦੇ ਆਖ਼ਰੀ ਦੌਰ ਵਿਚ ਉਨ੍ਹਾਂ ਵਿਰੁਧ ਜਿਸ ਕਿਸਮ ਦੇ ਦੋਸ਼ ਲੱਗੇ ਸਨ, ਉਹ ਸ਼ਾਇਦ ਉਨ੍ਹਾਂ ਨੂੰ ਇਸ ਅਹੁਦੇ ਤੋਂ ਕਦਮ ਪਿਛਾਹ ਲੈ ਜਾਣ। ਪਰ ਇਹ ਗੱਲ ਪੱਕੀ ਹੈ ਕਿ ਪ੍ਰੋ. ਮਨਜੀਤ ਸਿੰਘ ਨੇ ਅਪਣੇ ਕਾਰਜਕਾਲ ਵਿਚ ਖ਼ਾਲਸਾ ਪੰਥ ਦੇ 300 ਸਾਲਾ ਸਿਰਜਨਾ ਦਿਵਸ ਸਮੇਤ ਖ਼ਾਲਸਾ ਮਾਰਚਾਂ ਦੀ ਇਕ ਲੜੀ ਵੀ ਚਲਾਈ ਸੀ। ਇਸ ਵਿਚ ਸਿੱਖ ਨੌਜਵਾਨਾ ਨੇ ਬਹੁਤ ਹੀ ਵਧ ਚੜ੍ਹ ਕੇ ਭਾਗ ਲਿਆ ਸੀ। ਇਸ ਲਈ ਇਸ ਵੱਕਾਰੀ ਅਹੁਦੇ 'ਤੇ ਪ੍ਰੋ. ਮਨਜੀਤ ਸਿੰਘ ਨੂੰ ਮੁੜ ਮੌਕਾ ਦਿਤਾ ਜਾ ਸਕਦਾ ਹੈ। ਪ੍ਰੋ. ਮਨਜੀਤ ਸਿੰਘ ਬਾਰੇ ਜੇ ਕੋਈ ਫ਼ੈਸਲਾ ਨਾ ਹੋ ਸਕਿਆ ਤਾਂ ਗਿਆਨੀ ਪਿੰਦਰਪਾਲ ਸਿੰਘ ਇਸ ਅਹੁਦੇ ਲਈ ਪੂਰੀ ਤਰ੍ਹਾਂ ਫ਼ਿੱਟ ਹੋ ਸਕਦੇ ਹਨ। ਗਿਆਨੀ ਪਿੰਦਰਪਾਲ ਸਿੰਘ 'ਤੇ ਪਿਛਲੇ ਸਮੇਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਜਥੇਦਾਰੀ ਸੰਭਾਲ ਲੈਣ ਦਾ ਸੱਤਾਧਾਰੀ ਧਿਰ ਵਲੋਂ ਦਬਾਅ ਪਾਇਆ ਗਿਆ ਸੀ ਪਰ ਗਿਆਨੀ ਪਿੰਦਰਪਾਲ ਸਿੰਘ ਦੇ ਭਰਾਤਾ ਸ. ਪਰਮਜੀਤ ਸਿੰਘ ਖ਼ਾਲਸਾ ਵਲੋਂ ਨਿਭਾਈ ਭੂਮਿਕਾ ਤੋਂ ਖ਼ੁਸ਼ ਹੋ ਕੇ ਸੱਤਾਧਾਰੀ ਧਿਰ ਮੁੜ ਇਕ ਵਾਰ ਗਿਆਨੀ ਪਿੰਦਰਪਾਲ ਸਿੰਘ ਨੂੰ ਸੇਵਾ ਸੌਂਪਣ ਲਈ ਯਤਨਸ਼ੀਲ ਹੈ।

ਇਸ ਦੌਰਾਨ ਇਕ ਹੋਰ ਰਿਪੋਰਟ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹੋਣ ਜਾ ਰਹੀਆਂ ਆਮ ਚੋਣਾਂ ਦੀ ਤਿਆਰੀ ਨੂੰ ਲੈ ਕੇ ਪੰਜਾਬ ਦੀ ਹਾਕਮ ਜਮਾਤ ਸ਼੍ਰੋਮਣੀ ਅਕਾਲੀ ਦਲ ਨੇ ਹਰ ਤਰ੍ਹਾਂ ਦੇ ਹਥਕੰਡੇ ਅਪਨਾਉਣੇ ਸ਼ੁਰੂ ਕਰ ਦਿੱਤੇ ਹਨ। ਜ਼ਿਕਰਯੋਗ ਹੈ ਕਿ ਐਸ ਜੀ ਪੀ ਸੀ ਚੋਣਾਂ ਦੀ ਅਰੰਭਿਕ ਪ੍ਰਕਿਰਿਆ ਦੌਰਾਨ ਅਕਾਲੀ ਦਲ (ਬ) ਦੇ ਪ੍ਰਧਾਨ ਅਤੇ ਸੂਬੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਮੂਹ ਅਕਾਲੀ ਲੀਡਰਸ਼ਿਪ ਨੂੰ ਕਮਰਕਸੇ ਕਰਨ ਸਬੰਧੀ ਥਾਪੜਾ ਦੇਣ ਤੋਂ ਬਾਅਦ ਚੰਡੀਗੜ੍ਹ ਵਿਖੇ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਤੇ ਪੁਲਿਸ ਦੇ ਉਚ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਆਪਣੇ ਧਾੜਵੀਆਂ ਦੀ ਕਾਰਗੁਜ਼ਾਰੀ ਨੂੰ ਅਗਾਊਂ ਰੂਪ 'ਚ ਪ੍ਰਸ਼ਾਸਨ ਦੇ ਸਾਹਮਣੇ ਰੱਖ ਕੇ ਵਿਰੋਧੀ ਧਿਰਾਂ ਨਾਲ ਸਖ਼ਤੀ ਨਾਲ ਨਜਿੱਠਣ ਦੇ ਸੰਕੇਤ ਦਿੱਤੇ ਗਏ ਹਨ। ਸੂਬਾ ਸਰਕਾਰ ਵਲੋਂ ਸਮੂਹ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਐਸ ਜੀ ਪੀ ਸੀ ਚੋਣਾਂ 'ਚ ਕਰਵਾਈ ਜਾ ਰਹੀ ਸਿੱਧੀ ਸ਼ਮੂਲੀਅਤ ਨੇ ਸਿੱਖ ਹਲਕਿਆਂ 'ਚ ਵਿਚਰਨ ਵਾਲੀਆਂ ਧਿਰਾਂ ਨੂੰ ਹੈਰਾਨ ਕਰ ਦਿੱਤਾ ਹੈ। ਸੁਖਬੀਰ ਬਾਦਲ ਵਲੋਂ ਇਸ ਵਾਰ ਐਸ ਜੀ ਪੀ ਸੀ ਚੋਣਾਂ 'ਚ ਆਪਣੇ ਚਹੇਤੇ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਲਈ ਪ੍ਰਸ਼ਾਸਨਿਕ ਅਮਲੇ ਦੀ ਦੁਰਵਰਤੋਂ ਕੀਤੇ ਜਾਣ ਦਾ ਹੁਣ ਤੋਂ ਹੀ ਜ਼ਬਰਦਸਤ ਵਿਰੋਧ ਸ਼ੁਰੂ ਹੋ ਗਿਆ ਹੈ। ਹਲਕਿਆਂ 'ਚ ਬਾਦਲ ਬ੍ਰਿਗੇਡ ਵਲੋਂ ਆਈ ਏ ਐਸ, ਆਈ ਪੀ ਐਸ ਅਤੇ ਪੀ ਸੀ ਐਸ ਅਫ਼ਸਰਾਂ ਦੀ ਨਿੱਜੀ ਹਿੱਤਾਂ ਖਾਤਰ ਕੀਤੀ ਜਾਣ ਵਾਲੀ ਵਰਤੋਂ ਨੇ ਪ੍ਰਸ਼ਾਸਨਿਕ ਹਲਕਿਆਂ 'ਚ ਇਮਾਨਦਾਰੀ ਨਾਲ ਵਿਚਰਨ ਵਾਲਿਆਂ ਅਧਿਕਾਰੀਆਂ ਦੀ ਨਿਰਪੱਖ ਭੂਮਿਕਾ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ।

ਦੂਜੇ ਪਾਸੇ ਮਈ ਮਹੀਨੇ 'ਚ ਹੋਣ ਜਾ ਰਹੀਆਂ ਐਸ ਜੀ ਪੀ ਸੀ ਚੋਣਾਂ ਨੂੰ ਨਿਰਪੱਖ ਤੇ ਜਮਹੂਰੀ ਢੰਗ ਨਾਲ ਕਰਵਾਉਣ ਦੀ ਵਕਾਲਤ ਕਰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਦਿੱਲੀ ਅਕਾਲੀ ਦਲ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਕਈ ਦਹਾਕਿਆਂ ਤੋਂ ਬਾਦਲਕੇ 'ਗੁਰੂ ਦੀ ਗੋਲਕ' ਨੂੰ ਦੋਹਾਂ ਹੱਥਾਂ ਨਾਲ ਲੁੱਟਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਬਾਦਲਾਂ ਨੂੰ ਇਹ ਵੀ ਡਰ ਹੈ ਕਿ ਗੁਰਧਾਮਾਂ ਤੋਂ ਉਨ੍ਹਾਂ (ਬਾਦਲਾਂ ਦਾ) ਕਬਜ਼ਾ ਛੁਡਵਾਉਣ ਲਈ ਸਮੂਹ ਅਕਾਲੀ ਧੜੇ ਲਾਮਬੰਦੀ ਕਰ ਰਹੇ ਹਨ। ਸ. ਸਰਨਾ ਨੇ ਕਿਹਾ ਕਿ ਬਾਦਲ ਵਿਰੋਧੀ ਸਮੂਹ ਪੰਥਕ ਹਿਤੈਸ਼ੀ ਧਿਰਾਂ ਇਨ੍ਹਾਂ ਐਸ ਜੀ ਪੀ ਸੀ ਚੋਣਾਂ 'ਚ ਬਾਦਲ ਐਂਡ ਕੰਪਨੀ ਦੀ ਮਨੋਪਲੀ ਗੁਰਦੁਆਰਿਆਂ ਤੋਂ ਖ਼ਤਮ ਕਰਕੇ ਗੁਰਧਾਮਾਂ ਦੀ ਸਾਂਭ-ਸੰਭਾਲ ਸਿੱਖ ਸੰਗਤ ਦੇ ਸਪੁਰਦ ਕਰਨ ਦੇ ਰੌਂਅ 'ਚ ਹਨ। ਦਿੱਲੀ ਕਮੇਟੀ ਦੇ ਪ੍ਰਧਾਨ ਨੇ ਇਹ ਵੀ ਕਿਹਾ ਕਿ ਸੁਖਬੀਰ ਬਾਦਲ ਇਸ ਵਾਰ ਫਿਰ ਐਸ ਜੀ ਪੀ ਸੀ 'ਤੇ ਕਾਬਜ਼ ਹੋਣ ਲਈ ਤਸ਼ੱਦਦ ਢਾਹ ਸਕਦਾ ਹੈ।

## ਦਲ ਖਾਲਸਾ ਵਲੋਂ ਕਮੇਟੀ ਚੋਣਾਂ ਲੜਨ ਦਾ ਐਲਾਨ

**ਬਾਬਾ ਬਕਾਲਾ :** ਦਲ ਖਾਲਸਾ ਸਰਕਲ ਬਾਬਾ ਬਕਾਲਾ ਦੀ ਮੀਟਿੰਗ ਡਾ. ਕੁਲਦੀਪ ਸਿੰਘ ਰਜਧਾਨ ਦੇ ਗ੍ਰਹਿ ਵਿਖੇ ਹੋਈ। ਮੀਟਿੰਗ ਵਿਚ ਮਾਸਟਰ ਕੁਲਵੰਤ ਸਿੰਘ ਫੇਰੂਮਾਨ, ਡਾ. ਦਲਬੀਰ ਸਿੰਘ ਬਾਠ ਐਡਵੋਕੇਟ, ਸੁਖਦੇਵ ਸਿੰਘ ਹਸਨਪੁਰ, ਦਿਆਲ ਸਿੰਘ ਫੇਰੂਮਾਨ, ਸੋਹਣ ਸਿੰਘ ਬੁਤਾਲਾ, ਸਤਿੰਦਰ ਸਿੰਘ, ਦਲਜੀਤ ਸਿੰਘ, ਰੇਸ਼ਮ ਸਿੰਘ ਤੇ ਜਗਜੀਤ ਸਿੰਘ ਆਦਿ ਨੇ ਭਾਗ ਲਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਵਿਚਾਰਾਂ ਕੀਤੀਆਂ ਗਈਆਂ ਅਤੇ ਵਰਕਰਾਂ ਨੇ ਫੈਸਲਾ ਕੀਤਾ ਕਿ ਬਾਬਾ ਬਕਾਲਾ ਹਲਕੇ ਤੋਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਰਗਰਮੀ ਨਾਲ ਭਾਗ ਲਿਆ ਜਾਵੇ ਤੇ ਗੁਰਦੁਆਰਾ ਸੁਧਾਰ ਤੇ ਗੁਰਬਾਣੀ ਪ੍ਰਚਾਰ ਪ੍ਰਸਾਰ ਲਈ ਦਲ ਖਾਲਸਾ ਵੱਲੋਂ ਯਤਨ ਕੀਤੇ ਜਾਣ। ਉਨ੍ਹਾਂ ਕਿਹਾ ਕਿ ਦਲ ਖਾਲਸਾ ਹਮ-ਖਿਆਲੀ ਜਥੇਬੰਦੀਆਂ ਤੇ ਗੁਰਸਿੱਖਾਂ ਨਾਲ ਵਿਚਾਰ ਕਰਕੇ ਆਪਣਾ ਉਮੀਦਵਾਰ ਖੜਾ ਕਰੇਗਾ। ਇਸ ਸੰਬੰਧੀ ਪਿੰਡਾਂ ਵਿਚ ਤਾਲਮੇਲ ਕਰਨ ਲਈ ਕਮੇਟੀ ਬਣਾਈ ਗਈ, ਜਿਸ ਵਿਚ ਕੁਲਦੀਪ ਸਿੰਘ ਰਜਧਾਨ, ਮਾ. ਕੁਲਵੰਤ ਸਿੰਘ ਫੇਰੂਮਾਨ, ਸੁਖਦੇਵ ਸਿੰਘ ਹਸਨਪੁਰ, ਦਿਆਲ ਸਿੰਘ ਫੇਰੂਮਾਨ, ਸੋਹਣ ਸਿੰਘ ਬੁਤਾਲਾ, ਸੁਖਦੇਵ ਸਿੰਘ ਹਸਨਪੁਰ ਆਦਿ ਦੇ ਨਾਂਅ ਵਰਣਨਯੋਗ ਹਨ।

## ਮੱਕੜ ਦੀ ਟਾਸਕ ਫ਼ੋਰਸ ਵਲੋਂ ਨੌਜਵਾਨਾਂ ਦੀ ਖਿੱਚ-ਧੂਹ

**ਬਠਿੰਡਾ :** ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ



ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੂੰ ਲੰਘੀ 12 ਫ਼ਰਵਰੀ ਨੂੰ ਗੋਨਿਆਣਾ ਮੰਡੀ ਵਿਚ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਥੇ ਸਿੱਖ ਨੌਜਵਾਨਾਂ ਨੇ ਅੱਖਾਂ ਦੇ ਕੈਂਪ ਦਾ ਉਦਘਾਟਨ ਕਰਨ ਆਏ ਸ. ਮੱਕੜ ਨੂੰ 'ਸਿੱਖਾਂ ਦਾ ਦੋਖੀ ਕੌਣ' ਜਿਹੇ ਬੈਨਰ ਵਿਖਾਏ ਅਤੇ ਨਾਹਰੇਬਾਜ਼ੀ ਕੀਤੀ। ਜਾਣਕਾਰੀ ਮੁਤਾਬਕ ਨੌਜਵਾਨਾਂ ਨੇ ਭਾਈ ਬਲਜੀਤ ਸਿੰਘ ਅਤੇ ਕਰਮਜੀਤ ਸਿੰਘ ਦੀ ਅਗਵਾਈ ਵਿਚ ਨਾਨਕਸ਼ਾਹੀ ਕੈਲੰਡਰ ਅਤੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਬਹਾਲ ਕਰਵਾਉਣ ਦੇ ਮੁੱਦੇ 'ਤੇ ਮੱਕੜ ਕੋਲ ਰੋਸ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ। ਇਸ ਗੱਲ ਦੀ ਭਿਣਕ ਡੇਰੇ ਦੇ ਪ੍ਰਬੰਧਕਾਂ ਨੂੰ ਪੈਣ ਕਾਰਨ ਉਨ੍ਹਾਂ ਨੇ ਪ੍ਰੋਗਰਾਮ ਮਿੱਥੇ ਸਮੇਂ ਤੋਂ ਅੱਗੇ ਪਾ ਦਿਤਾ ਅਤੇ ਕੈਂਪ ਦਾ ਉਦਘਾਟਨ ਡੇਰੇ ਦੇ ਮੁਖੀ ਤੋਂ ਕਰਵਾ ਲਿਆ। ਨੌਜਵਾਨ ਫਿਰ ਵੀ ਮੱਕੜ ਦੇ ਆਉਣ ਦਾ ਇੰਤਜ਼ਾਰ ਕਰਦੇ ਰਹੇ। ਜਦੋਂ ਨੌਜਵਾਨਾਂ ਨੇ ਕਾਲੀਆਂ ਪੱਟੀਆਂ ਬੰਨ੍ਹ ਕੇ ਮਨਮਤਿ ਵਿਰੁਧ ਰੋਸ ਪ੍ਰਗਟ ਕੀਤਾ ਤਾਂ ਮੱਕੜ ਦੇ ਅੰਗ ਰਖਿਅਕਾਂ ਅਤੇ ਸਾਥੀਆਂ ਨੇ ਨੌਜਵਾਨਾਂ ਨਾਲ ਭਾਰੀ ਧੱਕਾ-ਮੁੱਕੀ ਕੀਤੀ ਅਤੇ ਕੁਝ ਨੌਜਵਾਨਾਂ ਦੀ ਕੁੱਟ-ਮਾਰ ਕੀਤੀ। ਖਿੱਚ-ਧੂਹ ਪਿੱਛੋਂ ਨੌਜਵਾਨਾਂ ਨੇ ਮੱਕੜ ਨੂੰ ਘੇਰਾ ਪਾ ਲਿਆ। ਜਦੋਂ ਨੌਜਵਾਨਾਂ ਨੇ ਅਪਣੀਆਂ ਮੰਗਾਂ ਨਾਨਕਸ਼ਾਹੀ ਕੈਲੰਡਰ ਦਾ ਭਗਵਾਂਕਰਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਬਾਰੇ ਪੁਛਿਆ ਤਾਂ ਸ. ਮੱਕੜ ਗੁੱਸੇ ਵਿਚ ਆ ਗਏ। ਸ. ਮੱਕੜ ਨੇ ਕਿਹਾ, ''ਤੁਸੀਂ ਉਸ ਪ੍ਰੋ. ਦਰਸ਼ਨ ਸਿੰਘ ਦੇ ਹਮਾਇਤੀ ਹੋ ਜਿਹੜਾ ਸਿੱਖ ਪੰਥ ਦਾ ਦੋਖੀ ਹੈ।'' ਭਾਰੀ ਹੰਗਾਮੇ ਤੋਂ ਬਾਅਦ ਸ. ਮੱਕੜ ਨਾਲ ਆਈ ਟਾਸਕ ਫ਼ੋਰਸ ਨੇ ਜ਼ਬਰਦਸਤੀ ਨੌਜਵਾਨਾਂ ਨੂੰ ਮੌਕੇ ਤੋਂ ਹਟਾ ਦਿਤਾ।

ਬਾਅਦ ਵਿਚ ਆਪਣੇ ਨਜ਼ਦੀਕੀ ਸ. ਜਗਮੋਹਨ ਸਿੰਘ ਮੱਕੜ ਦੇ ਬਠਿੰਡਾ ਵਿਖੇ ਨਿਵਾਸ ਸਥਾਨ ਦੀ ਸੰਖੇਪ ਜਿਹੀ ਫੇਰੀ ਦੌਰਾਨ ਸ. ਮੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਪਣੇ-ਆਪ ਨੂੰ ਸਹਿਜ ਵਿਖਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਅਤੇ ਸਾਰੇ ਸਵਾਲਾਂ ਦਾ ਜਵਾਬ ਟਾਲਦੇ ਰਹੇ। ਇਸ ਮੌਕੇ ਪੰਥਕ ਪੰਚਾਇਤ ਦੇ ਆਗੂ ਸ. ਨਿਰੰਜਣ ਸਿੰਘ ਪ੍ਰੇਮੀ ਵਲੋਂ ਡੇਰਾਵਾਦ ਵਿਰੁਧ ਕੀਤੇ ਗਏ ਪੰਥਕ ਸੰਕਲਪ ਦੇ ਮੁੱਦੇ ਨੂੰ ਉਠਾਏ ਜਾਣ 'ਤੇ ਵੀ ਸ. ਮੱਕੜ ਨੇ ਹੋਰ ਅਹਿਮ ਮੁੱਦੇ ਉਭਰਨ ਕਾਰਨ ਇਸ ਸੰਕਲਪ ਨੂੰ ਵਿਚਕਾਰ ਹੀ ਛੱਡਣ ਦੀ ਮਜਬੂਰੀ ਜ਼ਾਹਰ ਕੀਤੀ।




B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm



CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

## ਹਾਰਵਰਡ 'ਵਰਸਿਟੀ ਵੱਲੋਂ ਵਿਦਿਆਰਥੀ ਵਫਦ ਨੂੰ ਦੇਸ਼ ਛੱਡਣ ਦਾ ਆਦੇਸ਼

**ਚੰਡੀਗੜ੍ਹ:** ਅਮਰੀਕਾ ਦੀ ਹਾਰਡਵਰਡ ਯੂਨੀਵਰਸਿਟੀ ਨੇ ਪੰਜਾਬ ਯੂਨੀਵਰਸਿਟੀ ਇੰਸਟੀਚਿਊਟ ਆਫ ਲੀਗਲ ਸਟੱਡੀਜ਼ ਦੇ ਵਿਦਿਆਰਥੀਆਂ ਦੇ ਇਕ ਵਫਦ ਨੂੰ ਦੇਸ਼ ਛੱਡਣ ਲਈ ਕਹਿ ਦਿੱਤਾ ਹੈ। ਵਫਦ ਉਥੇ ਵਿਦਿਅਕ ਮੁਕਾਬਲੇ ਵਿਚ ਭਾਗ ਲੈਣ ਗਿਆ ਹੋਇਆ ਹੈ ਅਤੇ ਇਸ ਦੇ ਇਕ ਮੈਂਬਰ 'ਤੇ ਅਮਰੀਕਨ ਲੜਕੀ ਨਾਲ ਬਲਾਤਕਾਰ ਕਰਨ ਦਾ ਦੋਸ਼ ਲੱਗਿਆ ਹੈ।

ਹਾਰਵਰਡ ਯੂਨੀਵਰਸਿਟੀ ਵੱਲੋਂ ਪੰਜਾਬ ਯੂਨੀਵਰਸਿਟੀ ਨੂੰ ਬਲੈਕ ਲਿਸਟ ਕਰਨ ਦੀ ਵੀ ਦਿਨ ਭਰ ਚਰਚਾ ਰਹੀ ਪਰ ਇਸ ਦੀ ਪੁਸ਼ਟੀ ਨਹੀਂ ਹੋ ਸਕੀ। ਬੌਸਟਨ ਪੁਲੀਸ ਦੇ ਇਕ ਅਧਿਕਾਰੀ ਨੇ ਵਫਦ ਦੇ ਇਕ ਮੈਂਬਰ ਨੂੰ ਬਲਾਤਕਾਰ ਦੇ ਕੇਸ ਵਿਚ ਗ੍ਰਿਫਤਾਰ ਕਰਨ ਦੀ ਪੁਸ਼ਟੀ ਤਾਂ ਕੀਤੀ ਹੈ ਪਰ ਕੇਸ ਬਾਰੇ ਵਧੇਰੇ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ।

ਵਫਦ ਦੇ ਦੂਜੇ ਮੈਂਬਰਾਂ ਵੱਲੋਂ ਵਿਭਾਗ ਦੇ ਦੂਜੇ ਵਿਦਿਆਰਥੀਆਂ ਨੂੰ ਫੋਨ ਰਾਹੀਂ ਦਿੱਤੀ ਜਾ ਰਹੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਹਾਰਵਰਡ ਯੂਨੀਵਰਸਿਟੀ ਨੇ ਇਕ ਸਾਲ ਲਈ ਪੰਜਾਬ ਯੂਨੀਵਰਸਿਟੀ ਨਾਲ ਕਿਸੇ ਤਰ੍ਹਾਂ ਦੇ ਅਕਾਦਮਿਕ ਆਦਾਨ-ਪ੍ਰਦਾਨ 'ਤੇ ਰੋਕ ਲਾ ਦਿੱਤੀ ਹੈ। ਵਫਦ ਦੇ ਮੈਂਬਰ ਨੇ ਫੋਨ 'ਤੇ ਇਹ ਵੀ ਜਾਣਕਾਰੀ ਦਿੱਤੀ ਕਿ ਦੋਸ਼ ਵਿਚ ਫਸੇ ਇਸ ਵਿਦਿਆਰਥੀ ਨੇ ਅਦਾਲਤ ਵਿਚ ਜਮਾਨਤ ਲਈ ਅਰਜ਼ੀ ਦੇ ਦਿੱਤੀ ਹੈ।

ਇਸੇ ਦੌਰਾਨ ਬਲਾਤਕਾਰ ਦੇ ਦੋਸ਼ਾਂ ਵਿਚ ਫਸੇ ਇਸ ਵਿਦਿਆਰਥੀ ਦੇ ਕਰੀਬੀ ਦੋਸਤ ਜਿਹੜਾ ਕਿ ਹੋਸਟਲ ਵਿਚ ਵੀ ਗੁਆਂਢ ਵਾਲੇ ਕਮਰੇ ਵਿਚ ਰਹਿ ਰਿਹਾ ਹੈ, ਨੇ ਦੱਸਿਆ ਕਿ ਮੁਲਜ਼ਮ ਬੜੇ ਸੰਗਾਊ ਅਤੇ ਸਾਊ ਤਬੀਅਤ ਦਾ ਮਾਲਕ ਹੈ ਜਿਹੜਾ ਕਿ ਪੜ੍ਹਾਈ ਵਿਚ ਵੀ ਮੂਹਰੇ ਰਿਹਾ ਹੈ। ਉਸ ਨੇ ਦੱਸਿਆ ਕਿ ਉਸ ਬਾਰੇ ਯੂਨੀਵਰਸਿਟੀ ਨੂੰ ਪਹਿਲਾਂ ਕਦੇ ਵੀ ਕਿਸੇ ਤਰ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਮਿਲੀ।

ਪੰਜਾਬ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਆਰ.ਸੀ. ਸੋਬਤੀ ਅਤੇ ਇੰਸਟੀਚਿਊਟ ਦੀ ਮੁਖੀ ਸੰਗੀਤਾ ਭੱਲਾ ਨਾਲ ਫੋਨ 'ਤੇ ਸੰਪਰਕ ਨਹੀਂ ਹੋ ਸਕਿਆ। ਯੂਨੀਵਰਸਿਟੀ ਦੇ ਵਿਦਿਆਰਥੀ ਮਸਲਿਆਂ ਨਾਲ ਸਬੰਧਤ ਇਸ ਉੱਚ ਅਧਿਕਾਰੀ ਨੇ ਕਿਹਾ ਕਿ ਜਿਸ ਵਿਚ ਵਿਦਿਆਰਥੀ 'ਤੇ ਬਲਾਤਕਾਰ ਦੇ ਦੋਸ਼ ਲਗਾਏ ਗਏ ਹਨ, ਉਹ ਯੂਨੀਵਰਸਿਟੀ ਦੇ ਵਫਦ ਵਿਚ ਸ਼ਾਮਲ ਨਹੀਂ ਸਗੋਂ ਉਸ ਨੇ ਆਨ ਲਾਈਨ ਅਰਜ਼ੀ ਦੇ ਕੇ ਵੀਜ਼ਾ ਲਿਆ ਸੀ। ਅਧਿਕਾਰੀ ਨੇ ਕਿਹਾ ਕਿ ਜੋ ਵਿਦਿਆਰਥੀ ਖੁਦ ਆਨਲਾਈਨ ਵੀਜ਼ਾ ਲੈ ਕੇ ਅਮਰੀਕਾ ਗਏ ਹਨ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

## ਸਿੱਧੂ ਨਿੱਤਰਿਆ ਪਾਕਿਸਤਾਨੀ ਖਿਡਾਰੀਆਂ ਦੇ ਹੱਕ 'ਚ

**ਫਿਰੋਜ਼ਪੁਰ:** ਭਾਜਪਾ ਸਾਂਸਦ ਨਵਜੋਤ ਸਿੰਘ ਸਿੱਧੂ ਨੇ ਡੀ.ਏ.ਵੀ. ਕਾਲਜ ਫਾਰ ਵੂਮੈਨ ਫਿਰੋਜ਼ਪੁਰ ਛਾਉਣੀ ਵਿਚ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਸ਼ਾਹਰੁਖ ਖਾਨ ਦੇ ਵਿਚਾਰਾਂ ਦੀ ਹਮਾਇਤ ਕਰਦਿਆਂ ਕਿਹਾ ਕਿ ਆਈ.ਪੀ.ਐਲ. ਵਿਚ ਪਾਕਿਸਤਾਨ ਦੀ ਟੀਮ ਨੂੰ ਜ਼ਰੂਰ ਖਿਡਾਇਆ ਜਾਣਾ ਚਾਹੀਦਾ ਹੈ।

ਨਵਜੋਤ ਸਿੱਧੂ ਨੇ ਕਿਹਾ ਕਿ ਖਿਡਾਰੀ ਅਤੇ ਫ਼ਿਲਮੀ ਅਭਿਨੇਤਾ ਹਮੇਸ਼ਾ ਜੋੜਦੇ ਹਨ ਅਤੇ ਉਨ੍ਹਾਂ ਨੂੰ ਵੱਖਵਾਦ ਵਾਲੀਆਂ ਗੱਲਾਂ ਪਸੰਦ ਨਹੀਂ ਹੁੰਦੀਆਂ। ਉਨ੍ਹਾਂ ਕਿਹਾ ਕਿ ਆਈ.ਪੀ.ਐੱਲ. ਦੋਵਾਂ ਦੇਸ਼ਾਂ ਨੂੰ ਆਪਸ ਵਿਚ ਜੋੜਨ ਦਾ ਇਕ ਸਾਧਨ ਹੈ ਤੇ ਜੇਕਰ ਇਹ ਰਸਤਾ ਵੀ ਬੰਦ ਹੋ ਜਾਵੇਗਾ ਤਾਂ ਸਾਡੀਆਂ ਆਪਸੀ ਨਾਰਾਜ਼ਗੀਆਂ ਤੇ ਦੁਸ਼ਮਣੀਆਂ ਕਿਵੇਂ ਖ਼ਤਮ ਹੋਣਗੀਆਂ। ਪਾਕਿਸਤਾਨ ਦੀ 80 ਫੀਸਦੀ ਜਨਤਾ ਅਮਨ-ਸ਼ਾਂਤੀ, ਆਪਸੀ ਪਿਆਰ ਤੇ ਚੰਗੇ ਰਿਸ਼ਤੇ ਚਾਹੁੰਦੀ ਹੈ।

ਸ੍ਰੀ ਸਿੱਧੂ ਨੇ ਕਿਹਾ ਕਿ ਅੱਤਵਾਦੀਆਂ ਤੋਂ ਡਰਦਿਆਂ ਭਾਰਤ-ਪਾਕਿ ਸਰਹੱਦਾਂ ਨੂੰ ਬੰਦ ਰੱਖਣਾ ਵੀ ਕੋਈ ਉਚਿਤ ਗੱਲ ਨਹੀਂ। ਹੁਸੈਨੀਵਾਲਾ ਤੇ ਵਾਹਗਾ ਬਾਰਡਰ ਸਮੇਤ ਸਾਰੇ ਪੰਜਾਬ ਦੇ ਭਾਰਤ-ਪਾਕਿ ਬਾਰਡਰ ਟਰੇਡ ਤੇ ਟਰੈਫਿਕ ਲਈ ਖੋਲ੍ਹ ਦਿੱਤੇ ਜਾਣੇ ਚਾਹੀਦੇ ਹਨ।

## ਪੰਜਾਬ ਦੇ ਤਿੰਨੇ ਦਰਿਆਵਾਂ ਕੰਢੇ ਸੜਕਾਂ ਬਣਨਗੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਦੇ ਤਿੰਨੇਂ ਦਰਿਆਵਾਂ ਅਤੇ ਘੱਗਰ ਦੇ ਕਿਨਾਰਿਆਂ ਨੂੰ ਕੌਮੀ ਪ੍ਰਾਜੈਕਟ ਬਣਾਉਣ ਦੀਆਂ ਤਿਆਰੀਆਂ ਵਿਚ ਹੈ। ਸਰਕਾਰ ਦੀ ਯੋਜਨਾ ਅਨੁਸਾਰ ਦਰਿਆਵਾਂ ਦੀਆਂ ਪਟੜੀਆਂ ਦੀ ਮਜ਼ਬੂਤੀ ਲਈ ਇਨ੍ਹਾਂ ਨੂੰ ਸੜਕਾਂ ਵਿਚ ਤਬਦੀਲ ਕੀਤਾ ਜਾਣਾ ਹੈ, ਜਿਸ ਨਾਲ ਛੋਟੇ ਜਿਹੇ ਪੰਜਾਬ ਨੂੰ ਆਵਾਜਾਈ ਦੇ ਬਦਲਵੇਂ ਰਸਤੇ ਵੀ ਮਿਲਣਗੇ। ਪੰਜਾਬ ਸਰਕਾਰ ਚਾਹੁੰਦੀ ਹੈ ਕਿ ਇਸ ਨਵੇਂ ਪ੍ਰਾਜੈਕਟ 'ਤੇ ਆਉਣ ਵਾਲਾ 8 ਹਜ਼ਾਰ ਕਰੋੜ ਤੋਂ ਵਧ ਦਾ ਖ਼ਰਚ ਵੀ ਕੇਂਦਰ ਸਰਕਾਰ ਕਰੇ ਕਿਉਂਕਿ ਇਨ੍ਹਾਂ ਦਰਿਆਵਾਂ ਦਾ ਪਾਣੀ ਹੋਰ ਸੂਬੇ ਵੀ ਵਰਤਦੇ ਹਨ। ਪੰਜਾਬ ਵਿਚ ਇਨ੍ਹਾਂ ਦਿਨਾਂ ਦੌਰਾਨ ਸੂਬੇ ਦੇ ਤਿੰਨ ਦਰਿਆ ਸਤਲੁਜ, ਰਾਵੀ ਤੇ ਬਿਆਸ ਅਤੇ ਘੱਗਰ ਦੇ ਕਿਨਾਰਿਆਂ 'ਤੇ ਨਿਰੀਖਣ ਦਾ ਕੰਮ ਚੱਲ ਰਿਹਾ ਹੈ। ਪੰਜਾਬ ਦੇ ਨਹਿਰੀ ਵਿਭਾਗ ਵਲੋਂ ਇਹ ਨਿਰੀਖਣ ਕੀਤਾ ਜਾ ਰਿਹਾ ਹੈ, ਜਿਸ ਵਿਚ ਦਰਿਆਵਾਂ ਦੇ ਕਿਨਾਰਿਆਂ ਦੀ ਲੰਬਾਈ ਤੋਂ ਇਲਾਵਾ ਕਿਨਾਰਿਆਂ ਵਿਚਲੀ ਵਿੱਥ ਆਦਿ ਨੂੰ ਦਰਜ ਕੀਤਾ ਜਾ ਰਿਹਾ ਹੈ। ਅਸਲ ਵਿਚ ਸਰਕਾਰ ਦਰਿਆਵਾਂ 'ਚ ਅਕਸਰ ਹੀ ਆਉਂਦੇ ਹੜ੍ਹਾਂ ਅਤੇ ਇਸ ਨਾਲ ਹੁੰਦੀ ਬਰਬਾਦੀ ਤੋਂ ਬੇਹੱਦ ਪ੍ਰੇਸ਼ਾਨ ਹੈ। ਇਹ ਦਰਿਆ, ਪਾਣੀ ਤਾਂ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਦਿੰਦੇ ਹਨ, ਪਰ ਬਰਸਾਤਾਂ ਦੇ ਦਿਨਾਂ ਵਿਚ ਆਉਂਦੇ ਹੜ੍ਹਾਂ ਦੀ ਮਾਰ ਕੇਵਲ ਪੰਜਾਬ ਦੇ ਕਿਸਾਨਾਂ, ਆਮ ਲੋਕਾਂ ਅਤੇ ਸਰਕਾਰ ਨੂੰ ਪੈਂਦੀ ਹੈ।

ਕਰੀਬ ਡੇਢ ਸਾਲ ਪਹਿਲਾਂ ਸਤਲੁਜ ਵਿਚ ਆਏ ਹੜ੍ਹਾਂ ਕਾਰਨ ਫ਼ਿਰੋਜ਼ਪੁਰ ਖੇਤਰ ਵਿਚ ਹੋਈ ਬਰਬਾਦੀ ਦੀਆਂ ਯਾਦਾਂ ਹਾਲੇ ਵੀ ਧੁੰਦਲੀਆਂ ਨਹੀਂ ਪਈਆਂ ਹਨ ਜਿਸ ਵਿਚ ਕਰੋੜਾਂ ਰੁਪਏ ਦੀ ਬਰਬਾਦੀ ਤਾਂ ਹੋਈ ਸੀ, ਨਾਲ ਨਾਲ ਬਿਮਾਰੀਆਂ ਦਾ ਪ੍ਰਕੋਪ ਵੀ ਫੈਲਿਆ ਸੀ ਜਦਕਿ ਹੜ੍ਹਾਂ ਕਾਰਨ ਅਕਸਰ ਹੀ ਹੁੰਦੀ ਬੇਤਹਾਸ਼ਾ ਬਰਬਾਦੀ ਦਾ ਕੋਈ ਅੰਤ ਹੀ ਨਹੀਂ ਹੈ। ਅਸਲ ਵਿਚ ਦਰਿਆਵਾਂ ਦੇ ਕਿਨਾਰੇ ਵੀ ਲੋੜ ਅਨੁਸਾਰ ਮਜ਼ਬੂਤ ਨਹੀਂ ਹਨ, ਜੋ ਦਰਿਆਵਾਂ ਦੇ ਕਿਨਾਰਿਆਂ ਨੂੰ ਟੁੱਟਣ ਤੋਂ ਰੋਕ ਸਕਣ। ਇਸਦਾ ਕਾਰਨ ਇਹ ਵੀ ਨਹੀਂ ਹੈ ਕਿ ਕਿਨਾਰੇ ਮਜ਼ਬੂਤ ਨਹੀਂ ਬਣਾਏ ਜਾਂਦੇ, ਸਗੋਂ ਸਮਾਂ ਪਾ ਕੇ ਕਿਨਾਰੇ ਕਮਜ਼ੋਰ ਹੁੰਦੇ ਰਹਿੰਦੇ ਹਨ। ਪੰਜਾਬ ਦੇ ਸਿੰਚਾਈ ਮੰਤਰੀ ਸ. ਜਨਮੇਜਾ ਸਿੰਘ ਸੇਖੋਂ ਦੇ ਸ਼ਬਦਾਂ ਅਨੁਸਾਰ ਜੇਕਰ ਬੰਨ੍ਹਾਂ ਤੇ ਕਿਨਾਰਿਆਂ 'ਤੇ ਨਿਰੰਤਰ ਆਵਾਜਾਈ ਹੁੰਦੀ ਰਹੇ ਤਾਂ ਇਸ ਨਾਲ ਕਿਨਾਰਿਆਂ ਦੀ ਮਿੱਟੀ ਦਬਦੀ ਰਹਿੰਦੀ ਹੈ ਅਤੇ ਇਸ ਤੋਂ ਇਲਾਵਾ ਪਾਣੀ ਲੈਣ ਲਈ ਕਿਨਾਰਿਆਂ ਨਾਲ ਛੇੜਛਾੜ ਹੋਣ ਦੀਆਂ ਸੰਭਾਵਨਾਵਾਂ ਘੱਟ ਜਾਣਗੀਆਂ ਜੋ ਅਕਸਰ ਹੀ ਦਰਿਆਵਾਂ ਦੇ ਕਿਨਾਰੇ ਟੁੱਟਣ ਅਤੇ ਰਿਸਣ ਦਾ ਕਾਰਨ ਬਣਦੇ ਹਨ। ਇਸੇ ਦੇ ਹੀ ਮੱਦੇਨਜ਼ਰ ਸਰਕਾਰ ਵਲੋਂ ਦਰਿਆਵਾਂ ਦੇ ਦੋਵੇਂ ਪਾਸੇ ਕਿਨਾਰਿਆਂ ਨੂੰ ਪੱਕੀਆਂ ਸੜਕਾਂ ਦੇ ਰੂਪ ਵਿਚ ਤਬਦੀਲ ਕਰਨ ਦੀ ਯੋਜਨਾ ਬਾਰੇ ਕਾਰਵਾਈ ਚੱਲ ਰਹੀ ਹੈ। ਇਸ ਯੋਜਨਾ ਨਾਲ ਦੋਹਰਾ ਲਾਭ ਹੋਵੇਗਾ, ਇਕ ਤਾਂ ਦਰਿਆਵਾਂ ਦੇ ਕਿਨਾਰਿਆਂ ਦੀ ਮਜ਼ਬੂਤੀ ਹੋਵੇਗੀ ਅਤੇ ਦੂਜਾ ਛੋਟੇ ਜਿਹੇ ਪੰਜਾਬ ਵਿਚ ਲੋਕਾਂ ਨੂੰ ਆਵਾਜਾਈ ਲਈ ਹੋਰ ਬਦਲਵੇਂ ਰਸਤਿਆਂ ਦਾ ਸਾਧਨ ਮਿਲੇਗਾ। ਜਾਣਕਾਰੀ ਅਨੁਸਾਰ ਜੇਕਰ ਦਰਿਆਵਾਂ ਦੇ ਨਾਲ-ਨਾਲ ਸੜਕਾਂ ਦਾ ਸਾਧਨ ਬਣ ਜਾਂਦਾ ਹੈ ਤਾਂ ਇਸ ਨਾਲ ਪੰਜਾਬ ਦੇ 50 ਹਲਕਿਆਂ ਦੇ ਲੋਕਾਂ ਨੂੰ ਇਸ ਦਾ ਲਾਭ ਮਿਲੇਗਾ। 35 ਤੋਂ ਵਧ ਹਲਕੇ ਸਤਲੁਜ, ਰਾਵੀ ਅਤੇ ਬਿਆਸ ਖੇਤਰ ਨਾਲ ਸਬੰਧਿਤ ਹਨ ਜੋ ਚੰਡੀਗੜ੍ਹ ਤੋਂ ਮੁਹਾਲੀ, ਕੁਰਾਲੀ, ਰੋਪੜ, ਮਾਛੀਵਾੜਾ, ਫਿਰੋਜ਼ਪੁਰ, ਫ਼ਾਜ਼ਿਲਕਾ ਖੇਤਰ ਵਿਚ ਆਉਂਦੇ ਹਨ ਜਦਕਿ 15 ਹਲਕਿਆਂ ਦਾ ਸਬੰਧ ਘੱਗਰ ਨਾਲ ਹੈ। ਜਾਣਕਾਰੀ ਅਨੁਸਾਰ ਨਹਿਰੀ ਵਿਭਾਗ ਵਲੋਂ ਇਸ ਬਾਬਤ ਵਿਸਤ੍ਰਿਤ ਸਰਵੇਖਣ ਦਾ ਕੰਮ ਜਾਰੀ ਹੈ ਜਿਸ ਦੀ ਰਿਪੋਰਟ ਛੇਤੀ ਹੀ ਤਿਆਰ ਹੋ ਜਾਵੇਗੀ ਅਤੇ ਫਿਰ ਇਸ ਰਿਪੋਰਟ ਨੂੰ ਕੇਂਦਰੀ ਜਲ ਕਮਿਸ਼ਨ ਨੂੰ ਸੌਂਪਿਆ ਜਾਵੇਗਾ। ਦਰਿਆਵਾਂ ਦੇ ਦੋਵੇਂ ਪਾਸੇ ਦੇ ਕਿਨਾਰਿਆਂ ਦੀ ਲੰਬਾਈ 1200 ਕਿਲੋਮੀਟਰ ਤੋਂ ਵਧ ਹੈ ਜਦਕਿ ਕਈ ਥਾਵਾਂ 'ਤੇ ਤਾਂ ਕਿਨਾਰਿਆਂ 'ਤੇ ਰਾਹ ਬਣਾਉਣ ਲਈ ਪੂਰੀ ਥਾਂ ਵੀ ਨਹੀਂ ਹੈ ਜਿਸ ਦੇ ਲਈ ਜ਼ਮੀਨ ਵੀ ਐਕਵਾਇਰ ਕੀਤੀ ਜਾਣੀ ਹੈ।

## ਕੁਲ ਹਿੰਦ ਵਿਪ੍ਹ ਕਾਨਫਰੰਸ 'ਚ ਸੰਸਦ ਤੇ ਵਿਧਾਨ ਸਭਾ ਸੈਸ਼ਨਾਂ ਦੀ ਗਿਣਤੀ ਵਧਾਉਣ 'ਤੇ ਜ਼ੋਰ

**ਚੰਡੀਗੜ੍ਹ:** ਅੱਜ ਦੇ ਸਮੇਂ 'ਚ ਸੰਸਦ ਤੇ ਵਿਧਾਨ ਸਭਾ ਦੇ ਸੈਸ਼ਨ ਦਿਨੋ-ਦਿਨ ਛੋਟੇ ਹੁੰਦੇ ਜਾ ਰਹੇ ਹਨ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਸੈਸ਼ਨਾਂ ਦੀ ਗਿਣਤੀ 'ਚ ਵਾਧਾ ਕੀਤਾ ਜਾਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬੀਤੇ ਦਿਨੀਂ ਇਥੇ ਸਮਾਪਤ ਹੋਈ 15ਵੀਂ ਕੁਲ ਹਿੰਦ ਵਿਪ੍ਹਜ਼ ਕਾਨਫਰੰਸ ਤੋਂ ਬਾਅਦ ਕੇਂਦਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕੀਤਾ।

ਸ੍ਰੀ ਬਾਂਸਲ ਨੇ ਕਿਹਾ ਕਿ ਇਸ ਕਾਨਫਰੰਸ 'ਚ ਸਾਨੂੰ 10 ਸਿਫ਼ਾਰਸ਼ਾਂ ਮਿਲੀਆਂ ਹਨ। ਕਾਨਫਰੰਸ 'ਚ ਦੇਸ਼ ਦੀਆਂ ਵਿਧਾਨ ਸਭਾਵਾਂ ਅਤੇ ਸੰਸਦ ਦੇ ਮੈਂਬਰਾਂ, ਵਿਪ੍ਹਜ਼ ਅਤੇ ਚੀਫ਼ ਵਿਪ੍ਹਜ਼ ਨੂੰ ਦੇਸ ਭਰ 'ਚ ਅਤੇ ਵਿਦੇਸ਼ੀ ਟੂਰਾਂ 'ਤੇ ਲਿਜਾਣ ਦੀ ਅਹਿਮ ਸਿਫ਼ਾਰਸ਼ਾਂ ਕੀਤੀ ਗਈ ਹੈ। ਇਕ ਹੋਰ ਸਿਫ਼ਾਰਸ਼ ਮੁਤਾਬਕ ਇਨ੍ਹਾਂ ਅਹੁਦੇਦਾਰਾਂ ਨੂੰ ਮੌਸਮੀ ਤਬਦੀਲੀਆਂ ਜਾਂ ਬਾਇਓ ਤਕਨਾਲੋਜੀਆਂ ਬਾਰੇ ਵਧੇਰੇ ਜਾਣਕਾਰੀ ਦੇਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਾਪਤੀਆਂ ਲਈ ਉਕਤ ਅਹੁਦੇਦਾਰਾਂ ਨਾਲ ਰਿਸਰਚ ਸਕਾਲਰਾਂ ਨੂੰ ਲਗਾਉਣਾ ਚਾਹੀਦਾ ਹੈ ਤਾਂ ਜੋ ਉਹ ਅੱਜ ਦੀਆਂ ਅਹਿਮ ਸਮੱਸਿਆਵਾਂ ਬਾਰੇ ਜਾਗਰੂਕ ਹੋ ਸਕਣ।


ਇਸ ਤੋਂ ਇਲਾਵਾ ਸਾਰੇ ਸੰਸਦ ਤੇ ਵਿਧਾਨ ਸਭਾ ਮੈਂਬਰਾਂ ਨੂੰ ਏਮਜ਼, ਖੇਤੀਬਾੜੀ ਯੂਨੀਵਰਸਿਟੀਆਂ ਅਤੇ ਹੋਰ ਮੁੱਖ ਕਾਲਜਾਂ 'ਚ ਵੱਖ-ਵੱਖ ਅਹਿਮ ਵਿਸ਼ਿਆਂ ਸਬੰਧੀ ਟਰੇਨਿੰਗ ਦਿੱਤੀ ਜਾਵੇ ਤਾਂ ਜੋ ਉਹ ਗਿਆਨ ਪ੍ਰਾਪਤ ਕਰਕੇ ਮੌਸਮੀ ਤਬਦੀਲੀਆਂ ਵਰਗੇ ਅਹਿਮ ਵਿਸ਼ਿਆਂ 'ਤੇ ਹੋਣ ਵਾਲੀ ਬਹਿਸ 'ਚ ਬਰਾਬਰ ਹਿੱਸਾ ਲੈ ਸਕਣ। ਸ੍ਰੀ ਬਾਂਸਲ ਨੇ ਕਿਹਾ ਕਿ ਇਸ ਸਮੇਂ ਦਿੱਲੀ ਦੇ ਸਾਰੇ ਸਕੂਲਾਂ ਤੇ ਦੁਨੀਆਂ ਭਰ ਦੇ ਕੇਂਦਰੀ ਵਿਦਿਆਲਿਆਂ 'ਚ ਯੂਥ ਪਾਰਲੀਮੈਂਟ ਲਗਾ ਕੇ ਨੌਜਵਾਨਾਂ ਨੂੰ ਸੰਸਦੀ ਮਾਮਲਿਆਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ ਪਰ ਹੁਣ ਸਾਨੂੰ ਇਹ ਸਿਫ਼ਾਰਸ਼ ਪ੍ਰਾਪਤ ਹੋਈ ਹੈ ਕਿ ਇਹ ਯੂਥ ਪਾਰਲੀਮੈਂਟ ਸਾਰੇ ਨਵੋਦਿਆ ਵਿਦਿਆਲਿਆਂ 'ਚ ਲਗਾਈਆਂ ਜਾਣ।


ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

Manjit Gill
President
CA Lic#0B23990
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



M&J
ROAD SERVICE
ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ

BRIDGESTONE MICHELIN Firestone YOKOHAMA GOODYEAR BFGoodrich
MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING
Freeway 5 - 11401 Harlan Rd. Lathrop CA 95330
Across from Kenworth
Freeway 99 - 3327 South Hwy 99, Stockton CA 95215
New & Used Tires & Truck Repair Service Available
Hardeep Singh Cell: 209-450-8981
Off: 209-456-0182

# ਮਸਲਿਆਂ ਨੂੰ ਮੁਹਿੰਮਾਂ ਵਿਚ ਬਦਲਣ ਨਾਲ ਉਲਝ ਜਾਂਦਾ ਬਹੁਤ ਕੁਝ

**ਜਤਿੰਦਰ ਪਨੂੰ**

ਆਸਟਰੇਲੀਆ ਵਿਚ ਭਾਰਤੀ, ਤੇ ਖਾਸ ਕਰਕੇ ਪੰਜਾਬੀ, ਵਿਦਿਆਰਥੀਆਂ ਉਤੇ ਹਮਲਿਆਂ ਦੀਆਂ ਪਹਿਲੀਆਂ ਖਬਰਾਂ ਆਉਣ ਵੇਲੇ ਤੋਂ ਹੀ ਸਾਡੀ ਰਾਏ ਸੀ ਕਿ ਇਹਨਾਂ ਨੂੰ ਬਹੁਤਾ ਉਛਾਲਣਾ ਫ਼ਾਇਦੇਮੰਦ ਨਹੀਂ ਰਹੇਗਾ। ਕੁਝ ਲੋਕਾਂ ਨੂੰ ਸਾਡੀ ਰਾਏ ਗਲਤ ਵੀ ਲੱਗੀ ਸੀ। ਅਸੀਂ ਇਹ ਸਮਝਦੇ ਸਾਂ ਕਿ ਇੰਜ ਕਰਨਾ ਭਾਰਤੀ ਬੱਚਿਆਂ ਦੇ ਹਿੱਤ ਵਿਚ ਨਹੀਂ ਹੋਣਾ। ਹੁਣ ਇਹ ਗੱਲ ਲੱਗਭੱਗ ਸਾਬਤ ਹੋ ਚੁੱਕੀ ਹੈ ਕਿ ਇਸ ਕਿਸਮ ਦੀ ਮੁਹਿੰਮਬਾਜ਼ੀ ਨੇ ਉਨ੍ਹਾਂ ਦਾ ਫ਼ਾਇਦਾ ਨਹੀਂ ਕੀਤਾ, ਉਲਟਾ ਉਨ੍ਹਾਂ ਦੇ ਰਾਹ ਦੀਆਂ ਰੁਕਾਵਟਾਂ ਵਧ ਗਈਆਂ ਹਨ।

ਪਹਿਲੀ ਗੱਲ ਤਾਂ ਅਸੀਂ ਇਹ ਮੰਨ ਕੇ ਤੁਰੀਏ ਕਿ ਆਸਟਰੇਲੀਆ ਵਿਚ ਹੋਈ ਹਾਰ ਵਾਰਦਾਤ ਨਸਲੀ ਭੇਦ ਭਾਵ ਦੀ ਪ੍ਰਤੀਕ ਨਹੀਂ ਸੀ, ਤੇ ਨਾਲ ਹੀ ਇਹ ਵੀ ਕਿ ਹਰ ਵਾਰਦਾਤ ਸਿਰਫ਼ ਲੁੱਟ ਖੋਹ ਵਾਲੀ ਵੀ ਨਹੀਂ ਸੀ। ਜਿਹੜੀ ਗੱਲ ਪ੍ਰਵਾਨ ਕਰਨ ਤੋਂ ਉਸ ਵਕਤ ਆਸਟਰੇਲੀਆ ਦੀ ਸਰਕਾਰ ਇਸ ਕਰਕੇ ਇਨਕਾਰ ਕਰਦੀ ਸੀ ਕਿ ਉਸ ਦੇ ਦੇਸ਼ ਉਤੇ ਨਸਲਵਾਦ ਦਾ ਫੱਟਾ ਲੱਗ ਜਾਵੇਗਾ, ਹੁਣ ਉਸਨੂੰ ਮੰਨਣੀ ਪੈ ਗਈ ਹੈ ਕਿ ਕੁਝ ਘਟਨਾਵਾਂ ਸਚਮੁੱਚ ਹੀ ਨਸਲਵਾਦ ਦੀਆਂ ਸਨ। ਉਸ ਵਕਤ ਹੀ ਜੇ ਇਸ ਹਕੀਕਤ ਨੂੰ ਮੰਨ ਕੇ ਗਿਣੇ-ਚੁਣੇ ਨਸਲਵਾਦੀ ਤੱਤਾਂ ਵਿਰੁਧ ਸਖ਼ਤੀ ਕਰ ਦਿੱਤੀ ਜਾਂਦੀ ਤਾਂ ਇਸ ਨਾਲ ਆਸਟਰੇਲੀਆ ਦੀ ਸਰਕਾਰ ਦਾ ਅਕਸ ਚਮਕਣਾ ਹੀ ਸੀ, ਧੁੰਦਲਾ ਨਹੀਂ ਸੀ ਹੋਣਾ। ਹੁਣ ਉਸਨੇ ਇਹ ਸੱਚ ਓਦੋਂ ਪ੍ਰਵਾਨ ਕੀਤਾ ਹੈ, ਜਦੋਂ ਦੇਸ਼ ਦੀ ਵਿਰੋਧੀ ਧਿਰ ਵੀ ਸਰਕਾਰ ਨੂੰ ਪੈ ਨਿਕਲੀ ਹੈ, ਤੇ ਅਜਿਹਾ ਸਟੈਂਡ ਲੈਣਾ ਜ਼ਰੂਰੀ ਬਣ ਗਿਆ ਹੈ।

ਦੂਜੀ ਗੱਲ ਇਹ ਕਿ ਭਾਰਤ ਦੇ ਹਾਈ ਕਮਿਸ਼ਨ ਨੇ ਇਹ ਸਵਾਲ ਬੜੇ ਦਲੀਲਪੂਰਨ ਢੰਗ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਨੇ ਆਸਟਰੇਲੀਆ ਉੱਤੇ ਨਸਲਵਾਦ ਦੀ ਉਂਗਲ ਹੀ ਨਹੀਂ ਰੱਖੀ, ਓਥੇ ਕੁਝ ਤੱਤਾਂ ਉਤੇ ਭਾਰਤ-ਵਿਰੋਧੀ ਹੋਣ ਦਾ ਦੋਸ਼ ਵੀ ਲਾਇਆ ਹੈ। ਇਹ ਗੱਲ ਉਨ੍ਹਾਂ ਨੇ ਉਭਾਰ ਕੇ ਪੁੱਛੀ ਹੈ ਕਿ ਵਾਰਦਾਤਾਂ ਦਾ ਨਿਸ਼ਾਨਾ ਆਮ ਕਰਕੇ ਭਾਰਤੀ ਵਿਦਿਆਰਥੀ ਹੀ ਕਿਉਂ ਬਣਾਏ ਜਾ ਰਹੇ ਹਨ, ਦੂਜੇ ਦੇਸ਼ਾਂ ਦੇ ਵਿਦਿਆਰਥੀ ਕਿਵੇਂ ਬਚੇ ਰਹਿੰਦੇ ਹਨ? ਭਾਵ ਉਨ੍ਹਾਂ ਦਾ ਇਹ ਨਹੀਂ ਕਿ ਦੂਜੇ ਦੇਸ਼ਾਂ ਦੇ ਵਿਦਿਆਰਥੀ ਬਚੇ ਨਹੀਂ ਸਨ ਰਹਿਣੇ ਚਾਹੀਦੇ, ਸਗੋਂ ਇਹ ਹੈ ਕਿ ਉਹ ਤੱਤ ਪਛਾਣਨੇ ਚਾਹੀਦੇ ਹਨ, ਜਿਹੜੇ ਸਿਰਫ਼ ਭਾਰਤੀ ਵਿਦਿਆਰਥੀਆਂ ਨੂੰ ਚੁਣ ਕੇ ਨਿਸ਼ਾਨਾ ਬਣਾ ਰਹੇ ਹਨ।

ਆਸਟਰੇਲੀਆ ਦੀ ਸਰਕਾਰ ਇਸ ਬਾਰੇ ਸਥਿਤੀ ਸਪੱਸ਼ਟ ਕਰਨ ਵਿਚ ਕੁਝ ਨਾ ਕੁਝ ਔਖ ਮਹਿਸੂਸ ਕਰ ਸਕਦੀ ਹੈ। ਓਥੋਂ ਦੇ ਰਾਜਾਂ ਦੀਆਂ ਸਰਕਾਰਾਂ ਦਾ ਵਖਰੇਵਾਂ ਵੀ ਜ਼ਾਹਰ ਹੋਣ ਲੱਗ ਪਿਆ ਹੈ। ਇਕ ਰਾਜ ਸਰਕਾਰ ਨੇ ਉਚੇਚ ਨਾਲ ਇਹ ਐਲਾਨ ਕੀਤਾ ਹੈ ਕਿ ਆਸਟਰੇਲੀਆ ਵਿਚ ਉਨ੍ਹਾਂ ਦਾ ਰਾਜ ਵਿਦੇਸ਼ੀ ਵਿਦਿਆਰਥੀਆਂ ਲਈ ਵਧ ਸੁਰੱਖਿਅਤ ਹੈ। ਕੁਝ ਦੂਜੇ ਰਾਜਾਂ ਨੇ ਇੰਜ ਕਹੇ ਜਾਣ ਦਾ ਬੁਰਾ ਵੀ ਮਨਾਇਆ ਹੈ। ਸੱਚ ਵੀ ਇਹੋ ਹੈ ਕਿ ਸਾਰਾ ਆਸਟਰੇਲੀਆ ਇਕੋ ਜਿਹਾ ਨਹੀਂ ਤੇ ਮੈਲਬੌਰਨ ਸ਼ਹਿਰ ਇਹੋ ਜਿਹੇ ਹਮਲਿਆਂ ਦੀਆਂ ਘਟਨਾਵਾਂ ਕਾਰਨ ਕਿਸੇ ਵੀ ਹੋਰ ਸ਼ਹਿਰ ਜਾਂ ਰਾਜ ਤੋਂ ਵਧ ਚਰਚਾ ਵਿਚ ਆਉਂਦਾ ਰਿਹਾ ਹੈ।

ਇਸੇ ਦੌਰਾਨ ਆਸਟਰੇਲੀਆ ਸਰਕਾਰ ਵਿਰੁਧ ਸਾਡੀ ਨਾਰਾਜ਼ਗੀ ਨੂੰ ਉਲਟ ਗੇੜਾ ਦੇਣ ਵਾਲੀਆਂ ਕੁਝ ਘਟਨਾਵਾਂ ਵੀ ਹੋ ਗਈਆਂ। ਇਕ ਸ਼ਹਿਰ ਦੇ ਬਾਹਰ ਇਕ ਪੰਜਾਬੀ ਨੌਜਵਾਨ ਦੀ ਸੜੀ ਹੋਈ ਲਾਸ਼ ਮਿਲਣ ਉਤੇ ਸਾਡਾ ਸਾਰਿਆਂ ਦਾ ਰੋਹ ਨਾਲ ਭਰ ਜਾਣਾ ਸੁਭਾਵਕ ਸੀ। ਪਿੱਛੋਂ ਇਹ ਭੇਦ ਖੁੱਲ੍ਹ ਗਿਆ ਕਿ ਉਸਦਾ ਕਤਲ ਇਕ ਪੰਜਾਬੀ ਠੇਕੇਦਾਰ ਤੇ ਉਸਦੀ ਪਤਨੀ ਦਾ ਕਾਰਾ ਸੀ। ਹਾਲੇ ਉਹ ਖ਼ਬਰ ਬੇਹੀ ਨਹੀਂ ਸੀ ਹੋਈ ਕਿ ਪਾਰਕਿੰਗ ਵਿਚ ਗੱਡੀ ਲਾਉਣ ਗਏ ਨੂੰ ਤੇਲ ਪਾ ਕੇ ਸਾੜਨ ਦੀ ਘਟਨਾ ਦਾ ਕੋੜਾ 'ਸੱਚ' ਵੀ ਸਾਹਮਣੇ ਆ ਗਿਆ। ਅੱਧ-ਪਚੱਧੇ ਸੜ ਗਏ ਉਸ ਪੰਜਾਬੀ ਨੂੰ ਮੰਨਣਾ ਪੈ ਗਿਆ ਕਿ ਸੈਰ ਸਪਾਟੇ ਕਾਰਨ ਖਰਚਾ ਵਧ ਹੋ ਗਿਆ ਸੀ ਤੇ ਬੀਮੇ ਦੀ ਰਕਮ ਲੈਣ ਲਈ ਉਸਨੇ ਇਹ ਨਾਟਕ ਆਪ ਹੀ ਕੀਤਾ ਸੀ। ਪਹਿਲਾਂ ਅਸੀਂ ਆਸਟਰੇਲੀਆ ਦੀ ਸਰਕਾਰ ਤੇ ਸਮਾਜ ਦੇ ਵਿਰੁਧ ਬੋਲਦੇ ਤੇ ਲਿਖਦੇ ਸਾਂ, ਇਹਨਾਂ ਦੋ ਘਟਨਾਵਾਂ ਪਿੱਛੋਂ ਓਥੋਂ ਦਾ ਮੀਡੀਆ ਬਾਕੀ ਘਟਨਾਵਾਂ ਵਿਚੋਂ ਵੀ ਬਹੁਤੀਆਂ ਨੂੰ ਇਸੇ ਵੰਨਗੀ ਵਿਚ ਰੱਖਣ ਤੁਰ ਪਿਆ। ਹੁਣ ਜਦੋਂ ਪਰਥ ਵਿਚ ਪੰਜਾਬੀ ਮੁੰਡਿਆਂ ਹੱਥੋਂ ਹੀ ਦੋ ਪੰਜਾਬੀ ਸਕੇ ਭਰਾਵਾਂ ਦੇ ਕਤਲ ਕਰ ਦਿੱਤੇ ਜਾਣ ਦੀ ਖ਼ਬਰ ਆਈ ਹੈ ਤਾਂ ਓਥੋਂ ਦਾ ਮੀਡੀਆ ਇਕ ਵਾਰੀ ਫਿਰ ਸਾਡੀ ਪਿਛਲੀ ਕੁੜੱਤਣ ਨੂੰ ਯਾਦ ਰੱਖ ਕੇ ਜਵਾਬੀ ਚੋਭਾਂ ਲਾਉਣ ਦੀ ਕੋਸ਼ਿਸ਼ ਕਰ ਸਕਦਾ ਹੈ।

ਵਿਦੇਸ਼ਾਂ ਵਿਚ ਗਏ ਪੰਜਾਬੀ, ਜਾਂ ਹੋਰਨਾਂ ਰਾਜਾਂ ਦੇ ਭਾਰਤੀ, ਬੱਚੇ ਸਾਡੇ ਆਪਣੇ ਹਨ। ਅਸੀਂ ਉਨ੍ਹਾਂ ਸਾਰਿਆਂ ਦੀ ਸੁੱਖ ਮੰਗਦੇ ਹਾਂ। ਨਾਲ ਦੀ ਨਾਲ ਸਾਨੂੰ ਇਹ ਸੱਚ ਵੀ ਪ੍ਰਵਾਨ ਕਰਨਾ ਚਾਹੀਦਾ ਹੈ ਕਿ ਕੁਝ ਨਾ ਕੁਝ ਕਸੂਰ ਕਿਸੇ ਨਾ ਕਿਸੇ ਥਾਂ ਸਾਡੇ ਬੱਚਿਆਂ ਵਿਚੋਂ ਕਿਸੇ ਦਾ ਵੀ ਹੋ ਸਕਦਾ ਹੈ। ਅਸੀਂ ਤਾਂ ਅਕਲ ਦੀ ਗੱਲ ਦੱਸੀ ਵੀ ਮੰਨਣੀ ਨਹੀਂ ਚਾਹੁੰਦੇ। ਓਥੋਂ ਦੀ ਸਰਕਾਰ ਦੇ ਇਕ ਅਹਿਲਕਾਰ ਨੇ ਇਹ ਸਲਾਹ ਦੇ ਦਿੱਤੀ ਕਿ ਵਿਦੇਸ਼ੀ, ਤੇ ਖਾਸ ਕਰਕੇ ਭਾਰਤੀ, ਵਿਦਿਆਰਥੀ ਬਹੁਤਾ ਵਿਖਾਵਾ ਕਰਨ ਤੋਂ ਬਚਿਆ ਕਰਨ। ਉਨ੍ਹਾਂ ਵਿਦਿਆਰਥੀਆਂ ਨੇ ਦਿਨੇ ਪੜ੍ਹਾਈ ਕਰਨੀ ਤੇ ਬਹੁਤੀ ਵਾਰੀ ਰਾਤ ਦੀ ਸ਼ਿਫਟ ਉਤੇ ਕੰਮ ਕਰ ਕੇ ਪਰਤਣਾ ਹੁੰਦਾ ਹੈ।

**_ਸਭ ਤੋਂ ਵੱਧ ਪੰਜਾਬੀਆਂ ਦੇ ਕਤਲ ਹਰ ਸਾਲ ਫਿਲਪਾਈਨ ਵਿਚ ਹੁੰਦੇ ਹਨ ਤੇ ਕਦੇ ਵੀ ਕੋਈ ਮਹੀਨਾ ਖਾਲੀ ਨਹੀਂ ਜਾਂਦਾ। ਬੀਤੇ ਹਫ਼ਤੇ ਵੀ ਤਿੰਨ ਪੰਜਾਬੀ ਮੁੰਡੇ ਓਥੇ ਕਤਲ ਹੋ ਗਏ ਹਨ। ਓਥੇ ਮਾਰੇ ਜਾਣ ਵਾਲੇ ਕਿਸੇ ਵੀ ਪੰਜਾਬੀ ਦੇ ਘਰ ਨਾ ਤਾਂ ਸਰਕਾਰ ਦਾ ਕੋਈ ਪ੍ਰਤੀਨਿਧ ਕਦੇ ਸਹਾਇਤਾ ਦਾ ਚੈੱਕ ਲੈ ਕੇ ਗਿਆ ਹੈ ਤੇ ਨਾ ਉਸ ਕਿਸਮ ਦਾ ਸਖ਼ਤ ਰੋਸ ਫਿਲਪਾਈਨ ਦੀ ਸਰਕਾਰ ਕੋਲ ਕੀਤਾ ਹੈ।_**

ਇਹੋ ਜਿਹੇ ਵਕਤ ਉਨ੍ਹਾਂ ਕੋਲ ਮਹਿੰਗੀਆਂ ਚੀਜ਼ਾਂ ਦਾ ਦੂਰੋਂ ਦਿੱਸਣਾ ਲੁਟੇਰੇ ਅਨਸਰਾਂ ਨੂੰ ਆਪਣੇ ਵਲ ਖਿੱਚਦਾ ਹੈ। ਪੰਜਾਬ ਦੇ ਮੌਜੂਦਾ ਲੁੱਟ-ਖੋਹ ਵਾਲੇ ਮਾਹੌਲ ਵਿਚ ਹੁਣ ਸ਼ਹਿਰਾਂ ਦੇ ਲੋਕ ਵੀ ਆਪਣੇ ਘਰ ਦੇ ਜੀਆਂ ਨੂੰ ਕਹਿਣ ਲੱਗ ਪਏ ਹਨ ਕਿ ਹਨੇਰੇ-ਸਵੇਰੇ ਤੁਰਨ ਵੇਲੇ ਜ਼ਿਆਦਾ ਭਾਰੇ ਪਰਸ ਜਾਂ ਚੇਨੀਆਂ-ਅੰਗੂਠੀਆਂ ਪਾ ਕੇ ਨਾ ਨਿਕਲੋ, ਵਰਨਾ ਲੁਟੇਰੇ ਲੁੱਟਣ ਦੇ ਨਾਲ ਨਾਲ ਕੋਈ ਸਰੀਰਕ ਨੁਕਸਾਨ ਵੀ ਪੁਚਾ ਸਕਦੇ ਹਨ। ਜੇ ਇਹੋ ਗੱਲ ਆਸਟਰੇਲੀਆ ਦੀ ਸਰਕਾਰ ਦੇ ਇੱਕ ਅਧਿਕਾਰੀ ਨੇ ਕਹਿ ਦਿੱਤੀ ਤਾਂ ਸਾਨੂੰ ਚਿੜ੍ਹ ਚੜ੍ਹ ਗਈ। ਅਸੀਂ ਭਾਰਤੀ ਮੀਡੀਏ ਵਿਚ ਇਹ ਸਵਾਲ ਵੀ ਉਛਾਲਣ ਲੱਗ ਪਏ ਕਿ ਕੀ ਸਾਡੇ ਬੱਚਿਆਂ ਨੂੰ ਓਥੇ ਚੱਜ ਨਾਲ ਜਿਊਣ ਦਾ ਅਧਿਕਾਰ ਵੀ ਨਹੀਂ? ਕੀ ਉਹ ਓਥੇ ਹੁਣ ਆਪਣੀ ਭੁੱਖ-ਨੰਗ ਦੀ ਤਸਵੀਰ ਪੇਸ਼ ਕਰਿਆ ਕਰਨ? ਇਹ ਵਿਹਾਰ ਸਾਡੀ ਸੋਚ ਦਾ ਸਾਵਾਂਪਣ ਪੇਸ਼ ਕਰਨ ਵਾਲਾ ਨਹੀਂ, ਸਗੋਂ ਉਹ ਅਸਾਵਾਂਪਣ ਸੀ, ਜਿਹੜਾ ਅਸੀਂ ਕ੍ਰਿਕਟ ਖਿਡਾਰੀ ਹਰਭਜਨ ਸਿੰਘ ਦੇ ਸਵਾਲ ਉਤੇ ਅਪਣਾਇਆ ਸੀ।

ਹਰਭਜਨ ਸਿੰਘ ਜਿੰਨਾ ਵੀ ਵਧੀਆ ਖਿਡਾਰੀ ਹੋਵੇ, ਵਿਹਾਰ ਦੀ ਬਦਤਮੀਜ਼ੀ ਕਾਰਨ ਕਈ ਵਾਰੀ ਚਰਚਾ ਵਿਚ ਆ ਚੁੱਕਾ ਹੈ। ਆਸਟਰੇਲੀਆ ਵਿਚ ਖੇਡਦੇ ਸਮੇਂ ਓਥੋਂ ਦੇ ਇਕ ਖਿਡਾਰੀ ਨੇ ਉਸ ਉੱਤੇ ਨਸਲਵਾਦੀ ਟਿਪਣੀ ਕਰਨ ਦਾ ਦੋਸ਼ ਲਾਇਆ ਸੀ। ਗੱਲ ਅੰਤ ਨੂੰ ਸਚਿਨ ਤੇਂਦੁਲਕਰ ਦੀ ਗਵਾਹੀ ਉਤੇ ਆਣ ਅਟਕੀ ਤੇ ਨਿਬੇੜਾ ਇਹ ਹੋਇਆ ਕਿ ਹਰਭਜਨ ਨੇ ਜੋ ਸ਼ਬਦ ਵਰਤੇ ਸਨ, ਉਹ ਨਸਲਵਾਦੀ ਨਹੀਂ ਸਨ, ਮਾਂ ਦੀ ਗਾਲ੍ਹ ਨਾਲ ਸੰਬੰਧਤ ਸਨ, ਜੋ ਆਸਟਰੇਲੀਆ ਦੇ ਖਿਡਾਰੀ ਨੇ ਗਲਤ ਸਮਝ ਲਿਆ ਸੀ। ਓਦੋਂ ਅਸੀਂ ਆਸਟਰੇਲੀਅਨਾਂ ਦੇ ਖ਼ਿਲਾਫ਼ ਸਾਰਾ ਤਾਣ ਲਾ ਦਿੱਤਾ, ਪਰ ਇਹ ਗੱਲ ਨਾ ਚਿਤਾਰੀ ਗਈ ਕਿ ਹਰਭਜਨ ਨੂੰ ਅਗਲੇ ਦੇ ਦੇਸ਼ ਵਿਚ ਜਾ ਕੇ ਮਾਂ ਦੀ ਗਾਲ੍ਹ ਕੱਢਣਾ ਵੀ ਨਹੀਂ ਸੀ ਸ਼ੋਭਦਾ।

ਏਨਾ ਹੀ ਨਹੀਂ, ਅਸੀਂ ਦੂਜੇ ਦੇਸ਼ਾਂ ਨਾਲ ਮੁਕਾਬਲੇ ਵਿਚ ਆਸਟਰੇਲੀਆ ਦੇ ਹਾਲਾਤ ਨੂੰ ਵੀ ਨਹੀਂ ਵੇਖਦੇ। ਪਿਛਲੇ ਇੱਕੋ ਸਾਲ ਅੰਦਰ ਲੁੱਟ-ਖੋਹ ਦੀਆਂ ਘਟਨਾਵਾਂ ਦੌਰਾਨ ਅਮਰੀਕਾ ਅੰਦਰ ਇਕ ਦਰਜਨ ਤੋਂ ਵਧ ਭਾਰਤੀਆਂ ਉੱਤੇ ਹਮਲੇ ਹੋਏ ਤੇ ਉਨ੍ਹਾਂ 'ਚੋਂ ਕੁਝ ਜਣੇ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਦਮ ਵੀ ਤੋੜ ਗਏ। ਅਸੀਂ ਅਮਰੀਕਾ ਦੇ ਵਿਰੁਧ ਆਸਟਰੇਲੀਆ ਵਰਗਾ ਰੋਹ ਪ੍ਰਗਟ ਨਹੀਂ ਸੀ ਕੀਤਾ। ਸਭ ਤੋਂ ਵੱਧ ਪੰਜਾਬੀਆਂ ਦੇ ਕਤਲ ਹਰ ਸਾਲ ਫਿਲਪਾਈਨ ਵਿਚ ਹੁੰਦੇ ਹਨ ਤੇ ਕਦੇ ਵੀ ਕੋਈ ਮਹੀਨਾ ਖਾਲੀ ਨਹੀਂ ਜਾਂਦਾ। ਬੀਤੇ ਹਫ਼ਤੇ ਵੀ ਤਿੰਨ ਪੰਜਾਬੀ ਮੁੰਡੇ ਓਥੇ ਕਤਲ ਹੋ ਗਏ ਹਨ। ਓਥੇ ਮਾਰੇ ਜਾਣ ਵਾਲੇ ਕਿਸੇ ਵੀ ਪੰਜਾਬੀ ਦੇ ਘਰ ਨਾ ਤਾਂ ਸਰਕਾਰ ਦਾ ਕੋਈ ਪ੍ਰਤੀਨਿਧ ਕਦੇ ਸਹਾਇਤਾ ਦਾ ਚੈੱਕ ਲੈ ਕੇ ਗਿਆ ਹੈ ਤੇ ਨਾ ਉਸ ਕਿਸਮ ਦਾ ਸਖ਼ਤ ਰੋਸ ਫਿਲਪਾਈਨ ਦੀ ਸਰਕਾਰ ਕੋਲ ਕੀਤਾ ਹੈ, ਹਾਲਾਂਕਿ ਇਹ ਸਾਰੇ ਲੋਕ ਵੀ ਓਥੇ ਕਾਨੂੰਨੀ ਤੌਰ 'ਤੇ ਗਏ ਸਨ ਤੇ ਬਾਕਾਇਦਾ ਸਰਕਾਰੀ ਨੇਮਾਂ-ਕਾਨੂੰਨਾਂ ਅੰਦਰ ਰਹਿ ਕੇ ਕਾਰੋਬਾਰ ਕਰ ਰਹੇ ਸਨ। ਕੰਮ ਕਰਦੇ ਪੰਜਾਬੀਆਂ 'ਤੇ ਹਮਲੇ ਫ਼ਰਾਂਸ, ਸਪੇਨ, ਇੰਗਲੈਂਡ ਅਤੇ ਕੈਨੇਡਾ ਵਿਚ ਵੀ ਕਦੇ-ਕਦੇ ਹੋ ਜਾਂਦੇ ਰਹੇ ਹਨ। ਕੀ ਉਨ੍ਹਾਂ ਸਭਨਾਂ ਥਾਵਾਂ ਦੇ ਪੰਜਾਬੀਆਂ ਨੂੰ ਅਸੀਂ ਏਦਾਂ ਦੀ ਹਮਾਇਤ ਕਦੇ ਦਿੱਤੀ ਹੈ?

ਆਸਟਰੇਲੀਆ ਦੇ ਵਿਸ਼ੇਸ਼ ਹਾਲਾਤ ਦਾ ਇੱਕ ਪੱਖ ਇਹ ਵੀ ਹੈ ਕਿ ਓਥੇ ਪਿਛਲੇ ਕੁਝ ਸਾਲਾਂ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਬੱਚੇ ਪੜ੍ਹਾਈ ਦਾ ਵੀਜ਼ਾ ਲੈ ਕੇ ਗਏ ਹਨ। ਉਨ੍ਹਾਂ ਦੀ ਏਨੀ ਵੱਡੀ ਗਿਣਤੀ ਓਥੇ ਜਾਣ ਦਾ ਆਸਟਰੇਲੀਅਨ ਗੋਰੇ ਹੀ ਨਹੀਂ, ਪੁਰਾਣੇ ਪੱਕੇ ਹੋ ਚੁੱਕੇ ਪੰਜਾਬੀ ਵੀ ਵੱਖਰਾ ਜ਼ਿਕਰ ਕਰਨ ਲੱਗ ਪਏ ਹਨ। ਸਭ ਤੋਂ ਵਧ ਜਿਹੜੀ ਗੱਲ ਦੀ ਚਰਚਾ ਉਹ ਸਾਰੇ ਜਣੇ ਨਵੇਂ ਬੱਚਿਆਂ ਬਾਰੇ ਕਰਦੇ ਹਨ, ਉਹ ਇਹੋ ਹੈ ਕਿ ਵੀਜ਼ੇ ਲਗਵਾ ਕੇ ਤੋਰਨ ਸਮੇਂ ਨਾ ਤਾਂ ਭਾਰਤ ਵਿਚਲੇ ਏਜੰਟ ਉਨ੍ਹਾਂ ਨੂੰ ਆਸਟਰੇਲੀਅਨ ਸਮਾਜ ਵਿਚ ਰਹਿਣ-ਸਹਿਣ ਦੇ ਤੌਰ ਤਰੀਕਿਆਂ ਬਾਰੇ ਕੁਝ ਦੱਸਦੇ ਹਨ ਤੇ ਨਾ ਓਥੋਂ ਦਾਖ਼ਲੇ ਦੀ ਆਗਿਆ ਦੇ ਕੇ ਫ਼ੀਸ ਦਾ ਗੱਫਾ ਲੈਣ ਵਾਲੇ ਕਾਲਜਾਂ ਵਾਲਿਆਂ ਵਿਚੋਂ ਬਹੁਤੇ ਜਣੇ ਇਹ ਦੱਸਣਾ ਆਪਣੀ ਜ਼ਿੰਮੇਵਾਰੀ ਸਮਝਦੇ ਹਨ। ਨਤੀਜੇ ਵਜੋਂ ਉਹ ਬੱਚੇ ਓਥੇ ਜਾ ਕੇ ਆਪਣੇ ਪਿੰਡ ਦੀ ਫਿਰਨੀ ਤੇ ਮੈਲਬੌਰਨ ਦੇ ਹਾਈਵੇਅ ਨੂੰ ਇੱਕੋ ਜਿਹੀ ਥਾਂ ਹੀ ਸਮਝ ਬੈਠਦੇ ਹਨ। ਚੱਜ-ਆਚਾਰ ਤੋਂ ਸੱਖਣਾ ਉਨ੍ਹਾਂ ਦਾ ਵਿਹਾਰ ਸਥਾਨਕ ਵਸੋਂ ਨੂੰ ਚੁੱਭਣ ਕਰ ਕੇ ਉਹ ਇਹਨਾਂ ਉਤੇ ਹਮਲੇ ਤਾਂ ਨਹੀਂ ਕਰੇਗੀ, ਪਰ ਹਮਦਰਦੀ ਵੀ ਇਹਨਾਂ ਵਾਸਤੇ ਓਨੀ ਨਹੀਂ ਰੱਖ ਸਕਦੀ, ਜਿੰਨੀ ਹੋਣੀ ਚਾਹੀਦੀ ਹੈ।

ਉੱਪਰੋਂ ਸਾਡਾ ਵਿਹਾਰ ਵੀ ਬੜਾ ਅਜੀਬ ਹੈ। ਅਸੀਂ ਕਿਸੇ ਗੱਲ ਨੂੰ ਕਦੇ ਠੰਢੇ ਸਿਰ ਨਾਲ ਸੋਚਦੇ ਹੀ ਨਹੀਂ। ਸਾਨੂੰ ਤਾਂ ਹਰ ਵਕਤ ਮੁੱਦਾ ਚਾਹੀਦਾ ਹੈ, ਜਿਸ ਨੂੰ ਲੈ ਕੇ ਅਸੀਂ ਬਿਆਨਬਾਜ਼ੀ ਕਰ ਸਕੀਏ। ਇਸ ਦਾ ਅਸਰ ਕੀ ਪਵੇਗਾ, ਸਾਨੂੰ ਉਸ ਦੀ ਕੋਈ ਚਿੰਤਾ ਹੀ ਨਹੀਂ ਹੁੰਦੀ। ਬਿਆਨ ਉਹ ਸੱਜਣ ਵੀ ਦੇਈ ਜਾਂਦੇ ਹਨ, ਜਿਨ੍ਹਾਂ ਦਾ ਓਥੋਂ ਦੇ ਹਾਲਾਤ ਨਾਲ ਕੋਈ ਵਾਸਤਾ ਹੀ ਨਹੀਂ ਹੁੰਦਾ। ਨਤੀਜਾ ਜੋ ਕੁਝ ਨਿਕਲ ਸਕਦਾ ਹੈ, ਉਹ ਹੁਣ ਸਾਹਮਣੇ ਆਉਣ ਲੱਗ ਪਿਆ ਹੈ।

ਆਸਟਰੇਲੀਆ ਦੀ ਸਰਕਾਰ ਨੇ ਆਪਣੇ ਕੋਲ ਪੱਕੀ ਰਿਹਾਇਸ਼ (ਪਰਮਾਨੈਂਟ ਰੈਜ਼ੀਡੈਂਸ) ਦੀਆਂ ਵੀਹ ਹਜ਼ਾਰ ਤੋਂ ਵੱਧ ਬੱਚਿਆਂ ਦੀਆਂ ਅਰਜ਼ੀਆਂ ਉੱਤੇ ਪ੍ਰਵਾਨਗੀ ਰੋਕ ਦਿੱਤੀ ਹੈ। ਇਹ ਬੱਚੇ ਲੱਖਾਂ ਰੁਪਏ ਖਰਚ ਕੇ ਓਥੇ ਗਏ ਸਨ ਤੇ ਹੁਣ ਉਹ ਇਸ ਚਿੰਤਾ ਵਿਚ ਹਨ ਕਿ ਕਿਸੇ ਵੀ ਵਕਤ ਵਤਨ ਵਾਪਸੀ ਵਾਸਤੇ ਹੁਕਮ ਮਿਲ ਸਕਦਾ ਹੈ। ਉਨ੍ਹਾਂ ਦੀ ਜਾਨ ਮਾਲ ਦੀ ਰਾਖੀ ਬਾਰੇ ਤਾਂ ਭਾਰਤ ਸਰਕਾਰ ਕੁਝ ਨਾ ਕੁਝ ਦਖ਼ਲ ਦੇ ਸਕਦੀ ਹੈ, ਕਿਸੇ ਨੂੰ ਵੀਜ਼ਾ ਦੇਣ ਜਾਂ ਪੱਕੀ ਰਿਹਾਇਸ਼ ਦਾ ਹੱਕ ਦੇਣ ਦੇ ਮਾਮਲੇ ਵਿਚ ਕੋਈ ਵੀ ਦੇਸ਼ ਦੂਜੇ ਦੇਸ਼ ਦੀ ਸਰਕਾਰ ਨੂੰ ਨਹੀਂ ਕਹਿ ਸਕਦਾ। ਅਗੋਂ ਲਈ ਆਸਟਰੇਲੀਆ ਦੀ ਸਰਕਾਰ ਨੇ ਵੀਜ਼ਾ ਦੇਣ ਦੇ ਨਿਯਮ ਵੀ ਸਖ਼ਤ ਕਰਨੇ ਸ਼ੁਰੂ ਕਰ ਦਿੱਤੇ ਹਨ। ਸਧਾਰਨ ਕਿਸਮ ਦੇ ਸੌਖੇ ਕੋਰਸਾਂ ਲਈ ਅਗੋਂ ਵੀਜ਼ਾ ਦੇਣਾ ਬੰਦ ਕਰ ਦਿੱਤਾ ਜਾਵੇਗਾ ਤੇ ਤਕਨੀਕੀ ਕੋਰਸਾਂ ਲਈ ਯੋਗਤਾ ਹੀ ਵੱਧ ਨਹੀਂ, ਅੰਗਰੇਜ਼ੀ ਟੈੱਸਟ ਦੇ ਨੰਬਰ ਵੀ ਵਧ ਰੱਖ ਦਿੱਤੇ ਜਾਣਗੇ।

ਸਿਰਫ਼ ਓਥੇ ਹੀ ਨਹੀਂ, ਇਹ ਸਭ ਕੁਝ ਹੁਣ ਬਰਤਾਨੀਆ ਦੀ ਸਰਕਾਰ ਵੀ ਕਰਨ ਲੱਗੀ ਹੈ ਤੇ ਹਾਲੈਂਡ ਬਾਰੇ ਵੀ ਇਹੋ ਜਿਹੀਆਂ ਰਿਪੋਰਟਾਂ ਆਉਣ ਲੱਗੀਆਂ ਹਨ। ਇਹਨਾਂ ਸਭਨਾਂ ਥਾਵਾਂ ਤੋਂ ਮੁੱਦਾ ਬਿਨਾਂ ਸ਼ੱਕ ਏਜੰਟਾਂ ਰਾਹੀਂ ਪੜ੍ਹਾਈ ਦੇ ਬਹਾਨੇ ਹੋ ਰਹੀ ਕਬੂਤਰਬਾਜ਼ੀ ਨੂੰ ਵੀ ਬਣਾਇਆ ਜਾ ਰਿਹਾ ਹੈ, ਪਰ ਮੁਸ਼ਕਲ ਤਾਂ ਅਸਲੀ ਵਿਦਿਆਰਥੀਆਂ ਨੂੰ ਆਵੇਗੀ। ਬੇਲੋੜੀ ਮੁਹਿੰਮ ਨੇ ਉਨ੍ਹਾਂ ਦਾ ਕੁਝ ਸੰਵਾਰਨ ਦੀ ਥਾਂ ਉਨ੍ਹਾਂ ਸਾਰਿਆਂ ਨੂੰ ਉਲਝਣ ਵਿਚ ਫਸਾ ਦਿੱਤਾ ਹੈ।

ਸਾਡੀ ਤੇ ਸਾਡੇ ਪੰਜਾਬ ਦੇ ਪ੍ਰਸ਼ਾਸਨ ਦੀ 'ਹਿੰਮਤ' ਤਾਂ ਇਸ ਤੋਂ ਵੀ ਅੱਗੇ ਜਾਂਦੀ ਹੈ। ਪਿਛਲੇ ਸਾਲ ਆਸਟਰੇਲੀਆ ਤੋਂ ਆਈਆਂ ਮੁੱਢਲੀਆਂ ਖ਼ਬਰਾਂ ਪਿੱਛੋਂ ਹੀ ਐਨ ਆਰ ਆਈ ਮਾਮਲਿਆਂ ਨਾਲ ਜੁੜੇ ਹੋਏ ਇਕ ਅਫ਼ਸਰ ਨੇ ਸਾਰੇ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੂੰ ਆਸਟਰੇਲੀਆ ਪੜ੍ਹਦੇ ਬੱਚਿਆਂ ਦੀਆਂ ਤੇ ਉਨ੍ਹਾਂ ਦੇ ਮਾਂ-ਬਾਪ ਦੀਆਂ ਸੂਚੀਆਂ ਬਣਾਉਣ ਦਾ ਕੰਮ ਕਰਨ ਤੇ ਛੇਤੀ ਰਿਪੋਰਟਾਂ ਭੇਜਣ ਦਾ ਹੁਕਮ ਦਾਗ ਦਿੱਤਾ। ਅੱਗੋਂ ਕੰਮ ਇਹ ਕਰਨਾ ਸੀ ਪਟਵਾਰੀਆਂ ਨੇ। ਉਨ੍ਹਾਂ ਨੇ ਪਿੰਡਾਂ ਵਿਚ ਜਾ ਕੇ 'ਵੇਰਵੇ' ਇਕੱਠੇ ਕਰਨ ਦੇ ਨਾਂਅ ਉਤੇ ਉਨ੍ਹਾਂ ਬੱਚਿਆਂ ਦੇ ਮਾਂ-ਬਾਪ ਤੋਂ ਉਸ ਬੈਂਕ ਦਾ ਨਾਂਅ ਵੀ ਪੁੱਛਣਾ ਸ਼ੁਰੂ ਕਰ ਦਿੱਤਾ, ਜਿੱਥੋਂ ਉਨ੍ਹਾਂ ਨੇ ਬੱਚੇ ਦਾ ਐਜੂਕੇਸ਼ਨ ਲੋਨ ਮਨਜ਼ੂਰ ਕਰਵਾਇਆ ਸੀ ਤੇ ਸੰਬੰਧਤ ਏਜੰਟ ਬਾਰੇ ਵੀ, ਜਿਸ ਦੇ ਰਾਹੀਂ ਉਹ ਬੱਚੇ ਆਸਟਰੇਲੀਆ ਗਏ ਸਨ। ਮਾਂ-ਬਾਪ ਨੂੰ ਇਹ ਚਿੰਤਾ ਲੱਗ ਗਈ ਕਿ ਜੇ ਇੱਕ ਵੀ ਕਾਗਜ਼ ਨਾਲ ਨਾ ਰਲਿਆ ਤਾਂ ਉਨ੍ਹਾਂ ਦੇ ਬੱਚੇ ਬਾਰੇ ਗਲਤ ਰਿਪੋਰਟ ਨਾ ਹੋ ਜਾਵੇ, ਇਸ ਕਰਕੇ ਉਹ ਰਿਪੋਰਟ ਬਣਾਉਣ ਵਾਲਿਆਂ ਦੀ 'ਸੇਵਾ' ਕਰਨ ਲੱਗ ਪਏ। ਸਾਡੇ ਕੋਲ ਆਸਟਰੇਲੀਆ ਤੋਂ ਕਈ ਬੱਚਿਆਂ ਦੇ ਫੋਨ ਆਏ ਕਿ ਏਥੇ ਅਸੀਂ ਮੁਸ਼ਕਲ ਵਿਚ ਫਸੇ ਹੋਏ ਹਾਂ, ਪਿੱਛੇ ਪੰਜਾਬ ਵਿਚ ਸਾਡੇ ਮਾਂ-ਬਾਪ ਦੇ ਨੱਕ ਵਿਚ ਦਮ ਕੀਤਾ ਪਿਆ ਹੈ। ਸਾਨੂੰ ਮੌਕੇ ਦੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਬੇਨਤੀ ਕਰ ਕੇ ਇਹ ਕੰਮ ਬੰਦ ਕਰਵਾਉਣਾ ਪਿਆ ਸੀ।

ਇੱਕ ਗੱਲ ਅਸੀਂ ਸਮਝ ਕੇ ਚੱਲੀਏ। ਮੁਸ਼ਕਲ ਆਵੇ ਤਾਂ ਵਿਆਹੀ ਹੋਈ ਧੀ ਦੀ ਮਦਦ ਲਈ ਜਾਣਾ ਮੁਨਾਸਬ ਹੁੰਦਾ ਹੈ ਪਰ ਹਰ ਛੋਟੀ ਵੱਡੀ ਗੱਲ ਸੁਣ ਕੇ ਭੱਜੇ ਜਾਣ ਤੋਂ ਉਸ ਦੇ ਸਹੁਰੇ ਵੀ ਅੱਕ ਜਾਂਦੇ ਹਨ।

ਫਿਰ ਉਹ ਕਹਿਣ ਲੱਗ ਪੈਂਦੇ ਹਨ ਕਿ ਕੁੜੀ ਨੇ ਤਾਂ ਵੱਸਦੀ ਰਹਿਣਾ ਸੀ, ਇਸ ਦੇ ਮਾਂ-ਬਾਪ ਹੀ ਨਹੀਂ ਵੱਸਣ ਦੇਂਦੇ। ਵਿਦੇਸ਼ ਗਏ ਪੰਜਾਬੀਆਂ ਦੇ ਮਾਮਲੇ ਵਿਚ ਵੀ ਅਸੀਂ ਕੁਝ ਏਦਾਂ ਹੀ ਕਰ ਰਹੇ ਹਾਂ। ਸਾਡੀਆਂ ਭਾਵਨਾਵਾਂ 'ਤੇ ਸੱਟ ਵੱਜੀ ਤੋਂ ਅਸੀਂ ਚੀਕਦੇ ਹਾਂ, ਪਰ ਜਦੋਂ ਓਥੋਂ ਦੇ ਗਿਣੇ ਚੁਣੇ ਲੋਕਾਂ ਦੀ ਬਦਤਮੀਜ਼ੀ ਨੂੰ ਲੈ ਕੇ ਅਸੀਂ ਸਾਰੇ ਦੇਸ਼ ਉਤੇ ਠੱਪਾ ਲਾਉਂਦੇ ਹਾਂ ਤਾਂ ਉਸ ਦੇਸ਼ ਦੇ ਨਾਗਰਿਕਾਂ ਨੂੰ ਵੀ ਅਸੀਂ ਆਪਣੇ ਵਿਰੁਧ ਜਵਾਬੀ ਕੌੜ ਲਈ ਉਕਸਾ ਰਹੇ ਹੁੰਦੇ ਹਾਂ। ਸਮੇਂ ਨੂੰ ਸਮਝੀਏ, ਪਰਵਾਸ ਦੀਆਂ ਔਕੜਾਂ ਨੂੰ ਵੀ ਤੇ ਆਪਣੀ ਸੋਚ ਨੂੰ ਸਾਵੀਂ ਬਣਾਉਣ ਦਾ ਯਤਨ ਕਰੀਏ। ਬਠਿੰਡਾ ਤੋਂ ਚਰਨਜੀਤ ਭੁੱਲਰ ਨੇ ਬਹੁਤ ਸੋਹਣਾ ਸੰਦੇਸ਼ ਭੇਜਿਆ ਹੈ, ''ਪਿਆਰ, ਵਫ਼ਾ ਤੇ ਅਰਮਾਨ, ਇਹ ਅਹਿਸਾਸ ਤਾਂ ਸਾਰਿਆਂ ਵਿਚ ਹੁੰਦੇ ਨੇ। ਘਰ-ਘਰ ਤਾਂ ਉਹ ਵੀ ਖੇਡਦੇ ਨੇ, ਜੋ ਫੁੱਟ-ਪਾਥ 'ਤੇ ਸੌਂਦੇ ਨੇ।'' ਸਾਰੇ ਅਹਿਸਾਸ ਤੇ ਸਾਰੀਆਂ ਭਾਵਨਾਵਾਂ ਸਿਰਫ ਸਾਡੇ ਲਈ ਨਹੀਂ ਰਹਿ ਗਈਆਂ, ਬਾਕੀ ਲੋਕਾਂ ਦੇ ਮਨ ਵਿਚਲੇ ਅਹਿਸਾਸ ਦਾ ਖਿਆਲ ਕਰਨਾ ਸਿੱਖਣਾ ਚਾਹੀਦਾ ਹੈ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

Wraich Transport LLS
North American Truck Stop

14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310


GILL
DIGITAL VIDEO
Harry
Jaji
Harry Gill 209-648-9716
Jaji 916-470-9781
ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ, ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ ਦੇ ਸਮਾਗਮਾਂ ਲਈ ਵਧੀਆ ਅਤੇ ਭਰੋਸੇਮੰਦ ਸੇਵਾਵਾਂ ਪ੍ਰਦਾਨ ਕਰਦੇ ਹਾਂ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.gilldigitalvideo.com
email: gillvideo@yahoo.com


JAGDEEP SINGH
INSURANCE AGENCY
ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ
ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ
We Can Beat Any Rates
ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ
Jagdeep Singh
CA Lic #0E42884
Ph : 559.277.5580
Fax : (888) 227-6988
email: jagdeep@jsinghagency.com
www.jsinghagency.com
Fresno Location : 4491 W. Shaw Ave. #300A Fresno CA 93722
Our New Location : GOLD RIVER
Ph : 916-220-2128
2377 Gold Meadow, Ste #157, Gold River CA 95670


ਸਮੋਗ ਚੈਕ
ਸਮੋਗ ਚੈਕ
SMOG
SMOG CHECK
STATE OF CALIFORNIA LICENSED
ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਦਿ ਦੀ ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ ।
Big Christmas Special
39.75
Big+DMV Certificate
Free Repair Upto $500
Ask for Tech
• 901 California Ave & P : 661.325-6666
• 1629 California Ave & H : 661.323.3333
• 406 S. Chester Ave & Terrace Way (Inside Gas Station) : 661.832.4444
• 5333 Whtie Ln & Grissom (Inside Big Brand Tire) : 661396.7664 (Smog)
• 1017 Bearmountain Blvd (Arvin) : 661.854.7664 (Smog)
• 1222 Golden State & M : 661.326.0346
• 1506 N. Black Stone & Mckinley (Fresno) : 559.268.7574
• 2597 N Black Stone (Fresno) (Between Clinton & Shield) : 559.222.9999
• 1161-I Street Reedley &12th St : 559.638.9017
• 416 Orisi Ca & 63 Hwy : 559.528.6848
• 2420 Whiteson Ave & Thompson (By Kragen Auto Parts) Selma : 559.896.5555
• 646 Dinuba Ave (Reedley) (By the DMV 3073) : 559.638.3243
1512 Dairy Ave Corcoran CA : 559.922.4500
MOST CARS
ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ । ਹਰ Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ ।


Grand Opening
ALL TIRE 4 LESS
ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ ।
ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ ਤਰੀਕੇ ਨਾਲ ਕਰਦੇ ਹਾਂ ।
24 Hours Road Service
NEW & USED TIRE SALE & SERVICE
ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ
710 South Hwy 59 Merced CA 95304
ਕਾਲ ਕਰੋ
Shop 209.384.0424
Hardeep S. Rai Cell:209.678.6176
bigrigtire@yahoo.com
www.alltire4less.com

# ਪੰਜਾਬ ਟਾਈਮਜ਼

ਸਨਿਚਰਵਾਰ, 20 ਫਰਵਰੀ 2010


ਅਨੁਸ਼ਾਸਨ ਤੋਂ ਬਿਨਾਂ ਨਿਰਾਸ਼ਾ ਅਤੇ ਘਿਰਣਾ ਦਾ ਪਸਾਰਾ ਹੁੰਦਾ ਹੈ। -ਮੈਰੀ ਚੈਂਪੀਅਨ

## ਸ਼ਾਹਰੁਖ ਦਾ ਵਿਰੋਧ ਅਸਫਲ

ਸ਼ਿਵ ਸੈਨਾ (ਬਾਲ ਠਾਕਰੇ) ਦੇ ਤਕੜੇ ਵਿਰੋਧ ਦੇ ਬਾਵਜੂਦ ਸ਼ਾਹਰੁਖ ਖਾਨ ਦੀ ਫ਼ਿਲਮ 'ਮਾਈ ਨੇਮ ਇਜ਼ ਖ਼ਾਨ' ਮੁੰਬਈ ਸਮੇਤ ਦੇਸ਼ ਭਰ ਦੇ ਸਿਨੇਮਿਆਂ ਵਿਚ ਰਿਲੀਜ਼ ਹੋ ਗਈ। ਹਾਲਾਂਕਿ ਮੁੰਬਈ ਦੇ ਕੁਝ ਸਿਨਮਿਆਂ ਦੇ ਮਾਲਕਾਂ ਨੇ ਸੈਨਾ ਦੇ ਵਿਰੋਧ ਕਾਰਨ ਫ਼ਿਲਮ ਨੂੰ ਵਿਖਾਉਣ ਵਿਚ ਕੁਝ ਹਿਚਕਿਚਾਹਟ ਵਿਖਾਈ। ਰਾਜ ਦੀ ਕਾਂਗਰਸ ਸਰਕਾਰ ਵਲੋਂ ਕੀਤੇ ਗਏ ਵਿਆਪਕ ਪ੍ਰਬੰਧਾਂ ਸਦਕਾ ਤਕਰੀਬਨ 10 ਸਿਨਮਿਆਂ ਨੇ ਫ਼ਿਲਮ ਦਾ ਪਹਿਲਾ ਸ਼ੋਅ ਬਿਨਾ ਕਿਸੇ ਦਿੱਕਤ ਦੇ ਨੇਪਰੇ ਚਾੜ੍ਹਿਆ। ਇਸ ਦੌਰਾਨ ਸ਼ਿਵ ਸੈਨਾ ਵਲੋਂ ਫ਼ਿਲਮ ਦੇ ਖਿਲਾਫ਼ ਵਿਖਾਵੇ ਜਾਰੀ ਰਹੇ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਜਿਹੀਆਂ ਸੰਸਥਾਵਾਂ ਨੇ ਵੀ ਵਿਖਾਵਾਕਾਰੀਆਂ ਦਾ ਸਾਥ ਦਿੱਤਾ। ਪਰ ਰਾਜ ਸਰਕਾਰ ਵਲੋਂ ਕੀਤੇ ਸੁਰੱਖਿਆ ਪ੍ਰਬੰਧ ਇੰਨੇ ਵਿਆਪਕ ਸਨ ਕਿ ਫ਼ਿਲਮ ਸਫਲਤਾਪੂਰਵਕ ਰਿਲੀਜ਼ ਹੋ ਗਈ ਅਤੇ ਇਸ ਦੇ ਨਾਲ ਹੀ ਵੱਡੀ ਪੱਧਰ 'ਤੇ ਦਰਸ਼ਕ ਵੀ ਫ਼ਿਲਮ ਵਲ ਉਮਡ ਪਏ। ਦਰਸ਼ਕਾਂ ਨੇ ਸ਼ਿਵ ਸੈਨਾ ਦੀਆਂ ਧਮਕੀਆਂ ਦੇ ਬਾਵਜੂਦ ਫ਼ਿਲਮ ਨੂੰ ਐਡੀ ਵੱਡੀ ਪੱਧਰ 'ਤੇ ਹੁੰਗਾਰਾ ਦਿੱਤਾ ਕਿ ਵਿਰੋਧ ਕਰ ਰਹੀਆਂ ਜਥੇਬੰਦੀਆਂ ਦੀ ਲੀਡਰਸ਼ਿਪ ਵੀ ਦੰਗ ਰਹਿ ਗਈ। ਇਸ ਦੌਰਾਨ ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਆਰ. ਆਰ. ਪਾਟਿਲ ਵੀ ਲੋਕਾਂ ਨੂੰ ਉਤਸ਼ਾਹਤ ਕਰਨ ਲਈ ਫ਼ਿਲਮ ਦਾ ਪਹਿਲਾ ਸ਼ੋਅ ਵੇਖਣ ਗਏ।

ਮੁੰਬਈ ਵਾਂਗ ਹੀ ਗੁਜਰਾਤ ਵਿਚ ਵੀ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਜਿਹੀਆਂ ਜਥੇਬੰਦੀਆਂ ਨੇ ਵਿਖਾਵੇ ਕੀਤੇ ਅਤੇ ਇਨ੍ਹਾਂ ਵਿਖਾਵਿਆਂ ਦੇ ਸਿੱਟੇ ਵਜੋਂ ਅਹਿਮਦਾਬਾਦ ਵਿਚ ਮਾਹੌਲ ਤਣਾਅਪੂਰਨ ਹੋ ਗਿਆ। ਇਸੇ ਕਾਰਨ ਕੁਝ ਸਿਨੇਮਾ ਮਾਲਕਾਂ ਨੇ ਫ਼ਿਲਮ ਦਾ ਪਹਿਲਾ ਸ਼ੋਅ ਵਿਖਾਉਣੋਂ ਇਨਕਾਰ ਕਰ ਦਿੱਤਾ। ਵਿਖਾਵਾਕਾਰੀਆਂ ਨੇ ਫ਼ਿਲਮ ਅਤੇ ਸ਼ਾਹਰੁਖ ਖ਼ਾਨ ਦੇ ਪੋਸਟਰ ਸਾੜੇ ਅਤੇ ਕਈ ਸਿਨੇਮਾਘਰਾਂ ਨੂੰ ਨੁਕਸਾਨ ਵੀ ਪਹੁੰਚਾਇਆ। ਇਸ ਦੌਰਾਨ ਪੁਲਿਸ ਨੇ ਵਿਖਾਵਾਕਾਰੀਆਂ ਖਿਲਾਫ਼ ਸਖ਼ਤੀ ਵੀ ਕੀਤੀ। ਪੁਲਿਸ ਅਤੇ ਰਾਜ ਪ੍ਰਸ਼ਾਸਨ ਨੇ ਵਿਖਾਵਾਕਾਰੀਆਂ ਨੂੰ ਚੇਤਾਵਨੀ ਦਿੱਤੀ ਕਿ ਤੋੜ-ਭੰਨ ਕਰਨ ਵਾਲੀ ਭੀੜ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਕਰਨੀ ਪਵੇਗੀ। ਮਿਲ ਰਹੀਆਂ ਰਿਪੋਰਟਾਂ ਅਨੁਸਾਰ ਦਿੱਲੀ, ਬੰਗਲੌਰ, ਕਲਕੱਤਾ, ਚੇਨਈ ਅਤੇ ਹੋਰ ਬਹੁਤ ਸਾਰੇ ਵੱਡੇ ਸ਼ਹਿਰਾਂ ਵਿਚ ਸਿਨੇਮਿਆਂ ਦੇ ਹਾਊਸ ਫੁੱਲ ਰਹੇ। ਫ਼ਿਲਮ ਨੂੰ ਸ਼ਿਵਰਾਤਰੀ ਦੀ ਛੁੱਟੀ ਦਾ ਵੀ ਲਾਹਾ ਮਿਲਿਆ। ਪਤਾ ਲੱਗਾ ਹੈ ਕਿ ਮੁੰਬਈ ਵਿਚ ਫ਼ਿਲਮ ਦਾ ਵਿਰੋਧ ਕਰ ਰਹੇ ਤਕਰੀਬਨ 800 ਸ਼ਿਵ ਸੈਨਿਕ ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਗਏ ਹਨ। ਇਸ ਦੇ ਨਾਲ ਹੀ ਪਰਦੇਸਾਂ ਵਿਚੋਂ ਵੀ ਫ਼ਿਲਮ ਦਾ ਸ਼ੋਅ ਸਫਲਤਾਪੂਰਵਕ ਸ਼ੁਰੂ ਹੋਣ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਜਰਮਨੀ ਦੇ ਸ਼ਹਿਰ ਬਰਲਿਨ ਵਿਚ ਸ਼ਾਹਰੁਖ ਖਾਨ ਦੀ ਫ਼ਿਲਮ ਰਿਲੀਜ਼ ਹੋਣ ਤੋਂ ਬਾਅਦ 5 ਸੈਕਿੰਡ ਵਿਚ ਹੀ ਹਾਊਸ ਫੁਲ ਹੋ ਗਿਆ।

ਇੰਜ ਸ਼ਿਵ ਸੈਨਿਕਾਂ ਵਲੋਂ ਕੀਤੇ ਜਾ ਰਹੇ ਵਿਰੋਧ ਦੇ ਬਾਵਜੂਦ ਸ਼ਾਹਰੁਖ ਖਾਨ ਦੀ ਫ਼ਿਲਮ 'ਮਾਈ ਨੇਮ ਇਜ਼ ਖ਼ਾਨ' ਤਕੜੀ ਸ਼ੁਰੂਆਤ ਕਰ ਗਈ ਹੈ। ਫ਼ਿਲਮ ਦਾ ਪਿਛਲੇ ਦਿਨਾਂ ਵਿਚ ਹੋਇਆ ਵਿਰੋਧ ਜਾਪਦਾ ਹੈ ਕਿ ਇਸ ਦੀ ਪਬਲੀਸਿਟੀ ਨੂੰ ਉਗਾਸਾ ਦੇਣ ਦੇ ਹੀ ਕੰਮ ਆਇਆ ਹੈ। ਉਂਜ ਵੀ ਫ਼ਿਲਮਾਂ ਅਤੇ ਕਿਤਾਬਾਂ ਦੇ ਮਾਮਲੇ ਵਿਚ ਉਠਨ ਵਾਲਾ ਵਿਵਾਦ ਜਾਂ ਵਿਰੋਧ ਅਕਸਰ ਹੀ ਇਨ੍ਹਾਂ ਨੂੰ ਮਸ਼ਹੂਰ ਕਰਨ ਦਾ ਸਬੱਬ ਬਣਦਾ ਹੈ, ਬਸ਼ਰਤੇ ਕਿ ਫ਼ਿਲਮ ਉਪਰ ਸਰਕਾਰ ਵਲੋਂ ਕਿਸੇ ਕਿਸਮ ਦੀ ਪਾਬੰਦੀ ਨਾ ਲਗਾਈ ਜਾਵੇ। ਸ਼ਾਹਰੁਖ ਖਾਨ ਇਸ ਪੱਖੋਂ ਕਿਸਮਤ ਵਾਲਾ ਰਿਹਾ। ਉਸ ਦੀ ਫ਼ਿਲਮ ਦਾ ਭਾਵੇਂ ਮਹਾਰਾਸ਼ਟਰ ਅਤੇ ਗੁਜਰਾਤ ਜਿਹੇ ਸੂਬਿਆਂ ਵਿਚ ਕੁਝ ਵਿਰੋਧ ਹੋਇਆ ਪਰ ਬਾਕੀ ਦੇਸ਼ ਵਿਚ ਉਸ ਨੂੰ ਵਿਆਪਕ ਹੁੰਗਾਰਾ ਮਿਲ ਰਿਹਾ ਹੈ। ਸ਼ਾਹਰੁਖ ਖਾਨ ਦੀ ਰਾਹੁਲ ਗਾਂਧੀ ਨਾਲ ਰਾਜਨੀਤਕ ਨੇੜਤਾ ਵੀ ਉਸ ਦੇ ਪੱਖ ਵਿਚ ਭੁਗਤ ਗਈ ਹੈ। ਇਸ ਦੇ ਨਾਲ ਹੀ ਰਾਹੁਲ ਅਤੇ ਸ਼ਿਵ ਸੈਨਾ ਵਿਚਾਲੇ ਮੁੰਬਈ ਵਿਚ ਮਰਾਠਿਆਂ ਅਤੇ ਉਤਰ ਭਾਰਤੀਆਂ ਦੇ ਮੁੱਦੇ ਨੂੰ ਲੈ ਕੇ ਉਠਿਆ ਵਿਵਾਦ ਅਤੇ ਇਸ ਮਾਮਲੇ ਉਪਰ ਰਾਹੁਲ-ਸ਼ਿਵ ਸੈਨਾ ਵਿਰੋਧ ਨਾ ਸਿਰਫ ਫ਼ਿਲਮ ਦੇ ਪੱਖ ਵਿਚ ਭੁਗਤ ਗਿਆ, ਸਗੋਂ ਇਸ ਨੇ ਰਾਹੁਲ ਗਾਂਧੀ ਅਤੇ ਸ਼ਾਹਰੁਖ ਖਾਨ ਨੂੰ ਹੋਰ ਨੇੜੇ ਲੈ ਆਂਦਾ। ਇੰਜ ਸਮੁੱਚੀ ਰਾਜਨੀਤਕ ਸਥਿਤੀ ਸ਼ਾਹਰੁਖ ਖਾਨ ਅਤੇ ਉਸ ਦੀ ਫ਼ਿਲਮ ਦੇ ਹੱਕ ਵਿਚ ਬਣ ਗਈ। ਇਸ ਘਟਨਾਕ੍ਰਮ ਨੇ ਬਹੁਤ ਕੁਝ ਨੰਗਾ ਕਰ ਦਿੱਤਾ ਹੈ। ਸਮੁੱਚੇ ਘਟਨਾਕ੍ਰਮ ਦੌਰਾਨ ਇਕ ਪਾਸੇ ਤਾਂ ਸ਼ਿਵ ਸੈਨਾ ਦੇ ਸ਼ਰੀਕ ਰਾਜ ਠਾਕਰੇ ਨੇ ਸਾਜ਼ਿਸ਼ੀ ਕਿਸਮ ਦੀ ਚੁੱਪ ਧਾਰ ਲਈ ਅਤੇ ਦੂਜੇ ਪਾਸੇ ਬਾਲ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਨੇ ਸ਼ਾਹਰੁਖ ਖਾਨ ਦੀ ਫ਼ਿਲਮ ਦੇ ਖਿਲਾਫ਼ ਪ੍ਰਦਰਸ਼ਨ ਦੀ ਅਗਵਾਈ ਕੀਤੀ। ਇਸ ਤੋਂ ਇਲਾਵਾ ਰਾਹੁਲ ਗਾਂਧੀ ਦੀ ਫੇਰੀ ਦਾ ਵੀ ਬਾਲ ਠਾਕਰੇ ਵਲੋਂ ਹੀ ਵਿਰੋਧ ਕੀਤਾ ਗਿਆ ਸੀ ਪਰ ਉਹ ਇਕ ਤਰ੍ਹਾਂ ਨਾਲ ਠੁੱਸ ਹੋ ਗਿਆ ਸੀ। ਅਗਲੇ ਕਦਮ ਵਜੋਂ ਹੁਣ ਸ਼ਿਵ ਸੈਨਾ ਦਾ ਸ਼ਾਹਰੁਖ ਵਿਰੋਧ ਵੀ ਠੁੱਸ ਹੁੰਦਾ ਨਜ਼ਰ ਆ ਰਿਹਾ ਹੈ। ਇਸ ਸਥਿਤੀ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਬਾਲ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਵਿਚ ਹੁਣ ਉਸ ਕਿਸਮ ਦੀ ਜਾਨ ਨਹੀਂ, ਜਿਸ ਕਿਸਮ ਦੀ ਅੱਜ ਤੋਂ 8-10 ਸਾਲ ਪਹਿਲਾਂ ਹੋਇਆ ਕਰਦੀ ਸੀ। ਇੰਜ ਬਾਲ ਠਾਕਰੇ ਦਾ ਹਿੰਦੂ ਪੁੱਠ ਵਾਲਾ ਮਰਾਠਾਵਾਦ ਹਾਲ ਦੀ ਘੜੀ ਕਮਜ਼ੋਰ ਹੁੰਦਾ ਨਜ਼ਰ ਆ ਰਿਹਾ ਹੈ। ਇਸ ਕਮਜ਼ੋਰੀ ਪਿੱਛੇ ਸਿਰਫ ਕਾਂਗਰਸ ਜਾਂ ਰਾਹੁਲ ਗਾਂਧੀ ਦਾ ਉਥਾਨ ਹੀ ਨਹੀਂ ਹੈ ਸਗੋਂ ਲਗਦਾ ਹੈ ਕਿ ਦੇਸ਼ ਦੀ ਨਵੀਂ ਪੀੜ੍ਹੀ ਸੌੜੇ ਖੇਤਰਵਾਦ, ਧਰਮ ਅਤੇ ਜਾਤਪਾਤ ਦੀਆਂ ਹੱਦਾਂ ਦੇ ਘੇਰੇ ਵਿਚ ਰਹਿਣ ਤੋਂ ਆਕੀ ਹੋ ਰਹੀ ਹੈ। ਉਂਜ ਵੀ ਕਲਾ ਅਤੇ ਖੇਡਾਂ ਦੇ ਖੇਤਰ ਵਿਚ ਅਜਿਹਾ ਵਿਰੋਧ ਬੇਮਾਅਨੇ ਹੀ ਹੁੰਦਾ ਹੈ। ਯਾਦ ਰਹੇ, ਸ਼ਾਹਰੁਖ ਖਾਨ ਵਲੋਂ ਇੰਡੀਅਨ ਪ੍ਰੀਮੀਅਮ ਲੀਗ ਕ੍ਰਿਕਟ ਟੂਰਨਾਮੈਂਟ ਵਿਚ ਪਾਕਿਸਤਾਨੀ ਖਿਡਾਰੀਆਂ ਦੀ ਤਰਫ਼ਦਾਰੀ ਕਰਨ ਦੇ ਸਿੱਟੇ ਵਜੋਂ ਹੀ ਸ਼ਿਵ ਸੈਨਾ ਅਤੇ ਹੋਰ ਹਿੰਦੂ ਜਥੇਬੰਦੀਆਂ ਵਲੋਂ ਉਨ੍ਹਾਂ ਦਾ ਵਿਰੋਧ ਸ਼ੁਰੂ ਕੀਤਾ ਗਿਆ ਸੀ। ਇਸੇ ਦੇ ਸਿੱਟੇ ਵਜੋਂ ਉਨ੍ਹਾਂ ਦੀ ਫ਼ਿਲਮ ਦਾ ਵਿਰੋਧ ਵੀ ਹੋਇਆ ਪਰ ਸਰਕਾਰ ਵਲੋਂ ਕੀਤੀ ਜਾ ਰਹੀ ਸਖ਼ਤੀ ਕਾਰਨ ਇਹ ਵਿਰੋਧ ਹੁਣ ਅਸਫਲ ਹੋ ਗਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਲਿਕ ਭਾਗੋਆਂ ਦਾ ਐਲਾਨ!*

'ਨੈਟਵਰਕ ਮਜ਼ਬੂਤ ਹੈ ਚਮਚਿਆਂ ਦਾ, ਸਾਡੀ ਲਾਜ ਹੀ ਉਨ੍ਹਾਂ ਨੇ ਰੱਖਣੀ ਜੀ।
ਪੀਣ ਦੇਣੀ ਨਹੀਂ ਲੱਸੀ ਵਿਰੋਧੀਆਂ ਨੂੰ, ਖਾਣੀ ਆਪ ਮਲਾਈ ਤੇ ਮੱਖਣੀ ਜੀ।
ਸਾਨੂੰ ਸਿੱਖਿਆ ਦੇਣ ਜੋ ਫਲਸਫੇ ਦੀ, ਖੁੰਭ ਉਨ੍ਹਾਂ ਦੀ ਚੋਣਾਂ ਵਿਚ ਠੱਪਣੀ ਜੀ।
ਵੜ੍ਹਨ ਦੇਣਾ ਪੰਜਾਬ ਨਹੀਂ 'ਸਰਨਿਆਂ' ਨੂੰ, ਚੰਗੀ ਤਰ੍ਹਾਂ ਆਉਂਦੀ ਸੰਘੀ ਨੱਪਣੀ ਜੀ।
ਖੋਲ੍ਹ ਥੈਲੀਆਂ ਵੰਡੇ ਜਦ ਨਸ਼ੇ-ਪੱਤੇ, ਉਦੋਂ ਦੇਖਣਾ ਸਾਡੀ ਚੜ੍ਹ ਮੱਚਣੀ ਜੀ!
ਭਾਵੇਂ ਛੇਕਣੇ ਪੈਣ ਵਿਦਵਾਨ ਸਾਰੇ, ਕਬਜ਼ੇ ਹੇਠ 'ਸ਼੍ਰੋਮਣੀ' ਰੱਖਣੀ ਜੀ!

# ਤੁਰ ਗਏ ਪੰਜਾਬੀ ਪੇਂਡੂ ਵਿਦਵਤਾ ਦੇ ਅਗਵਾਨ

ਸਾਦਗੀ, ਸਿਰੜ ਅਤੇ ਸੁਰਤ ਦਾ ਸੁਮੇਲ ਹਰਿੰਦਰ ਸਿੰਘ ਮਹਿਬੂਬ ਅਤੇ ਰਾਮ ਸਰੂਪ ਅਣਖੀ ਦੇ ਰੂਪ ਵਿਚ ਵੰਡ ਤੋਂ ਬਾਅਦ ਵਾਲੇ ਪੰਜਾਬ ਦੇ ਦੋ ਸਚੇਤ ਸਾਹਿਤਕ ਗਵਾਹ ਵਿਦਾ ਹੋ ਗਏ ਹਨ। ਪ੍ਰੀਤਲੜੀ ਦੇ ਆਦਰਸ਼ਵਾਦ, ਵੰਡ ਦੇ ਹੋਰਵੇ ਅਤੇ ਆਜ਼ਾਦੀ ਦੇ ਹੁਲਾਰ ਵਿਚ ਗਿਆਨ ਹਾਸਲ ਕਰਨ ਦੀ ਤਾਂਘ ਨਾਲ ਮਹਿਬੂਬ ਪਟਿਆਲੇ ਦੇ ਭੁਤਵਾੜੇ ਵਿਚ ਪ੍ਰਵਾਨ ਚੜ੍ਹਿਆ। ਜਦੋਂ ਆਜ਼ਾਦੀ ਦੇ ਵਾਅਦਿਆਂ ਦੀ ਪੂਰਤੀ ਲਈ ਸਰਕਾਰ ਉਤੇ ਸਵਾਲਾਂ ਦਾ ਦੌਰ ਸ਼ੁਰੂ ਹੋਇਆ ਤਾਂ ਰਾਮ ਸਰੂਪ ਅਣਖੀ ਨੇ ਸੁਰਤ ਸੰਭਾਲੀ ਅਤੇ ਬਰਨਾਲਾ ਸਾਹਿਤ ਸਭਾ ਦਾ ਹਾਸਲ ਹੋ ਨਿਬੜਿਆ। ਇਨ੍ਹਾਂ ਦੋਵਾਂ ਦੀਆਂ ਲਿਖਤਾਂ ਵਿਚ ਪੰਜਾਬੀ ਸੁਰਤ ਦੀਆਂ ਰਮਜ਼ਾਂ ਲੁੱਕੀਆਂ ਹੋਈਆਂ ਹਨ। ਇਨ੍ਹਾਂ ਦੀਆਂ ਲਿਖਤਾਂ ਅਤੇ ਸ਼ਖ਼ਸੀਅਤਾਂ ਵਿਚ ਰੂਪ ਅਤੇ ਵਿਸ਼ੇ ਪੱਖੋਂ ਕੋਈ ਮੇਲ ਨਹੀਂ ਹੈ ਪਰ ਕਈ ਡੂੰਘੀਆਂ ਰਮਜ਼ਾਂ ਸਾਂਝੀਆਂ ਹਨ। ਦੋਵੇਂ ਪੇਂਡੂ ਪਿਛੋਕੜ ਅਤੇ ਜੀਵਨ ਸ਼ੈਲੀ ਵਾਲੇ ਜਗਿਆਸੂ ਅਤੇ ਸਰਗਰਮ ਮਨੁੱਖ ਸਨ। ਦੋਵਾਂ ਨੂੰ ਗਿਆਨ ਦੀ ਗੰਭੀਰ ਚੇਟਕ ਪਟਿਆਲੇ ਵਿਚੋਂ ਲੱਗੀ ਅਤੇ ਦੋਵਾਂ ਨੇ ਆਪਣੀ ਕਰਮਭੂਮੀ ਪੇਂਡੂ ਇਲਾਕਿਆਂ ਨੂੰ ਬਣਾਇਆ। ਮਹਿਬੂਬ ਨੇ ਆਪਣੀਆਂ ਲਿਖਤਾਂ ਰਾਹੀਂ ਅਧਿਆਤਮਕ ਉਡਾਣ ਭਰਨ ਦਾ ਉਪਰਾਲਾ ਕੀਤਾ ਅਤੇ ਰਾਮ ਸਰੂਪ ਅਣਖੀ ਮਾਲਵੇ ਦੇ ਪਿੰਡਾਂ ਵਿਚ ਮਨੁੱਖੀ ਰਿਸ਼ਤਿਆਂ ਤੇ ਜੀਵਨ ਸ਼ੈਲੀ ਨੂੰ ਠੇਠ ਰੂਪ ਵਿਚ ਪੇਸ਼ ਕਰਦਾ ਰਿਹਾ। ਦੋਵਾਂ ਦੀਆਂ ਲਿਖਤਾਂ ਦੀ ਦਿਲਚਸਪ ਤੰਦ ਇਹ ਵੀ ਹੈ ਕਿ ਮਹਿਬੂਬ ਮਿੱਥ ਨੂੰ ਸਾਂਝੀ ਯਾਦ ਦੇ ਹਵਾਲੇ ਨਾਲ ਪੱਕੀ ਕਰਦਾ ਹੈ ਅਤੇ ਅਣਖੀ ਹੱਡ-ਵਰਤੀ ਦੇ ਤਜਰਬੇ ਨਾਲ ਮਿੱਥ ਨੂੰ ਸਵਾਲ ਦੇ ਘੇਰੇ ਵਿਚ ਲਿਆਉਂਦਾ ਹੈ। ਦੋਵਾਂ ਦੀਆਂ ਲਿਖਤਾਂ ਵਿਚ ਹੋ ਰਿਹਾ ਸੰਵਾਦ ਪੰਜਾਬੀ ਬੋਲੀ ਅਤੇ ਸਮਾਜ ਦਾ ਹਾਸਲ ਹੋ ਨਿਬੜਦਾ ਹੈ। ਪੰਜਾਬੀ ਮਨੁੱਖ ਦੀ ਸਾਦਗੀ ਅਤੇ ਸਿਦਕ ਦੀ ਗਵਾਹੀ ਲਈ ਦੋਵਾਂ ਨੂੰ ਪੇਸ਼ ਕੀਤਾ ਜਾ ਸਕਦਾ ਹੈ।

ਵੰਡ ਤੋਂ ਬਾਅਦ ਜਦੋਂ ਮਹਿੰਦਰਾ ਕਾਲਜ, ਪਟਿਆਲੇ ਵਿਚ ਪੰਜਾਬੀ ਪੜ੍ਹਨ-ਪੜ੍ਹਾਉਣ ਦਾ ਕੰਮ ਸ਼ੁਰੂ ਹੋਇਆ ਤਾਂ ਪ੍ਰੋ. ਪ੍ਰੀਤਮ ਸਿੰਘ ਹੁਰਾਂ ਦੀ ਅਗਵਾਈ ਅਤੇ ਹੱਲਾਸ਼ੇਰੀ ਨਾਲ ਵਿਦਿਆਰਥੀਆਂ ਦੀ ਜਗਿਆਸਾ ਜਾਗੀ। ਦਲੀਪ ਕੌਰ ਟਿਵਾਣਾ ਦੇ ਕਹਿਣ ਮੁਤਾਬਕ ਬਹੁਤ ਸਾਰੇ ਵਿਦਿਆਰਥੀ ਲੇਖਕ ਬਣਨ ਦੇ ਲੀਹੇ ਪੈ ਗਏ। ਹਰਿੰਦਰ ਸਿੰਘ ਮਹਿਬੂਬ ਦੀ ਵਿਦਵਤਾ ਅਤੇ ਸਮਰੱਥਾ ਦੀ ਗਵਾਹੀ ਉਸ ਦਾ ਸਮਕਾਲੀ ਨਵਤੇਜ ਭਾਰਤੀ ਭਰਦਾ ਹੈ। ਭਾਰਤੀ ਨੂੰ ਹਾਲੇ ਵੀ ਉਮੀਦ ਸੀ ਕਿ ਮਹਿਬੂਬ 'ਤੂਤ ਦੇ ਛਾਵੇਂ ਖਾਲ ਉਤੇ ਬੈਠ' ਕਬਿੱਤ ਜੋੜੇਗਾ। ਮਹਾਂਕਾਵਿ ਦੀਆਂ ਦੋ ਜਿਲਦਾਂ ਲਿਖਣ ਵਾਲੇ ਮਹਿਬੂਬ ਬਾਬਤ ਜੋ ਦਾਅਵਾ ਨਵਤੇਜ ਭਾਰਤੀ ਕਰਦਾ ਹੈ, ਉਹ ਉਸ ਉਤੇ ਪੂਰਾ ਉਤਰ ਸਕਦਾ ਸੀ ਪਰ ਉਸ ਨੂੰ 'ਸਿਆਸੀ ਕੌਲ' ਨਿਭਾਉਣ ਅਤੇ ਤੁਰ ਜਾਣ ਦੀ ਜਲਦੀ ਸੀ। ਸ਼ਾਇਦ ਇਸੇ ਲਈ ਕਈ ਵਿਦਵਾਨਾਂ ਨੂੰ ਉਸ ਦੇ ਸੁਭਾਅ ਵਿਚੋਂ ਪ੍ਰੋ. ਪੂਰਨ ਸਿੰਘ ਵਰਗੀ ਬੇਪਰਵਾਹੀ ਦੀ ਝਲਕ ਪੈਂਦੀ ਸੀ। ਉਸ ਨੇ ਜਿਸ ਸਾਦਗੀ ਨਾਲ ਯੂਰਪੀ ਸਾਹਿਤ ਦੀ ਪੜਤ ਨੂੰ ਮੱਧਕਾਲੀ ਪੰਜਾਬ ਦੇ ਹਵਾਲੇ ਨਾਲ ਪੇਸ਼ ਕੀਤਾ, ਉਹ ਲਾਸਾਨੀ ਹੈ।

ਰਾਮ ਸਰੂਪ ਅਣਖੀ ਨੇ ਸੌ ਸਾਲ ਤੱਕ ਜਿਊਣ ਦਾ ਵਾਅਦਾ ਕੀਤਾ ਸੀ। ਹਾਲੇ ਉਸ ਨੇ 'ਕੋਠੇ ਖੜਕ ਸਿੰਘ' ਦੇ ਸੰਸਿਆਂ ਦੀ ਹੋਰ ਬਾਤ ਪਾਉਣੀ ਸੀ। ਮਨ-ਲੁਭਾਊ ਮੁਲਾਇਮੀ ਅਤੇ ਤਰਕਹੀਣ ਨਾਬਰੀ ਦੇ ਵਿਚਕਾਰ ਜਿਹੇ ਕੀਤੇ 'ਮਿਲਖੀ' ਵਰਗੇ ਉਸ ਦੇ ਖੁਰਦਰੇ ਤੇ ਕੋਰੇ ਪਾਤਰ ਪੰਜਾਬ ਦੇ ਸਾਊ ਅਤੇ ਸਿਦਕੀ ਬੰਦਿਆਂ ਦੀ ਲੰਮੀ ਅਟੁੱਟ ਕੜੀ ਹਨ। ਜਦੋਂ 'ਕੋਠੇ ਖੜਕ ਸਿੰਘ' ਦੇ ਕਰਜ਼ੇ ਅਤੇ ਨਸ਼ਿਆਂ ਵਿਚ ਫਸੇ ਵਾਸੀ ਖੁਦਕੁਸ਼ੀਆਂ ਕਰ ਰਹੇ ਹਨ ਤਾਂ ਅਣਖੀ ਦਾ ਤੁਰ ਜਾਣਾ ਗਮਗੀਨ ਕਰਦਾ ਹੈ।




*ਹਰਿੰਦਰ ਸਿੰਘ ਮਹਿਬੂਬ ਅਤੇ ਰਾਮ ਸਰੂਪ ਅਣਖੀ*

ਹਰਿੰਦਰ ਸਿੰਘ ਮਹਿਬੂਬ ਅਤੇ ਰਾਮ ਸਰੂਪ ਅਣਖੀ ਬਾਰੇ ਗੱਲਬਾਤ ਮੁੱਕਣ ਵਾਲੀ ਨਹੀਂ ਹੈ। ਉਂਜ ਇਹ ਗੱਲ ਮੁੱਕੇ ਵੀ ਕਿਉਂ? ਇਨ੍ਹਾਂ ਦੀ ਘਾਲਣਾ ਵਿਚ ਪੰਜਾਬੀ ਸੁਰਤ, ਵਿਦਵਤਾ ਅਤੇ ਤਜਰਬੇ ਦੀਆਂ ਅਣਗਿਣਤ ਚੇਤ-ਅਚੇਤ ਪਰਤਾਂ ਹਨ। ਜਿਉਂ-ਜਿਉਂ ਇਨ੍ਹਾਂ ਪਰਤਾਂ ਦੀ ਸਮਝ ਸ਼ਬਦਾਂ ਦਾ ਜਾਮਾ ਪਹਿਨੇਗੀ, ਇਨ੍ਹਾਂ ਦੀ ਯਾਦ ਪੰਜਾਬ ਦੇ ਇਤਿਹਾਸ ਵਿਚ ਗੂੜ੍ਹੀ ਹੁੰਦੀ ਜਾਵੇਗੀ।

# ਹਰਿਆਣੇ ਦੀ ਕਾਂਗਰਸੀ ਸਿਆਸਤ 'ਚ ਗਿਰਾਵਟ

**ਰਾਕੇਸ਼ ਸੰਘੀ**


ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜੇ ਐਲਾਨੇ ਜਾਣ ਤੋਂ ਬਾਅਦ ਹੀ ਸੂਬੇ ਦੇ ਕਾਂਗਰਸੀ ਧੜਿਆਂ ਦਰਮਿਆਨ ਮੁੜ ਸਰਕਾਰ ਬਣਾਉਣ ਲਈ ਲੋੜੀਂਦਾ ਬਹੁਮਤ ਨਾ ਮਿਲ ਸਕਣ ਅਤੇ ਇਸਦੇ ਲਈ ਆਜ਼ਾਦ ਵਿਧਾਇਕਾਂ ਦੀ ਹਮਾਇਤ ਲੈਣ ਲਈ ਮਜਬੂਰ ਹੋਣ ਕਰਕੇ ਇਕ ਤਰ੍ਹਾਂ ਨਾਲ ਸੰਨਾਟਾ ਛਾ ਗਿਆ ਸੀ ਤੇ ਹੁਣ ਏਲਨਾਬਾਦ ਉਪ ਚੋਣ ਦੇ ਨਤੀਜੇ ਨੇ ਇਸ ਸੰਨਾਟੇ ਨੂੰ ਹੋਰ ਜ਼ਿਆਦਾ ਡੂੰਘਾ ਕਰ ਦਿੱਤਾ ਹੈ।

ਇਸ ਸੰਨਾਟੇ ਦਾ ਮੁੱਖ ਕਾਰਨ ਪਹਿਲਾਂ ਵਿਧਾਨ ਸਭਾ ਚੋਣਾਂ ਤੇ ਹੁਣ ਏਲਨਾਬਾਦ ਉਪ-ਚੋਣ ਵਿਚ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਸਬਜ਼ਬਾਗ ਦਿਖਾਉਣ ਵਾਲੇ ਉਨ੍ਹਾਂ ਖ਼ਾਸ ਸਿਪਾਹ ਸਲਾਰਾਂ ਨੂੰ ਕੁੰਡਲੀ ਮਾਰ ਕੇ ਬੈਠਣਾ ਪੈ ਰਿਹਾ ਹੈ। ਹੋਰ ਤਾਂ ਹੋਰ, ਮੁੱਖ ਮੰਤਰੀ ਨੂੰ ਸਬਜ਼ਬਾਗ ਦਿਖਾਉਣ ਵਾਲੀ ਬਿਊਰੋਕ੍ਰੇਸੀ ਨੂੰ ਵੀ ਖੂੰਜੇ ਲੱਗ ਕੇ ਬੈਠਣਾ ਪੈ ਗਿਆ ਹੈ।

ਰਾਜ ਸਰਕਾਰ ਦੇ 'ਨੰਬਰ ਵਨ ਹਰਿਆਣਾ' ਦੀ ਵੋਟਰਾਂ ਨੇ ਇਨ੍ਹਾਂ ਚੋਣਾਂ ਵਿਚ ਜੋ ਦੁਰਗਤ ਕੀਤੀ, ਉਸਨੂੰ ਦੇਖਦਿਆਂ ਮੁੱਖ ਮੰਤਰੀ ਨਾਲ ਜੁੜੇ ਕੁਝ ਸਿਆਸਤਦਾਨ ਅਤੇ ਨੌਕਰਸ਼ਾਹ ਇਹੀ ਖੈਰ ਮਨਾਉਣ ਲੱਗੇ ਹਨ ਕਿ ਉਨ੍ਹਾਂ ਦੀ ਕੁਰਸੀ ਸਲਾਮਤ ਰਹੇ ਤੇ ਇੰਝ ਹੀ ਬਣੀ ਰਹੇ ਪਰ ਹੁੱਡਾ ਦੇ ਮੌਜੂਦਾ ਸ਼ਾਸਨਕਾਲ ਦੇ ਤਾਂ ਅਜੇ ਸਿਰਫ 4 ਮਹੀਨੇ ਹੀ ਪੂਰੇ ਹੋਏ ਹਨ, ਬਾਕੀ ਮਿਆਦ ਵਿਚ ਕਿਹਾ ਨਹੀਂ ਜਾ ਸਕਦਾ ਕਿ ਕਦੋਂ ਕੀ ਹੋ ਜਾਵੇ ਅਤੇ ਗਾਜ਼ ਕਿਸ 'ਤੇ ਡਿੱਗੇ।

ਏਲਨਾਬਾਦ ਉਪ-ਚੋਣ ਦੇ ਨਤੀਜੇ ਨੇ ਸੱਤਾਧਾਰੀ ਕਾਂਗਰਸ 'ਚ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਜੇ ਇਸ ਉਪ-ਚੋਣ ਵਿਚ ਕਾਂਗਰਸੀ ਉਮੀਦਵਾਰ ਜਿੱਤ ਜਾਂਦਾ ਤਾਂ ਕੋਈ ਸਵਾਲ ਹੀ ਪੈਦਾ ਨਹੀਂ ਹੋਣਾ ਸੀ ਪਰ ਹਾਰ ਤੋਂ ਬਾਅਦ ਮੁੱਖ ਸਵਾਲ ਸੂਬੇ ਨਾਲ ਸੰਬੰਧਤ ਇਕ ਮਹਿਲਾ ਕੇਂਦਰੀ ਮੰਤਰੀ ਦੀ ਭੂਮਿਕਾ ਨੂੰ ਲੈ ਕੇ ਖੜ੍ਹਾ ਹੋਇਆ ਹੈ, ਜਿਸ ਦੇ ਘੇਰੇ ਵਿਚ ਪ੍ਰਧਾਨ ਮੰਤਰੀ ਤੇ 10 ਜਨਪਥ ਵੀ ਆ ਗਏ ਹਨ।

ਦਿੱਲੀ ਦੇ 10 ਜਨਪਥ ਵਿਚ ਅੰਦਰ ਤਕ ਪਹੁੰਚ ਰੱਖਣ ਵਾਲੀ ਇਹ ਕੇਂਦਰੀ ਮੰਤਰੀ ਮੂਲ ਤੌਰ 'ਤੇ ਉਸ ਸੰਸਦੀ ਹਲਕੇ ਦੀ ਰਹਿਣ ਵਾਲੀ ਹੈ, ਜਿਸ ਦੇ ਅਧੀਨ ਏਲਨਾਬਾਦ ਵਿਧਾਨ ਸਭਾ ਹਲਕਾ ਆਉਂਦਾ ਹੈ। ਪਹਿਲਾਂ ਉਨ੍ਹਾਂ ਦੇ ਪਿਤਾ ਇਸ ਹਲਕੇ ਤੋਂ ਐੱਮ.ਪੀ.ਅਤੇ ਕੇਂਦਰੀ ਮੰਤਰੀ ਰਹੇ, ਫਿਰ ਉਨ੍ਹਾਂ ਨੇ ਖੁਦ 2 ਵਾਰ ਇਸ ਹਲਕੇ ਤੋਂ ਪਾਰਲੀਮੈਂਟ 'ਚ ਨੁਮਾਇੰਦਗੀ ਕੀਤੀ। ਬੇਸ਼ੱਕ ਹੁਣ ਉਨ੍ਹਾਂ ਨੇ ਆਪਣਾ ਚੋਣ ਹਲਕਾ ਬਦਲ ਲਿਆ ਹੈ ਪਰ ਏਲਨਾਬਾਦ ਵਿਚ ਅਜੇ ਵੀ ਉਨ੍ਹਾਂ ਦਾ ਪ੍ਰਭਾਵ ਕਾਫੀ ਮੰਨਿਆ ਜਾਂਦਾ ਹੈ। ਇਸ ਉਪ ਚੋਣ ਵਿਚ ਉਹ ਪਾਰਟੀ ਉਮੀਦਵਾਰ ਦੇ ਚੋਣ ਪ੍ਰਚਾਰ ਵਿਚ ਸ਼ਾਮਿਲ ਹੋਣ ਦੀ ਬਜਾਏ ਐਨ ਮੌਕੇ 'ਤੇ ਵਿਦੇਸ਼ ਦੌਰੇ 'ਤੇ ਚੱਲੀ ਗਈ।



ਇਥੋਂ ਤੱਕ ਤਾਂ ਮੰਨਿਆ ਜਾ ਸਕਦਾ ਹੈ ਕਿ ਮੁੱਖ ਮੰਤਰੀ ਨਾਲ 36 ਦਾ ਅੰਕੜਾ ਹੋਣ ਕਰਕੇ ਉਹ ਆਪਣੇ ਮੂਲ ਚੋਣ ਹਲਕੇ ਵਿਚ ਪ੍ਰਚਾਰ ਲਈ ਨਹੀਂ ਗਈ ਪਰ ਸਿਆਸੀ ਹਲਕਿਆਂ 'ਚ ਹੁਣ ਇਹ ਸਵਾਲ ਉਠ ਰਿਹਾ ਹੈ ਕਿ ਉਨ੍ਹਾਂ ਨੂੰ ਐਨ ਮੌਕੇ 'ਤੇ ਵਿਦੇਸ਼ ਯਾਤਰਾ ਦੀ ਇਜਾਜ਼ਤ ਕਿਸ ਨੇ ਦਿੱਤੀ? ਨਿਯਮ ਸਪੱਸ਼ਟ ਹਨ ਕਿ ਕੋਈ ਵੀ ਕੇਂਦਰੀ ਮੰਤਰੀ ਪੀ.ਐੱਮ.ਓ. ਦੀ ਇਜਾਜ਼ਤ ਤੋਂ ਬਿਨਾਂ ਵਿਦੇਸ਼ ਯਾਤਰਾ ਤੇ ਨਹੀਂ ਜਾ ਸਕਦਾ। ਫਿਰ ਕਾਂਗਰਸ ਦੀ ਸ਼ੈਲੀ ਵਿਚ ਕੋਈ ਵੀ ਮੰਤਰੀ ਜਾਂ ਨੇਤਾ ਵਿਦੇਸ਼ ਯਾਤਰਾ 'ਤੇ ਜਾਣ ਤੋਂ ਪਹਿਲਾਂ 10 ਜਨਪਥ ਤੋਂ ਆਸ਼ੀਰਵਾਦ ਲੈਣ ਜ਼ਰੂਰ ਜਾਂਦਾ ਹੈ।

ਸਵਾਲ ਇਹੀ ਹੈ ਕਿ ਜਦੋਂ ਹਰਿਆਣਾ ਵਿਚ ਸੱਤਾਧਾਰੀ ਕਾਂਗਰਸ ਬਹੁਮਤ ਦਾ ਅੰਕੜਾ ਹਾਸਿਲ ਕਰਨ ਲਈ ਏਲਨਾਬਾਦ ਵਿਚ ਪੂਰਾ ਜ਼ੋਰ ਲਗਾ ਰਹੀ ਸੀ ਤੇ ਮੁਕਾਬਲਾ ਵੀ 'ਹੈਵੀਵੇਟ' ਉਮੀਦਵਾਰ ਨਾਲ ਸੀ, ਹਰੇਕ ਵੋਟ ਦੀ ਕੀਮਤ ਸੀ ਅਜਿਹੇ ਸਮੇਂ 'ਤੇ ਹਲਕੇ ਨਾਲ ਸੰਬੰਧਤ ਕੇਂਦਰੀ ਮੰਤਰੀ ਨੂੰ ਵਿਦੇਸ਼ ਯਾਤਰਾ 'ਤੇ ਜਾਣ ਦੀ ਇਜਾਜ਼ਤ ਦੇਣ ਦੀ ਭੁੱਲ ਕਿਵੇਂ ਹੋਈ?

ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਏਲਨਾਬਾਦ ਉਪ-ਚੋਣ ਤੋਂ ਬਾਅਦ ਆਪਣੇ ਮੰਤਰੀ ਮੰਡਲ ਵਿਚ ਵਾਧਾ ਕਰਨ ਦਾ ਜਨਤਕ ਐਲਾਨ ਕਰ ਦੇਣ ਦੇ ਬਾਵਜੂਦ ਹੁਣ ਇਸ ਮਾਮਲੇ 'ਤੇ ਬੇਸ਼ੱਕ ਚੁੱਪ ਧਾਰ ਲਈ ਹੈ ਪਰ ਰਾਜ ਵਿਧਾਨ ਸਭਾ ਦਾ ਅਗਲੀ 5 ਮਾਰਚ ਤੋਂ ਬਜਟ ਸੈਸ਼ਨ ਸੱਦ ਲਏ ਜਾਣ ਤੋਂ ਬਾਅਦ ਹੁਣ ਇਹ ਚਰਚਾ ਗਰਮਾ ਗਈ ਹੈ ਕਿ ਹਜਕਾਂ ਤੋਂ ਕਾਂਗਰਸ ਵਿਚ ਸ਼ਾਮਿਲ ਹੋਏ 5 ਵਿਧਾਇਕਾਂ ਵਿਰੁੱਧ ਦਲ ਬਦਲੀ ਕਾਨੂੰਨ ਦੇ ਤਹਿਤ ਕਾਰਵਾਈ ਕਰਨ ਦੀ ਮੰਗ ਜ਼ੋਰ ਫੜ ਲੈਣ ਕਰਕੇ ਸ਼ਾਇਦ ਸੁਬਾਈ ਮੰਤਰੀ ਮੰਡਲ ਵਿਚ ਖਾਲੀ ਪਏ ਚਾਰ ਮੰਤਰੀਆਂ ਦੇ ਅਹੁਦੇ ਅਜੇ ਵੀ ਨਾ ਭਰੇ ਜਾਣ ਪਰ ਸਰਕਾਰ ਨੂੰ ਹਮਾਇਤ ਦੇ ਰਹੇ ਬਸਪਾ ਦੇ ਇੱਕੋ-ਇਕ ਵਿਧਾਇਕ ਅਕਰਮ ਖ਼ਾਨ ਦੀ ਕਿਸਮਤ ਜ਼ਰੂਰ ਖੁੱਲ੍ਹ ਸਕਦੀ ਹੈ। ਮੌਜੂਦਾ ਵਿਧਾਨ ਸਭਾ 'ਚ ਪਹਿਲੇ ਸੈਸ਼ਨ 'ਚ ਵਿਧਾਨ ਸਭਾ ਸਪੀਕਰ ਦੀ ਚੋਣ ਤਾਂ ਸਰਬਸੰਮਤੀ ਨਾਲ ਹੋ ਗਈ ਸੀ ਪਰ ਡਿਪਟੀ ਸਪੀਕਰ ਦੇ ਅਹੁਦੇ ਦੀ ਚੋਣ ਅਗਲੇ ਸੈਸ਼ਨ ਤਕ ਲਈ ਮੁਲਤਵੀ ਕਰ ਦਿੱਤੀ ਗਈ ਸੀ। ਹੁੱਡਾ ਸਰਕਾਰ ਇਸ ਸਮੇਂ 7 ਆਜ਼ਾਦ ਵਿਧਾਇਕਾਂ ਤੇ ਇਕ ਬਸਪਾ ਵਿਧਾਇਕ ਦੀ ਹਮਾਇਤ ਨਾਲ ਚੱਲ ਰਹੀ ਹੈ।

ਸਾਰੇ ਆਜ਼ਾਦ ਵਿਧਾਇਕ ਤਾਂ ਪਹਿਲਾਂ ਹੀ ਮੰਤਰੀ, ਰਾਜ ਮੰਤਰੀ ਤੇ ਮੁੱਖ ਸੰਸਦੀ ਸਕੱਤਰ ਬਣਾਏ ਜਾ ਚੁੱਕੇ ਹਨ। ਹੁਣ ਚਰਚਾ ਇਹ ਚੱਲ ਪਈ ਹੈ ਕਿ ਜਗਾਧਰੀ ਤੋਂ ਚੁਣੇ ਗਏ ਬਸਪਾ ਵਿਧਾਇਕ ਨੂੰ ਸਰਕਾਰ ਪ੍ਰਤੀ ਦਿਖਾਈ ਗਈ ਵਫ਼ਾਦਾਰੀ ਬਦਲੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਦਾ ਅਹੁਦਾ ਇਨਾਮ ਵਜੋਂ ਮਿਲ ਸਕਦਾ ਹੈ।

# ਮੁੰਬਈ ਦਾ ਮੌਜੂਦਾ ਵਜੂਦ ਤੇ ਠਾਕਰਿਆਂ ਦੀ ਸਿਆਸੀ ਸ਼ਤਰੰਜ ਦੇ ਸਿੱਟੇ

**ਕਲਿਆਣੀ ਸ਼ੰਕਰ**

ਹਰ ਕਿਸੇ ਨੂੰ ਇਸ ਗੱਲ 'ਤੇ ਹੈਰਾਨੀ ਹੁੰਦੀ ਹੈ ਕਿ ਮਹਾਰਾਸ਼ਟਰ 'ਚ ਪਿਛਲੇ ਕੁਝ ਦਿਨਾਂ ਤੋਂ ਕੀ ਹੋ ਰਿਹਾ ਹੈ? ਤਾਂ ਇਸਦਾ ਸਪੱਸ਼ਟ ਜਿਹਾ ਜਵਾਬ ਹੈ ਕਿ ਇਹ 'ਮਰਾਠੀ ਵੋਟ ਬੈਂਕ' ਦਾ ਮਾਮਲਾ ਹੈ। ਮੁੰਬਈ 'ਚ ਅਚਾਨਕ ਭਗਤੀ ਹਿੰਸਾ ਤੇ 'ਮੁੰਬਈ, ਮੁੰਬਈ ਵਾਲਿਆਂ ਦੀ' ਦੇ ਨਾਅਰਿਆਂ ਦਾ ਰੌਲਾ ਫਿਰ ਦੋਹਾਂ ਸੈਨਾਵਾਂ (ਸ਼ਿਵ ਸੈਨਾ ਅਤੇ ਮਹਾਰਾਸ਼ਟਰ ਨਵ ਨਿਰਮਾਣ ਸੈਨਾ) ਵਲੋਂ ਪਾਇਆ ਜਾ ਰਿਹਾ ਹੈ ਤੇ ਇਹ ਦੋਵੇਂ ਮਹਾਰਾਸ਼ਟਰ ਦੇ ਮਾਹੌਲ ਨੂੰ ਵਿਗਾੜਨ 'ਤੇ ਤੁਲੀਆਂ ਹੋਈਆਂ ਹਨ।

ਬਦਕਿਸਮਤੀ ਨਾਲ ਸਾਰੀਆਂ ਸਿਆਸੀ ਪਾਰਟੀਆਂ, ਜਿਨ੍ਹਾਂ 'ਚ ਭਾਜਪਾ ਤੇ ਕਾਂਗਰਸ ਵੀ ਸ਼ਾਮਿਲ ਹੈ, ਵੋਟ ਬੈਂਕ ਦੀ ਸਿਆਸਤ ਕਰ ਰਹੀਆਂ ਹਨ। ਸੱਤਾਧਾਰੀ ਪਾਰਟੀ ਕਾਂਗਰਸ ਦੋਹਾਂ ਸੈਨਾਵਾਂ 'ਤੇ ਕਾਬੂ ਪਾਉਣ 'ਚ ਨਾਕਾਮ ਸਿੱਧ ਹੋ ਰਹੀ ਹੈ। ਦੂਜੇ ਪਾਸੇ ਸੰਘ ਦੇ ਸਮਰਥਨ ਨਾਲ ਭਾਜਪਾ ਨੇ ਪਹਿਲੀ ਵਾਰ ਖੁੱਲ੍ਹ ਕੇ ਸ਼ਿਵ ਸੈਨਾ ਦਾ ਵਿਰੋਧ ਕੀਤਾ ਹੈ।

ਕੁੱਲ ਮਿਲਾ ਕੇ ਇਹ ਸਾਰੀਆਂ ਪਾਰਟੀਆਂ 2012 'ਚ ਹੋਣ ਵਾਲੀਆਂ ਮੁੰਬਈ ਨਗਰ ਪਾਲਿਕਾ ਦੀਆਂ ਚੋਣਾਂ ਲਈ ਹੁਣ ਤੋਂ ਹੀ ਤਿਆਰੀਆਂ ਕਰਨ ਲੱਗ ਪਈਆਂ ਹਨ। ਇਸ ਤੋਂ ਇਲਾਵਾ ਇਹ ਸਿਆਸੀ ਪਾਰਟੀਆਂ ਇਸ ਵਰ੍ਹੇ ਦੇ ਅਖੀਰ 'ਚ ਬਿਹਾਰ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਵੀ ਤਿਆਰੀਆਂ ਕਰ ਰਹੀਆਂ ਹਨ।

ਸ਼ਿਵ ਸੈਨਾ ਨੂੰ ਹੁਣੇ-ਹੁਣੇ ਹੋਈਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸ਼ਿਵ ਸੈਨਾ ਮੁਖੀ ਬਾਲ ਠਾਕਰੇ ਨੂੰ ਇਸ ਗੱਲ ਦੀ ਨਾਰਾਜ਼ਗੀ ਹੈ ਕਿ ਉਨ੍ਹਾਂ ਦੀ ਪਾਰਟੀ ਮੁੰਬਈ 'ਚ ਇਕ ਵੀ ਸੀਟ ਨਹੀਂ ਜਿੱਤ ਸਕੀ ਤੇ ਉਹ ਠਾਣੇ ਵਾਲੀ ਸੀਟ ਵੀ ਹਾਰ ਗਈ, ਜਿਸ 'ਤੇ ਪਿਛਲੇ ਚਾਰ ਦਹਾਕਿਆਂ ਤੋਂ ਉਸਦਾ ਗਲਬਾ ਸੀ, ਇਸ ਲਈ ਉਨ੍ਹਾਂ ਸਾਹਮਣੇ 'ਮਰਾਠੀ ਮਾਨੁਸ਼' ਦਾ ਨਾਅਰਾ ਮੁੜ ਉਭਾਰਨ ਤੋਂ ਇਲਾਵਾ ਹੋਰ ਚਾਰਾ ਵੀ ਕੀ ਹੈ?

ਪੁਰਾਣੇ ਲੋਕਾਂ ਦਾ ਕਹਿਣਾ ਹੈ ਕਿ ਇਹ 60 ਦੇ ਦਹਾਕੇ ਵਾਲੇ ਦੌਰ ਨੂੰ ਦੁਹਰਾਉਂਦੀ ਲੱਗਦੀ ਹੈ, ਜਦੋਂ ਬਾਲ ਠਾਕਰੇ ਨੇ ਸ਼ਿਵ ਸੈਨਾ ਦੀ ਸਥਾਪਨਾ ਕੀਤੀ ਸੀ ਅਤੇ ਇਹ ਕਹਿਣਾ ਸ਼ੁਰੂ ਕੀਤਾ ਸੀ ਕਿ 'ਲੁੰਗੀ ਵਾਲੇ' ਮੁੰਬਈ ਛੱਡ ਕੇ ਚਲੇ ਜਾਣ ਤਾਂ ਕਿ ਸਥਾਨਕ ਲੋਕਾਂ ਨੂੰ ਰੋਜ਼ਗਾਰ ਮਿਲ ਸਕੇ। ਉਦੋਂ ਉਨ੍ਹਾਂ ਦਾ ਨਿਸ਼ਾਨਾ ਦੱਖਣ-ਭਾਰਤੀ ਸਨ। ਉਦੋਂ ਉਨ੍ਹਾਂ ਨੇ ਟੈਲੀਫੋਨ ਡਾਇਰੈਕਟਰੀ 'ਚ ਛਪੇ ਦੱਖਣ-ਭਾਰਤੀਆਂ ਦੇ ਨਾਵਾਂ ਦੀ ਸੂਚੀ ਪ੍ਰਕਾਸ਼ਿਤ ਕਰਨ ਦੀ ਗੱਲ ਕਹੀ ਸੀ।

ਉਨ੍ਹਾਂ ਦਾ ਇਹ 'ਟ੍ਰਿਕ' ਕੰਮ ਕਰ ਗਿਆ ਤੇ ਪਿਛਲੇ ਕਈ ਦਹਾਕਿਆਂ ਤੋਂ ਉਹ ਮਹਾਰਾਸ਼ਟਰ ਦੇ ਨੌਜਵਾਨਾਂ 'ਤੇ 'ਮਰਾਠੀ ਮਾਨੁਸ਼' ਦੇ ਨਾਅਰੇ ਨਾਲ ਪ੍ਰਭਾਵ ਪਾਈ ਰੱਖਣ 'ਚ ਸਫਲ ਰਹੇ ਹਨ ਪਰ ਸੀਨੀਅਰ ਤੇ ਜੂਨੀਅਰ ਠਾਕਰੇ ਇਹ ਗੱਲ ਨਹੀਂ ਸਮਝ ਸਕੇ ਕਿ ਮੁੰਬਈ ਦਾ ਚਰਿੱਤਰ ਇਸ ਸਮੇਂ ਵਿਆਪਕ ਤੌਰ 'ਤੇ ਬਦਲ ਚੁੱਕਾ ਹੈ।

ਬਾਲ ਠਾਕਰੇ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਉਨ੍ਹਾਂ ਦਾ ਆਪਣਾ ਭਤੀਜਾ ਰਾਜ ਠਾਕਰੇ, ਜੋ ਉਨ੍ਹਾਂ ਦੇ ਹੀ ਨਕਸ਼ੇ ਕਦਮ 'ਤੇ ਚੱਲ ਰਿਹਾ ਹੈ, ਉਨ੍ਹਾਂ ਨਾਲੋਂ ਅੱਗੇ ਨਿਕਲ ਜਾਵੇ। ਠਾਕਰੇ ਪਰਿਵਾਰ ਦੀਆਂ ਦੋਹਾਂ 'ਸੈਨਾਵਾਂ' ਨੇ ਮੁੰਬਈ ਸ਼ਹਿਰ ਨੂੰ ਪਿਛਲੇ ਕਾਫੀ ਸਮੇਂ ਤੋਂ 'ਬੰਧਕ' ਜਿਹਾ ਬਣਾ ਕੇ ਰੱਖ ਦਿੱਤਾ ਹੈ। ਕਦੇ ਉਹ ਬਿਹਾਰੀਆਂ (ਉੱਤਰ ਭਾਰਤੀਆਂ), ਕਦੇ ਬੰਗਲਾਦੇਸ਼ੀਆਂ, ਕਦੇ ਮੁਸਲਮਾਨਾਂ ਤਾਂ ਕਦੇ ਫਿਲਮ ਸਟਾਰਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹਨ।




ਇਨ੍ਹਾਂ ਦੋਹਾਂ ਸੈਨਾਵਾਂ ਦੇ ਮੁਖੀਆਂ ਨੇ ਨਫਰਤ ਅਤੇ ਸੌੜੇ ਖੇਤਰਵਾਦ ਦਾ ਇਕ ਅਜਿਹਾ ਸੰਦੇਸ਼ ਦਿੱਤਾ ਹੈ, ਜਿਸਦਾ ਬੁਰਾ ਅਸਰ ਸਾਰੇ ਦੇਸ਼ 'ਤੇ ਪਿਆ ਹੈ ਪਰ ਜਦੋਂ 26 ਨਵੰਬਰ 2008 ਨੂੰ ਮੁੰਬਈ 'ਤੇ ਅੱਤਿਵਾਦੀ ਹਮਲਾ ਹੋਇਆ ਸੀ ਤਾਂ ਉਦੋਂ ਉਹ ਕਿੱਥੇ ਸਨ? ਹੁਣ ਰਾਹੁਲ ਗਾਂਧੀ ਨੇ ਕਿਹਾ ਹੈ, ''ਉੱਤਰ ਭਾਰਤੀ ਕਮਾਂਡੋਜ਼ ਨੇ ਹੀ ਉਦੋਂ ਮੁੰਬਈ ਨੂੰ ਅੱਤਿਵਾਦੀਆਂ ਤੋਂ ਬਚਾਇਆ ਸੀ।''

ਸ਼ਿਵ ਸੈਨਾ ਪਿਛਲੇ ਦੋ ਦਹਾਕਿਆਂ ਤੋਂ ਭਾਜਪਾ ਦੀ ਗੂੜ੍ਹੀ ਮਿੱਤਰ ਰਹੀ ਹੈ। ਮਹਾਰਾਸ਼ਟਰ 'ਚ ਭਾਜਪਾ-ਸ਼ਿਵ ਸੈਨਾ ਗੱਠਜੋੜ ਦੀ ਸੀਨੀਅਰ ਸਹਿਯੋਗੀ ਸ਼ਿਵ ਸੈਨਾ ਰਹੀ ਹੈ। ਹੁਣੇ-ਹੁਣੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਹੋਈ ਹਾਰ ਤੋਂ ਬਾਅਦ ਇਸ ਗੱਠਜੋੜ ਦੇ ਦੋਵੇਂ ਭਾਈਵਾਲ ਇਕ ਦੂਜੇ ਦੇ ਵਿਰੁੱਧ ਤਿੱਖੇ ਤੇਵਰ ਅਪਨਾਉਣ ਲੱਗ ਪਏ ਹਨ। ਭਾਜਪਾ ਇਹ ਮਹਿਸੂਸ ਕਰਦੀ ਹੈ ਕਿ ਮਹਾਰਾਸ਼ਟਰ ਨਵ ਨਿਰਮਾਣ ਸੈਨਾ (ਮਨਸੇ) ਨੇ ਸ਼ਿਵ ਸੈਨਾ ਦੀਆਂ ਚੋਣ ਸੰਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ, ਜਦਕਿ ਸ਼ਿਵ ਸੈਨਾ ਸੋਚਦੀ ਹੈ ਕਿ ਭਾਜਪਾ ਵਰਕਰਾਂ ਨੇ ਇਨ੍ਹਾਂ ਚੋਣਾਂ 'ਚ ਉਸਦੇ ਸਮਰਥਨ 'ਚ ਦਿਲ ਲਗਾ ਕੇ ਕੰਮ ਨਹੀਂ ਕੀਤਾ।

ਦੋਹਾਂ ਦਰਮਿਆਨ ਵਧ ਰਹੀ ਬੇਭਰੋਸਗੀ ਕਾਰਨ ਦੇਰ ਸਵੇਰ ਦੋਹਾਂ 'ਚ ਪਾੜਾ ਪੈਣਾ ਹੀ ਸੀ। ਅਤੀਤ 'ਚ ਵੀ ਸ਼ਿਵ ਸੈਨਾ ਆਪਣੇ ਵਤੀਰੇ ਕਾਰਨ ਭਾਜਪਾ ਲਈ ਮੁਸ਼ਕਿਲਾਂ ਖੜ੍ਹੀਆਂ ਕਰਦੀ ਰਹੀ ਹੈ। ਮਿਸਾਲ ਵਜੋਂ ਇਨ੍ਹਾਂ ਦੋਹਾਂ ਦਰਮਿਆਨ ਮੱਤਭੇਦ ਉਦੋਂ ਖੁੱਲ੍ਹ ਕੇ ਸਾਹਮਣੇ ਆਏ ਸਨ, ਜਦੋਂ ਸ਼ਿਵ ਸੈਨਾ ਨੇ ਰਾਸ਼ਟਰਪਤੀ ਦੇ ਅਹੁਦੇ ਦੀਆਂ ਚੋਣਾਂ 'ਚ ਭਾਜਪਾ ਉਮੀਦਵਾਰ ਭੈਰੋਂ ਸਿੰਘ ਸ਼ੇਖਾਵਤ ਦੀ ਥਾਂ ਪ੍ਰਤਿਭਾ ਪਾਟਿਲ ਦੀ ਹਮਾਇਤ ਕਰਨ ਦਾ ਫੈਸਲਾ ਲਿਆ ਸੀ। ਭਾਜਪਾ ਜਿੱਥੇ ਮਹਾਰਾਸ਼ਟਰ ਨਾਲੋਂ ਅੱਡ ਕਰਕੇ ਵਿਦਰਭ ਸੂਬਾ ਬਣਾਉਣ ਦਾ ਸਮਰਥਨ ਕਰਦੀ ਹੈ, ਉਥੇ ਹੀ ਸ਼ਿਵ ਸੈਨਾ ਇਸ ਦਾ ਵਿਰੋਧ ਕਰਦੀ ਹੈ। ਸੀਨੀਅਰ ਤੇ ਜੂਨੀਅਰ ਠਾਕਰੇ ਆਪਣੇ ਸੌੜੇ ਬਿਆਨਾਂ ਨਾਲ ਲੋਕਾਂ ਨੂੰ ਹੈਰਾਨ ਕਰਨ 'ਚ ਯਕੀਨ ਕਰਦੇ ਹਨ। ਸ਼ਿਵ ਸੈਨਾ ਨੂੰ ਉਦੋਂ ਆਪਣੇ ਕਦਮ ਪਿੱਛੇ ਹਟਾਉਣੇ ਪਏ, ਜਦੋਂ ਇਸਨੇ ਸਚਿਨ ਤੇਂਦੁਲਕਰ ਦੇ ਇਸ ਬਿਆਨ 'ਤੇ ਆਪਣਾ ਵਿਰੋਧ ਪ੍ਰਗਟਾਇਆ ਸੀ, ''ਮੁੰਬਈ ਭਾਰਤ ਦਾ ਇਕ ਅੰਗ ਹੈ।'' ਬਾਲ ਠਾਕਰੇ ਪਿਛਲੇ ਕੁਝ ਦਿਨਾਂ ਤੋਂ ਮੁਕੇਸ਼ ਅੰਬਾਨੀ ਦੀ ਆਲੋਚਨਾ ਵੀ ਕਰ ਰਹੇ ਹਨ ਤੇ ਉਨ੍ਹਾਂ ਨੇ ਬਾਲੀਵੁੱਡ ਦੇ ਸੁਪਰ ਸਟਾਰ ਸ਼ਾਹਰੁਖ਼ ਖ਼ਾਨ ਵਲੋਂ ਆਈ.ਪੀ.ਐਲ. ਬਾਰੇ ਦਿੱਤੇ ਬਿਆਨ 'ਤੇ ਵੀ ਇਤਰਾਜ਼ ਪ੍ਰਗਟਾਇਆ।

ਦੋਹਾਂ ਹੀ ਪਾਰਟੀਆਂ 'ਚ ਪਿਛਲੇ ਕੁਝ ਸਮੇਂ ਤੋਂ ਕਾਫੀ ਤਬਦੀਲੀ ਆਈ ਹੈ। ਭਾਜਪਾ ਇਕ ਕੌਮੀ ਪਾਰਟੀ ਹੈ, ਜਦਕਿ ਸ਼ਿਵ ਸੈਨਾ ਇਕ ਖੇਤਰੀ ਪਾਰਟੀ ਹੀ ਬਣੀ ਰਹਿ ਗਈ ਹੈ। ਭਾਜਪਾ ਨੇ ਆਪਣੇ ਮੁੱਖ ਮੁੱਦੇ ਪਿਛੋਕੜ 'ਚ ਸੁੱਟ ਦਿੱਤੇ ਹਨ, ਜਦਕਿ ਸ਼ਿਵ ਸੈਨਾ ਸਾਹਮਣੇ ਅਜਿਹੀ ਕੋਈ ਮਜਬੂਰੀ ਨਹੀਂ ਹੈ। ਭਾਜਪਾ 'ਚ ਜਿੱਥੇ ਲੀਡਰਸ਼ਿਪ ਬਦਲ ਗਈ ਹੈ, ਉਥੇ ਹੀ ਬਾਲ ਠਾਕਰੇ ਦਾ ਸ਼ਿਵ ਸੈਨਾ 'ਤੇ ਕਈ ਦਹਾਕਿਆਂ ਤੋਂ ਕੰਟਰੋਲ ਚੱਲਦਾ ਆ ਰਿਹਾ ਹੈ। ਭਾਜਪਾ ਤੇ ਸ਼ਿਵ ਸੈਨਾ ਦਰਮਿਆਨ ਸਮੀਕਰਣ ਵੀ ਹੌਲੀ-ਹੌਲੀ ਬਦਲਦੇ ਰਹੇ ਹਨ।

ਆਰ.ਐਸ.ਐਸ. 'ਚ ਵੀ ਤਬਦੀਲੀ ਆਉਂਦੀ ਰਹੀ ਹੈ। ਸੰਯੋਗ ਨਾਲ ਇਸ ਸਮੇਂ ਸੰਘ ਦੇ ਮੁਖੀ ਮੋਹਨ ਭਾਗਵਤ, ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਤੇ ਸ਼ਿਵ ਸੈਨਾ ਦੇ ਮੁਖੀ ਬਾਲ ਠਾਕਰੇ ਮਰਾਠੀ ਹਨ। ਜੇ ਸ਼ਿਵ ਸੈਨਾ ਖੇਤਰੀ ਭਾਵਨਾਵਾਂ ਦਾ ਇਸਤੇਮਾਲ ਕਰਨਾ ਚਾਹੁੰਦੀ ਹੈ ਤਾਂ ਇਹ ਗੱਲ ਭਾਜਪਾ ਤੇ ਸੰਘ ਲਈ ਕੌਮੀ ਪੱਧਰ 'ਤੇ ਉਲਟ ਲੱਗਦੀ ਹੈ। 'ਮੁੰਬਈ, ਮੁੰਬਈ ਵਾਲਿਆਂ ਦੀ ਹੈ' ਵਾਲੇ ਸ਼ਿਵ ਸੈਨਾ ਤੇ ਮਨਸੇ ਦੇ ਨਾਅਰੇ ਕਾਰਨ ਭਾਜਪਾ ਇਕ ਅਜਿਹੇ ਬਿੰਦੂ 'ਤੇ ਪਹੁੰਚ ਗਈ ਹੈ, ਜਿੱਥੇ ਉਸ ਨੂੰ ਮੋਹਨ ਭਾਗਵਤ ਵਰਗੇ ਨੇਤਾ ਦੀ ਲੋੜ ਮਹਿਸੂਸ ਹੋਣ ਲੱਗੀ ਹੈ। ਸ੍ਰੀ ਭਾਗਵਤ ਨੇ ਸੰਘ ਦੇ ਵਰਕਰਾਂ ਨੂੰ ਕਿਹਾ ਹੈ ਕਿ ਉਹ ਮੁੰਬਈ 'ਚ ਉੱਤਰ ਭਾਰਤੀਆਂ ਦੀ ਰਾਖੀ ਕਰਨ। ਸੰਘ ਤੇ ਭਾਜਪਾ ਦਾ ਉੱਤਰ ਭਾਰਤ 'ਚ ਵਿਆਪਕ ਪ੍ਰਭਾਵ ਹੈ ਤੇ ਉਸਨੂੰ ਇਹ ਹੋਰ ਵਧਾਉਣਾ ਪੈਣਾ ਹੈ। ਭਾਜਪਾ ਨੂੰ ਇਸ ਸਾਲ ਦੇ ਅਖੀਰ 'ਚ ਹੋਣ ਵਾਲੀਆਂ ਬਿਹਾਰ ਦੀਆਂ ਚੋਣਾਂ ਦੀ ਵੀ ਚਿੰਤਾ ਹੈ।

ਇਸ ਤੋਂ ਇਲਾਵਾ ਜਨਤਾ ਦਲ (ਯੂ) ਨੂੰ ਰਾਜਗ ਵਿਚ ਬਣਾਈ ਰੱਖਣਾ ਵੀ ਭਾਜਪਾ ਦੀ ਮਜਬੂਰੀ ਹੈ। ਜ਼ਮੀਨ ਪੱਧਰ 'ਤੇ ਹੁਣ ਭਾਜਪਾ ਤੇ ਸ਼ਿਵ ਸੈਨਾ ਵਰਕਰਾਂ ਦਰਮਿਆਨ ਆਪਸ 'ਚ ਪ੍ਰੇਮ ਨਹੀਂ ਰਿਹਾ, ਫਿਰ ਵੀ ਉਨ੍ਹਾਂ ਦਾ ਗੱਠਜੋੜ ਜਾਰੀ ਹੈ। ਮੁੰਬਈ 'ਚ ਮੌਜੂਦਾ ਵਿਵਾਦ ਦੀ ਸ਼ੁਰੂਆਤ ਮਹਾਰਾਸ਼ਟਰ ਸਰਕਾਰ ਦੇ ਉਸ ਕਦਮ ਨਾਲ ਹੋਈ, ਜਿਸ 'ਚ ਉਸਨੇ ਕਿਹਾ ਸੀ ਕਿ ਟੈਕਸੀ ਪਰਮਿਟ ਸਿਰਫ ਉਨ੍ਹਾਂ ਨੂੰ ਹੀ ਮਿਲਣਗੇ, ਜੋ ਮੁੰਬਈ 'ਚ ਪਿਛਲੇ 15 ਸਾਲਾਂ ਤੋਂ ਰਹਿ ਰਹੇ ਹੋਣ ਤੇ ਮਰਾਠੀ ਭਾਸ਼ਾ ਬੋਲ ਤੇ ਪੜ੍ਹ-ਲਿਖ ਸਕਦੇ ਹੋਣ। ਇਸ ਪਿੱਛੇ ਕਾਂਗਰਸ ਦੀ ਸਿਆਸਤ ਹੈ। ਇਸ 'ਤੇ ਵਿਰੋਧ ਨੂੰ ਤਾੜਦਿਆਂ ਮੁੱਖ ਮੰਤਰੀ ਅਸ਼ੋਕ ਚਵਾਨ ਨੇ ਆਪਣਾ ਬਿਆਨ ਬਦਲ ਦਿੱਤਾ ਪਰ ਜੋ ਨੁਕਸਾਨ ਹੋਣਾ ਸੀ, ਉਹ ਹੋ ਹੀ ਗਿਆ। ਕਾਂਗਰਸ ਦੀ ਨਜ਼ਰ ਨਗਰ ਨਿਗਮ ਦੀਆਂ ਚੋਣਾਂ ਤੇ ਵੋਟ ਬੈਂਕ 'ਤੇ ਵੀ ਹੈ।

ਮਰਾਠੀ ਲੋਹ-ਪੁਰਸ਼ ਤੇ ਰਾ ਕਾਂ ਪਾ ਮੁਖੀ ਸ਼ਰਦ ਪਵਾਰ ਨੇ ਇਸ ਮਾਮਲੇ 'ਚ ਚੁੱਪ ਕਿਉਂ ਵੱਟੀ ਹੋਈ ਹੈ? ਕੀ ਰਾਕਾਂਪਾ ਇਸ ਮਾਮਲੇ 'ਚ ਇਕੋ ਸਮੇਂ ਦੋ ਬੇੜੀਆਂ 'ਚ ਸਵਾਰੀ ਕਰਨ ਦਾ ਰਾਹ ਅਪਨਾ ਰਹੀ ਹੈ? ਕੇਂਦਰ ਤੇ ਰਾਜ ਸਰਕਾਰ ਨੂੰ ਚੌਕਸ ਹੋ ਕੇ ਮੁੰਬਈ 'ਚ ਸਥਿਤੀ ਆਮ ਵਰਗੀ ਬਣਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ ਤੇ ਇਹ ਗੱਲ ਯਕੀਨੀ ਬਣਾਉਣੀ ਚਾਹੀਦੀ ਹੈ ਕਿ ਭਾਰਤ ਵਾਸੀ ਦੇਸ਼ ਵਿਚ ਕਿਤੇ ਵੀ ਆਜ਼ਾਦੀ ਨਾਲ ਰਹਿ ਸਕਣ, ਸਿਰਫ਼ ਬਿਆਨਬਾਜ਼ੀ ਨਾਲ ਹੀ ਕੰਮ ਨਹੀਂ ਚੱਲਣ ਵਾਲਾ, ਸਗੋਂ ਜ਼ਰੂਰੀ ਇਹ ਹੈ ਕਿ ਦ੍ਰਿੜ੍ਹਤਾ ਨਾਲ ਕਾਰਵਾਈ ਵੀ ਹੋਵੇ।

ਮੁੱਖ ਮੰਤਰੀ ਅਸ਼ੋਕ ਚਵਾਨ ਨੂੰ ਕਮਜ਼ੋਰ ਤੇ ਲਾਚਾਰ ਮੁੱਦਾ ਅਪਨਾਉਣ ਦੀ ਬਜਾਏ ਆਪਣੀ ਦ੍ਰਿੜ੍ਹ ਤਾਕਤ ਵੀ ਦਿਖਾਉਣੀ ਚਾਹੀਦੀ ਹੈ।

# ਭਾਰਤ, ਪਾਕਿ ਤੇ ਅਫਗਾਨ ਮਿਲ ਕੇ ਲੜਨ ਅਤਿਵਾਦ ਖਿਲਾਫ

**-ਵੇਦਪ੍ਰਤਾਪ ਵੈਦਿਕ**



ਭਾਰਤ ਅਤੇ ਪਾਕਿਸਤਾਨ ਦੇ ਵਿਚ ਗੱਲ ਹੋਵੇ ਜਾਂ ਨਾ ਹੋਵੇ, ਇਹ ਦੁਵਿਧਾ ਹੁਣ ਖਤਮ ਹੋ ਗਈ ਹੈ। ਗੱਲ ਜ਼ਰੂਰ ਹੋਵੇਗੀ, ਕਿਉਂਕਿ ਦੋਨੋਂ ਪੱਖ ਥੋੜੇ ਨਰਮ ਪੈ ਗਏ ਹਨ। ਭਾਰਤ ਇਹ ਨਹੀਂ ਕਹਿ ਰਿਹਾ ਹੈ ਕਿ ਅਸੀਂ ਸਿਰਫ ਅੱਤਵਾਦ ਤੇ ਗੱਲ ਕਰਾਂਗੇ ਅਤੇ ਪਾਕਿਸਤਾਨ ਇਹ ਨਹੀਂ ਕਹਿ ਰਿਹਾ ਹੈ ਕਿ ਅਸੀਂ ਗੱਲ ਉਦੋਂ ਕਰਾਂਗੇ, ਜਦਕਿ 'ਸਮੁਚਾ ਸੰਵਾਦ' ਹੋਵੇਗਾ, ਯਾਨੀਕਿ ਸਾਡੇ ਲਈ ਅੱਤਵਾਦ ਦੇ ਮੁਕਾਬਲੇ ਕਸ਼ਮੀਰ ਆਦਿ ਜਿਆਦਾ ਮਹੱਤਵਪੂਰਣ ਮੁੱਦਾ ਹੈ। ਅਸਲ ਵਿਚ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਆਪਣੇ ਹਾਲ ਹੀ ਦੇ ਬਿਆਨ ਵਿਚ ਕਿਹਾ ਹੈ ਕਿ ਗੱਲ ਨਾ ਕਰਨ ਦਾ ਮਤਲਬ ਅੱਤਵਾਦੀਆਂ ਦੇ ਜਾਲ ਵਿਚ ਫਸਣਾ ਹੈ। ਕੁਰੈਸ਼ੀ ਦੇ ਕਥਨ 'ਤੇ ਸਾਨੂੰ ਇਸ ਲਈ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਅੱਜ ਪਾਕਿਸਤਾਨ ਆਪਣੇ ਹੀ ਅੱਤਵਾਦੀਆਂ ਤੋਂ ਇਨਾ ਪੀੜਤ ਹੈ, ਕੀ ਇਹ ਤਰਾਸਦੀ ਭਾਰਤ ਦੇ ਮੁਕਾਬਲੇ ਘੱਟ ਹੈ? ਪਿਛਲੇ ਤਿੰਨ ਚਾਰ ਸਾਲਾਂ ਵਿਚ ਇਸਲਾਮੀ ਅੱਤਵਾਦੀਆਂ ਨੇ ਜਿਨੀਆਂ ਘਿਨੌਣੀਆਂ ਵਾਰਦਾਤਾਂ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚ ਕੀਤੀਆਂ ਹਨ, ਉਨ੍ਹਾਂ ਨੇ ਪਾਕਿਸਤਾਨ ਸਰਕਾਰ ਨੂੰ ਮਜ਼ਬੂਰ ਕਰ ਦਿੱਤਾ ਹੈ ਕਿ ਉਹ ਅੱਤਵਾਦ ਦੇ ਖਿਲਾਫ ਯੁੱਧ ਛੇੜ ਦੇਵੇ। ਜਿਵੇਂ ਹਮਲਾਵਰ ਮੁਹਿੰਮ ਉਸਨੇ ਵਜੀਰਿਸਤਾਨ ਵਿਚ ਚਲਾਈ, ਉਵੇਂ ਦਾ ਕੀ ਸਾਨੂੰ ਆਪਣੇ ਦੇਸ਼ ਦੇ ਕਿਸੇ ਖੇਤਰ ਵਿਚ ਚਲਾਉਣਾ ਪਵੇਗਾ? ਜਾਹਿਰ ਹੈ ਕਿ ਪਾਕਿਸਤਾਨੀ ਮੁਹਿੰਮ ਦੇ ਪਿੱਛੇ ਅਮਰੀਕਾ ਦਾ ਜਬਰਦਸਤ ਦਬਾਅ ਹੈ।

ਪਰ ਜੇਕਰ ਪਾਕਿਸਤਾਨ ਪ੍ਰਧਾਨ ਮੰਤਰੀ ਯੂਸੁਫ ਰਜਾ ਗਿਲਾਨੀ ਇਹ ਸੋਚਦੇ ਹਨ ਕਿ ਭਾਰਤ ਵੀ ਉਸੇ ਦਬਾਅ ਵਿਚ ਆ ਕੇ ਉਨ੍ਹਾਂ ਨਾਲ ਗੱਲ ਕਰਨਾ ਚਾਹੁੰਦਾ ਹੈ ਤਾਂ ਉਨਾਂ ਦੀ ਸੋਚ ਸਹੀ ਨਹੀਂ ਹੈ। ਭਾਰਤ ਨੇ 1998 ਵਿਚ ਜਦ ਸਮੁਚਿਤ ਸੰਵਾਦ ਦੀ ਪਹਿਲ ਕੀਤੀ ਸੀ ਤਾਂ ਉਸਦੇ ਪਿੱਛੇ ਪ੍ਰਧਾਨ ਮੰਤਰੀ ਵਾਜਪਈ ਦਾ ਉਹ ਵਿਰਾਟ ਸੁਪਨਾ ਸੀ, ਜਿਸਦੇ ਤਹਿਤ ਉਹ ਸੰਪੂਰਣ ਦੱਖਣੀ ਏਸ਼ੀਆ ਨੂੰ 21ਵੀਂ ਸਦੀ ਦੇ ਲਈ ਤਿਆਰ ਕਰ ਰਹੇ ਸਨ, ਪਰ ਪਾਕਿਸਤਾਨ ਨੇ ਕਦੀ ਕਾਰਗਿਲ ਯੁੱਧ, ਕਦੀ ਸੰਸਦ ਤੇ ਹਮਲਾ ਅਤੇ ਕਦੇ ਮੁੰਬਈ ਰੇਲ ਬੰਬ ਕਾਂਡ ਦੇ ਦੁਆਰਾ ਉਸ ਪਹਿਲ ਵਿਚ ਰੋੜੇ ਅਟਕਾ ਦਿੱਤੇ। ਡਾ. ਮਨਮੋਹਨ ਸਿੰਘ ਉਸੇ ਸੂਤਰ ਨੂੰ ਬਹੁਤ ਜ਼ੋਰ ਸ਼ੋਰ ਨਾਲ ਅੱਗੇ ਵਧਾ ਰਹੇ ਸਨ, ਪਰ ਨਵੰਬਰ 2009 ਵਿਚ ਮੁੰਬਈ ਦੇ ਤਾਜ ਹੋਟਲ ਕਾਂਡ ਨੇ ਸਾਰੀ ਤਿਆਰੀ ਤੇ ਪਾਣੀ ਫੇਰ ਦਿੱਤਾ।

ਫਿਰ ਵੀ ਜੁਲਾਈ 2009 ਵਿਚ ਆਪਣੇ ਦੇਸ਼ ਅਤੇ ਪਾਰਟੀ ਦਾ ਗੁੱਸਾ ਝੱਲਦੇ ਹੋਏ ਉਨ੍ਹਾਂ ਨੇ ਸ਼ਰਮ-ਅਲ-ਸ਼ੇਖ ਵਿਚ ਸ਼ਿਖਰ ਬੈਠਕ ਦੀ ਸਹਿਮਤੀ ਦਿੱਤੀ। ਉਸਦੇ ਬਾਵਜੂਦ ਕਈ ਮਹੀਨੇ ਬੀਤ ਗਏ ਅਤੇ ਪਾਕਿਸਤਾਨ ਨੇ ਮੁੰਬਈ ਕਾਂਡ ਦੇ ਅਪਰਾਧੀਆਂ ਦੇ ਵਿਰੁਧ ਕੋਈ ਜ਼ਿਕਰਯੋਗ ਕਾਰਵਾਈ ਨਹੀਂ ਕੀਤੀ। ਹੁਣ ਜਦਕਿ ਉਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਤਾਂ ਭਾਰਤ ਖੁੱਲ੍ਹੇ ਦਿਲ ਨਾਲ ਗੱਲ ਕਰਨ ਨੂੰ ਰਾਜੀ ਹੋਇਆ ਹੈ। ਪਾਕਿਸਤਾਨ ਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਕਿ ਇਹ ਗੱਲਬਾਤ ਅਮਰੀਕਾ ਦੇ ਕਾਰਣ ਨਹੀਂ, ਪਾਕਿਸਤਾਨ ਦੇ ਕਾਰਣ ਸ਼ੁਰੂ ਹੋ ਰਹੀ ਹੈ। ਜੇਕਰ ਇਸ ਮੁੱਦੇ ਤੇ ਉਸਦੀ ਸਮਝ ਪੁੱਠੀ ਹੋਵੇਗੀ ਤਾਂ ਇਹ ਗੱਲਬਾਤ ਵੀ ਉਲਟ ਜਾਵੇਗੀ। ਇਸਦਾ ਕੋਈ ਨਤੀਜਾ ਨਹੀਂ ਨਿਕਲੇਗਾ। ਇਸ ਵਿਚ ਸ਼ਕ ਨਹੀਂ ਹੈ ਕਿ ਇਸ ਗੱਲਬਾਤ ਦੇ ਲਈ ਅਮਰੀਕਾ ਦੋਨਾਂ ਪੱਖਾਂ ਨੂੰ ਲਗਾਤਾਰ 'ਪ੍ਰੋਤਸਾਹਿਤ' ਕਰਦਾ ਰਿਹਾ ਹੈ ਅਤੇ ਹੁਣ ਉਸਨੇ ਖੁਸ਼ੀ ਵੀ ਜਾਹਿਰ ਕਰ ਦਿੱਤੀ ਹੈ, ਪਰ ਜਦ ਤਕ ਦੋਵੇਂ ਪੱਖ ਪੂਰੀ ਤਰ੍ਹਾਂ ਨਾਲ ਆਪਣੇ ਮਾਮਲੇ ਨਹੀਂ ਸੁਲਝਾਉਂਦੇ, ਇਹ ਗੱਲਬਾਤ ਵੀ ਬਾਂਝ ਹੀ ਸਾਬਿਤ ਹੋਵੇਗੀ।

ਇਹ ਸੰਵਾਦ ਬਹੁਤ ਹੀ ਪਤਲੀ ਡੋਰੀ ਤੇ ਹੋਣ ਵਾਲਾ ਨਟ ਨਾਚ ਹੈ। ਉਹ ਡੋਰੀ ਕਦ ਟੁੱਟ ਜਾਵੇਗੀ, ਕੁਝ ਪਤਾ ਨਹੀਂ। ਤਾਜ ਹੋਟਲ ਜਿਹਾ ਕੋਈ ਛੋਟਾ ਮੋਟਾ ਹਾਦਸਾ ਵੀ ਦੁਬਾਰਾ ਹੋਇਆ ਨਹੀਂ ਕਿ ਪੂਰਾ ਭਾਰਤ ਇਸ ਤਰ੍ਹਾਂ ਦੇ ਸੰਵਾਦ ਦੇ ਵਿਰੁਧ ਉਬਲ ਪਵੇਗਾ। ਲੋਕਤਾਂਤਰਿਕ ਸਰਕਾਰ ਫਿਰ ਸੁੰਨ ਹੋ ਜਾਵੇਗੀ। ਇਸ ਤਰ੍ਹਾਂ ਦੇ ਹਾਲਾਤ ਵਿਚ ਦੋਨਾਂ ਪੱਖਾਂ ਨੂੰ ਅੱਤਵਾਦ ਦੇ ਵਿਰੁਧ ਸ਼ਕਤੀਸ਼ਾਲੀ ਸੰਯੁਕਤ ਮੋਰਚੇ ਦਾ ਨਿਰਮਾਣ ਕਰਨਾ ਹੋਵੇਗਾ। ਦੋਵਾਂ ਨੂੰ ਐਲਾਨ ਕਰਨਾ ਹੋਵੇਗਾ ਕਿ ਅੱਤਵਾਦ ਦੋਵਾਂ ਦਾ ਸਾਂਝਾ ਦੁਸ਼ਮਣ ਹੈ। ਇਕ ਤੇ ਹੋਇਆ ਹਮਲਾ ਦੂਜੇ ਤੇ ਹੋਏ ਹਮਲੇ ਬਰਾਬਰ ਮੰਨਿਆ ਜਾਵੇਗਾ ਤਾਂ ਇਸ ਲੋਕ ਦੁਸ਼ਮਣ ਦੇ ਵਿਰੁਧ ਦੋਵੇਂ ਰਾਸ਼ਟਰਾਂ ਦੀਆਂ ਫੌਜਾਂ ਸਾਂਝਾ ਅਭਿਆਨ ਚਲਾਉਣਗੀਆਂ। ਇਸ ਸਮਝ ਨੂੰ ਸਾਨੂੰ ਅਫਗਾਨਿਸਤਾਨ ਤਕ ਫੈਲਾਉਣਾ ਹੋਵੇਗਾ ਅਤੇ ਜੇਕਰ ਭਾਰਤ, ਪਾਕਿ ਅਤੇ ਅਫਗਾਨ, ਇਹ ਤਿੰਨੋਂ ਸੈਨਾਵਾਂ ਮਿਲਕੇ ਕੰਮ ਕਰਨ ਤਾਂ 10 ਹਜ਼ਾਰ ਤਾਲਿਬਾਨ ਦਾ ਜੜ੍ਹ ਵੱਢਣ ਵਿਚ ਕਿੰਨਾ ਸਮਾਂ ਲਗੇਗਾ? ਜੇਕਰ ਪਾਕਿਸਤਾਨ ਮੇਰੇ ਇਸ ਸੁਝਾਓ ਤੇ ਅਮਲ ਕਰਨ ਨੂੰ ਤਿਆਰ ਹੋ ਜਾਵੇ ਤਾਂ ਇਸਨੂੰ ਇੰਨੇ ਫਾਇਦੇ ਹੋਣਗੇ ਕਿ ਉਨ੍ਹਾਂ ਨੂੰ ਸ਼ਬਦਾਂ ਵਿਚ ਗਿਣਾਉਣਾ ਮੁਸ਼ਕਿਲ ਹੋ ਜਾਵੇਗਾ।

ਪਹਿਲਾ ਫਾਇਦਾ ਤਾਂ ਇਹੀ ਹੈ ਕਿ ਸਾਰੀ ਦੁਨੀਆ ਬਿਨਾ ਸਮਝਾਏ ਹੀ ਇਹ ਗੱਲ ਮੰਨ ਲਵੇਗੀ ਕਿ ਪਾਕਿਸਤਾਨ ਸੱਚਮੁਚ ਤਾਲਿਬਾਨ ਦੇ ਵਿਰੁਧ ਹੈ। ਹਾਲੇ ਤੱਕ ਲੋਕ ਇਹ ਮੰਨਦੇ ਹਨ ਕਿ ਪਾਕਿਸਤਾਨ ਦੀ ਸਰਕਾਰ ਸਿਰਫ ਉਨ੍ਹਾਂ ਤਾਲਿਬਾਨਾਂ ਦੇ ਵਿਰੁਧ ਹੈ, ਜੋ ਉਸਨੂੰ ਤੰਗ ਕਰਦੇ ਹਨ। ਉਹ ਉਨ੍ਹਾਂ ਤਾਲਿਬਾਨਾਂ ਦੇ ਵਿਰੁਧ ਨਹੀਂ ਹੈ, ਜੋ ਭਾਰਤ ਅਤੇ ਅਫਗਾਨਿਸਤਾਨ ਦੇ ਦੁਸ਼ਮਣ ਹਨ। ਇਸ ਛਵੀ ਦੇ ਸਾਫ ਹੁੰਦੇ ਹੀ ਪਾਕਿਸਤਾਨ ਸਰਕਾਰ ਦਾ ਰੁਤਬਾ ਆਪਣੇ ਹੀ ਦੇਸ਼ ਵਿਚ ਬਹੁਤ ਉੱਚਾ ਹੋ ਜਾਵੇਗਾ। ਹਾਲੇ ਮੰਨਿਆ ਜਾਂਦਾ ਹੈ ਕਿ ਪਾਕਿਸਤਾਨ ਦੀ ਰਾਜਨੀਤਿਕ ਸਰਕਾਰ ਵਿਚ ਕੋਈ ਦਮ ਨਹੀਂ ਹੈ। ਉਸਦੀ ਗੱਲ ਤੇ ਕੀ ਭਰੋਸਾ ਕੀਤਾ ਜਾਵੇ। ਅਸਲੀ ਤਾਕਤ ਤਾਂ ਫੌਜ ਅਤੇ ਆਈ ਐਸ ਆਈ ਦੇ ਕੋਲ ਹੈ। ਉਹ ਦੋਵੇਂ ਭਾਰਤ ਅਤੇ ਅਫਗਾਨ ਵਿਰੋਧੀ ਤਾਲਿਬਾਨ ਦੇ ਸਰਪ੍ਰਸਤ ਹਨ। ਜੇਕਰ ਭਾਰਤ-ਪਾਕਿ-ਅਫਗਾਨ ਸੰਯੁਕਤ ਮੋਰਚਾ ਬਣ ਜਾਵੇ ਤਾਂ ਫੌਜ ਅਤੇ ਆਈ ਐਸ ਆਈ ਨੂੰ ਜਾਂ ਤਾਂ ਰਾਜਨੀਤਿਕ ਸਰਕਾਰ ਦੇ ਅੱਗੇ ਝੁਕਣਾ ਪਵੇਗਾ ਜਾਂ ਉਸਦਾ ਖੁਲ੍ਹਕੇ ਵਿਰੋਧ ਕਰਨਾ ਹੋਵੇਗਾ। ਯਾਨੀ ਕਿ ਪਰਦਾ ਹਟ ਜਾਵੇਗਾ। ਰਾਜਨੀਤਿਕ ਚਿਲਮਨ ਚੀਰ-ਚੀਰ ਹੋ ਜਾਵੇਗਾ।



ਅੱਤਵਾਦ ਵਿਰੋਧ ਦੇ ਬਹਾਨੇ ਦੋਵੇਂ ਰਾਸ਼ਟਰ ਇੰਨੇ ਨਜ਼ਦੀਕ ਆ ਜਾਣਗੇ ਕਿ ਫਿਰ 'ਸਮੁਚਿਤ ਸੰਵਾਦ' ਆਪਣੇ ਆਪ ਚਲੇਗਾ ਅਤੇ ਦੋਵੇਂ ਪਾਸਿਓਂ ਚਲੇਗਾ। ਕਸ਼ਮੀਰ, ਸਿਯਾਚਿਨ, ਪਾਣੀ ਦੇ ਬਟਵਾਰੇ, ਪਰਮਾਣੂ-ਸਾਵਧਾਨੀਆਂ ਅਤੇ ਆਰਥਿਕ-ਸਾਂਸਕ੍ਰਿਤਕ ਸਹਿਯੋਗ ਦੇ ਕਈ ਨਵੇਂ ਆਯਾਮ ਆਪਣੇ ਆਪ ਖੁੱਲਣਗੇ। ਜਨਰਲ ਕਿਯਾਨੀ ਨੇ ਅਫਗਾਨਿਸਤਾਨ ਵਿਚ ਹੁਣ ਵੀ 'ਰਣਨੀਤਿਕ ਪਿਛਵਾੜੇ' ਦੀ ਜੋ ਰੱਟ ਲਗਾਈ ਹੋਈ ਹੈ, ਉਹ ਨਿਰਥਕ ਹੋ ਜਾਵੇਗੀ। ਇਧਰ, ਭਾਰਤ-ਪਾਕਿ ਸਹਿਯੋਗ ਵਧਿਆ ਨਹੀਂ ਕਿ ਅਫਗਾਨਿਸਤਾਨ ਆਪਣੇ ਆਪ ਸ਼ਾਂਤ ਹੋਣ ਲੱਗੇਗਾ।

ਉਸ ਹਾਲਤ ਵਿਚ ਪਾਕਿਸਤਾਨ ਨੂੰ 'ਰਣਨੀਤਿਕ ਪਿਛਵਾੜੇ' ਦੀ ਥਾਂ ਨਵੇਂ ਨਵੇਂ ਆਰਥਿਕ ਬਦਲਾਂ ਦੀ ਖੋਜ ਕਰਨੀ ਹੋਵੇਗੀ ਅਤੇ ਇਹ ਨਵੇਂ ਬਦਲ ਫਿਰ ਅਫਗਾਨਿਸਤਾਨ ਤੱਕ ਸੀਮਤ ਨਹੀਂ ਰਹਿਣਗੇ। ਇਹ ਇਰਾਨ ਅਤੇ ਤੁਰਕੀ ਅਤੇ ਉਨ੍ਹਾਂ ਦੇ ਉੱਤਰ ਵਿਚ ਵਸੇ ਪੰਜ ਮੱਧ ਏਸ਼ੀਆਈ ਗਣਤੰਤਰਾਂ ਤੱਕ ਫੈਲੇਗੀ। ਜਾਹਿਰ ਹੈ ਕਿ ਇਨ੍ਹਾਂ ਦਾ ਲਾਭ ਉਠਾਉਣ ਦੀ ਪੂਰੀ ਸਮਰਥਾ ਪਾਕਿਸਤਾਨ ਵਿਚ ਉਦੋਂ ਵਿਕਸਤ ਹੋਵੇਗੀ, ਜਦ ਉਹ ਭਾਰਤ ਨੂੰ ਆਪਣੇ ਨਾਲ ਲਵੇਗਾ। ਭਾਰਤ ਅਤੇ ਪਾਕਿਸਤਾਨ ਮਿਲ ਕੇ ਪੂਰੇ ਏਸ਼ੀਆ ਦਾ ਨਕਸ਼ਾ ਬਦਲ ਸਕਦੇ ਹਨ। ਭਾਰਤ ਅਤੇ ਪਾਕਿਸਤਾਨ ਨੂੰ ਨਾਲ ਆਉਣ ਦਾ ਇਸ ਤੋਂ ਵਧੀਆ ਮੌਕਾ ਪਹਿਲਾਂ ਕਦੇ ਨਹੀਂ ਮਿਲਿਆ ਸੀ। ਅਗਲੇ ਡੇਢ ਸਾਲ ਵਿਚ ਅਮਰੀਕਾ ਅਫਗਾਨਿਸਤਾਨ ਨੂੰ ਖਾਲੀ ਕਰੇਗਾ। ਇਕ ਬਾਰ ਉਸਨੇ ਕਾਬੁਲ ਛੱਡਿਆ ਤਾਂ ਅਫਗਾਨਿਸਤਾਨ ਉਸਦੀ ਬਲਾ ਨਾਲ! ਉਸਦੇ ਸਿਰਦ ਨੂੰ ਕੋਈ ਵੀ ਭਰੇ, ਉਸਨੂੰ ਕੀ ਚਿੰਤਾ ਹੈ? ਜੇਕਰ ਭਾਰਤ ਅਤੇ ਪਾਕਿਸਤਾਨ ਕਾਬੁਲ ਵਿਚ ਨਵਾਂ ਅਖਾੜਾ ਖੋਲ ਲੈਣ ਤਾਂ ਅਮਰੀਕਾ ਦਾ ਕੀ ਬਿਗੜ ਰਿਹਾ ਹੈ? ਦੋਨੋਂ ਲੜਣਗੇ, ਦੋਨਾਂ ਦਾ ਨੁਕਸਾਨ ਹੋਵੇਗਾ। ਸ਼ਾਇਦ ਚੀਨ ਅਤੇ ਰੂਸ ਵੀ ਇਸ ਫੱਟੇ ਵਿਚ ਆਪਣੇ ਪੈਰ ਫਸਾ ਲੈਣ। ਭਾਰਤ ਨੂੰ ਵੀ ਪਾਕਿਸਤਾਨ ਦੇ ਦਿਲ ਵਿਚ ਇਹ ਗੱਲ ਬਿਠਾਉਣੀ ਹੋਵੇਗੀ ਕਿ ਉਹ ਉਸਦਾ ਜਰਾ ਵੀ ਨੁਕਸਾਨ ਨਹੀਂ ਹੋਣ ਦੇਣਾ ਚਾਹੁੰਦਾ ਹੈ ਅਤੇ ਅਫਗਾਨਿਸਤਾਨ ਆਦਿ ਖੇਤਰਾਂ ਵਿਚੋਂ ਉਸਦੇ ਜੋ ਵੀ ਵੈਦ ਅਤੇ ਉਚਿਤ ਹਿਤ ਹਨ, ਉਨਾਂ ਨੂੰ ਉਹ ਮਾਨਤਾ ਦਿੰਦਾ ਰਹੇਗਾ। ਜੇਕਰ ਵਿਦੇਸ਼ ਸਚਿਵਾਂ ਦੀ ਬੈਠਕ ਵਿਚ ਤਤਕਾਲਿਕ ਮੁੱਦਿਆਂ ਦੇ ਇਲਾਵਾ ਇਸ ਦੂਰਗਾਮੀ ਸੰਭਾਵਨਾ ਤੇ ਵੀ ਕੰਮ ਹੋਵੇ ਤਾਂ ਦੱਖਣ ਏਸ਼ੀਆ ਦੁਨੀਆਂ ਦੇ ਸਭ ਤੋਂ ਮਾਲਦਾਰ ਅਤੇ ਸਭ ਤੋਂ ਸੁਰੱਖਿਅਤ ਖੇਤਰਾਂ ਵਿਚ ਬਦਲਣ ਲੱਗੇਗਾ।

# ਪਰਵਾਸੀ ਪੰਜਾਬੀ ਅਖਬਾਰਾਂ ਦੇ ਵਿਅੰਗ-ਟੋਟਕੇ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

*ਭਾਵੇਂ ਅੱਜ ਕਲ ਵੀ ਦੇਸ਼ ਦੀਆਂ ਪੰਜਾਬੀ ਅਖਬਾਰਾਂ ਕੁੱਝ ਬਦਲਵੇਂ ਨਾਵਾਂ ਵਾਲੇ ਵਿਅੰਗ-ਕਾਲਮਾਂ ਰਾਹੀਂ ਇਸ ਪਰੰਪਰਾ ਨੂੰ ਚਲਾਉਂਦੀਆਂ ਆ ਰਹੀਆਂ ਹਨ ਪਰ ਬਹੁਤੇ ਸਿਆਸੀ ਆਗੂਆਂ ਵਲੋਂ ਬਾਹੂਬਲੀਆਂ ਦੇ ਗੁੰਡਾ ਬ੍ਰਿਗੇਡ ਪਾਲ ਰੱਖੇ ਹੋਣ ਕਰਕੇ ਕੋਈ ਵਿਰਲੇ ਹੀ ਮਾਈ ਦੇ ਲਾਲ ਪੱਤਰਕਾਰ ਹੋਣਗੇ ਜੋ 'ਬੁਰੇ ਦੇ ਘਰ ਤੱਕ' ਜਾਣ ਦਾ ਹੌਂਸਲਾ ਰੱਖ ਕੇ ਸਿਆਸਤਦਾਨਾਂ ਉੱਤੇ ਵਿਅੰਗ-ਟਿੱਪਣੀਆਂ ਕਰ ਸਕਦੇ ਹੋਣ। ਦੂਸਰਾ, ਰਾਜਸੀ ਤੇ ਪ੍ਰਸ਼ਾਸਕੀ ਦਬਦਬਾ ਵੀ ਲਿਖਾਰੀਆਂ ਨੂੰ 'ਖੁੱਲ੍ਹ ਕੇ' ਲਿਖਣ ਦੀ ਇਜਾਜ਼ਤ ਨਹੀਂ ਦਿੰਦਾ। ਪ੍ਰੰਤੂ ਵਿਦੇਸ਼ਾਂ ਵਿਚ ਛਪਣ ਵਾਲੀਆਂ ਪੰਜਾਬੀ ਅਖਬਾਰਾਂ ਦੇ ਪੈਰੀਂ ਅਜਿਹੀਆਂ ਬੇੜੀਆਂ ਨਹੀਂ ਪਈਆਂ ਹੋਈਆਂ। ਇਨ੍ਹਾਂ ਦੇ ਕਾਲਮਨਵੀਸ ਆਜ਼ਾਦ ਫਿਜ਼ਾਵਾਂ ਵਿਚ ਉੱਚੀਆਂ, ਲੰਬੀਆਂ ਅਤੇ ਬੇ-ਪ੍ਰਵਾਹ ਉਡਾਰੀਆਂ ਭਰਦੇ ਹਨ। ਸਮੁੱਚੇ ਦੇਸ਼ ਜਾਂ ਖਾਸ ਕਰਕੇ ਪੰਜਾਬੀ ਦੀ ਰਾਜਨੀਤੀ ਉੱਤੇ ਕੀਤੇ ਜਾਂਦੇ ਤਿੱਖੇ ਅਤੇ ਰੋਹੀਲੇ ਕਟਾਖਸ਼, ਅਕਸਰ ਪਰਵਾਸੀ ਪੰਜਾਬੀਆਂ ਨੂੰ ਹਸਾ-ਹਸਾ ਕੇ ਲੋਟ-ਪੋਟ ਵੀ ਕਰਦੇ ਹਨ ਅਤੇ ਧੁਰ ਅੰਦਰੋਂ ਸੋਚਣ-ਪਰਖਣ ਲਈ ਵੀ ਮਜ਼ਬੂਰ ਕਰਦੇ ਹਨ।*

ਕਿਸੇ ਜ਼ਮਾਨੇ ਪੰਜਾਬ ਵਿਚ ਛਪਦੀਆਂ ਪੰਜਾਬੀ ਅਖ਼ਬਾਰਾਂ ਵਿਚ ਵਿਅੰਗਮਈ ਟਕੋਰਾਂ ਵਾਸਤੇ ਵਿਸ਼ੇਸ਼ ਕਾਲਮ ਛਪਦੇ ਹੁੰਦੇ ਸਨ। ਬਹੁਤਾ ਕਰਕੇ ਇਸ ਕੰਮ ਲਈ ਬੈਂਤ ਛੰਦ ਦੀ ਵਰਤੋਂ ਹੀ ਕੀਤੀ ਜਾਂਦੀ ਸੀ। ਪੰਜਾਂ ਛੇਆਂ ਸਤਰਾਂ ਰਾਹੀਂ ਕੁੱਜੇ 'ਚ ਸਮੁੰਦਰ ਬੰਦ ਕਰਨ ਦਾ ਯਤਨ ਹੁੰਦੀਆਂ ਸਨ ਇਹ ਵਿਅੰਗ-ਸੁਰ ਵਾਲੀਆਂ ਬੈਂਤਾਂ। 'ਨਿਹੰਗ ਵਾਣੀ', 'ਖੜਗਧਾਰੀ ਦੀ ਕਲਮ ਤੋਂ', 'ਡੰਗ ਤੇ ਚੋਭਾਂ', 'ਖ਼ਬਰਾਂ ਦੀ ਮੁਰੰਮਤ' ਜਾਂ 'ਅੱਜ ਦੀ ਗੱਲ' ਜਿਹੇ ਵੱਖ ਵੱਖ ਸਿਰਲੇਖਾਂ ਥੱਲੇ ਛਪਣ ਵਾਲੇ ਇਨ੍ਹਾਂ ਕਾਲਮਾਂ ਵਿਚ ਕਿਸੇ ਨਾ ਕਿਸੇ ਸਿਆਸੀ ਪਾਰਟੀ ਜਾਂ ਆਗੂ ਦੀ ਚੰਗੀ ਖੁੰਬ ਠੱਪੀ ਹੁੰਦੀ ਸੀ। ਅੰਗਰੇਜ਼ੀ ਅਖ਼ਬਾਰਾਂ ਵਿਚ ਛਪਦੇ ਫਨੀ ਕਾਰਟੂਨਾਂ ਵਾਂਗ ਪੰਜਾਬੀ ਪਾਠਕਾਂ ਲਈ ਇਹ ਵਿਅੰਗ-ਬੈਂਤ ਮਨੋਰੰਜਨ ਦਾ ਸਾਧਨ ਬਣਦੇ ਸਨ। ਖਾਸ ਕਰਕੇ ਪੇਂਡੂ ਇਲਾਕਿਆਂ ਵਿਚ ਤਾਂ ਹੱਟੀਆਂ-ਭੱਠੀਆਂ ਉੱਪਰ ਖੁੰਢ ਬਣਾ ਕੇ ਬੈਠੇ ਪਾਠਕਾਂ ਲਈ ਇਹ ਵੱਡੀ ਖਿੱਚ ਰੱਖਦੇ ਸਨ। ਪੇਂਡੂ ਭਰਾ ਅੰਤਰਰਾਸ਼ਟਰੀ ਜਾਂ ਰਾਸ਼ਟਰੀ ਖ਼ਬਰਾਂ ਦੀਆਂ ਅਹਿਮ ਸੁਰਖੀਆਂ ਦੇਖਣ ਤੋਂ ਵੀ ਪਹਿਲਾਂ ਵਿਅੰਗ-ਕਾਲਮਾਂ ਦੀ ਚੀਰ-ਫਾੜ ਕਰਨ ਨੂੰ ਤਰਜੀਹ ਦਿੰਦੇ ਸਨ। ਹਾਸੇ ਦੀ ਪਟਾਰੀ ਵਾਲੀ ਇਸ ਸਮਗਰੀ ਨੂੰ ਚਟਕਾਰੇ ਲਾ ਲਾ ਪੜ੍ਹਿਆ ਜਾਂਦਾ ਸੀ।

ਭਾਵੇਂ ਅੱਜ ਕਲ ਵੀ ਦੇਸ਼ ਦੀਆਂ ਪੰਜਾਬੀ ਅਖਬਾਰਾਂ ਕੁੱਝ ਬਦਲਵੇਂ ਨਾਵਾਂ ਵਾਲੇ ਵਿਅੰਗ-ਕਾਲਮਾਂ ਰਾਹੀਂ ਇਸ ਪਰੰਪਰਾ ਨੂੰ ਚਲਾਉਂਦੀਆਂ ਆ ਰਹੀਆਂ ਹਨ ਪਰ ਬਹੁਤੇ ਸਿਆਸੀ ਆਗੂਆਂ ਵਲੋਂ ਬਾਹੂਬਲੀਆਂ ਦੇ ਗੁੰਡਾ ਬ੍ਰਿਗੇਡ ਪਾਲ ਰੱਖੇ ਹੋਣ ਕਰਕੇ ਕੋਈ ਵਿਰਲੇ ਹੀ ਮਾਈ ਦੇ ਲਾਲ ਪੱਤਰਕਾਰ ਹੋਣਗੇ ਜੋ 'ਬੁਰੇ ਦੇ ਘਰ ਤੱਕ' ਜਾਣ ਦਾ ਹੌਂਸਲਾ ਰੱਖ ਕੇ ਸਿਆਸਤਦਾਨਾਂ ਉੱਤੇ ਵਿਅੰਗ-ਟਿੱਪਣੀਆਂ ਕਰ ਸਕਦੇ ਹੋਣ। ਦੂਸਰਾ, ਰਾਜਸੀ ਤੇ ਪ੍ਰਸ਼ਾਸਕੀ ਦਬਦਬਾ ਵੀ ਲਿਖਾਰੀਆਂ ਨੂੰ 'ਖੁੱਲ੍ਹ ਕੇ' ਲਿਖਣ ਦੀ ਇਜਾਜ਼ਤ ਨਹੀਂ ਦਿੰਦਾ। ਪ੍ਰੰਤੂ ਵਿਦੇਸ਼ਾਂ ਵਿਚ ਛਪਣ ਵਾਲੀਆਂ ਪੰਜਾਬੀ ਅਖਬਾਰਾਂ ਦੇ ਪੈਰੀਂ ਅਜਿਹੀਆਂ ਬੇੜੀਆਂ ਨਹੀਂ ਪਈਆਂ ਹੋਈਆਂ। ਇਨ੍ਹਾਂ ਦੇ ਕਾਲਮਨਵੀਸ ਆਜ਼ਾਦ ਫਿਜ਼ਾਵਾਂ ਵਿਚ ਉੱਚੀਆਂ, ਲੰਬੀਆਂ ਅਤੇ ਬੇ-ਪ੍ਰਵਾਹ ਉਡਾਰੀਆਂ ਭਰਦੇ ਹਨ। ਸਮੁੱਚੇ ਦੇਸ਼ ਜਾਂ ਖਾਸ ਕਰਕੇ ਪੰਜਾਬੀ ਦੀ ਰਾਜਨੀਤੀ ਉੱਤੇ ਕੀਤੇ ਜਾਂਦੇ ਤਿੱਖੇ ਅਤੇ ਰੋਹੀਲੇ ਕਟਾਖਸ਼, ਅਕਸਰ ਪਰਵਾਸੀ ਪੰਜਾਬੀਆਂ ਨੂੰ ਹਸਾ-ਹਸਾ ਕੇ ਲੋਟ-ਪੋਟ ਵੀ ਕਰਦੇ ਹਨ ਅਤੇ ਧੁਰ ਅੰਦਰੋਂ ਸੋਚਣ-ਪਰਖਣ ਲਈ ਵੀ ਮਜ਼ਬੂਰ ਕਰਦੇ ਹਨ।

ਆਪਣੇ ਦੇਸ਼ ਵਿਦੇਸ਼ ਦੇ ਪੰਜਾਬੀ ਪਾਠਕਾਂ ਦੀ ਨਜ਼ਰੇ-ਖ਼ਿਦਮਤ ਕੁੱਝ ਚੋਣਵੇਂ 'ਪਰਵਾਸੀ ਵਿਅੰਗ' ਰੱਖ ਰਿਹਾ ਹਾਂ।

ਹੁਣੇ-ਹੁਣੇ ਸਿਆਸਤ ਅਤੇ ਸੰਤ ਯੂਨੀਅਨ ਦੀ ਕਰੋਪੀ ਦਾ ਸ਼ਿਕਾਰ ਬਣੇ ਨਾਨਕਸ਼ਾਹੀ ਕੈਲੰਡਰ ਦੀ ਰੂਹ ਦਾ ਕਤਲ ਹੋਣ ਬਾਅਦ ਇਹ ਖ਼ਬਰ ਛਪੀ ਕਿ ਕਥਿਤ ਸੋਧੇ ਹੋਏ ਕੈਲੰਡਰ ਦਾ ਪੰਜਾਬ ਦੇ ਕੁੱਝ ਉੱਘੇ ਸੰਤਾਂ ਨੇ ਸਵਾਗਤ ਕੀਤਾ ਹੈ। 'ਮੂੰਹੋਂ ਨਿੱਕਲੀ ਗੱਲ' ਦੇ ਸਿਰਲੇਖ ਅਧੀਨ ਇਕ ਕਾਲਮਨਵੀਸ ਨੇ ਇਸ ਖ਼ਬਰ 'ਤੇ ਟਿੱਪਣੀ ਕਰਦਿਆਂ ਹੋਇਆਂ ਲਿਖਿਆ:

'ਬਾਬਿਓ, ਹੁਣ ਬਾਹਰਲੇ ਸਿੱਖਾਂ ਤੋਂ 'ਆਪਣਾ ਸਵਾਗਤ' ਕਰਵਾਉਣ ਲਈ ਵੀ ਜਰਾ 'ਤਿਆਰੀ ਕਰ ਕੇ' ਆਇਓ!'



ਪਿੱਛੇ ਜਿਹੇ ਪੰਜਾਬ ਦੇ ਇਕ ਸ਼ਹਿਰ ਦੀਆਂ ਸੰਸਥਾਵਾਂ ਨੇ 'ਬਾਦਲ-ਸਰਕਾਰ' ਦੇ ਇਕ ਮੰਤਰੀ ਨੂੰ 'ਸੰਤ-ਸਿਪਾਹੀ ਐਵਾਰਡ' ਨਾਲ ਸਨਮਾਨਿਤ ਕੀਤਾ। ਇਨ੍ਹਾਂ ਸੰਸਥਾਵਾਂ ਅਤੇ ਮੰਤਰੀ ਜੀ ਦਾ ਨਾਂ ਪਤਾ ਲਿਖ ਕੇ ਇਕ ਲਿਖਾਰੀ ਨੇ ਤੋੜਾ ਝਾੜਿਆ, ਅਖੇ ਸਨਮਾਨਿਆ ਗਿਆ ਮੰਤਰੀ ਜੀ, 'ਸੰਤ' ਤਾਂ ਹੋਣੈ ਮਾਨ ਸਿੰਘ ਪਿਹੋਵੇ ਵਾਲੇ ਵਰਗਾ ਅਤੇ 'ਸਿਪਾਹੀ' ਹੋਣੈ ਕਿਸੇ ਹੋਮ ਗਾਰਡੀਏ ਵਰਗਾ! ਕੈਨੇਡਾ ਦੇ ਕਿਸੇ ਗੁਰਦੁਆਰਾ ਸਾਹਿਬ ਦੇ ਦਫਤਰੋਂ ਖਰਚੇ ਦੀਆਂ ਰਸੀਦਾਂ 'ਗੁੰਮ' ਹੋ ਜਾਣ ਦੀ ਖ਼ਬਰ ਬਾਰੇ ਇਹ ਵਿਅੰਗ ਕੱਸਿਆ ਗਿਆ। 'ਇਹ ਰਸੀਦਾਂ ਕੋਕੋ ਲੈ ਗਈ ਹੋਣੀ ਐ!'

ਜਿਨ੍ਹਾਂ ਦਿਨਾਂ ਵਿਚ ਸੁਖਬੀਰ ਬਾਦਲ ਹਾਲੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਨਹੀਂ ਸਨ ਬਣੇ। ਅਟਕਲਾਂ ਚੱਲ ਰਹੀਆਂ ਸਨ ਕਿ ਫਲਾਣੇ ਫਲਾਣੇ ਹਲਕੇ ਤੋਂ ਉਨ੍ਹਾਂ ਨੂੰ ਚੋਣ ਲੜਾਈ ਜਾ ਸਕਦੀ ਹੈ। ਉਨ੍ਹਾਂ ਦਿਨਾਂ ਵਿਚ ਇਕ ਬਜ਼ੁਰਗ ਤੇ ਸੀਨੀਅਰ ਅਕਾਲੀ ਐਮ. ਐਲ. ਏ. ਨੇ ਪੇਸ਼ਕਸ਼ ਕਰ ਮਾਰੀ ਅਖੇ ਮੈਂ ਸ੍ਰੀ ਬਾਦਲ ਲਈ ਸੀਟ ਖਾਲੀ ਕਰਨ ਵਾਸਤੇ ਵਿਧਾਨ ਸਭਾ ਤੋਂ ਅਸਤੀਫਾ ਦੇਣ ਨੂੰ ਤਿਆਰ ਹਾਂ, ਬੱਸ ਹੁਕਮ ਹੋਣਾ ਚਾਹੀਦੈ! ਇਕ ਸੰਪਾਦਕ ਨੇ ਇਸ ਐਮ. ਐਲ. ਏ ਨੂੰ ਨਿਹੋਰਾ ਮਾਰਦਿਆਂ ਆਖਿਆ- "ਜਥੇਦਾਰੋ, ਚਮਚਾਗਿਰੀ ਕਰਨ ਤੋਂ ਪਹਿਲਾਂ ਜ਼ਰਾ ਆਪਣੀ ਧੌਲੀ ਦਾਹੜੀ ਵਲ ਵੀ ਦੇਖ ਲਿਆ ਕਰੋ!!"

ਪਿਛਲੇ ਵਰ੍ਹੇ ਬਾਦਲ-ਦਲ ਪੱਖੀ ਫੈਡਰੇਸ਼ਨ ਦੇ ਇਕ ਧੜੇ ਨੇ ਐਲਾਨ ਕੀਤਾ ਸੀ ਕਿ ਅਸੀਂ ਪੰਜਾਬ ਦੀਆਂ ਮੰਗਾਂ ਬਾਰੇ 'ਰੇਲ ਰੋਕੋ' ਅੰਦੋਲਨ ਚਲਾ ਕੇ ਰੇਲਵੇ ਲਾਈਨਾਂ 'ਤੇ ਧਰਨੇ ਮਾਰਾਂਗੇ। ਇਸ ਬਿਆਨ ਦਾ ਮਖੌਲ ਉਡਾਉਂਦਿਆਂ ਇਕ ਲੇਖਕ ਨੇ ਤੀਰ ਛੱਡਿਆ- "ਜਿਨ੍ਹਾਂ ਰੇਲਵੇ ਲਾਈਨਾਂ 'ਤੇ ਇਹ 'ਫੰਡਾਰੇਸ਼ਨੀਏ ਆਗੂ' ਧਰਨਾ ਮਾਰ ਕੇ ਬੈਠੇ ਹੋਣ, ਰੱਬ ਕਰਕੇ ਉੱਥੇ ਡਰਾਈਵਰ ਗੱਡੀ ਨਾ ਰੋਕੇ! ਤਾਂ ਕਿ ਪੰਥ ਦੇ ਗਲੋਂ ਘੱਟ ਤੋਂ ਘੱਟ ਇਹ ਬਲਾਵਾਂ ਤਾਂ ਲੱਥ ਜਾਣ!!"

ਅਮਰੀਕਾ ਵਿਚ ਇਕ ਖ਼ਬਰ ਛਪੀ ਕਿ ਕਿਸੇ ਗੁਰਦੁਆਰਾ ਸਾਹਿਬ ਵਿਚ ਇਸ ਵਹਿਮ ਕਰਕੇ ਦੁੱਧ ਵਰਤਣ 'ਤੇ ਪਬੰਦੀ ਲਗਾ ਦਿੱਤੀ ਗਈ ਕਿ ਇਹ (ਦੁੱਧ) ਵੀ ਇਕ ਤਰ੍ਹਾਂ ਦਾ 'ਮਾਸ' ਹੀ ਹੁੰਦਾ ਹੈ। ਇਕ ਅਖਬਾਰ ਦਾ ਵਿਅੰਗ ਦੇਖੋ-'ਵਾਹ ਭਾਈ ਵਾਹ! ਕੇਲੇ ਨੂੰ ਵੀ ਧੋ ਧੋ ਕੇ ਖਾਣ ਵਾਲੇ ਅਤੇ ਸਾਬਣ ਛੱਡ ਕੇ ਰੇਤੇ ਨਾਲ ਕੂਹਣੀਆਂ ਤੱਕ ਬਾਹਾਂ ਮਾਂਜਣ ਵਾਲੇ ਇਹੋ ਜਿਹੇ 'ਕਾਰਨਾਮੇ' ਹੀ ਕਰਨਗੇ!!"

ਰੁਟੀਨ ਵਿਚ ਹੀ ਕਿਤੇ ਵੱਡੇ ਬਾਦਲ ਜੀ ਨੇ ਬਿਆਨ ਦਾਗਿਆ ਹੋਵੇਗਾ ਕਿ ਗਰੀਬੀ ਹਟਾਉਣ ਲਈ ਗਰੀਬਾਂ ਨੂੰ ਹੀ 'ਅੱਗੇ ਆਉਣਾ' ਪਵੇਗਾ! ਫਨੀਅਰ ਸੱਪ ਦੇ ਡੰਗ ਵਰਗੀ ਕਿਸੇ ਲੇਖਕ ਨੇ ਟਿੱਪਣੀ ਕੀਤੀ- "ਕਾਹਦੇ ਅੱਗੇ...ਗੱਡੀ ਦੇ?" ਬਾਦਲ ਸਾਹਿਬ ਦੀ ਹੀ ਇੱਕ ਹੋਰ ਸੁਣੋ। ਪੰਜਾਬ ਵਿਧਾਨ ਸਭਾ ਦੇ ਜਿਸ ਸੈਸ਼ਨ ਵਿਚ ਅਕਾਲੀ-ਕਾਂਗਰਸੀ ਵਿਧਾਨਕਾਰ ਆਪੋ ਵਿਚੀਂ ਧੱਕੋ-ਲੱਥੀ ਹੋਏ ਸਨ, ਉਸ ਵਿਚ ਬੀਬੀ ਭੱਠਲ ਵਲੋਂ ਲਗਾਏ ਜਾ ਰਹੇ ਕਿਸੇ ਇਲਜ਼ਾਮ ਨੂੰ ਰੱਦ ਕਰਦਿਆਂ ਸ. ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਸੀ ਕਿ ਮੈਂ ਸ੍ਰੀ ਹਰਿਮੰਦਰ ਸਾਹਿਬ ਦੀ ਸਹੁੰ ਚੁੱਕ ਕੇ ਕਹਿੰਦਾ ਹਾਂ, ਮੇਰਾ ਫਲਾਣੇ ਦੋਸ਼ ਵਿਚ ਕੋਈ ਰੋਲ ਨਹੀਂ ਹੈ। 'ਤਿਰਛੀ ਨਜ਼ਰ' ਦੇ ਕਾਲਮਨਵੀਸ ਨੇ ਤਿੱਖੀ ਚੋਟ ਮਾਰੀ- "ਬਾਦਲ ਸਾਬ੍ਹ, ਜੇ ਤੁਸੀਂ ਹਰਿਦਵਾਰ ਜਾਂ ਸੋਮਨਾਥ ਦੇ ਮੰਦਰ ਦੀ ਸਹੁੰ ਚੁੱਕਦੇ ਤਾਂ ਕੋਈ ਯਕੀਨ ਵੀ ਕਰ ਲੈਂਦਾ!"

ਸੱਚੇ ਸੌਦੇ ਅਤੇ ਆਸ਼ੂਤੋਸ਼ੀਆਂ ਜਿਹੇ ਡੇਰੇਦਾਰਾਂ ਵਿਰੁਧ ਸੰਘਰਸ਼ ਕਰ ਰਹੀਆਂ ਸਿੱਖ ਜਥੇਬੰਦੀਆਂ ਨੇ ਬਾਦਲ ਪਰਿਵਾਰ ਵਲੋਂ ਸਿੱਖ ਸਿਧਾਂਤਾਂ ਦੀ ਕੀਤੀ ਜਾ ਰਹੀ ਤੌਹੀਨ ਬਾਰੇ ਕੱਚਾ ਚਿੱਠਾ ਤਿਆਰ ਕੀਤਾ। ਉਨ੍ਹਾਂ ਬੜੇ ਦਾਅਵੇ ਨਾਲ ਅਖਬਾਰਾਂ ਨੂੰ ਜਾਣਕਾਰੀ ਦਿੱਤੀ ਕਿ ਅਸੀਂ ਸਬੂਤਾਂ ਸਮੇਤ ਇਹ ਫਹਿਰਿਸਤ ਫਲਾਣੇ ਸਿੰਘ ਸਾਹਿਬ ਜੀ ਨੂੰ ਸੌਂਪ ਦਿੱਤੀ ਹੈ ਜਿਨ੍ਹਾਂ ਸਾਡੀਆਂ ਗੱਲਾਂ ਨੂੰ ਪੂਰੇ ਗੌਰ ਨਾਲ ਸੁਣਿਆ। ਇਕ ਪਰਵਾਸੀ ਅਖਬਾਰ ਨੇ ਇਸ ਪ੍ਰਸੰਗ 'ਤੇ ਵਿਅੰਗ ਬਾਣ ਛੱਡਿਆ- 'ਬੋਲੇ ਅੱਗੇ ਗਾਵੀਐ ਭੈਰਉ ਸੋ ਗਉੜ!-ਸਿੱਧਾ ਕਿਉਂ ਨਹੀਂ ਕਹਿੰਦੇ ਕਿ ਝੋਟੇ ਮੋਹਰੇ ਬੀਨ ਵਜਾ ਆਏ ਹਾਂ!!'

ਅਮਰੀਕਾ ਦੇ ਇਕ ਸ਼ਹਿਰ ਵਿਚ ਪੱਬ ਮੋਹਰੇ ਖੜ੍ਹੇ ਸੁਰੱਖਿਆ ਗਾਰਡਾਂ ਨੇ ਕਿਸੇ ਕਾਰਨ ਇਕ ਦਸਤਾਰ ਵਾਲੇ ਸਿੱਖ ਨੌਜਵਾਨ ਨੂੰ ਅੰਦਰ ਜਾਣ ਦੀ ਇਜਾਜ਼ਤ ਨਾ ਦਿੱਤੀ। ਕਈ ਅਖਬਾਰਾਂ ਨੇ ਬਿਨਾ ਕਿਸੇ ਤਹਿਕੀਕਾਤ ਦੇ ਇਸ ਘਟਨਾ ਨੂੰ 'ਨਸਲੀ ਵਿਤਕਰੇ' ਦੇ ਰੰਗ ਵਿਚ ਛਾਪ ਦਿੱਤਾ। ਸਿੱਖ ਹਿਤਾਂ ਦੇ ਪਹਿਰੇਦਾਰ ਵਜੋਂ ਜਾਣੀ ਜਾਂਦੀ ਇਕ ਅਖਬਾਰ ਨੇ ਇਸ 'ਵਿਤਕਰੇ' ਬਾਰੇ ਲਿਖਿਆ-"ਗਾਰਡਾਂ ਨੇ ਚੰਗਾ ਹੀ ਕੀਤਾ, ਪੱਗ ਵਾਲੇ ਨੂੰ ਪੱਬਾਂ 'ਚ ਜਾਣਾ ਸ਼ੋਭਾ ਦਿੰਦੈ?-ਅੰਦਰ ਕਿਹੜਾ ਕੀਰਤਨ ਦਰਬਾਰ ਹੁੰਦਾ ਸੀ? ਜਿਹੜਾ ਅਸੀਂ ਗੁੱਸਾ ਕਰੀਏ!"

ਇੰਗਲੈਂਡ ਵਿਚ ਮਹਾਰਾਜਾ ਦਲੀਪ ਸਿੰਘ ਦੀ ਜੁੱਤੀ ਅਠਾਰਾਂ ਹਜ਼ਾਰ ਪੌਂਡਾਂ ਵਿਚ ਨਿਲਾਮ ਹੋਣ ਦੀ ਖਬਰ 'ਤੇ 'ਤਿਰਛੀ ਨਜ਼ਰ' ਵਾਲੇ ਲਿਖਾਰੀ ਨੇ ਟਿੱਪਣੀ ਕੀਤੀ- "ਇਕ ਇਹ ਸ਼ਾਹਜ਼ਾਦੇ ਨੇ ਜਿਨ੍ਹਾਂ ਦੀਆਂ ਜੁੱਤੀਆਂ ਦੇ ਵੀ ਮੁੱਲ ਪੈਂਦੇ ਨੇ!...ਇਕ ਉਹ ਗੱਦਾਰ ਹੋਏ ਨੇ ਧਿਆਨ ਸਿਹੁੰ ਤੇ ਗੁਲਾਬ ਸਿਹੁੰ ਡੋਗਰੇ, ਜਿਨ੍ਹਾਂ ਨੂੰ ਕੋਈ ਆਪਣੀ ਜੁੱਤੀ ਦੇ ਬਰਾਬਰ ਵੀ ਨਹੀਂ ਸਮਝਦਾ!!"

ਆਸ਼ੂਤੋਸ਼ ਮਾਮਲੇ 'ਤੇ ਲੁਧਿਆਣੇ ਹੋਏ ਗੋਲੀ ਕਾਂਡ ਤੋਂ ਬਾਅਦ ਪੰਜਾਬ ਵਿਚ ਕਈ ਥਾਈਂ ਬਾਦਲ ਦਲ ਨਾਲ ਸਬੰਧਤ ਜਾਗਦੀ ਜ਼ਮੀਰ ਵਾਲੇ ਸਿੱਖਾਂ ਨੇ ਬਾਦਲ ਸਰਕਾਰ ਵਿਰੁਧ ਰੋਸ ਮੁਜ਼ਾਹਰੇ ਕਰਦਿਆਂ ਬਿਆਨ ਦਿੱਤੇ ਕਿ ਸਾਨੂੰ ਧਰਮ ਪਹਿਲਾਂ ਹੈ, ਪਾਰਟੀ ਬਾਅਦ ਵਿਚ! ਇਸ ਖਬਰ 'ਤੇ ਇਕ ਅਮਰੀਕਨ ਪੰਜਾਬੀ ਅਖਬਾਰ ਦੇ ਪੱਤਰਕਾਰ ਨੇ 'ਚੁਟਕੀ' ਲਈ-"ਹੇ ਵਾਹਿਗੁਰੂ! ਵਿਦੇਸ਼ਾਂ ਵਿਚ ਵਸਦੇ ਬਾਦਲਦਲੀਆਂ ਦੀ ਜ਼ਮੀਰ 'ਚ ਵੀ ਕੋਈ ਅਣਖ ਦੀ ਕਣੀ ਭਰ ਦੇਹ!"

ਪੰਜਾਬ ਵਿਚ ਕੁੱਝ ਸਿੱਖ ਸਿਆਸੀ ਦਲਾਂ ਵਲੋਂ ਸੰਤ ਭਿੰਡਰਾਂਵਾਲਿਆਂ ਦੇ ਪੋਸਟਰ ਤੇ ਸਟਿੱਕਰ ਵੰਡਣ ਵਿਰੁਧ, ਬੇਲੋੜੀ ਤੈਸ਼ 'ਚ ਆਉਂਦਿਆਂ ਸ਼ਿਵ ਸੈਨਾ ਵਾਲਿਆਂ ਨੇ ਲਾਂਬੂ-ਲਾਊ ਆਦਤ ਤੋਂ ਮਜਬੂਰ ਹੋ ਕੇ, ਜਨਰਲ ਵੈਦਿਆ ਦੇ ਨਿੱਕੇ-ਨਿੱਕੇ ਸਟਿੱਕਰ ਵੰਡਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਉੱਤੇ ਬੇਹੂਦਾ ਢੰਗ ਨਾਲ ਲਿਖਿਆ ਹੋਇਆ ਸੀ- "ਜਦ ਖੱਪੇ ਸੀ ਤਾਂ ਟੰਗੇ ਸੀ"। ਕੈਨੇਡਾ ਦੀ ਇਕ ਪੰਜਾਬੀ ਅਖ਼ਬਾਰ ਨੇ ਇਸ ਫਿਕਰੇ ਨਾਲ ਇਕ ਸਤਰ ਹੋਰ ਜੋੜਨ ਦਾ 'ਕੀਮਤੀ ਸੁਝਾਅ' ਦਿੱਤਾ- "...ਸਿੱਖਾਂ ਨਾਲ ਲਏ ਪੰਗੇ ਸੀ, ਤਾਂ ਮਹੀਨੇ ਕੁੱਝ ਕੁ ਹੀ ਲੰਘੇ ਸੀ!"

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਹਾਉਸ ਦੀਆਂ ਆਮ ਚੋਣਾਂ ਮੌਕੇ ਸਰਨਾ ਭਰਾਵਾਂ ਨੇ ਬਾਦਲ ਦਲ ਦੀਆਂ ਚੰਗੀਆਂ ਗੋਡਣੀਆਂ ਲੁਆਈਆਂ। ਅੱਡੀ ਚੋਟੀ ਦਾ ਜੋਰ ਲਾ ਕੇ ਜਿਹੜੇ ਮੈਂਬਰ ਜਿੱਤੇ ਵੀ, ਉਹ ਵੀ ਸਾਰੇ ਅਕਾਸ਼ 'ਚੋਂ ਟੁੱਟਦੇ ਤਾਰੇ ਵਾਂਗ ਸਰਨਿਆਂ ਦੀ ਝੋਲੀ ਵਿਚ ਆਣ ਡਿੱਗੇ। ਬਾਦਲ ਦਲ ਦੀ ਦਿੱਲੀ ਵਾਲੀ ਦੁਰਗਤੀ ਬਾਰੇ ਅਮਰੀਕਨ ਅਖ਼ਬਾਰ ਦੇ 'ਠਾਹ-ਸੋਟਾ' ਕਾਲਮ 'ਚ ਇਹ ਸਤਰਾਂ ਛਪੀਆਂ-

'ਸ਼ਾਹ ਮੁਹੰਮਦਾ' ਦਿੱਲੀ ਵਿਚ ਬਾਦਲਾਂ ਦੀ, ਫੱਟੀ ਪੋਚ ਕੇ ਰੱਖਤੀ ਸਰਨਿਆਂ ਨੇ!

## ਅੰਦਾਜ਼-ਏ-ਬਿਆਂ

**ਐਮ. ਐਸ. ਹਸਨ**

19ਵੀਂ ਸਦੀ ਦੇ ਸੁਪ੍ਰਸਿੱਧ ਉਰਦੂ ਸ਼ਾਇਰਾਂ ਵਿਚ ਮਿਰਜ਼ਾ ਗਾਲਿਬ ਹੀ ਇਕ ਅਜਿਹੇ ਖੁਸ਼ਨਸੀਬ ਸ਼ਾਇਰ ਹਨ, ਜਿਨ੍ਹਾਂ ਦੇ ਜੀਵਨ ਦੇ ਹਰ ਪਹਿਲੂ ਨੂੰ ਲੋਕਾਂ ਨੇ ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਅਜਿਹਾ ਹੀ ਇਕ ਪਹਿਲੂ ਹੈ, ਉਨ੍ਹਾਂ ਦੀ ਹਾਜ਼ਰ ਜਵਾਬੀ ਅਤੇ ਉਨ੍ਹਾਂ ਦੀ ਜ਼ਿੰਦਾਦਿਲੀ।

ਆਓ, ਅੱਜ ਅਸੀਂ ਮਿਰਜ਼ਾ ਗਾਲਿਬ ਦੀ ਗਮਾਂ ਅਤੇ ਪ੍ਰੇਸ਼ਾਨੀਆਂ ਨਾਲ ਘਿਰੀ ਜ਼ਿੰਦਗੀ ਵਿਚ ਉਨ੍ਹਾਂ ਦੀ ਬਹੂ ਬੇਗਮ ਦਾ ਸਾਥ ਝਾਕ ਕੇ ਝਾਤੀ ਮਾਰਦੇ ਹਾਂ। ਬੇਗਮ ਬੇਗਮ ਦਾ ਪੂਰਾ ਨਾਂ ਮੁਅੱਜ਼ਮ ਜ਼ਮਾਨੀ ਬੇਗਮ ਸੀ। ਇਨ੍ਹਾਂ ਨੇ ਗਾਲਿਬ ਦੇ ਘਰ ਵਿਚ ਕੁਝ ਸਮਾਂ ਗੁਜ਼ਾਰਿਆ ਸੀ। ਇਸ ਕਾਰਨ ਉਹ ਗਵਾਹ ਹੈ ਗਾਲਿਬ ਦੀ ਘਰੇਲੂ ਜ਼ਿੰਦਗੀ ਦੀ।

ਇੰਨਾ ਤਾਂ ਸਭ ਜਾਣਦੇ ਹਨ ਕਿ ਗਾਲਿਬ ਇਕ ਆਜ਼ਾਦ ਖਿਆਲ ਅਤੇ ਮਸਤਮੌਲਾ ਕਿਸਮ ਦੇ ਸ਼ਾਇਰ ਸਨ। ਉਥੇ ਹੀ ਉਨ੍ਹਾਂ ਦੀ ਪਤਨੀ ਆਪਣੇ ਪਿਤਾ ਮਿਰਜ਼ਾ ਇਲਾਹੀ ਬਖ਼ਸ਼ ਖ਼ਾਨ ਦੀ ਤਰ੍ਹਾਂ ਦਿਆਨਤਦਾਰ ਅਤੇ ਸੰਸਕਾਰੀ ਸੀ। ਉਹ ਰੋਜ਼ਾ-ਨਮਾਜ਼ ਦਾ ਸਖ਼ਤੀ ਨਾਲ ਪਾਲਣ ਕਰਦੀ ਸੀ, ਜਿਸ ਕਾਰਨ ਮਿਰਜ਼ਾ ਗਾਲਿਬ ਅਤੇ ਬੇਗਮ ਵਿਚ ਰੋਜ਼ ਦੀ ਲੜਾਈ ਰਹਿੰਦੀ ਸੀ। ਗਾਲਿਬ ਆਪਣੀ ਬੇਗਮ ਨੂੰ ਮੂਸਾ ਦੀ ਭੈਣ ਕਹਿੰਦੇ ਸਨ। ਜਦੋਂ ਕਦੀ ਬੇਗਮ ਸਾਹਿਬਾ ਜ਼ਿੱਦ ਕਰਦੀ ਕਿ ਉਹ ਵੀ ਨਮਾਜ਼ ਪੜ੍ਹਨ ਤਾਂ ਗਾਲਿਬ ਜ਼ਮੀਨ 'ਤੇ ਪੈਰ ਪਟਕਦੇ ਹੋਏ ਬਾਹਰ ਨਿਕਲ ਜਾਂਦੇ ਅਤੇ ਕਹਿੰਦੇ ਕਿ ਨੱਕ ਵਿਚ ਦਮ ਕਰ ਰੱਖਿਆ ਹੈ ਇਸ ਮੂਸਾ ਦੀ ਭੈਣ ਨੇ।

ਗਾਲਿਬ ਸ਼ਰਾਬ ਦੇ ਬਹੁਤ ਸ਼ੌਕੀਨ ਸਨ। ਉਹ ਆਪਣੇ ਬਾਰੇ ਕਹਿੰਦੇ ਸਨ, ਸਾਰੀ ਉਮਰ ਜੇਕਰ ਮੈਂ ਇਕ ਦਿਨ ਵੀ ਸ਼ਰਾਬ ਨਾ ਪੀਤੀ ਹੋਵੇ, ਤਾਂ ਮੈਂ ਕਾਫਰ ਅਤੇ ਜੇਕਰ ਇਕ ਵਾਰ ਵੀ ਨਮਾਜ਼ ਪੜ੍ਹੀ ਹੋਵੇ ਤਾਂ ਮੈਂ ਗੁਨਾਹਗਾਰ। ਮਤਲਬ ਇਹ ਕਿ ਨਮਾਜ਼ ਪੜ੍ਹਨ ਨੂੰ ਉਹ ਗੁਨਾਹ ਸਮਝਦੇ ਸਨ ਜਦਕਿ ਸ਼ਰਾਬ ਬਾਰੇ ਉਨ੍ਹਾਂ ਦਾ ਮੰਨਣਾ ਸੀ ਕਿ ਜੀਵਨ ਵਿਚ ਇਕ ਵੀ ਦਿਨ ਅਜਿਹਾ ਨਹੀਂ ਆਇਆ, ਜਦੋਂ ਮੈਂ ਨਾ ਪੀਤੀ ਹੋਵੇ।

ਇਕ ਵਾਰ ਉਨ੍ਹਾਂ ਨੂੰ ਸਰਕਾਰ ਤੋਂ ਮਿਲਣ ਵਾਲੀ ਪੈਨਸ਼ਨ ਰੁਕ ਗਈ। ਘਰ ਦੀ ਆਰਥਿਕ ਹਾਲਤ ਕਾਫੀ ਮਾੜੀ ਸਥਿਤੀ ਵਿਚ ਪਹੁੰਚ ਗਈ। ਪੈਸੇ-ਪੈਸੇ ਨੂੰ ਮੋਹਤਾਜ। ਘਰ ਵਾਲੇ ਪੈਨਸ਼ਨ ਮਿਲਣ ਦੀ ਆਸ ਲਗਾਈ ਬੈਠੇ ਸਨ ਕਿ ਪੈਸੇ ਆਉਣਗੇ ਤਾਂ ਕਰਜ਼ੇ ਦੀ ਅਦਾਇਗੀ ਹੋਵੇਗੀ। ਕਾਫੀ ਦੌੜ-ਭੱਜ ਅਤੇ ਮਿਹਨਤ ਤੋਂ ਬਾਅਦ ਪੈਨਸ਼ਨ ਮਿਲ ਗਈ। ਗਾਲਿਬ ਸਾਹਿਬ ਘਰ ਤੋਂ ਪੈਸੇ ਲੈਣ ਗਏ ਅਤੇ ਵਾਪਸੀ ਵਿਚ ਸਾਰੇ ਪੈਸਿਆਂ ਦੀ ਸ਼ਰਾਬ ਖਰੀਦ ਲਿਆਏ। ਇੰਨੀ ਸ਼ਰਾਬ ਦੇਖ ਕੇ ਬੇਗਮ ਸਾਹਿਬਾ ਨਾਰਾਜ਼ ਹੋਣ ਲੱਗੀ ਤਾਂ ਗਾਲਿਬ ਨੇ ਰੋਟੀ ਦੇਣ ਦਾ ਵਾਅਦਾ ਕਰਦੇ ਹੋਏ ਕਿਹਾ, "ਤੁਹਾਡੇ ਖ਼ੁਦਾ ਨੇ ਰੋਟੀ ਦੇਣ ਦਾ ਵਾਅਦਾ ਕੀਤਾ ਹੈ। ਉਹ ਸੱਚਾ ਹੈ। ਉਹ ਆਪਣਾ ਵਾਅਦਾ ਪੂਰਾ ਕਰੇਗਾ। ਤੂੰ ਕਿਉਂ ਘਬਰਾਉਂਦੀ ਹੈਂ ਪਰ ਤੁਹਾਡੇ ਖ਼ੁਦਾ ਨੇ ਸ਼ਰਾਬ ਦੇਣ ਦਾ ਕੋਈ ਵਾਅਦਾ ਨਹੀਂ ਕੀਤਾ, ਇਸ ਲਈ ਇਸਦਾ ਬੰਦੋਬਸਤ ਮੈਂ ਖ਼ੁਦ ਕਰ ਲਿਆ।"

ਬੇਗਾ ਬੇਗਮ ਨੂੰ ਗਿਲਾ ਸੀ ਕਿ ਗਾਲਿਬ ਧਰਮ ਤੋਂ ਭੱਜਣ ਵਾਲੇ ਵਿਅਕਤੀ ਹਨ। ਰਮਜ਼ਾਨ ਦੇ ਰੋਜ਼ੇ ਕਦੀ ਨਹੀਂ ਰੱਖਦੇ। ਰਮਜ਼ਾਨ ਦੇ ਦਿਨਾਂ ਵਿਚ ਲੋਕ ਉਸਨੂੰ ਪੁੱਛਦੇ ਮਿਰਜ਼ਾ ਜੀ, ਰੋਜ਼ੇ ਰੱਖੇ ਹਨ? ਤਾਂ ਉਹ ਕਹਿ ਦਿੰਦੇ ਸਨ, ਕਿਹੜੇ ਰੋਜ਼ੇ? ਇਸੇ ਤਰ੍ਹਾਂ ਦਾ ਇਕ ਪੱਤਰ ਅਪ੍ਰੈਲ 1809 ਈ. ਵਿਚ ਉਨ੍ਹਾਂ ਨੇ ਮੀਰਮੇਂਹਦੀ ਮਜ਼ਰੂਹ ਨੂੰ ਲਿਖਿਆ ਸੀ, "ਲਓ ਭਾਈ, ਹੁਣ ਤੁਸੀਂ ਚਾਹੋ ਤਾਂ ਬੈਠੇ ਰਹੋ, ਚਾਹੇ ਆਪਣੇ ਘਰ ਜਾਓ। ਮੈਂ ਤਾਂ ਰੋਟੀ ਖਾਣ ਜਾਂਦਾ ਹਾਂ। ਅੰਦਰ ਇਕ ਮੈਂ ਅਤੇ ਮੇਰਾ ਪਿਆਰਾ ਬੇਟਾ ਹਸਨ ਅਲੀ ਖ਼ਾਨ, ਇਹ ਅਸੀਂ ਦੋਵੇਂ ਰੋਜ਼ਾਖ਼ਵਾਰ ਹਾਂ। ਮਤਲਬ ਇਹ ਕਿ ਰੋਜ਼ਾ ਖਾਣ ਵਾਲੇ ਹਨ।



ਮੁਸਲਿਮ ਮਾਨਤਾ ਅਨੁਸਾਰ ਰਮਜ਼ਾਨ ਦੇ ਦਿਨਾਂ ਵਿਚ ਸ਼ੈਤਾਨ ਨੂੰ ਕੈਦ ਕਰ ਦਿੱਤਾ ਜਾਂਦਾ ਹੈ ਤਾਂ ਕਿ ਰੋਜ਼ਾ ਰੱਖਣ ਵਾਲਿਆਂ ਨੂੰ ਸ਼ੈਤਾਨ ਬਹਿਕਾ ਨਾ ਸਕੇ। ਹੁਣ ਮਿਰਜ਼ਾ ਜੀ ਤਾਂ ਰੋਜ਼ਾ ਰੱਖਦੇ ਨਹੀਂ ਸਨ, ਇਸ ਲਈ ਰਮਜ਼ਾਨ ਦੇ ਦਿਨਾਂ ਵਿਚ ਉਹ ਇਕ ਕੋਠੜੀ ਵਿਚ ਤਾਸ਼ ਖੇਡ ਰਹੇ ਸਨ। ਕਿਸੇ ਨੇ ਇਤਰਾਜ਼ ਕਰਦੇ ਹੋਏ ਕਿਹਾ, "ਅਸੀਂ ਸੁਣਿਆ ਹੈ ਕਿ ਰਮਜ਼ਾਨ ਦੇ ਦਿਨਾਂ ਵਿਚ ਸ਼ੈਤਾਨ ਕੈਦ ਕਰ ਦਿੱਤਾ ਜਾਂਦਾ ਹੈ।" ਇੰਨਾ ਸੁਣਦੇ ਹੀ ਮਿਰਜ਼ਾ ਸਾਹਿਬ ਨੇ ਕਿਹਾ, "ਠੀਕ ਸੁਣਿਆ ਹੈ ਤੁਸੀਂ। ਪਰ ਤੁਸੀਂ ਇਹ ਨਹੀਂ ਸੁਣਿਆ ਕਿ ਸ਼ੈਤਾਨ ਇਸੇ ਕੋਠੜੀ ਵਿਚ ਕੈਦ ਕੀਤਾ ਜਾਂਦਾ ਹੈ।"

ਬੱਸ ਇਕ ਆਖਰੀ ਕਿੱਸਾ ਹੋਰ ਸੁਣਾਈ ਜਾਵਾਂ। ਨਮਾਜ਼ ਪੜ੍ਹਨ ਨੂੰ ਕੁਫਰ ਸਮਝਣ ਵਾਲੇ ਗਾਲਿਬ ਨਾਲ ਮਿਲਣ ਲਈ ਇਕ ਦਿਨ ਉਨ੍ਹਾਂ ਦੇ ਇਕ ਸ਼ਾਗਿਰਦ ਘਰ ਆਏ ਤਾਂ ਉਸਤਾਦ ਲਈ ਉਨ੍ਹਾਂ ਦੀ ਪਸੰਦ ਦੀ ਇਕ ਬੋਤਲ ਵੀ ਲੈਂਦੇ ਆਏ। ਘਰ ਆਉਣ ਦਾ ਪਤਾ ਲੱਗਾ ਕਿ ਉਸਤਾਦ ਨਮਾਜ਼ ਪੜ੍ਹਨ ਲਈ ਮਸਜਿਦ ਗਏ ਹੋਏ ਹਨ। ਇਹ ਸੁਣ ਕੇ ਉਹ ਹੈਰਾਨ ਹੋਇਆ। ਉਸਤਾਦ ਨੂੰ ਦੇਖਣ ਲਈ ਉਹ ਸਾਹਿਬ ਵੀ ਮਸਜਿਦ ਪਹੁੰਚ ਗਏ। ਅਜੇ ਨਮਾਜ਼ ਪੜ੍ਹਨ ਦੀਆਂ ਤਿਆਰੀਆਂ ਹੋ ਹੀ ਰਹੀਆਂ ਸਨ ਕਿ ਗਾਲਿਬ ਦੀ ਨਜ਼ਰ ਆਪਣੇ ਸ਼ਾਗਿਰਦ ਅਤੇ ਉਸਦੇ ਕੱਪੜਿਆਂ ਵਿਚ ਲੁਕੀ ਬੋਤਲ 'ਤੇ ਪੈ ਗਈ। ਬਸ ਫਿਰ ਕੀ ਸੀ, ਚੱਪਲ ਚੁੱਕੀ ਅਤੇ ਮਸਜਿਦ ਤੋਂ ਬਾਹਰ ਨਿਕਲ ਆਏ। ਸ਼ਾਗਿਰਦ ਨੇ ਕਿਹਾ, "ਉਸਤਾਦ ਨਮਾਜ਼ ਤਾਂ ਪੜ੍ਹ ਲਈ ਹੁੰਦੀ। ਤੁਸੀਂ ਉਸਨੂੰ ਕਿਉਂ ਛੱਡ ਆਏ।"

ਇਸ 'ਤੇ ਉਸਤਾਦ ਨੇ ਕਿਹਾ, "ਬਗੈਰ ਪੜ੍ਹੇ ਹੀ ਦੁਆ ਕਬੂਲ ਹੋ ਗਈ, ਹੁਣ ਕੌਣ ਨਮਾਜ਼ ਪੜ੍ਹੇ।"

# ਸੰਤ ਸੁੰਦਰ ਸਿੰਘ ਭਿੰਡਰਾਂਵਾਲਿਆਂ ਦੀ ਯਾਦ 'ਚ ਜੋੜ ਮੇਲਾ

**ਟਰੇਸੀ, ਕੈਲੀਫੋਰਨੀਆ (ਮੇਜਰ ਕੁਲਾਰ):** ਪਿੰਡ ਬੋਪਾਰਾਏ ਕਲਾਂ ਅਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਲੰਘੇ ਐਤਵਾਰ ਇਥੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਦਮਦਮੀ ਟਕਸਾਲ ਦੇ ਗਿਆਰਵ੍ਹੇਂ ਮੁਖੀ ਸੰਤ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਅਤੇ ਜਪੁਜੀ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਦਰਸ਼ਨ ਸਿੰਘ ਨੇ ਇਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਦਮਦਮੀ ਟਕਸਾਲ ਤੋਂ ਵਿਦਿਆ ਪ੍ਰਾਪਤ ਕਰ ਚੁਕੇ ਭਾਈ ਸੁਖਵਿੰਦਰ ਸਿੰਘ ਖਾਲਸਾ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰਮਤਿ ਚਾਨਣ ਵੰਡਿਆ ਅਤੇ ਸੰਤਾਂ ਮਹਾਪੁਰਖਾਂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਪ੍ਰੋ. ਗੁਰਮੇਲ ਸਿੰਘ ਬੱਲ ਪ੍ਰਚਾਰਕ ਅਤੇ ਕਮਲਜੀਤ ਸਿੰਘ ਬਿਲਗੇਵਾਲਿਆਂ ਦੇ ਢਾਡੀ ਜਥੇ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਸਰਵਣ ਕਰਵਾ ਕੇ ਨਿਹਾਲ ਕੀਤਾ।







ਸੰਤਾਂ ਦੇ ਜੀਵਨ ਉਤੇ ਕਿਤਾਬ ਲਿਖਣ ਵਾਲੇ ਹੈਡ ਮਾਸਟਰ ਸੁਰਜੀਤ ਸਿੰਘ ਦਿਓਲ ਦਾ ਪੰਜਾਬ ਤੋਂ ਆਏ ਹਲਕਾ ਕਿਲਾ ਰਾਏਪੁਰ ਤੋਂ ਵਿਧਾਇਕ ਸ੍ਰੀ ਜੱਸੀ ਖੰਗੂੜਾ ਨੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਅਤੇ ਕਿਹਾ ਕਿ ਮਾਸਟਰ ਜੀ ਨੇ ਆਪਣੀ ਬਿਰਧ ਅਵਸਥਾ ਦੀ ਪਰਵਾਹ ਨਾ ਕਰਦਿਆਂ ਸਿੱਖ ਕੌਮ ਦੀ ਝੋਲੀ ਵਿਚ ਇਹ ਪੁਸਤਕ ਪਾ ਕੇ ਵੱਡਾ ਉਪਕਾਰ ਕੀਤਾ ਹੈ। ਇਹ ਪੁਸਤਕ ਸੰਗਤਾਂ ਵਿਚ ਮੁਫਤ ਵੰਡੀ ਗਈ।

ਵਿਧਾਇਕ ਜੱਸੀ ਖੰਗੂੜਾ ਨੇ ਆਪਣੇ ਸੰਖੇਪ ਜਿਹੇ ਭਾਸ਼ਣ ਵਿਚ ਪੰਜਾਬ ਨੂੰ ਦਰਪੇਸ਼ ਮਸਲਿਆਂ ਦਾ ਜ਼ਿਕਰ ਕੀਤਾ ਅਤੇ ਭਰੋਸਾ ਦਿੱਤਾ ਕਿ ਕਿਸੇ ਵੀ ਭੈਣ-ਭਾਈ ਨੂੰ ਅਗਰ ਪੰਜਾਬ ਵਿਚ ਕਿਸੇ ਵੀ ਤਰ੍ਹਾਂ ਦੀ ਮਦਦ ਦੀ ਲੋੜ ਹੋਵੇ ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ। ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੇ ਮੁਖੀ ਬਾਬਾ ਧਰਮ ਸਿੰਘ ਜੀ ਨੇ ਵਿਧਾਇਕ ਜੱਸੀ ਖੰਗੂੜਾ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਬਖਸ਼ਿਸ਼ ਕੀਤਾ।

ਤਿੰਨ ਦਿਨਾਂ ਦੇ ਇਸ ਜੋੜ ਮੇਲਾ ਸਮਾਗਮ ਵਿਚ ਸੰਗਤਾਂ ਨੇ ਹੱਥੀ ਸੇਵਾ ਕਰਕੇ ਆਪਣਾ ਮਨ ਗੁਰੂ ਚਰਨਾਂ ਵਿਚ ਲਾਇਆ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਮਾਗਮ ਦੀ ਸਮਾਪਤੀ ਉਪਰੰਤ ਪਿੰਡ ਬੋਪਾਰਾਏ ਕਲਾਂ ਦੀ ਸੰਗਤ ਨੇ ਆਪਣੀ ਸਾਲਾਨਾ ਮੀਟਿੰਗ ਵਿਚ ਪਿੰਡ ਦੇ ਵਿਕਾਸ ਕੰਮਾਂ ਵਿਚ ਵਧ ਚੜ੍ਹ ਕੇ ਸਹਿਯੋਗ ਦੇਣ ਦਾ ਪ੍ਰਣ ਕੀਤਾ।









## ਰਾਠੌਰ ਦੀ ਪਟੀਸ਼ਨ 'ਤੇ ਸੁਣਵਾਈ 5 ਅਪ੍ਰੈਲ ਤੱਕ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰੁਚਿਕਾ ਗਿਰਹੋਤਰਾ ਮਾਮਲੇ 'ਚ ਦੋਸ਼ੀ ਹਰਿਆਣਾ ਦੇ ਸਾਬਕਾ ਡੀ ਜੀ ਪੀ ਐਸ ਪੀ ਐਸ ਰਾਠੌਰ ਦੀ ਅਗਾਊਂ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ 5 ਅਪ੍ਰੈਲ ਤੱਕ ਟਾਲ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਸੀਬੀਆਈ ਵੱਲੋਂ ਦਰਜ ਨਵੇਂ ਮਾਮਲੇ 'ਚ ਰਾਠੌਰ ਨੇ ਅਗਾਊਂ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਸੀ। ਮਾਮਲੇ ਦੀ ਸੁਣਵਾਈ ਮੁਲਤਵੀ ਹੋਣ ਕਾਰਨ ਰਾਠੌਰ ਦੀ ਅੰਤ੍ਰਿਮ ਜ਼ਮਾਨਤ 5 ਅਪ੍ਰੈਲ ਤੱਕ ਲਾਗੂ ਰਹੇਗੀ।


ਅੱਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ।
ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੌਣ ਮੰਦੇ।

# ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

ਸ੍ਰੀ ਗੁਰੂ ਰਵਿਦਾਸ ਸਭਾ, ਬੇਏਰੀਆ ਵਲੋਂ ਗੁਰੂ ਰਵਿਦਾਸ ਜੀ ਦਾ 633ਵਾਂ ਪ੍ਰਕਾਸ਼ ਉਤਸਵ 20 ਫਰਵਰੀ, 2010 (ਦਿਨ ਸਨਿਚਰਵਾਰ) ਨੂੰ ਨਿਊਆਰਕ ਪਵੀਲੀਅਨ ਵਿਚ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮੁਚੀ ਮਾਨਵਤਾ ਨੂੰ ਬਰਾਬਰਤਾ ਦਾ ਦਰਜਾ ਦੇਣ ਲਈ ਜਾਤ-ਪਾਤ ਨੂੰ ਖਤਮ ਕਰਨ ਲਈ ਸੰਘਰਸ਼ ਕੀਤਾ। ਸਤਿਗੁਰਾਂ ਦੇ ਦਰਸਾਏ ਸੱਚੇ ਮਾਰਗ ਉਤੇ ਚੱਲ ਕੇ ਹੀ ਕੁੱਲ ਆਲਮ ਦਾ ਭਲਾ ਹੋ ਸਕਦਾ ਹੈ।



## ਪ੍ਰੋਗਰਾਮ

**20 ਫਰਵਰੀ, 2010 (ਦਿਨ ਸਨਿਚਰਵਾਰ)**

**ਸਵੇਰੇ 10 ਤੋਂ ਰਾਤ 10 ਵਜੇ ਤੱਕ**

**6430 Thorton Ave Newark Pavillion Newark -CA 94560**

ਇਸ ਸ਼ੁਭ ਮੌਕੇ 'ਤੇ ਪੰਥ ਦੇ ਮਹਾਨ ਕੀਰਤਨੀਏ, ਢਾਡੀ ਜਥੇ ਅਤੇ ਕਥਾਵਾਚਕ ਗੁਰੂ ਜੀ ਦੀਆਂ ਸਿਖਿਆਵਾਂ 'ਤੇ ਚਾਨਣਾ ਪਾਉਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਭ ਸੰਗਤਾਂ ਨੂੰ ਬੇਨਤੀ ਹੈ ਕਿ ਸਮਾਗਮ ਵਿਚ ਆਪਣੀਆਂ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਹੋਰ ਜਾਣਕਾਰੀ ਲਈ ਸੰਪਰਕ ਕਰੋ

| ਚੇਅਰਮੈਨ | ਪ੍ਰਧਾਨ | ਸੈਕਟਰੀ | ਖਜ਼ਾਨਚੀ |
|---|---|---|---|
| ਕੇਵਲ ਸਿੰਘ | ਵਿਨੋਦ ਕੁਮਾਰ | ਧਰਮਪਾਲ ਝੰਮਟ | ਕੁਸ਼ਲ ਹੀਰਾ |
| 510-299-6418 | 510-219-5672 | 408-717-0892 | 408-750-4433 |

# 'ਕਾਲੀਆਂ ਸੂਚੀਆਂ' ਅਤੇ ਪਾਸਪੋਰਟਾਂ ਦਾ ਮਾਮਲਾ ਪ੍ਰਧਾਨ ਮੰਤਰੀ ਪਾਸ ਉਠਾਉਣ ਦਾ ਭਰੋਸਾ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਪਰਵਾਸੀ ਸਿੱਖਾਂ ਦੀਆਂ ਕਾਲੀਆਂ ਸੂਚੀਆਂ ਅਤੇ ਪਰਵਾਸੀ ਪੰਜਾਬੀਆਂ ਨੂੰ ਪਾਸਪੋਰਟਾਂ ਦੇ ਮਾਮਲੇ ਵਿਚ ਆ ਰਹੀਆਂ ਮੁਸ਼ਕਲਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਧਿਆਨ ਵਿਚ ਲਿਆਂਦੀਆਂ ਜਾਣਗੀਆਂ। ਇਹ ਭਰੋਸਾ ਹਲਕਾ ਕਿਲਾ ਰਾਏਪੁਰ ਤੋਂ ਕਾਂਗਰਸੀ ਵਿਧਾਇਕ ਜੱਸੀ ਖੰਗੂੜਾ ਨੇ ਐਤਵਾਰ ਨੂੰ ਇਥੇ ਗੁਰਦਆਰਾ ਸੈਨ ਹੋਜ਼ੇ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦਿੱਤਾ। ਉਹ ਗੁਰਦੁਆਰਾ ਸਾਹਿਬ ਵਿਚ ਉਨ੍ਹਾਂ ਨੂੰ ਮਿਲੇ ਵੱਖ ਵੱਖ ਲੋਕਾਂ ਵਲੋਂ ਉਨ੍ਹਾਂ ਦੇ ਧਿਆਨ ਵਿਚ ਲਿਆਂਦੀਆਂ ਗਈਆਂ ਮੁਸ਼ਕਲਾਂ ਬਾਰੇ ਗੱਲ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਸ੍ਰੀ ਖੰਗੂੜਾ ਆਪਣੇ ਇਕ ਨਿਜੀ ਦੌਰੇ ਉਤੇ ਕੈਲੀਫੋਰਨੀਆ ਪਹੁੰਚੇ ਸਨ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਖੰਗੂੜਾ ਨੇ ਆਖਿਆ ਕਿ ਉਹ ਪੰਜਾਬ ਵਿਚ ਪਰਵਾਸੀਆਂ ਦੀਆਂ ਜਾਇਦਾਦਾਂ ਉਤੇ ਨਾਜਾਇਜ਼ ਕਬਜ਼ਿਆਂ ਅਤੇ ਉਨ੍ਹਾਂ ਦੀ ਸਰਕਾਰੇ ਦਰਬਾਰੇ ਹੁੰਦੇ ਲੁੱਟ ਵਿਰੁਧ ਜ਼ੋਰਦਾਰ ਆਵਾਜ਼ ਉਠਾਉਣਗੇ। ਉਨ੍ਹਾਂ ਕਿਹਾ ਕਿ ਕਾਲੀਆਂ ਸੂਚੀਆਂ ਖਤਮ ਕਰਾਉਣ ਲਈ ਉਹ ਪਹਿਲਾਂ ਹੀ ਪ੍ਰਧਾਨ ਮੰਤਰੀ ਨੂੰ ਚਿੱਠੀਆਂ ਲਿਖ ਚੁੱਕੇ ਹਨ ਅਤੇ ਹੁਣ ਵੀ ਪਹਿਲ ਦੇ ਆਧਾਰ 'ਤੇ ਕਾਲੀਆਂ ਸੂਚੀਆਂ ਅਤੇ ਪਾਸਪੋਰਟਾਂ ਦਾ ਮਸਲਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਕੋਲ ਉਠਾਉਣਗੇ। ਉਨ੍ਹਾਂ ਕਿਹਾ ਕਿ ਜਿੱਥੋਂ ਤੱਕ ਪਰਵਾਸੀ ਪੰਜਾਬੀਆ ਦੀਆਂ ਜਾਇਦਾਦਾਂ 'ਤੇ ਕਬਜ਼ਿਆਂ ਦੀ ਗੱਲ ਹੈ ਉਨ੍ਹਾਂ ਪਿਛੇ ਕਿਤੇ ਨਾ ਕਿਤੇ ਰਾਜਸੀ ਪ੍ਰਭਾਵ ਕੰਮ ਕਰਦਾ ਹੈ। ਇਸ ਮਸਲੇ ਨੂੰ ਵੀ ਮੈਂ ਜ਼ੋਰਦਾਰ ਢੰਗ ਨਾਲ ਪੰਜਾਬ ਵਿਧਾਨ ਸਭਾ ਵਿਚ ਉਠਾਇਆ ਸੀ। ਉਨ੍ਹਾਂ ਕਿਹਾ ਕਿ ਮੈਂ ਖੁਦ ਇੱਕ ਪਰਵਾਸੀ ਪੰਜਾਬੀ ਹਾਂ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਜਾਣਦਾ ਹਾਂ ਇਸੇ ਲਈ ਪਰਵਾਸੀਆਂ ਦੇ ਹੱਕਾਂ ਲਈ ਜੱਦੋਜਹਿਦ ਕਰ ਰਿਹਾ ਹਾਂ।



ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਜੱਸੀ ਖੰਗੂੜਾ ਦਾ ਸਿਰੋਪਾਓ ਨਾਲ ਮਾਣ-ਸਨਮਾਨ ਕਰਦੀ ਹੋਈ ਅਤੇ (ਹੇਠਾਂ) ਗੁਰੂ ਘਰ ਦੇ ਪ੍ਰਬੰਧਕਾਂ ਅਤੇ ਹੋਰਨਾਂ ਪਤਵੰਤੇ ਸੱਜਣਾਂ ਨਾਲ ਸ੍ਰੀ ਜੱਸੀ ਖੰਗੂੜਾ



ਪਰਵਾਸੀ ਪੰਜਾਬੀਆਂ ਨੂੰ ਪੰਜਾਬ ਦੇ ਵਿਕਾਸ ਵਿਚ ਹਿੱਸੇਦਾਰ ਬਣਨ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਦੀ ਆਮ ਜਨਤਾ ਬੁਰਾ ਹਾਲ ਹੈ ਅਤੇ ਆਪਣੇ ਲੋਕਾਂ ਨੂੰ ਤਰੱਕੀ ਦੇ ਰਾਹ ਪਾਉਣ ਲਈ ਪਰਵਾਸੀਆਂ ਨੂੰ ਹੀ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਤੁਸੀਂ ਵਿਦਿਆ ਦਾ ਪੱਧਰ ਉਚਾ ਉਠਾਉਣ ਲਈ ਆਪੋ ਆਪਣੇ ਪਿੰਡ ਨੂੰ ਹੀ ਅਪਨਾ ਸਕਦੇ ਹੋ। ਇਸ ਸਮੇਂ ਪੰਜਾਬ ਵਿਚ ਪੇਂਡੂ ਖੇਤਰਾਂ ਵਿਚ ਪੜ੍ਹਾਈ ਦੇ ਮਿਆਰ ਨੂੰ ਉਚਾ ਚੁੱਕਣ ਦੀ ਸਖਤ ਜਰੂਰਤ ਹੈ।

ਇਸ ਮੌਕੇ ਕਈ ਲੋਕਾਂ ਨੇ ਪੰਜਾਬ ਵਿਚ ਪਰਵਾਸੀਆਂ ਦੀ ਹੋ ਰਹੀ ਲੁੱਟ-ਘਸੁੱਟ ਅਤੇ ਸ਼ਰੇਆਮ ਧੱਕੇਸ਼ਾਹੀ ਦੇ ਦੁਖੜੇ ਜੱਸੀ ਖੰਗੂੜਾ ਨੂੰ ਸੁਣਾਏ। ਗੁਰਦਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਹਰਦੇਵ ਸਿੰਘ ਤੱਖਰ, ਸਕੱਤਰ ਭੁਪਿੰਦਰ ਸਿੰਘ ਢਿੱਲੋਂ, ਗੁਰਦੇਵ ਸਿੰਘ ਕਲਸੀ, ਰਜਿੰਦਰ ਸਿੰਘ ਮੰਘਰ, ਨੀਤੂ ਸਿੰਘ ਕਾਹਲੋਂ ਅਤੇ ਜਸਵੀਰ ਸਿੰਘ ਪਵਾਰ ਨੇ ਜੱਸੀ ਖੰਗੂੜਾ ਦਾ ਸਨਮਾਨ ਕੀਤਾ।

ਇਸ ਸਮੇਂ ਵਿਸ਼ੇਸ਼ ਤੌਰ 'ਤੇ ਬਲਜਿੰਦਰ ਸਿੰਘ ਬਟਾਰੀ, ਕਮਲ ਖੰਗੂੜਾ, ਹਰਿੰਦਰ ਸਿੰਘ ਨਿੱਝਰ, ਮਹਿੰਦਰ ਸਿੰਘ ਗਿੱਲ, ਜਗਦੀਸ਼ ਖੰਗੂੜਾ, ਕਮਲਜੀਤ ਸਿੰਘ ਕੰਮਾ, ਭੁਪਿੰਦਰ ਵਾਲੀਆ, ਮਿੱਠੂ ਲਤਾਲਾ, ਜਗਜੀਤ ਸਿੰਘ ਢਿੱਲੋਂ, ਬਲਬੀਰ ਸਿੰਘ ਧਾਲੀਵਾਲ, ਗੈਰੀ ਗਰੇਵਾਲ, ਬਲਬੀਰ ਸਿੰਘ ਸੇਖੋਂ, ਦੀਪ ਜੰਗੇੜਾ, ਹੈਪੀ ਦਿਉਲ ਅਤੇ ਸੂਬੇਦਾਰ ਸੁਰਜੀਤ ਸਿੰਘ ਹਾਜ਼ਰ ਸਨ।

## ਰਾਸ਼ਟਰਪਤੀ ਦਾ ਪਤੀ ਜ਼ਮੀਨ ਹੜੱਪਣ ਦਾ ਦੋਸ਼ੀ

**ਮੁੰਬਈ :** ਅਮਰਾਵਤੀ (ਮਹਾਰਾਸ਼ਟਰ) ਦੇ ਇਕ ਕਿਸਾਨ ਦੀ ਸਵਾ ਦੋ ਏਕੜ ਜ਼ਮੀਨ ਹੜੱਪਣ ਦੇ ਮਾਮਲੇ 'ਚ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਦੇ ਪਤੀ ਦੇਵੀ ਸਿੰਘ ਸ਼ੇਖਾਵਤ ਨੂੰ ਦੋਸ਼ੀ ਮੰਨਦਿਆਂ ਇਹ ਜ਼ਮੀਨ ਵਾਪਸ ਕਰਨ ਦਾ ਹੁਕਮ ਦਿੱਤਾ ਗਿਆ ਹੈ। ਇਸ ਸਬੰਧੀ ਹੁਕਮ ਜਾਰੀ ਕਰਦਿਆਂ ਦਰਿਆਪੁਰ ਦੇ ਐਸਡੀਓ ਨੇ ਦੇਵੀ ਸਿੰਘ ਦੇ ਨਾਂ ਰਜਿਸਟਰਡ ਜ਼ਮੀਨ ਨੂੰ ਅਸਲੀ ਮਾਲਕ ਕਿਸ਼ੋਰ ਬਨਸੋਦ ਨੂੰ ਦੇਣ ਦਾ ਹੁਕਮ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਇਸ ਸਬੰਧੀ ਹੁਕਮ ਦਸੰਬਰ-2009 'ਚ ਹੀ ਜਾਰੀ ਹੋ ਗਿਆ ਸੀ ਪਰ ਸਬੰਧਤ ਮਾਲਕ ਨੂੰ ਹੁਕਮ ਦੀ ਇਹ ਕਾਪੀ ਹੁਣ ਮਿਲੀ ਹੈ। ਦੱਸਣਾ ਬਣਦਾ ਹੈ ਕਿ ਬਨਸੋਦ ਨੇ ਇਸ ਸਬੰਧ ਵਿਚ ਦਾਇਰ ਸ਼ਿਕਾਇਤ ਵਿਚ ਕਿਹਾ ਸੀ ਕਿ ਉਨ੍ਹਾਂ ਦੇ ਪਿਤਾ ਨੇ 1985-86 'ਚ ਇਹ ਜ਼ਮੀਨ ਖ਼ਰੀਦੀ ਸੀ, ਜੋ ਕਿ ਦੇਵੀ ਸਿੰਘ ਨੇ ਧੱਕੇ ਨਾਲ ਹੜੱਪ ਲਈ ਸੀ।







# ਨਵਾਂ ਗੁਰੂ ਘਰ ਬਣਾਉਣ ਦਾ ਕਾਰਜ ਅਰੰਭ

**ਮਰਸਿਡ, ਕੈਲੀਫੋਰਨੀਆ (ਹਰਜਿੰਦਰ ਹੈਪੀ):** ਦੁਨੀਆਂ 'ਚ ਜਿਥੇ ਕਿਤੇ ਵੀ ਸਿੱਖ ਭਾਈਚਾਰਾ ਜੁੜਦਾ ਹੈ ਉਨ੍ਹਾਂ ਦੀ ਪਹਿਲੀ ਤਾਂਘ ਉਥੇ ਗੁਰੂ ਘਰ ਬਣਾਉਣ ਦੀ ਹੁੰਦੀ ਹੈ। ਇਸੇ ਤਾਂਘ ਅਧੀਨ ਇਥੋਂ ਦੀਆਂ ਸੰਗਤਾਂ ਨੇ ਨਵਾਂ ਗੁਰੂ ਘਰ ਬਣਾਉਣ ਦਾ ਕਾਰਜ ਅਰੰਭਿਆ ਹੈ ਜਿਥੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਕੇ ਸਥਾਨ ਗੁਰੂ ਅਰਪਣ ਕੀਤਾ ਗਿਆ। ਇਸ ਗੁਰੂ ਘਰ ਲਈ 15 ਏਕੜ ਜ਼ਮੀਨ ਦੋ ਸਾਲ ਪਹਿਲਾਂ ਖਰੀਦੀ ਗਈ ਸੀ। ਇਸ ਜ਼ਮੀਨ ਉਤੇ ਇਕ ਘਰ ਵਾਕਿਆ ਹੈ।



ਲੰਘੇ ਐਤਵਾਰ ਸੁਖਮਨੀ ਸਾਹਿਬ ਦੇ ਪਾਠ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਰਾਗੀ ਸਿੰਘਾਂ ਅਤੇ ਕਥਾਵਾਚਕਾਂ ਨੇ ਸ਼ਬਦ ਕੀਰਤਨ ਅਤੇ ਕਥਾ ਪਰਵਾਹ ਰਾਹੀਂ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਪ੍ਰਬੰਧਕਾਂ ਅਨੁਸਾਰ ਸੰਗਤ ਦੇ ਸਹਿਯੋਗ ਨਾਲ ਛੇਤੀ ਹੀ ਇਥੇ ਗੁਰੂ ਘਰ ਲਈ ਇਕ ਨਵੀਂ ਇਮਾਰਤ ਅਤੇ ਹੋਰ ਕਾਰਜਾਂ ਦਾ ਪ੍ਰਾਜੈਕਟ ਸ਼ੁਰੂ ਕੀਤਾ ਜਾਏਗਾ। ਮੁੱਖ ਸੇਵਾਦਾਰਾਂ ਨੇ ਪ੍ਰਣ ਕੀਤਾ ਕਿ ਧਾਰਮਿਕ ਕਾਰਜਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣਗੇ ਅਤੇ ਇਸ ਗੁਰੂ ਘਰ ਨੂੰ ਸਿੱਖੀ ਪ੍ਰਚਾਰ ਦਾ ਇਕ ਸਰਗਰਮ ਕੇਂਦਰ ਬਣਾਇਆ ਜਾਏਗਾ।





# ਸੰਨੀ ਧੂੜ ਕਾਂਗਰਸ ਦੀ ਅਮਰੀਕਾ ਇਕਾਈ ਦੇ ਮੀਤ ਪ੍ਰਧਾਨ ਬਣੇ

**ਗਰੈਂਡ ਰੈਪਿਡਜ਼, ਮਿਸ਼ੀਗਨ:** ਸ੍ਰੀ ਸੰਨੀ ਧੂੜ ਨੂੰ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੀ ਅਮਰੀਕਾ ਇਕਾਈ ਦਾ ਮੀਤ ਪ੍ਰਧਾਨ ਅਤੇ ਮਿਸ਼ੀਗਨ ਇਕਾਈ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਯੂ ਐਸ ਏ) ਦੇ ਪ੍ਰਧਾਨ ਸ੍ਰੀ ਸੁਰਿੰਦਰ ਸਿੰਘ ਮਲਹੋਤਰਾ ਨੇ ਸ੍ਰੀ ਧੂੜ ਨੂੰ ਲਿਖੇ ਇਕ ਪੱਤਰ ਰਾਹੀਂ ਕੀਤੀ ਹੈ। ਪੱਤਰ ਅਨੁਸਾਰ ਇਸ ਨਿਯੁਕਤੀ ਨੂੰ ਪਾਰਟੀ ਦੀ ਕਾਰਜਕਾਰਨੀ ਕਮੇਟੀ ਵਿਚ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਸ੍ਰੀ ਸੰਨੀ ਧੂੜ ਪੰਜਾਬ ਵਿਚ ਆਪਣੇ ਵਿਦਿਆਰਥੀ ਜੀਵਨ ਸਮੇਂ ਪੰਜਾਬ ਯੂਥ ਕਾਂਗਰਸ ਦੇ ਆਗੂ ਰਹੇ ਹਨ। ਇਸ ਸਮੇਂ ਉਹ ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਪ੍ਰਧਾਨ ਅਤੇ ਮਿਸ਼ੀਗਨ ਡੈਮੋਕਰੈਟ ਪਾਰਟੀ ਦੀ ਕੈਂਟ ਕਾਉਂਟੀ ਦੇ ਮੀਤ ਪ੍ਰਧਾਨ ਹਨ। ਇਸ ਤੋਂ ਇਲਾਵਾ ਉਹ ਮਿਸ਼ੀਗਨ ਡੈਮੋਕਰੈਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਵੀ ਹਨ।



*ਸ੍ਰੀ ਧੂੜ ਪਿਛਲੇ ਸਾਲ ਦੇ ਅਖੀਰ 'ਤੇ ਰਾਸ਼ਟਰਪਤੀ ਓਬਾਮਾ ਦੇ ਸੱਦੇ 'ਤੇ ਆਏ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ*

# ਲੋਗਨ ਹਾਈ ਸਕੂਲ 'ਚ ਲੋਹੜੀ ਸ਼ੁਕਰਵਾਰ ਨੂੰ

**ਯੂਨੀਅਨ ਸਿਟੀ:** ਲੋਗਨ ਹਾਈ ਸਕੂਲ ਆਉਂਦੇ ਸ਼ੁੱਕਰਵਾਰ 19 ਫ਼ਰਵਰੀ ਨੂੰ ਸ਼ਾਮ ਦੇ 6:30 ਵਜੇ ਤੋਂ 9 ਵਜੇ ਤੀਕ ਲੋਹੜੀ ਮਨਾਈ ਜਾਏਗੀ। ਇਹ ਜਾਣਕਾਰੀ ਦਿੰਦਿਆਂ ਸਕੂਲ ਦੇ ਪੰਜਾਬੀ ਕਲੱਬ ਦੀ ਪ੍ਰਧਾਨ ਅਮਨਦੀਪ ਕੌਰ ਅਟਵਾਲ ਨੇ ਦਸਿਆ ਕਿ ਅੱਡ ਅੱਡ ਦੇਸ਼ਾਂ ਅਤੇ ਕੌਮਾਂ ਦੇ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਨਾਲ ਜਾਣੂ ਕਰਵਾਉਣ ਲਈ ਲੋਗਨ ਪੰਜਾਬੀ ਕਲਬ ਇਸ ਸਾਲ ਫ਼ਿਰ ਆਪਣੇ ਪੰਜਾਬੀ ਅਧਿਆਪਕ ਸ. ਹਰਪਾਲ ਸਿੰਘ ਰਾਣਾ ਦੀ ਅਗਵਾਈ ਹੇਠ ਲੋਹੜੀ ਮਨਾ ਰਿਹਾ ਹੈ।

ਅਮਨਦੀਪ ਨੇ ਇਹ ਵੀ ਕਿਹਾ ਕਿ ਸਕੂਲ ਦੇ ਨਵੇਂ ਆਏ ਸਹਾਇਕ ਪ੍ਰਿੰਸੀਪਲ ਸ. ਅਭੀ ਬਰਾੜ ਵੀ ਇਸ ਸਮਾਗਮ ਵਿਚ ਸ਼ਾਮਲ ਹੋਣਗੇ। ਅਮਨਦੀਪ ਨੇ ਇਹ ਵੀ ਕਿਹਾ ਕਿ ਇਸ ਸਾਲ ਕੇਵਲ ਲੋਗਨ ਦੇ ਮੌਜੂਦਾ ਵਿਦਿਆਰਥੀ, ਉਨ੍ਹਾਂ ਦੇ ਮਾਪੇ ਅਤੇ ਅਠਵੀਂ ਜਮਾਤ ਤਕ ਦੇ ਪੜ੍ਹਦੇ ਭੈਣ ਭਰਾ ਹੀ ਇਸ ਵਿਚ ਸ਼ਾਮਲ ਹੋ ਸਕਣਗੇ। ਪੁਰਾਣੇ ਜਾਂ ਬਾਹਰਲੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ।

ਕੱਲਬ ਦੇ ਅਹੁਦੇਦਾਰਾਂ ਸੋਨੀਆ ਕੌਰ ਔਜਲਾ ਅਤੇ ਐਂਜਲਿਕਾ ਲਾਲ ਨੇ ਯੂਨੀਅਨ ਸਿਟੀ ਵਿਚ ਪੜ੍ਹਦੇ ਸਾਰੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਹੁਮਹੁਮਾ ਕੇ ਪੁਜ ਕੇ ਆਪਣੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਨ। ਨਾਲ ਹੀ ਜ਼ੋਰ ਦੇ ਕੇ ਕਿਹਾ ਕਿ ਸਕੂਲ ਦੀ ਹਦੂਦ ਵਿਚ ਸ਼ਰਾਬ ਪੀਣ ਦੀ ਸਖਤ ਮਨਾਹੀ ਹੈ। ਸ਼ਮੂਲੀਅਤ ਲਈ ਪਾਸ ਸ਼ੁਕਰਵਾਰ ਤੋਂ ਪਹਿਲਾਂ ਕਮਰਾ ਨੰਬਰ 442 ਵਿਚੋਂ ਲੈ ਲਏ ਜਾਣ।

ਸ. ਹਰਪਾਲ ਸਿੰਘ ਰਾਣਾ ਨੇ ਕਿਹਾ ਹੈ ਕਿ ਜਿਹੜੇ ਸੱਜਣ ਤਿਉਹਾਰ ਮੁਤਾਬਕ ਖਾਣ ਪੀਣ ਦਾ ਜੋ ਵੀ ਸਾਮਾਨ ਲਿਆ ਸਕਦੇ ਹਨ ਜ਼ਰੂਰ ਲੈ ਕੇ ਆਉਣ।

# ਸ੍ਰੀ ਅਣਖੀ ਅਤੇ ਪ੍ਰੋਫ਼ੈਸਰ ਮਹਿਬੂਬ ਦੇ ਤੁਰ ਜਾਣ 'ਤੇ ਜੱਗੀ ਕੁੱਸਾ ਵੱਲੋਂ ਅਫ਼ਸੋਸ

**ਲੰਡਨ:** ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੇ ਸ੍ਰੀ ਰਾਮ ਸਰੂਪ ਅਣਖੀ ਅਤੇ ਪ੍ਰੋਫ਼ੈਸਰ ਮਹਿਬੂਬ ਦੀ ਮੌਤ ਨਾਲ ਸਾਹਿਤ ਜਗਤ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਹੈ। ਜੱਗੀ ਕੁੱਸਾ ਨੇ ਆਖਿਆ ਕਿ ਇਹ ਫ਼ਰਵਰੀ ਮਹੀਨਾ ਪੰਜਾਬੀ ਸਾਹਿਤ ਜਗਤ ਲਈ 'ਕਾਲਾ' ਮਹੀਨਾ ਹੈ। ਪਹਿਲਾਂ ਡਾ. ਟੀ.ਆਰ. ਵਿਨੋਦ, ਫ਼ਿਰ ਸ. ਸੰਤੋਖ ਸਿੰਘ ਧੀਰ ਅਤੇ ਹੁਣ ਸ੍ਰੀ ਰਾਮ ਸਰੂਪ ਅਣਖੀ ਅਤੇ ਪ੍ਰੋਫ਼ੈਸਰ ਮਹਿਬੂਬ ਵੀ ਸਾਨੂੰ ਵਿਛੋੜਾ ਦੇ ਗਏ ਹਨ। ਇਕ ਮਹੀਨੇ ਵਿਚ ਚਾਰ ਬਾਬੇ ਬੋਹੜਾਂ ਦਾ ਤੁਰ ਜਾਣਾ ਸਾਹਿਤਕ ਹਲਕਿਆਂ ਲਈ ਇਕ ਸਦਮੇ ਵਾਲੀ ਗੱਲ ਹੈ। ਜੱਗੀ ਕੁੱਸਾ ਨੇ ਕਿਹਾ ਕਿ ਚਾਹੇ ਸ੍ਰੀ ਰਾਮ ਸਰੂਪ ਅਣਖੀ ਮੇਰੇ ਬਾਪ ਦੀ ਉਮਰ ਦੇ ਸਨ, ਪਰ ਉਨ੍ਹਾਂ ਨਾਲ ਮੇਰੀ ਬਹੁਤ ਮਿੱਤਰਤਾ ਰਹੀ ਹੈ।







# ਬੇਕਰਜ਼ਫੀਲਡ ਦੇ ਪੰਜਾਬੀ ਅਤੇ ਗਾਜਰਾਂ ਵਾਲੀ 'ਬੇਬੇ' ਗਰਿਮਵੇਅ

**ਬੇਕਰਜ਼ਫੀਲਡ:** ਉਪਰੋਕਤ ਸੁਰਖੀ ਪੜ੍ਹ ਕੇ ਤੁਸੀਂ ਸੋਚੋਗੇ ਕਿ ਭਲਾ ਇਹ ਕੀ ਗੱਲ ਬਣੀ? ਹਰ ਅੱਖਰ ਤੇ ਸਤਰ ਦਾ ਕੁਝ ਮਤਲਬ ਜ਼ਰੂਰ ਹੁੰਦਾ ਹੈ। ਤੇ ਲਓ ਸੁਣੋ, "ਬੇਕਰਜ਼ਫੀਲਡ ਦੇ ਪੰਜਾਬੀ ਅਤੇ ਗਾਜਰਾਂ ਵਾਲੀ 'ਬੇਬੇ' ਗਰਿਮਵੇਅ" ਦੀ ਸੁਰਖੀ ਕਿਉਂ ਚੁਣੀ? ਬੇਕਰਜ਼ਫੀਲਡ ਸ਼ਹਿਰ 'ਚ ਰਹਿਣ ਵਾਲੇ ਪੰਜਾਬੀਆਂ ਨੂੰ ਤਾਂ ਇਹ ਗੱਲ ਝੱਟ ਹੀ ਸਮਝ ਆ ਗਈ ਹੋਵੇਗੀ ਪਰ ਬਾਕੀ ਪਾਠਕ ਸੋਚਦੇ ਹੋਣਗੇ ਕਿ ਇਹ ਭਲਾ ਹੈ ਕੀ?



ਪੁਰਾਣੇ ਜ਼ਮਾਨੇ ਵਿਚ ਅਤੇ ਅਜੇ ਵੀ ਪਿੰਡਾਂ ਵਿਚ ਜਦੋਂ ਬੱਚਿਆਂ ਨੂੰ ਪੈਸੇ ਚਾਹੀਦੇ ਹੁੰਦੇ ਹਨ ਤਾਂ ਉਹ ਆਪਣੀ 'ਬੇਬੇ' ਕੋਲੋਂ ਮੰਗਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਥੋਂ ਜਵਾਬ ਨਹੀਂ ਮਿਲਣਾ। ਬੱਚਿਆਂ ਅਤੇ 'ਬੇਬੇ' ਦਾ ਰਿਸ਼ਤਾ ਹੀ ਕੁਝ ਅਜਿਹਾ ਹੁੰਦਾ ਹੈ। ਪਰ ਇਥੇ ਅਮਰੀਕਾ ਵਿਚ ਕੋਈ 'ਬੇਬੇ' ਕਿਸੇ ਨੂੰ ਕੋਈ ਪੈਸਾ ਨਹੀਂ ਦਿੰਦੀ। ਪੈਸਾ ਸਿਰਫ ਕੰਮ ਕਰਕੇ ਹੀ ਬਣਾਇਆ ਜਾ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਅੱਜ ਦੀ ਆਰਥਿਕ ਮੰਦਹਾਲੀ ਵਿਚ ਕੰਮ ਕਿਤੇ ਅਲਾਦੀਨ ਦਾ ਚਿਰਾਗ ਲੈ ਕੇ ਭਾਲਿਆਂ ਵੀ ਮਸੀਂ ਲੱਭਦਾ ਹੈ। ਧੰਨ ਹੈ ਬੇਕਰਜ਼ਫੀਲਡ ਦੀ ਗਾਜਰਾਂ ਵਾਲੀ 'ਬੇਬੇ' ਗਰਿਮਵੇਅ ਜਿਸ ਨੇ ਕਾਫੀ ਵੱਡੀ ਗਿਣਤੀ ਵਿਚ ਪੰਜਾਬੀਆਂ ਨੂੰ ਆਪਣੀ ਬੁੱਕਲ ਵਿਚ ਲਕੋਇਆ ਹੋਇਆ ਹੈ। ਇਹ ਆਪਣੇ ਪੁੱਤਰਾਂ ਜਿਹਾ ਪਿਆਰ ਹੀ ਇਨ੍ਹਾਂ ਨੂੰ ਵੰਡ ਰਹੀ ਹੈ ਅਤੇ ਉਨ੍ਹਾਂ ਦੇ ਢਿੱਡ ਭਰ ਰਹੀ ਹੈ।

ਕੀ ਹੈ ਇਹ 'ਬੇਬੇ' ਗਰਿਮਵੇਅ? ਮਾਰਚ 1981 ਵਿਚ ਇਸ 'ਬੇਬੇ' ਗਰਿਮਵੇਅ ਨੇ ਖੇਤੀਬਾੜੀ ਦੇ ਬਿਜਨਸ ਵਿਚ ਆਪਣਾ ਪੈਰ ਦੋ ਪੁੱਤਰਾਂ ਨਾਲ ਰੱਖਿਆ ਅਤੇ ਮਾਲਗਾ ਨਾਂ ਦਾ ਗਾਜਰਾਂ ਦਾ ਪਹਿਲਾ ਪਲਾਂਟ ਹੋਂਦ ਵਿਚ ਆਇਆ। ਉਸ ਤੋਂ ਬਾਅਦ ਚੱਲ ਸੋ ਚੱਲ-'ਬੇਬੇ' ਨੇ ਪਿਛੇ ਮੁੜ ਕੇ ਨਹੀਂ ਦੇਖਿਆ। ਅੱਜ ਇਹ 'ਬੇਬੇ' ਸੱਤ ਪਲਾਂਟਾਂ ਦੀ ਮਾਲਕ ਅਖਵਾਉਂਦੀ ਹੈ। 'ਬੇਬੇ' ਗਰਿਮਵੇਅ ਲਈ ਇਹ ਸਾਰਾ ਕੁਝ ਇਕ ਦਿਨ ਵਿਚ ਨਹੀਂ ਹੋਇਆ। ਇਸ ਪਿਛੇ ਕੰਪਨੀ ਦੇ ਸਾਰੇ ਸਟਾਫ ਅਤੇ ਵਰਕਰਾਂ ਦੀ ਸਖਤ ਮਿਹਨਤ, ਇਮਾਨਦਾਰੀ ਅਤੇ ਨਿਸ਼ਠਾ ਕੰਮ ਕਰਦੀ ਹੈ।

ਕੈਰੀ ਗਰਿਮ ਅਤੇ ਬਾਰਬਰਾ ਗਰਿਮ ਇਸ ਵਕਤ ਗਰਿਮਵੇਅ ਦੀਆਂ ਮਾਲਕ ਹਨ ਜਿਨ੍ਹਾਂ ਨੇ ਆਪਣੇ ਪਤੀਆਂ ਦੀ ਮੌਤ ਤੋਂ ਬਾਅਦ ਵੀ ਫੈਕਟਰੀ ਨੂੰ ਕਿਸੇ ਕਿਸਮ ਦੀ ਘਾਟ ਨਹੀਂ ਰੜਕਣ ਦਿੱਤੀ ਸਗੋਂ ਇਸ ਨੂੰ ਹੋਰ ਤਰੱਕੀ ਦੇ ਰਾਹ 'ਤੇ ਲੈ ਕੇ ਗਈਆਂ। ਗਰਿਮਵੇਅ ਦੀ ਸਫਲਤਾ ਦਾ ਸਭ ਤੋਂ ਵੱਡਾ ਕਾਰਨ ਹੈ, ਇਸ ਦੇ ਮਾਲਕਾਂ ਅਤੇ ਸੀਨੀਅਰ ਅਫਸਰਾਂ ਵਲੋਂ ਆਪਣੇ ਵਰਕਰਾਂ ਨੂੰ ਘਰ ਦੇ ਜੀਆਂ ਵਾਂਗ ਹੀ ਪਿਆਰ ਕਰਨਾ। ਮਾਲਕ ਤੇ ਅਫਸਰ ਆਪਣੇ ਵਰਕਰਾਂ ਵਿਚ ਉਨ੍ਹਾਂ ਦੇ ਨਾਲ ਭੈਣਾਂ-ਭਰਾਵਾਂ ਵਾਂਗ ਹੀ ਵਿਚਰਦੇ ਰਹਿੰਦੇ ਹਨ। ਸਾਰੇ ਆਪਣੇ ਫਰਜ਼ ਪੂਰੀ ਨਿਸ਼ਠਾ ਨਾਲ ਨਿਭਾਉਂਦੇ ਹਨ। ਇਹੋ 'ਬੇਬੇ' ਗਰਿਮਵੇਅ ਦੀ ਸਫਲਤਾ ਦੀ ਕੁੰਜੀ ਹੈ। ਮੈਨੂੰ ਇਸ ਗੱਲ ਦਾ ਇਸ ਕਰਕੇ ਪਤਾ ਹੈ ਕਿਉਂਕਿ ਇਹ ਲੇਖ ਲਿਖਣ ਲਈ ਮੈਂ ਇਕ ਦੋ ਵਾਰੀ ਉਨ੍ਹਾਂ ਦੇ ਦਫਤਰ ਗਿਆ ਤਾਂ ਜੋ ਪਿਆਰ ਅਤੇ ਸਤਿਕਾਰ ਮੈਨੂੰ ਉਥੇ ਮਿਲਿਆ ਉਸੇ ਤੋਂ ਹੀ ਮੈਂ ਅੰਦਾਜ਼ਾ ਲਾ ਲਿਆ ਕਿ ਇਸ ਕੰਪਨੀ ਦੀ ਸਫਲਤਾ ਦੀ ਕੁੰਜੀ ਕਿਥੇ ਹੈ? ਜਦੋਂ ਮੈਂ ਉਨ੍ਹਾਂ ਦੇ ਸੀਨੀਅਰ ਅਫਸਰਾਂ ਨੂੰ ਪੁੱਛਿਆ ਕਿ ਨੌਕਰੀ ਲੈਣ ਲਈ ਕੀ ਇਥੇ ਸਿਫਾਰਸ਼ ਵੀ ਚਲਦੀ ਹੈ? ਤਾਂ ਜਵਾਬ ਸੀ, "ਮਿਸਟਰ ਸਿੰਘ ਪਹਿਲਾਂ ਇਥੇ ਅਰਜ਼ੀ ਭਰਨੀ ਪੈਂਦੀ ਹੈ ਅਤੇ ਉਸ ਤੋਂ ਬਾਅਦ ਵਾਰੀ ਆਉਣ ਉਪਰ ਹੀ ਨੌਕਰੀ ਦਿੱਤੀ ਜਾਂਦੀ ਹੈ ਬਿਨਾ ਕਿਸੇ ਭਿੰਨ-ਭੇਦ ਦੇ।

ਗਰਿਮਵੇਅ ਕੰਪਨੀ ਦੀਆਂ ਫੈਕਟਰੀਆਂ ਵਿਚ ਬੇਕਰਜ਼ਫੀਲਡ ਸ਼ਹਿਰ ਦੇ 80% ਪੰਜਾਬੀ ਕਿਸੇ ਨਾ ਕਿਸੇ ਵੇਲੇ ਕੰਮ ਕਰ ਚੁਕੇ ਹਨ ਇਨ੍ਹਾਂ ਵਿਚੋਂ ਅੱਜ ਕਈ ਡਾਕਟਰ, ਨਰਸ, ਫਾਰਮਾਸਿਸਟ, ਬਿਜਨਸਮੈਨ ਹਨ ਅਤੇ ਕਈ ਫਾਰਮਾਂ ਦੇ ਮਾਲਕ ਕਹਾਉਂਦੇ ਹਨ ਤੇ ਕਈ ਉਚੇ ਅਹੁਦਿਆਂ 'ਤੇ ਬੈਠੇ ਹਨ। ਕਹਿਣ ਦਾ ਭਾਵ ਇਹ ਹੈ ਕਿ 'ਬੇਬੇ' ਗਰਿਮਵੇਅ ਨਾਲ ਸ਼ਹਿਰ ਦੇ ਬਹੁਤੇ ਪੰਜਾਬੀ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਹੋਏ ਹਨ। ਆਪਣੇ ਵਰਕਰਾਂ ਨੂੰ ਖੁਸ਼ ਰੱਖਣ ਅਤੇ ਉਨ੍ਹਾਂ ਦਾ ਉਤਸ਼ਾਹ ਵਧਾਉਣ ਲਈ ਇਹ 'ਬੇਬੇ' ਹਰ ਸਾਲ ਚੰਗੇ ਵਰਕਰਾਂ ਨੂੰ ਇਨਾਮ ਵਿਚ ਕਾਰਾਂ, ਟੀ.ਵੀ., ਫੋਨ ਅਤੇ ਹੋਰ ਕਈ ਤਰ੍ਹਾਂ ਦੇ ਤੋਹਫੇ ਵੰਡਦੀ ਹੈ। ਇਹ ਤੋਹਫੇ ਹਾਸਲ ਕਰਨ ਵਾਲਿਆਂ ਵਿਚ ਕਈ ਪੰਜਾਬੀ ਵੀ ਸ਼ਾਮਲ ਹਨ।

ਪੰਜਾਬੀਆਂ ਨੂੰ ਇਹ ਫੈਕਟਰੀ ਇਸ ਕਰਕੇ ਵੀ ਚੰਗੀ ਲੱਗਦੀ ਹੈ ਕਿ ਇਸ ਦਾ ਆਧਾਰ ਖੇਤੀ ਹੈ। ਅੰਗਰੇਜ਼ੀ ਨਾ ਆਉਣ 'ਤੇ ਵੀ ਕੋਈ ਬਹੁਤੀ ਸਮੱਸਿਆ ਨਹੀਂ ਪੇਸ਼ ਆਉਂਦੀ। ਗਰਿਮਵੇਅ ਵਿਚ ਕੰਮ ਕਰਦੇ ਪੰਜਾਬੀਆਂ ਲਈ ਇਹ ਕੰਪਨੀ ਦੁੱਖ ਸੁੱਖ ਫਰੋਲਣ ਲਈ ਵੀ ਸਹਾਈ ਹੁੰਦੀ ਹੈ। ਲੰਚ ਵੇਲੇ ਕੁੜੀਆਂ, ਬੁੜੀਆਂ ਰਲ ਕੇ ਇਕ ਦੂਜੇ ਨਾਲ ਦੁੱਖ ਸੁੱਖ ਵੀ ਫੋਲਦੀਆਂ ਹਨ। ਕੀਹਦਾ ਵਿਆਹ ਹੋ ਗਿਆ, ਕੀਹਦੀ ਚੰਗੀ ਨਿਭਦੀ ਹੈ, ਕਿਹੜੀ ਨੂੰਹ-ਸੱਸ ਆਪੋ ਵਿਚੀਂ ਇੱਟ ਖੜੱਕਾ ਹੁੰਦੀਆਂ ਹਨ। ਫਲਾਣੇ ਗੁਰੂ ਘਰ ਵਿਚ ਐਤਵਾਰ ਨੂੰ ਲੰਗਰ ਹੈ, ਅਸੀਂ ਤਾਂ ਭਾਈ ਉਥੇ ਜਾਵਾਂਗੇ। ਜੇ ਕੋਈ ਨਾਲ ਦੀ ਪੁੱਛੇ ਕਿਉਂ ਜਾਣਾ ਜ਼ਰੂਰੀ ਹੈ? ਤਾਂ ਜਵਾਬ ਹੋਊ, ਅੜੀਏ ਇੰਡੀਆ ਤੋਂ ਪੂਰੇ ਤੀਹ ਸੂਟ ਅਤੇ ਨਵੇਂ ਡਿਜ਼ਾਈਨ ਦੇ ਸੋਨੇ ਦੇ ਗਹਿਣੇ ਲਿਆਂਦੇ ਹਨ। ਮਸੀਂ ਤਾਂ ਇਕ ਦਿਨ ਪਹਿਨਣ ਨੂੰ ਮਿਲਦਾ, ਮੈਂ ਤੇ ਜ਼ਰੂਰ ਜਾਊਂ। ਇਹ ਸਭ ਕੁਝ ਫਰੋਲ ਹੁੰਦਾ ਹੈ। ਮਰਦ ਪੰਜਾਬੀ ਗੁਰੂ ਘਰਾਂ ਦੀ ਸਿਆਸਤ ਦੀਆਂ ਗੱਲਾਂ ਕਰਦੇ ਹਨ ਜਾਂ ਫਿਰ ਪੰਜਾਬ ਦੀਆਂ। ਇਹ ਵੀ ਦਿਲਚਸਪ ਹੈ ਕਿ ਬੇਕਰਜ਼ਫੀਲਡ ਦੇ ਸਭ ਤੋਂ ਜ਼ਿਆਦਾ ਵਿਚੋਲੇ ਵੀ ਇਸੇ ਫੈਕਟਰੀ ਵਿਚ ਕੰਮ ਕਰਦੇ ਹਨ ਜੋ ਕਿਸੇ ਦਾ ਕਿਸੇ ਨਾਲ ਟਾਂਕਾ ਫਿੱਟ ਕਰਨ ਦੇ ਆਹਰ ਵਿਚ ਲੱਗੇ ਰਹਿੰਦੇ ਹਨ।

ਕਿਸੇ ਪੰਜਾਬੀ ਦਾ ਫਰਿਜ਼ ਖੋਲ੍ਹ ਕੇ ਦੇਖੋ, ਜੇ ਅੰਦਰੋਂ ਗਾਜਰਾਂ ਦੇ ਦੋ-ਤਿੰਨ ਵੱਡੇ ਵੱਡੇ ਬੈਗ ਹੱਸਦੇ ਖੇਡਦੇ ਬਾਹਰ ਡਿੱਗਣ ਤਾਂ ਸਮਝੋ ਇਸ ਘਰ ਦਾ ਕੋਈ ਨਾ ਕੋਈ ਜੀਅ ਗਰਿਮਵੇਅ ਵਿਚ ਕੰਮ ਕਰਦਾ ਹੈ। ਗਰਿਮਵੇਅ ਦੀਆਂ ਗਾਜਰਾਂ ਕਰਕੇ ਹੀ ਇਥੋਂ ਦੇ ਪੰਜਾਬੀਆਂ ਵਿਚ ਕਦੀ ਵਿਟਾਮਿਨ ਏ ਦੀ ਘਾਟ ਨਹੀਂ ਆਈ।

ਬੇਬੇ ਗਰਿਮਵੇਅ ਕੋਲੇ ਖੇਤੀ ਕਰਨ ਲਈ ਆਪਣੀ ਮਾਲਕੀ ਦੀ ਬਹੁਤ ਸਾਰੀ ਜ਼ਮੀਨ ਹੈ ਜਿਥੇ ਉਹ ਜ਼ਿਆਦਾਤਰ ਗਾਜਰਾਂ ਅਤੇ ਆਲੂਆਂ ਦੀ ਖੇਤੀ ਕਰਦੀ ਹੈ। ਮਾਲਕੀ ਵਾਲੀ ਜ਼ਮੀਨ ਤੋਂ ਇਲਾਵਾ ਇਸ ਪਾਸ ਕਾਫੀ ਸਾਰੀ ਜ਼ਮੀਨ ਠੇਕੇ ਦੀ ਵੀ ਹੈ। ਗਾਜਰਾਂ ਅਤੇ ਆਲੂਆਂ ਤੋਂ ਇਲਾਵਾ ਸੰਤਰਿਆਂ ਦੀ ਖੇਤੀ ਵੀ ਕੀਤੀ ਜਾਂਦੀ ਹੈ ਜਿਨ੍ਹਾਂ ਦਾ ਜੂਸ ਤਿਆਰ ਕੀਤਾ ਜਾਂਦਾ ਹੈ। ਬੇਬੇ ਗਰਿਮਵੇਅ ਦਾ ਗਾਜਰਾਂ ਦਾ ਇਕ ਪਲਾਂਟ ਕਾਲੋਰਾਡੋ ਵਿਚ ਵੀ ਹੈ। ਗਰਿਮਵੇਅ ਕੋਲ ਖੇਤੀਬਾੜੀ ਅਤੇ ਢੋਆ ਢੁਆਈ ਨਾਲ ਸਬੰਧਤ ਸਾਰੇ ਸੰਦ ਮੌਜੂਦ ਹਨ। ਜਿਵੇਂ ਗਾਜਰਾਂ ਬੀਜਣ ਅਤੇ ਪੁੱਟਣ ਵਾਲੀਆਂ ਮਸ਼ੀਨਾਂ, ਫਸਲ ਨੂੰ ਫੈਕਟਰੀ ਵਿਚ ਲਿਆਉਣ ਲਈ ਟਰੱਕਾਂ ਤੇ ਟਰੇਲਰਾਂ ਦਾ ਇਕ ਲੰਮਾ ਕਾਫਲਾ। ਗਰਿਮਵੇਅ ਵਿਚ ਚੌਵੀ ਘੰਟੇ ਕੰਮ ਚਲਦਾ ਰਹਿੰਦਾ ਹੈ ਅਤੇ ਕਈ ਵਾਰ ਜ਼ਿਆਦਾ ਕੰਮ ਹੋਣ 'ਤੇ ਸਨਿਚਰ ਅਤੇ ਐਤਵਾਰ ਵੀ ਕੰਮ ਚਲਦਾ ਰਹਿੰਦਾ ਹੈ। ਫੈਕਟਰੀ ਵਿਚ ਕੰਮ ਕਰਨ ਲਈ ਜਾਣ ਲਈ ਇਸ ਦੇ ਵਰਕਰ ਨੂੰ ਵੀ ਜੰਗ ਵਿਚ ਜਾਣ ਵਾਲੇ ਫੌਜੀ ਵਾਂਗ ਹੀ ਤਿਆਰੀ ਕਰਨੀ ਪੈਂਦੀ ਹੈ। ਫਰਕ ਸਿਰਫ ਇੰਨਾ ਹੈ ਕਿ ਇਨ੍ਹਾਂ ਨੂੰ ਬੰਦੂਕ ਨਹੀਂ ਚੁੱਕਣੀ ਪੈਂਦੀ। ਕੱਪੜੇ ਦੋਨਾਂ ਦੇ ਇਕੋ ਜਿਹੇ ਹੀ ਭਾਰੇ ਹੁੰਦੇ ਹਨ। ਫੈਕਟਰੀ ਵਿਚ ਕੰਮ ਕਰਨ ਵਾਲੀ ਜਗ੍ਹਾ ਉਪਰ ਕਾਫੀ ਠੰਢ ਹੁੰਦੀ ਹੈ ਜਿਸ ਕਰਕੇ ਕਾਮੇ ਤੀਹਰੀਆਂ ਤੀਹਰੀਆਂ ਜੈਕਟਾਂ ਪਹਿਨਦੇ ਹਨ।





ਬੇਕਰਜ਼ਫੀਲਡ ਵਿਚ ਗਾਜਰਾਂ ਦੀ ਇਕ ਹੋਰ ਫੈਕਟਰੀ ਬੋਲਟਹਾਊਸ ਹੈ ਪਰ ਉਹ ਬੇਬੇ ਗਰਿਮਵੇਅ ਜਿੰਨੀ ਮਸ਼ਹੂਰ ਨਹੀਂ। ਉਂਜ ਪਲਾਂਟ ਉਸ ਫੈਕਟਰੀ ਦਾ ਵੀ ਕਾਫੀ ਵੱਡਾ ਹੈ। 'ਬੇਬੇ' ਗਰਿਮਵੇਅ ਵਿਚ ਇਸ ਸਮੇਂ ਕੁਲ 4450 ਵਰਕਰ ਕੰਮ ਕਰਦੇ ਹਨ ਜਿਨ੍ਹਾਂ ਵਿਚ ਕੋਈ 500 ਤੋਂ ਵੱਧ ਪੰਜਾਬੀ ਵਰਕਰ ਹਨ। ਪੰਜਾਬੀਆਂ ਜਿਹੇ ਹੀ ਸੁਭਾਅ ਦੇ ਮਾਲਕ ਮੈਕਸਿਕਨ ਮੂਲ ਦੇ ਵਰਕਰ ਵੀ ਕਾਫੀ ਵੱਡੀ ਗਿਣਤੀ ਵਿਚ ਹਨ। ਇਹ ਸਾਰੇ ਬੜੇ ਪ੍ਰੇਮ ਨਾਲ ਰਹਿੰਦੇ ਹਨ। ਬੇਕਰਜ਼ਫੀਲਡ ਵਿਚ ਪੰਜਾਬੀਆਂ ਦੀ ਵੱਡੀ ਗਿਣਤੀ ਦਾ ਇਕ ਕਾਰਨ ਜਿਥੇ ਖੇਤੀਬਾੜੀ ਹੈ ਉਥੇ ਦੂਜਾ ਵੱਡਾ ਕਾਰਨ ਇਹ 'ਬੇਬੇ' ਗਰਿਮਵੇਅ ਵੀ ਹੈ। ਇਹ ਕਹਿਣ ਵਿਚ ਬਹੁਤੀ ਅਥਕਥਨੀ ਨਹੀਂ ਕਿ ਜੇ ਇਹ 'ਬੇਬੇ' ਇਥੇ ਨਾ ਹੁੰਦੀ ਤਾਂ ਬੇਕਰਜ਼ਫੀਲਡ ਵਿਚ ਸ਼ਾਇਦ ਏਨੇ ਪੰਜਾਬੀ ਵੀ ਨਾ ਹੁੰਦੇ। ਇਸ ਕੰਪਨੀ ਨੇ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬ ਤੋਂ ਨਵੇਂ ਆਏ ਪੰਜਾਬੀਆਂ ਨੂੰ ਰੁਜ਼ਗਾਰ ਦਿੱਤਾ ਹੈ ਸਗੋਂ ਉਨ੍ਹਾਂ ਦੇ ਅਮਰੀਕਾ ਵਿਚ ਪੈਰ ਲਾਏ ਹਨ। ਸ. ਦਲਜੀਤ ਸਿੰਘ ਢੰਡ ਇਸ ਫੈਕਟਰੀ ਵਿਚ ਭਰਤੀ ਹੋਣ ਵਾਲੇ ਪਹਿਲੇ ਪੰਜਾਬੀ ਸਨ ਜਿਨ੍ਹਾਂ ਨੇ ਆਪਣੀ ਨੌਕਰੀ 15 ਦਸੰਬਰ 1981 ਨੂੰ ਸ਼ੁਰੂ ਕੀਤੀ ਅਤੇ ਅਜੇ ਵੀ ਉਥੇ ਕੰਮ ਕਰਦੇ ਹਨ। ਪ੍ਰਬੰਧਕ ਉਨ੍ਹਾਂ ਨੂੰ ਇਕ ਮਿਹਨਤੀ ਅਤੇ ਇਮਾਨਦਾਰ ਵਰਕਰ ਵਜੋਂ ਜਾਣਦੇ ਹਨ। ਸ. ਢੰਡ ਵਿਲਸਨ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਵੀ ਹਨ।

ਪੰਜਾਬੀ ਵਰਕਰਾਂ ਦੀ ਇਸ ਕੰਪਨੀ ਪ੍ਰਤੀ ਅਰਦਾਸ ਰਹਿੰਦੀ ਹੈ, ਰੱਬ ਕਰੇ 'ਬੇਬੇ' ਗਰਿਮਵੇਅ ਹੋਰ ਤਰੱਕੀ ਕਰੇ। ਇਸ 'ਬੇਬੇ' ਗਰਿਮਵੇਅ ਨੇ ਭਾਂਤ ਸੁਭਾਂਤੇ ਪਾਪੜ ਵੇਲ ਕੇ ਅਮਰੀਕਾ ਦੀ ਧਰਤੀ 'ਤੇ ਪੈਰ ਧਰਨ ਵਾਲੇ ਸਾਡੇ ਬਹੁਤ ਸਾਰੇ ਭੈਣਾਂ-ਭਰਾਵਾਂ ਨੂੰ ਰੋਜ਼ੀ-ਰੁਜ਼ਗਾਰ ਦੇ ਲਾਇਕ ਬਣਾਇਆ ਹੈ। ਕਈ ਪੰਜਾਬਣਾਂ ਜਦੋਂ ਇੰਡੀਆ ਤੋਂ ਵਿਆਹ ਕਰਵਾ ਕੇ ਇਥੇ ਆਉਂਦੀਆਂ ਹਨ ਤਾਂ ਉਨ੍ਹਾਂ ਨੂੰ ਕੰਮ ਕਰਕੇ ਡਾਲਰ ਕਮਾਉਣ ਦੀ ਕਾਹਲੀ ਹੁੰਦੀ ਹੈ। ਮਾਪੇ ਅਤੇ ਪਤੀ ਸਮਝਾਉਂਦੇ ਹਨ ਕਿ ਸਾਰੀ ਉਮਰ ਕੰਮ ਹੀ ਕਰਨਾ ਹੈ, ਚਾਰ ਦਿਨ ਮੌਜ ਕਰ ਲਓ। ਅਜਿਹੇ ਹੀ ਹਾਲਾਤ ਉਤੇ ਗਿੱਧਾ ਪਾਉਂਦੀਆਂ ਮੁਟਿਆਰਾਂ ਨੇ ਇਹ ਬੋਲੀ ਪਾਈ:

ਜੌਬ ਜੌਬ ਨਾ ਕਰਿਆ ਕਰ ਨੀ
ਜੌਬ ਨਾ ਕਰਨ ਸੁਖਾਲੀ
ਗਰਿਮਵੇਅ ਜਾ ਕੇ ਕਰ ਲੈ ਨੌਕਰੀ
ਜੇ ਤੈਨੂੰ ਐਨੀ ਕਾਹਲੀ
ਨੀ ਵੇਖ ਲੈ ਕੁੜੀਏ ਚੁੱਗ ਕੇ ਗਾਜਰਾਂ
ਚਮੜੀ ਹੋ ਜੂ ਕਾਲੀ
ਦਿਨਾਂ ਦੇ ਵਿਚ ਭੁੱਲ ਜਾਏਂਗੀ
ਪਾਉਣੀ ਕੋਕੇ ਨਾਲ ਦੀ ਵਾਲੀ।

## ਚਲਦੇ-ਫਿਰਦੇ




ਮਨਦੀਪ ਮਾਨ
ਫੋਨ:661-889-1927








## ਮਸ਼ਕਰੀ

### ਨਾਨਕਿਆਂ ਦੀ ਬਿਜਲੀ

ਪੰਜਾਬ ਵਿਚ ਹੋ ਰਹੇ ਬਿਜਲੀ ਉਤਪਾਦਨ ਬਾਰੇ ਇਕ ਸਕੂਲ ਦਾ ਟੀਚਰ ਕਲਾਸ ਨੂੰ ਦੱਸ ਰਿਹਾ ਸੀ ਕਿ ਕਿਥੇ ਪਣ-ਬਿਜਲੀ ਪੈਦਾ ਹੁੰਦੀ ਹੈ ਤੇ ਕਿਥੇ ਕਿਥੇ ਥਰਮਲ ਪਲਾਂਟ ਲੱਗੇ ਹੋਏ ਹਨ। ਕੰਧ ਨਾਲ ਟੰਗੇ ਹੋਏ ਨਕਸ਼ੇ 'ਤੇ ਉਨ੍ਹਾਂ ਥਾਂਵਾਂ ਦੀ ਨਿਸ਼ਾਨਦੇਹੀ ਕਰਕੇ ਉਸ ਨੇ ਵਿਦਿਆਰਥੀਆਂ ਦੀ ਪਰੀਖਿਆ ਲੈਣ ਹਿੱਤ ਇਕ ਲੜਕੇ ਨੂੰ ਪੁੱਛਿਆ ਕਿ ਬੇਟਾ ਤੂੰ ਦੱਸ ਸਕਦਾ ਏਂ ਕਿ ਤੁਹਾਡੇ ਘਰ ਬਿਜਲੀ ਕਿਥੋਂ ਆਉਂਦੀ ਏ?

"ਜੀ ਮੇਰੇ ਮਾਮਿਆਂ ਦੇ ਘਰੋਂ।" ਮੁੰਡੇ ਨੇ ਜਵਾਬ ਦਿੱਤਾ।

"ਇਸ ਦਾ ਕੀ ਸਬੂਤ ਹੈ ਤੇਰੇ ਕੋਲ?" ਅਧਿਆਪਕ ਨੇ ਝੁੰਜਲਾ ਕੇ ਪੁੱਛਿਆ।

ਮੁੰਡੇ ਨੇ ਮਾਸੂਮ ਜਿਹਾ ਮੂੰਹ ਬਣਾ ਕੇ ਉਤਰ ਦਿੱਤਾ, "ਸਰ, ਸਾਡੇ ਘਰ ਜਦੋਂ ਵੀ ਬਿਜਲੀ ਦੌੜਦੀ ਹੈ ਤਾਂ ਮੇਰੇ ਡੈਡੀ ਝੱਟ ਖਿਝ ਕੇ ਆਖਦੇ ਹਨ 'ਲਓ, ਸਾਲਿਆਂ ਨੇ ਫੇਰ ਲਾ 'ਤਾ ਕੱਟ'।"

*-ਤਰਲੋਚਨ ਸਿੰਘ ਦੁਪਾਲਪੁਰ*

# ਗੋਲਡਨ ਸਟੇਟ ਰਿਐਲਟੀ ਵਲੋਂ ਸ੍ਰੀ ਜੱਸੀ ਖੰਗੂੜਾ ਦਾ ਭਰਪੂਰ ਸਵਾਗਤ



ਰਿਐਲਟਰ ਜੱਸੀ ਗਿੱਲ (ਐਨ ਖੱਬੇ) ਸ੍ਰੀ ਜੱਸੀ ਖੰਗੂੜਾ ਨਾਲ





ਸ੍ਰੀ ਜੱਸੀ ਖੰਗੂੜਾ ਗੋਲਡਨ ਸਟੇਟ ਰਿਐਲਟੀ ਦੀ ਤਰਫੋਂ ਸ੍ਰੀ ਸੋਹਨਪ੍ਰੀਤ (ਸੈਮ) ਚਾਹਲ ਅਤੇ (ਹੇਠਾਂ) ਸ੍ਰੀ ਰਾਕੇਸ਼ ਪਾਬਲਾ ਨੂੰ ਮਲਟੀ ਮਿਲੀਅਨ ਡਾਲਰ ਪ੍ਰੋਡਿਊਸਰ ਦਾ ਐਵਾਰਡ ਦਿੰਦੇ ਹੋਏ



ਫਰੀਮਾਂਟ: ਕਿਲਾ ਰਾਏਪੁਰ ਤੋਂ ਕਾਂਗਰਸੀ ਵਿਧਾਇਕ ਸ੍ਰੀ ਜੱਸੀ ਖੰਗੂੜਾ ਦਾ ਅਮਰੀਕਾ ਪਹੁੰਚਣ ਉਤੇ ਉਥੇ ਰਿਐਲਟਰ ਜੱਸੀ ਗਿੱਲ ਅਤੇ ਸਮੁੱਚੀ ਗੋਲਡਨ ਸਟੇਟ ਰਿਐਲਟੀ ਕੰਪਨੀ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਕੁਝ ਪਤਵੰਤੇ ਸੱਜਣਾਂ ਨੂੰ ਸ੍ਰੀ ਖੰਗੂੜਾ ਨਾਲ ਮਿਲ ਕੇ ਵਿਚਾਰ ਵਟਾਂਦਰਾ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ। ਸ੍ਰੀ ਖੰਗੂੜਾ ਦੇ ਧਿਆਨ ਵਿਚ ਪਰਵਾਸੀ ਭਾਰਤੀਆਂ ਨੂੰ ਆਉਂਦੀਆਂ ਮੁਸ਼ਕਲਾਂ ਖਾਸਕਰ ਸੈਨ ਫਰਾਂਸਿਸਕੋ ਕੌਂਸਲੇਟ ਦਫਤਰ ਵਿਚ ਪਾਸਪੋਰਟ ਅਤੇ ਵੀਜ਼ਾ ਸਬੰਧੀ ਆਉਂਦੀਆਂ ਮੁਸ਼ਕਲਾਂ ਲਿਆਂਦੀਆਂ ਗਈਆਂ। ਸ੍ਰੀ ਖੰਗੂੜਾ ਨੇ ਭਰੋਸਾ ਦਿੱਤਾ ਕਿ ਉਹ ਸਬੰਧਤ ਅਧਿਕਾਰੀਆਂ ਨਾਲ ਇਨ੍ਹਾਂ ਮੁਸ਼ਕਲਾਂ ਬਾਰੇ ਵਿਚਾਰ-ਵਟਾਂਦਰਾ ਕਰਕੇ ਇਨ੍ਹਾਂ ਨੂੰ ਦੂਰ ਕਰਵਾਉਣ ਦੀ ਕੋਸ਼ਿਸ਼ ਕਰਨਗੇ।

ਇਸ ਮੌਕੇ ਗੋਲਡਨ ਸਟੇਟ ਰਿਐਲਟੀ ਦੀ ਤਰਫੋਂ ਸ੍ਰੀ ਸੋਹਨਪ੍ਰੀਤ (ਸੈਮ) ਚਾਹਲ ਅਤੇ ਸ੍ਰੀ ਰਾਕੇਸ਼ ਪਾਬਲਾ ਨੂੰ ਮਲਟੀ ਮਿਲੀਅਨ ਡਾਲਰ ਪ੍ਰੋਡਿਊਸਰ ਦਾ ਐਵਾਰਡ ਸ੍ਰੀ ਜੱਸੀ ਖੰਗੂੜਾ ਵਲੋਂ ਦਿੱਤਾ ਗਿਆ। ਸ੍ਰੀ ਸੋਹਨਪ੍ਰੀਤ ਚਾਹਲ ਨੇ ਸੈਕਰਾਮੈਂਟੋ ਇਲਾਕੇ ਵਿਚ ਜ਼ਮੀਨ-ਜਾਇਦਾਦ ਦੀ ਖਰੀਦੋ-ਫਰੋਖਤ ਵਿਚ ਗੋਲਡਨ ਸਟੇਟ ਰਿਐਲਟੀ ਦੀ ਤਰਫੋਂ ਵਧੀਆ ਸੇਵਾਵਾਂ ਮੁਹੱਈਆ ਕੀਤੀਆਂ ਹਨ ਅਤੇ ਉਸ ਇਲਾਕੇ ਵਿਚ ਉਹ ਇਕ ਨਾਮੀ ਰਿਐਲਟਰ ਹਨ। ਗੋਲਡਨ ਸਟੇਟ ਰਿਐਲਟੀ ਦੇ ਸੀ ਈ ਓ ਸ੍ਰੀ ਜਸਵਿੰਦਰ (ਜੱਸੀ) ਗਿੱਲ ਨੇ ਸ੍ਰੀ ਜੱਸੀ ਖੰਗੂੜਾ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਵਲੋਂ ਲੋਕਾਂ ਦੇ ਮਸਲੇ ਉਭਾਰਨ ਵਿਚ ਨਿਭਾਏ ਜਾ ਰਹੇ ਸਰਗਰਮ ਰੋਲ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਖੰਗੂੜਾ ਤੋਂ ਪੰਜਾਬ ਦੇ ਲੋਕਾਂ ਨੂੰ ਵੱਡੀਆਂ ਆਸਾਂ ਹਨ। ਉਹ ਖੁਦ ਪਰਵਾਸੀ ਭਾਰਤੀ ਹੋਣ ਕਰਕੇ ਪਰਵਾਸੀਆਂ ਦੀਆਂ ਸਮੱਸਿਆਵਾਂ ਸਮਝਦੇ ਹਨ ਅਤੇ ਉਨ੍ਹਾਂ ਨੂੰ ਬਾਹਰਲੇ ਮੁਲਕਾਂ ਵਿਚਲੇ ਸਿਸਟਮ ਦਾ ਪਤਾ ਹੈ। ਉਹ ਭਾਰਤੀ ਸਿਸਟਮ ਵਿਚ ਸੁਧਾਰ ਲਿਆਉਣ ਲਈ ਪੂਰੀ ਤਰ੍ਹਾਂ ਸਰਗਰਮ ਹਨ। ਸ੍ਰੀ ਜੱਸੀ ਗਿੱਲ ਨੇ ਗੋਲਡਨ ਸਟੇਟ ਰਿਐਲਟੀ ਦੀ ਵਧੀਆ ਵੈਬਸਾਈਟ ਬਣਾਉਣ ਲਈ ਰਾਕੇਸ਼ ਪਾਬਲਾ ਦਾ ਵੀ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪਾਲ ਧਾਲੀਵਾਲ, ਕਮਲਜੀਤ ਖੰਗੂੜਾ, ਹਰਪਾਲ ਸਿੱਧੂ, ਨਾਹਰ ਕੂਨਰ, ਰਾਜਾ ਗਿੱਲ, ਗੁਰਪ੍ਰੀਤ ਪਿੰਕੀ, ਰਾਜਵੀਰ ਖੰਗੂੜਾ, ਹਰਿੰਦਰ ਬਿੱਲੂ, ਬਲਵੀਰ ਸੇਖੋਂ, ਡਾ. ਹਰਕੇਸ਼ ਸੰਧੂ, ਪਰਮਿੰਦਰ ਗਿੱਲ, ਹਰਿੰਦਰ ਨਿੱਝਰ, ਜਗਦੀਸ਼ ਸਿੰਘ, ਰਣਜੀਤ ਖੰਗੂੜਾ, ਅਜਮੇਰ ਸਿੰਘ, ਸ਼ਿੰਦਾ ਭਾਊ, ਜੱਸੀ ਬਰਾੜ, ਤੇਜਿੰਦਰ ਬਰਾੜ, ਜੱਗੀ ਗਿੱਲ ਵੀ ਮੌਜੂਦ ਸਨ। ਸ੍ਰੀ ਜੱਸੀ ਗਿੱਲ ਨੇ ਆਏ ਸਾਰੇ ਮਹਿਮਾਨਾਂ ਦਾ ਦਿਲੋਂ ਧੰਨਵਾਦ ਕੀਤਾ।

# ਪੂਣੇ ਦੀ ਜਰਮਨ ਬੇਕਰੀ 'ਚ ਵੱਡਾ ਬੰਬ ਧਮਾਕਾ, 8 ਮਰੇ 40 ਜ਼ਖਮੀ

**ਪੂਣੇ :** ਪੂਣੇ 'ਚ ਓਸ਼ੋ ਆਸ਼ਰਮ ਨੇੜੇ ਜਰਮਨ ਬੇਕਰੀ 'ਚ 13 ਫਰਵਰੀ ਨੂੰ ਹੋਏ ਧਮਾਕੇ 'ਚ 8 ਵਿਅਕਤੀਆਂ ਦੀ ਮੌਤ ਤੇ 40 ਦੇ ਕਰੀਬ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜ਼ਖ਼ਮੀਆਂ ਵਿਚ ਕੁਝ ਵਿਦੇਸ਼ੀ ਨਾਗਰਿਕ ਵੀ ਦੱਸੇ ਜਾਂਦੇ ਹਨ। ਮਿਲੀਆਂ ਰਿਪੋਰਟਾਂ ਮੁਤਾਬਕ ਧਮਾਕਾ ਬਹੁਤ ਜ਼ਬਰਦਸਤ ਸੀ। ਸੂਬੇ ਦੇ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਨੇ ਇਸ ਹਾਦਸੇ ਨੂੰ ਬੇਹੱਦ ਮੰਦਭਾਗਾ ਦੱਸਿਆ।

ਜਰਮਨ ਬੇਕਰੀ ਯਹੂਦੀਆਂ ਦੇ ਧਾਰਮਿਕ ਸਥਾਨ ਦੇ ਨੇੜੇ ਦੱਸੀ ਜਾਂਦੀ ਹੈ। ਕੇਂਦਰੀ ਮੰਤਰਾਲੇ ਦੇ ਸੂਤਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਧਮਾਕੇ ਲਈ ਸੁਧਰੀ ਹੋਈ ਧਮਾਕਾਖੇਜ਼ ਸਮੱਗਰੀ ਅਰਥਾਤ ਆਈ. ਈ. ਡੀ. ਵਰਤੀ ਗਈ। ਧਮਾਕੇ ਕਾਰਨ ਜਰਮਨ ਬੇਕਰੀ ਦੇ ਆਲੇ-ਦੁਆਲੇ ਸਥਿਤ ਦੁਕਾਨਾਂ ਵੀ ਤਬਾਹ ਹੋ ਗਈਆਂ। ਬੇਕਰੀ ਦੇ ਬਾਹਰ ਇਕ ਲਾਪਤਾ ਆਟੋ ਰਿਕਸ਼ਾ ਵੀ ਖੜ੍ਹਾ ਮਿਲਿਆ, ਜਿਸ ਬਾਰੇ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਇਸ ਦੀ ਵਰਤੋਂ ਹਮਲਾਵਰਾਂ ਨੇ ਕੀਤੀ ਹੋਵੇਗੀ। ਧਮਾਕੇ ਮਗਰੋਂ ਮੁੰਬਈ ਵਿਚ ਐਲਰਟ ਜਾਰੀ ਕਰ ਦਿੱਤਾ ਗਿਆ। ਸੂਤਰਾਂ ਨੇ ਦੱਸਿਆ ਕਿ ਐਫ. ਬੀ. ਆਈ. ਵਲੋਂ ਗ੍ਰਿਫ਼ਤਾਰ ਡੇਵਿਡ ਕੋਲਮੈਨ ਹੈਡਲੀ ਨੇ ਇਸ ਇਲਾਕੇ ਦਾ 2008-09 ਵਿਚ ਵਿਸਥਾਰਤ ਦੌਰਾ ਕੀਤਾ ਸੀ। ਕੌਮੀ ਜਾਂਚ ਏਜੰਸੀ ਅਨੁਸਾਰ ਹੈਡਲੀ ਗੋਆ ਤੋਂ ਇਥੇ ਪਹੁੰਚਿਆ ਸੀ। ਸ਼ੁਰੂ ਵਿਚ ਮੰਨਿਆ ਇਹ ਜਾ ਰਿਹਾ ਸੀ ਕਿ ਹੈਡਰੀ ਓਸ਼ੋ ਆਸ਼ਰਮ ਵਿਚ ਆਉਂਦੇ ਵਿਦੇਸ਼ੀਆਂ ਨੂੰ ਨਿਸ਼ਾਨਾ ਬਣਾਉਣਾ ਚਾਹੁੰਦਾ ਸੀ, ਪਰ ਬਾਅਦ ਵਿਚ ਪਤਾ ਲੱਗਾ ਕਿ ਉਸ ਦਾ ਨਿਸ਼ਾਨਾ ਯਹੂਦੀ ਧਾਰਮਿਕ ਸਥਾਨ ਸੀ। ਮੁੰਬਈ ਵਿਚ 26/11 ਦੇ ਹਮਲੇ ਪਿਛੋਂ ਇਹ ਸਭ ਤੋਂ ਵੱਡਾ ਦਹਿਸ਼ਤੀ ਹਮਲਾ ਹੈ। ਕੇਂਦਰੀ ਗ੍ਰਹਿ ਸਕੱਤਰ ਜੀ. ਕੇ. ਪਿੱਲੇ ਨੇ ਦਿੱਲੀ ਵਿਚ ਕਿਹਾ ਕਿ ਇਹ ਸੰਭਾਵੀ ਦਹਿਸ਼ਤੀ ਹਮਲਾ ਹੈ। ਮਹਾਰਾਸ਼ਟਰ ਦੇ ਗ੍ਰਹਿ ਰਾਜ ਮੰਤਰੀ ਰਮੇਸ਼ ਬਾਗਵੇ, ਜਿਹੜੇ ਇਥੋਂ ਵਿਧਾਇਕ ਵੀ ਹਨ, ਨੇ ਦੱਸਿਆ ਕਿ 40 ਵਿਅਕਤੀ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿਚੋਂ ਤਿੰਨ ਗੰਭੀਰ ਹਨ।

ਇਸ ਦੌਰਾਨ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਇਸ ਗੱਲ ਤੋਂ ਸਾਫ਼ ਇਨਕਾਰ ਕੀਤਾ ਕਿ ਪੂਣੇ ਵਿਖੇ ਹੋਇਆ ਬੰਬ ਧਮਾਕਾ ਕਿਸੇ ਤਰ੍ਹਾਂ ਦੀ ਖੁਫ਼ੀਆ ਨਾਕਾਮੀ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਦਹਿਸ਼ਤਗਰਦਾਂ ਨੇ ਇਹ ਬੰਬ ਧੋਖੇ ਨਾਲ ਰੱਖਿਆ ਸੀ। ਜ਼ਿਕਰਯੋਗ ਹੈ ਕਿ ਆਮ ਤੌਰ 'ਤੇ ਇੱਥੇ ਵਿਦੇਸ਼ੀ ਲੋਕ ਵੀ ਮੌਜੂਦ ਹੁੰਦੇ ਹਨ। ਸਥਾਨਕ ਹਸਪਤਾਲ ਦਾ ਦੌਰਾ ਕਰਨ ਅਤੇ ਜ਼ਖ਼ਮੀਆਂ ਦਾ ਹਾਲਚਾਲ ਪੁੱਛਣ ਤੋਂ ਬਾਅਦ ਸ੍ਰੀ ਚਿਦੰਬਰਮ ਨੇ ਸਪਸ਼ਟ ਕੀਤਾ ਕਿ ਕੋਰੇਗਾਂਵ ਪਾਰਕ 'ਚ ਸਥਿਤ ਚਾਬੜ ਹਾਊਸ ਅਤੇ ਓਸ਼ੋ ਆਸ਼ਰਮ ਦੀ ਪੁਲਿਸ ਨੇ ਤਲਾਸ਼ੀ ਲਈ ਸੀ, ਕਿਉਂਕਿ ਇਹ ਸਥਾਨ ਦਹਿਸ਼ਤਗਰਦਾਂ ਦੇ ਨਿਸ਼ਾਨੇ 'ਤੇ ਸੀ। ਗ੍ਰਹਿ ਮੰਤਰੀ ਨੇ ਧਮਾਕੇ ਵਿਚ ਮਾਰੇ ਗਏ ਹਰੇਕ ਵਿਅਕਤੀ ਦੇ ਪਰਿਵਾਰ ਨੂੰ 5-5 ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਵੀ ਕੀਤਾ।ਉਨ੍ਹਾਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਨੂੰ ਸਵੈ ਸੁਰੱਖਿਆ ਦੇ ਉਪਾਅ ਕਰਨੇ ਚਾਹੀਦੇ ਹਨ, ਕਿਉਂਕਿ ਪੁਲਿਸ ਲਈ ਇਹ ਸੰਭਵ ਨਹੀਂ ਹੈ ਕਿ ਉਹ ਹਰੇਕ ਵਿਅਕਤੀ, ਉਨ੍ਹਾਂ ਦੇ ਬੈਗ ਅਤੇ ਸਥਾਨਾਂ ਦੀ ਹਰ ਸਮੇਂ ਜਾਂਚ ਕਰੇ। ਉਨ੍ਹਾਂ ਕਿਹਾ ਕਿ ਇਸ ਗੱਲ ਨੂੰ ਸਮਝਿਆ ਜਾਵੇ ਕਿ ਇਹ ਕਿਸੇ ਬੰਦੂਕਧਾਰੀ ਵਲੋਂ ਕੀਤਾ ਗਿਆ ਹਮਲਾ ਨਹੀਂ ਸੀ, ਸਗੋਂ ਇਹ ਧੋਖੇ ਨਾਲ ਪੈਕਟ 'ਚ ਰੱਖਿਆ ਗਿਆ ਬੰਬ ਪ੍ਰਤੀਤ ਹੁੰਦਾ ਹੈ। ਬੇਕਰੀ ਦੇ ਨੇੜੇ ਹੀ ਸਥਿਤ ਓਸ਼ੋ ਆਸ਼ਰਮ ਅਤੇ ਯਹੂਦੀਆਂ ਦੇ ਚਾਬੜ ਹਾਊਸ ਨੂੰ ਮੁਸ਼ਕਲ ਨਿਸ਼ਾਨਾ ਕਰਾਰ ਦਿੰਦਿਆਂ ਗ੍ਰਹਿ ਮੰਤਰੀ ਨੇ ਕਿਹਾ ਕਿ ਇਸ ਤੋਂ ਇਲਾਵਾ ਅਜਿਹੀਆਂ ਸੰਸਥਾਵਾਂ (ਜਰਮਨ ਬੇਕਰੀ ਅਤੇ ਨਾਲ ਹੀ ਸਥਿਤ ਏਤਾਲਵੀ ਰੈਸਟੋਰੈਂਟ) ਵੀ ਹਨ, ਜਿਨ੍ਹਾਂ ਨੂੰ ਆਸਾਨੀ ਨਾਲ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਦੀ ਸੂਹ ਲਸ਼ਕਰ-ਏ-ਤੋਇਬਾ ਦੇ ਅਮਰੀਕੀ ਸ਼ੱਕੀ ਦਹਿਸ਼ਤਗਰਦ ਡੇਵਿਡ ਹੇਡਲੀ ਨੇ ਭਾਰਤ ਦੌਰੇ ਦੌਰਾਨ ਲਈ ਸੀ। ਸ੍ਰੀ ਚਿਦੰਬਰਮ ਨੇ ਕਿਹਾ ਕਿ ਮਹਾਰਾਸ਼ਟਰ ਦਹਿਸ਼ਤਵਾਦ ਰੋਕੂ ਦਸਤਾ ਇਸ ਧਮਾਕੇ ਦੀ ਜਾਂਚ ਕਰੇਗਾ ਤੇ ਇਸ ਲਈ ਟੀਮ ਦਾ ਗਠਨ ਵੀ ਕਰ ਦਿੱਤਾ ਗਿਆ ਹੈ। ਗ੍ਰਹਿ ਮੰਤਰੀ ਨੇ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਕੁਝ ਵਿਅਕਤੀ ਗਾਹਕ ਦੇ ਤੌਰ 'ਤੇ ਇਸ ਬੇਕਰੀ ਵਿਚ ਆਏ ਅਤੇ ਉਨ੍ਹਾਂ ਵਿਚੋਂ ਇੱਕ ਨੇ ਬੇਕਰੀ ਦੇ ਮੇਜ਼ ਹੇਠਾਂ ਧਮਾਕਾਖੇਜ਼ ਸਮੱਗਰੀ ਵਾਲਾ ਪੈਕਟ ਰੱਖ ਦਿੱਤਾ। ਧਮਾਕੇ ਵਿਚ ਇੰਡੀਅਨ ਮੁਜ਼ਾਹੀਦੀਨ ਸਮੇਤ ਕਿਸੇ ਦਹਿਸ਼ਤਗਰਦੀ ਜਥੇਬੰਦੀ ਦਾ ਹੱਥ ਹੋਣ ਬਾਰੇ ਪੁੱਛੇ ਜਾਣ 'ਤੇ ਸ੍ਰੀ ਚਿਦੰਬਰਮ ਨੇ ਕਿਹਾ ਕਿ ਅਸੀਂ ਕਿਸੇ ਗੱਲ ਨੂੰ ਰੱਦ ਨਹੀਂ ਕਰ ਰਹੇ ਅਤੇ ਨਾ ਹੀ ਕੁਝ ਕਹਿ ਰਹੇ ਹਾਂ। ਉਨ੍ਹਾਂ ਕਿਹਾ ਕਿ ਡੇਵਿਡ ਹੇਡਲੀ ਨੇ ਚਾਬੜ ਹਾਊਸ ਦੀ ਸੂਹ ਲਈ ਸੀ, ਇਹ ਸਹੀ ਹੈ ਅਤੇ ਇਸ ਵੇਲੇ ਸਿਰਫ਼ ਇਹੋ ਇੱਕ ਤੱਥ ਸਾਡੇ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਜਾਂਚ ਦੀ ਉਡੀਕ ਕਰਨੀ ਚਾਹੀਦੀ ਹੈ ਅਤੇ ਪਤਾ ਲਗਾਉਣਾ ਚਾਹੀਦਾ ਹੈ ਕਿ ਇਸ ਘਟਨਾ ਪਿੱਛੇ ਕਿਸ ਦਾ ਹੱਥ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਇਸ ਧਮਾਕੇ ਦਾ ਮਕਸਦ ਪ੍ਰਸਤਾਵਿਤ ਭਾਰਤ-ਪਾਕਿ ਸਕੱਤਰ ਪੱਧਰੀ ਗੱਲਬਾਤ ਨੂੰ ਪ੍ਰਭਾਵਤ ਕਰਨਾ ਹੈ, ਤਾਂ ਗ੍ਰਹਿ ਮੰਤਰੀ ਨੇ ਕਿਹਾ ਕਿ ਮੈਂ ਅਜਿਹੇ ਸਵਾਲਾਂ ਦਾ ਜਵਾਬ ਦੇਣ ਲਈ ਨਹੀਂ ਆਇਆ, ਇਸ ਬਾਰੇ ਦਿੱਲੀ ਵਿਚ ਹੀ ਗੱਲਬਾਤ ਹੋਵੇਗੀ। ਸ਼ੁਰੂਆਤੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਪੂਣੇ 'ਚ ਇਸ ਧਮਾਕੇ ਦੇ ਪਿੱਛੇ ਕਿਤੇ ਨਾ ਕਿਤੇ ਪਾਕਿਸਤਾਨ ਦਾ ਹੱਥ ਹੈ, ਸੰਕੇਤ ਮਿਲ ਰਹੇ ਹਨ ਕਿ ਇਸ ਹਮਲੇ ਦੇ ਹੁਕਮ ਹੂਜੀ ਕਮਾਂਡਰ ਅਬਦੁੱਲ ਖਵਾਜਾ ਨੇ ਦਿੱਤੇ ਸਨ, ਜੋ ਅਜੇ ਪਾਕਿਸਤਾਨ ਵਿਚ ਹੈ।ਮਿਲੀ ਜਾਣਕਾਰੀ ਅਨੁਸਾਰ ਇਸ ਧਮਾਕੇ ਵਿਚ ਦਹਿਸ਼ਗਰਦਾਂ ਨੇ ਆਰ ਡੀ ਐਕਸ ਅਤੇ ਅਮੋਨੀਅਮ ਨਾਇਟਰੇਟ ਦੀ ਵਰਤੋਂ ਕੀਤੀ ਸੀ, ਇਹ ਗੱਲ ਮੰਤਰਾਲੇ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਹੀ।



ਇਸੇ ਦੌਰਾਨ ਕੇਂਦਰੀ ਗ੍ਰਹਿ ਸਕੱਤਰ ਜੀ ਕੇ ਪਿੱਲੇ ਨੇ ਕਿਹਾ ਕਿ ਮ੍ਰਿਤਕਾਂ ਵਿਚ ਕੋਈ ਵੀ ਵਿਦੇਸ਼ੀ ਨਹੀਂ ਸੀ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਵਿਚ 4 ਇਰਾਨੀ, 2 ਸੂਡਾਨੀ, 1 ਤਾਇਬਾਨੀ, 1 ਜਰਮਨੀ ਅਤੇ 2 ਨੇਪਾਲੀ ਨਾਗਰਿਕ ਹਨ। ਦੂਜੇ ਪਾਸੇ ਪੁਲਿਸ ਕਮਿਸ਼ਨਰ ਅਨੁਸਾਰ ਮ੍ਰਿਤਕਾਂ ਵਿਚ 2 ਵਿਦੇਸ਼ੀ ਵੀ ਹਨ।

ਇਸੇ ਦੌਰਾਨ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ 25 ਫਰਵਰੀ ਨੂੰ ਹੋਣ ਵਾਲੀ ਵਿਦੇਸ਼ ਸਕੱਤਰ ਪੱਧਰੀ ਗੱਲਬਾਤ ਦੇ ਭਵਿੱਖ 'ਤੇ ਕਿਸੇ ਵੀ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਦੂਜੇ ਪਾਸੇ ਸੂਤਰਾਂ ਦਾ ਕਹਿਣਾ ਹੈ ਕਿ ਭਾਰਤ-ਪਾਕਿ ਗੱਲਬਾਤ ਨਹੀਂ ਰੁਕੇਗੀ। ਦਿੱਲੀ, ਕਾਨਪੁਰ ਤੇ ਇੰਦੌਰ 'ਚ ਰੈਡ ਅਲਰਟਪੂਣੇ ਵਿਖੇ ਹੋਏ ਧਮਾਕੇ ਦੇ ਮੱਦੇਨਜ਼ਰ ਰਾਸ਼ਟਰੀ ਰਾਜਧਾਨੀ ਸਮੇਤ ਦੇਸ਼ ਦੇ ਤਿੰਨ ਸ਼ਹਿਰਾਂ 'ਚ ਰੈਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਅਜਿਹੀ ਖੁਫ਼ੀਆ ਜਾਣਕਾਰੀ ਮਿਲੀ ਹੈ ਕਿ ਦਹਿਸ਼ਤਗਰਦ ਦਿੱਲੀ, ਕਾਨਪੁਰ ਅਤੇ ਇੰਦੌਰ ਦੀਆਂ ਜਨਤਕ ਥਾਵਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਦੀ ਅਗਵਾਈ ਵਿਚ ਇੱਕ ਉਚ ਪੱਧਰੀ ਮੀਟਿੰਗ ਤੋਂ ਬਾਅਦ ਰੈਡ ਅਲਰਟ ਜਾਰੀ ਕੀਤਾ ਗਿਆ ਹੈ।ਇਸ ਮੀਟਿੰਗ ਵਿਚ ਦੇਸ਼ ਭਰ ਦੇ ਸੁਰੱਖਿਆ ਹਾਲਾਤ ਦੀ ਸਮੀਖਿਆ ਕੀਤੀ ਗਈ। ਮੀਟਿੰਗ ਤੋਂ ਬਾਅਦ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕਰਕੇ ਪੂਣੇ ਵਿਖੇ ਹੋਏ ਧਮਾਕੇ ਬਾਰੇ ਵੇਰਵਾ ਦਿੱਤਾ। ਪ੍ਰਧਾਨ ਮੰਤਰੀ ਨੇ ਇਸ ਮਾਮਲੇ ਦੀ ਜਾਂਚ ਤੇਜ਼ੀ ਨਾਲ ਕਰਨ ਲਈ ਕਿਹਾ ਅਤੇ ਪ੍ਰਭਾਵੀ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ। ਪ੍ਰਧਾਨ ਮੰਤਰੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਲਈ 2-2 ਲੱਖ ਤੇ ਜ਼ਖ਼ਮੀਆਂ ਲਈ 1-1 ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ।

## ਧਮਾਕੇ ਦੇ ਬਾਵਜੂਦ ਖੌਫਜ਼ਦਾ ਨਹੀਂ ਹਨ ਵਿਦੇਸ਼ੀ ਸੈਲਾਨੀ

**ਪੂਣੇ :** ਇਥੋਂ ਦੀ ਜਰਮਨ ਬੇਕਰੀ ਵਿਚ ਹੋਏ ਧਮਾਕੇ ਵਿਚ ਇਕ ਇਤਾਲਵੀ ਮਹਿਲਾ ਤੇ ਇਰਾਨ ਦਾ ਇਕ ਵਿਦਿਆਰਥੀ ਵੀ ਮਾਰੇ ਗਏ ਹਨ। ਸ਼ਹਿਰ ਦੇ ਪੁਲੀਸ ਕਮਿਸ਼ਨਰ ਸਤਿਆਪਾਲ ਸਿੰਘ ਨੇ ਦੱਸਿਆ ਕਿ ਮਾਰੇ ਗਏ ਸਾਰੇ ਨੌਂ ਜਣਿਆਂ ਦੀ ਸ਼ਨਾਖਤ ਹੋ ਗਈ ਹੈ।

ਮਰਨ ਵਾਲੀ ਇਤਾਲਵੀ ਮਹਿਲਾ ਨਾਦੀਆ ਮੈਸਰਿਨੀ ਤੇ ਇਰਾਨੀ ਵਿਦਿਆਰਥੀ ਦਾ ਨਾਮ ਸਈਦ ਅਬਦੁਲ ਖਾਰੀ ਸੀ, ਜੋ ਇਥੇ ਸਿੰਬਿਔਸਿਸ ਇੰਸਟੀਚਿਊਟ ਵਿਚ ਪੜ੍ਹਦਾ ਸੀ। ਬਾਕੀ ਮਰਨ ਵਾਲਿਆਂ ਵਿਚ ਭੈਣ-ਭਰਾ ਅੰਕਿਤ ਤੇ ਆਨੰਦੀ ਧਰ (ਕੋਲਕਾਤਾ), ਟੀ.ਸੁੰਦਰੀ (ਬੰਗਲੌਰ), ਵਿਨੀਤਾ ਗਦਾਨੀ (ਮੁੰਬਈ), ਸ਼ਿਲਪਾ ਗੋਇਨਕਾ (ਕੋਲਕਾਤਾ), ਸ਼ੰਕਰ ਪੰਸਾਰੀ (ਪੁਣੇ) ਤੇ ਗੋਕਲ ਨਿਪਾਲੀ-ਵੇਟਰ ਸ਼ਾਮਲ ਹਨ। ਜ਼ਖਮੀਆਂ ਵਿਚ ਵੀ 12 ਵਿਦੇਸ਼ੀ ਹਨ। ਹੁਣ ਤੱਕ 19 ਜ਼ਖਮੀਆਂ ਨੂੰ ਹਸਪਤਾਲੋਂ ਛੁੱਟੀ ਦਿੱਤੀ ਗਈ ਹੈ ਤੇ 41 ਜਣੇ ਹਾਲੇ ਵੀ ਹਸਪਤਾਲ ਵਿਚ ਹਨ। ਇਸ ਕੇਸ ਵਿਚ ਹਾਲੇ ਕਿਸੇ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ। ਸ੍ਰੀ ਸਤਿਆਪਾਲ ਸਿੰਘ ਨੇ ਦਾਅਵਾ ਕੀਤਾ ਹੈ ਕਿ ਇਹ ਮਾਮਲਾ ਜਲਦੀ ਹੀ ਹੱਲ ਕਰ ਲਿਆ ਜਾਏਗਾ। ਵਿਦੇਸ਼ੀਆਂ ਸਮੇਤ ਵੱਡੀ ਗਿਣਤੀ ਲੋਕ ਜਰਮਨ ਬੇਕਰੀ ਨੂੰ ਦੇਖਣ ਆ ਰਹੇ ਹਨ। 26/11 ਦੇ ਹਮਲੇ ਮਗਰੋਂ ਦਾ ਇਹ ਵੱਡਾ ਹਮਲਾ ਸਮਝਿਆ ਜਾਂਦਾ ਹੈ।

'ਇਕ ਦੂਜੇ ਨੂੰ ਮਿਲਣ ਤੇ ਖਾਣ-ਪੀਣ' ਲਈ ਬਿਹਤਰ ਥਾਂ ਸਮਝੀ ਜਾਂਦੀ ਇਹ ਜਰਮਨ ਬੇਕਰੀ ਸ਼ਹਿਰ ਦੇ ਪੌਸ਼ ਖੇਤਰ ਵਿਚ ਸਥਿਤ ਹੈ। ਇਕ ਸਥਾਨਕ ਵਿਅਕਤੀ ਪਰੇਸ਼ ਥੋਰਟ ਨੇ ਦੱਸਿਆ ਕਿ ਜਰਮਨ ਬੇਕਰੀ ਉਹ ਥਾਂ ਹੈ, ਜਿਥੇ ਉਹ ਆਪਣੇ ਦੋਸਤਾਂ-ਮਿੱਤਰਾਂ ਨੂੰ ਮਿਲਣ ਤੇ ਖਾਣ ਪੀਣ ਆਉਂਦਾ ਸੀ। ਉਹ ਆਪਣੇ ਬਾਹਰੋਂ ਆਏ ਦੋਸਤਾਂ ਨੂੰ ਵੀ ਇਥੇ ਲਿਆਉਂਦਾ ਸੀ ਤੇ ਫਿਰ ਓਸ਼ੋ ਆਸ਼ਰਮ ਆਦਿ ਦਿਖਾਉਣ ਲਿਜਾਂਦਾ ਸੀ। ਉਹਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਇੰਝ ਵਾਪਰ ਜਾਏਗਾ। ਕੋਰੇਗਾਓਂ ਪਾਰਕ ਖੇਤਰ ਤੇ ਇਹਦੇ ਆਲੇ ਦੁਆਲੇ ਲਈ ਪਿਆਰ ਦਾ ਪ੍ਰਗਟਾਵਾ ਕਰਦੇ ਵਿਦੇਸ਼ੀ ਵੀ ਸਥਾਨਕ ਲੋਕਾਂ ਨਾਲ ਗੱਲੀਂ ਪਏ ਹੋਏ ਸਨ।

ਇਕ ਵਿਦੇਸ਼ੀ ਨਾਗਰਿਕ ਰੇਨੀ ਨੇ ਕਿਹਾ ਕਿ ਉਹਨੂੰ ਪ੍ਰਵਾਹ ਨਹੀਂ। ਅਜਿਹਾ ਕੁਝ ਤਾਂ ਦੁਨੀਆਂ ਵਿਚ ਕਿਤੇ ਵੀ ਹੋ ਸਕਦਾ ਹੈ ਤੇ ਇਹ ਚੰਗੀ ਥਾਂ ਹੈ। ਉਹ ਮੰਨਦੀ ਹੈ ਕਿ ਅਤਿਵਾਦੀ ਉਨ੍ਹਾਂ ਨੂੰ ਖੌਫਜ਼ਦਾ ਨਹੀਂ ਕਰ ਸਕੇ। ਇਕ ਹੋਰ ਵਿਦੇਸ਼ੀ ਜੁਆਨ ਨੇ ਕਿਹਾ ਕਿ ਕੋਈ ਵੀ ਚੀਜ਼ ਉਹਨੂੰ ਇਥੇ ਆਉਣੋਂ ਨਹੀਂ ਰੋਕ ਸਕਦੀ। ਪੁਲੀਸ ਵਲੋਂ ਇਲਾਕੇ ਦੀ ਘੇਰਾਬੰਦੀ ਕਰਕੇ ਜਾਂਚ ਲਈ ਇਸ ਥਾਂ ਤੋਂ ਸਬੂਤ ਇਕੱਠੇ ਕੀਤੇ ਜਾ ਰਹੇ ਹਨ।

# ਪੂਣੇ ਧਮਾਕੇ ਦੇ ਪਰਛਾਵੇਂ ਹੇਠ ਪਾਕਿ ਨਾਲ ਗੱਲਬਾਤ 25 ਨੂੰ

**ਨਵੀਂ ਦਿੱਲੀ :** ਪੂਣੇ ਵਿਚ 13 ਫਰਵਰੀ ਨੂੰ ਹੋਏ ਬੰਬ ਧਮਾਕੇ ਦਾ ਪਰਛਾਵਾਂ ਭਾਰਤ ਤੇ ਪਾਕਿਸਤਾਨ ਦੀ 25 ਫਰਵਰੀ ਨੂੰ ਹੋਣ ਵਾਲੀ ਵਿਦੇਸ਼ ਸਕੱਤਰ ਪੱਧਰੀ ਗੱਲਬਾਤ ਉੱਤੇ ਵੀ ਪੈਣ ਦਾ ਖਦਸ਼ਾ ਹੈ ਕਿਉਂਕਿ ਇਸ ਧਮਾਕੇ ਕਾਰਨ ਗੱਲਬਾਤ ਦਾ ਵਿਰੋਧ ਹੋਣ ਦੇ ਸਿੱਟੇ ਵਜੋਂ ਸਰਕਾਰ ਲਈ ਵਾਰਤਾ ਸਬੰਧੀ ਅੱਗੇ ਵਧਣਾ ਮੁਸ਼ਕਲ ਹੋਵੇਗਾ। ਸੰਭਾਵਨਾ ਹੈ ਕਿ ਜਦੋਂ ਪੂਣੇ ਧਮਾਕੇ ਦੀ ਜਾਂਚ ਦੇ ਕੁਝ ਵੇਰਵੇ ਸਾਹਮਣੇ ਆ ਜਾਣਗੇ ਤਾਂ ਇਸ ਸਬੰਧੀ ਸਰਕਾਰ ਵਲੋਂ 25 ਫਰਵਰੀ ਤੋਂ ਪਹਿਲਾਂ ਸਾਰੇ ਪੱਖ ਵਿਚਾਰ ਕੇ ਹੀ ਅਗਲਾ ਕਦਮ ਪੁੱਟਿਆ ਜਾਵੇਗਾ। ਵਿਦੇਸ਼ੀ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਵੀ ਹਾਲੇ ਕੋਈ ਟਿੱਪਣੀ ਕਰਨ ਤੋਂ ਨਾਂਹ ਕੀਤੀ ਹੈ ਜਦੋਂ ਕਿ ਭਾਜਪਾ ਨੇ ਗੱਲਬਾਤ ਰੱਦ ਕਰਨ ਦੀ ਮੰਗ ਕੀਤੀ ਹੈ।



ਫਿਲਹਾਲ ਸਰਕਾਰ ਨੇ ਇਹੋ ਕਿਹਾ ਹੈ ਕਿ ਗੱਲਬਾਤ ਦੇ ਪ੍ਰੋਗਰਾਮ ਵਿਚ ਹਾਲੇ ਕੋਈ ਤਬਦੀਲੀ ਨਹੀਂ ਹੋਈ ਅਤੇ ਇਸ ਬਾਰੇ ਕੁਝ ਕਹਿਣ ਤੋਂ ਪਹਿਲਾਂ ਜਾਂਚ ਪੂਰੀ ਹੋਣੀ ਜ਼ਰੂਰੀ ਹੈ। ਸਰਕਾਰ ਨੇ ਕਿਹਾ ਹੈ ਕਿ ਉਂਝ ਜਾਂਚ ਪੂਰੀ ਹੋਣ ਤੋਂ ਬਾਅਦ ਸਰਕਾਰ ਵਲੋਂ ਗੱਲਬਾਤ ਦੇ ਹਵਾਲੇ ਨਾਲ ਹਮਲੇ ਦਾ ਮਾਮਲਾ ਵਿਚਾਰਿਆ ਜਾਵੇਗਾ।

ਗੌਰਤਲਬ ਹੈ ਕਿ ਭਾਰਤ ਪਹਿਲਾਂ ਹੀ 26/11 ਹਮਲੇ ਕਾਰਨ ਪਾਕਿਸਤਾਨ ਨਾਲ ਗੱਲ ਕਰਨ ਲਈ ਤਿਆਰ ਨਹੀਂ ਸੀ ਅਤੇ ਸਰਕਾਰ ਨੇ ਕਰੀਬ ਦੋ ਹਫਤੇ ਪਹਿਲਾਂ ਹੀ ਵਿਦੇਸ਼ ਸਕੱਤਰ ਪੱਧਰੀ ਗੱਲਬਾਤ ਲਈ ਹਾਮੀ ਭਰੀ ਸੀ। ਇਹ ਵੀ ਅਹਿਮ ਗੱਲ ਹੈ ਕਿ ਗੱਲਬਾਤ ਦੀ ਤਰੀਕ ਸ਼ਨਿਚਰਵਾਰ ਨੂੰ ਪੂਣੇ ਦੀ ਜਰਮਨ ਬੇਕਰੀ ਵਿਚ ਹੋਏ ਧਮਾਕੇ ਤੋਂ ਇਕ ਦਿਨ ਪਹਿਲਾਂ ਹੀ ਤੈਅ ਹੋਈ ਸੀ। ਇਸ ਸਬੰਧੀ ਸੂਤਰਾਂ ਨੇ ਕਿਹਾ, "ਫਿਲਹਾਲ ਗੱਲਬਾਤ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਹਾਲੇ ਇਹ ਸਪਸ਼ਟ ਨਹੀਂ ਹੈ ਕਿ ਹਮਲੇ ਪਿੱਛੇ ਕਿਸ ਦਾ ਹੱਥ ਹੈ। ਇਕ ਵਾਰ ਜਾਂਚ ਮੁਕੰਮਲ ਹੋ ਜਾਵੇ ਫੇਰ ਗੱਲਬਾਤ ਬਾਰੇ ਸੋਚਿਆ ਜਾਵੇਗਾ।" ਸੂਤਰਾਂ ਨੇ ਕਿਹਾ ਕਿ ਅਜਿਹੇ ਹਮਲਿਆਂ ਦਾ ਭਾਰਤ-ਪਾਕਿ ਸਬੰਧਾਂ ਉੱਤੇ ਅਸਰ ਜ਼ਰੂਰ ਪਵੇਗਾ। ਉਨ੍ਹਾਂ ਨਾਲ ਹੀ ਕਿਹਾ ਕਿ ਜਦੋਂ ਸਕੱਤਰ ਪੱਧਰ ਦੀ ਗੱਲਬਾਤ ਦਾ ਫੈਸਲਾ ਕੀਤਾ ਗਿਆ ਉਦੋਂ ਵੀ ਅਜਿਹੇ ਹਮਲੇ ਦਾ ਖਤਰਾ ਵਿਚਾਰਿਆ ਗਿਆ ਸੀ।ਦੂਜੇ ਪਾਸੇ ਭਾਜਪਾ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਗੱਲਬਾਤ ਰੱਦ ਕਰ ਦਿੱਤੀ ਜਾਵੇ। ਪਾਰਟੀ ਦੀ ਇਕ ਮੀਟਿੰਗ ਤੋਂ ਬਾਅਦ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਅਰੁਣ ਜੇਤਲੀ ਨੇ ਕਿਹਾ ਕਿ 'ਦਹਿਸ਼ਤਗਰਦੀ ਅਤੇ ਗੱਲਬਾਤ' ਨਾਲੋ-ਨਾਲ ਨਹੀਂ ਚੱਲ ਸਕਦੇ। ਜਦੋਂ ਭਾਰਤ ਉੱਤੇ ਦਹਿਸ਼ਤਗਰਦੀ ਹਮਲਾ ਹੋਵੇ ਤਾਂ "ਗੱਲਬਾਤ ਨਾ ਕਰਨੀ" ਹੀ ਇਕ ਵਾਜਬ ਸਫਾਰਤੀ ਬਦਲ ਬਣਦਾ ਹੈ।" ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਵੀ ਕਿਹਾ ਕਿ ਭਾਰਤ ਨੂੰ ਪਾਕਿਸਤਾਨ ਨਾਲ ਉਦੋਂ ਤਕ ਕੋਈ ਗੱਲਬਾਤ ਨਹੀਂ ਕਰਨੀ ਚਾਹੀਦੀ ਜਦੋਂ ਤਕ ਉਹ ਮੁੰਬਈ ਹਮਲਿਆਂ ਦੇ ਕੇਸ ਵਿਚ ਕੋਈ ਕਾਰਵਾਈ ਨਹੀਂ ਕਰਦਾ। ਸ੍ਰੀ ਜੇਤਲੀ ਨੇ ਹੋਰ ਕਿਹਾ, "ਸਰਕਾਰ ਨੇ ਹਾਲ ਹੀ ਵਿਚ ਕੁਝ ਕਾਹਲੀ ਵਾਲੇ ਤੇ ਖਤਰੇ ਭਰੇ ਕਦਮ ਉਠਾਏ ਹਨ...ਭਾਜਪਾ ਦੀ ਸਰਕਾਰ ਤੋਂ ਮੰਗ ਹੈ ਕਿ ਇਨ੍ਹਾਂ ਦੋਹਾਂ ਕਦਮਾਂ ਬਾਰੇ ਮੁੜ ਤੋਂ ਵਿਚਾਰ ਕਰੇ...ਜਿਨ੍ਹਾਂ ਵਿਚ ਮਕਬੂਜ਼ਾ, ਕਸ਼ਮੀਰ ਤੋਂ ਨੌਜਵਾਨਾਂ ਨੂੰ ਵਾਪਸੀ ਦੀ ਇਜਾਜ਼ਤ ਦੇਣਾ ਤੇ ਗੱਲਬਾਤ ਮੁੜ ਸ਼ੁਰੂ ਕਰਨਾ ਸ਼ਾਮਲ ਹੈ।"



ਦੂਜੇ ਪਾਸੇ ਇਸਲਾਮਾਬਾਦ ਵਿਚ ਗੱਲਬਾਤ ਸਬੰਧੀ ਸਵਾਲਾਂ ਦੇ ਜਵਾਬ ਦਿੰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਕਿਹਾ, "ਪਾਕਿਸਤਾਨ ਹਮੇਸ਼ਾ ਭਾਰਤ ਨਾਲ ਵਧੀਆ ਸਬੰਧ ਚਾਹੁੰਦਾ ਹੈ ਅਤੇ ਇਸ ਸਬੰਧੀ ਅਰਥਪੂਰਨ ਗੱਲਬਾਤ ਵੀ ਹੋਣੀ ਚਾਹੀਦੀ ਹੈ।" ਉਨ੍ਹਾਂ ਧਮਾਕੇ ਦੀ ਵੀ ਸਖਤ ਨਿਖੇਧੀ ਕੀਤੀ ਅਤੇ ਕਿਹਾ ਕਿ ਪਾਕਿਸਤਾਨ ਹਮੇਸ਼ਾ ਦਹਿਸ਼ਤਗਰਦੀ ਦਾ ਵਿਰੋਧ ਕਰਦਾ ਹੈ।

ਪਾਕਿਸਤਾਨ ਨੇ ਪਿਛਲੇ ਕਈ ਦਿਨਾਂ ਤੋਂ ਲਗਾਈਆਂ ਜਾ ਰਹੀਆਂ ਕਿਆਸਅਰਾਈਆਂ ਨੂੰ ਦੂਰ ਕਰਦਿਆਂ ਕਿਹਾ ਕਿ ਭਾਰਤ ਨਾਲ ਵਿਦੇਸ਼ ਸਕੱਤਰ ਪੱਧਰੀ ਗੱਲਬਾਤ 25 ਫਰਵਰੀ ਨੂੰ ਨਵੀਂ ਦਿੱਲੀ 'ਚ ਹੋਵੇਗੀ, ਜਿਸ ਦੌਰਾਨ ਸਾਰੇ ਅਹਿਮ ਮੁੱਦਿਆਂ ਨੂੰ ਉਠਾਇਆ ਜਾਵੇਗਾ ਤੇ ਮੁਕੰਮਲ ਗੱਲਬਾਤ ਦੇ ਜ਼ਰੀਏ ਇਨ੍ਹਾਂ ਮੁੱਦਿਆਂ ਦੇ ਹੱਲ ਲਈ ਜ਼ੋਰ ਦਿੱਤਾ ਜਾਵੇਗਾ।ਪ੍ਰਧਾਨ ਮੰਤਰੀ ਦਫ਼ਤਰ ਤੋਂ ਜਾਰੀ ਇੱਕ ਬਿਆਨ ਅਨੁਸਾਰ 25 ਫਰਵਰੀ ਨੂੰ ਨਵੀਂ ਦਿੱਲੀ ਵਿਚ ਵਿਦੇਸ਼ ਸਕੱਤਰ ਪੱਧਰੀ ਗੱਲਬਾਤ ਸਬੰਧੀ ਫੈਸਲਾ ਪਾਕਿ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਅਤੇ ਪਾਕਿ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਦੌਰਾਨ ਹੋਈ ਮੀਟਿੰਗ ਵਿਚ ਲਿਆ ਗਿਆ। ਇਹ ਮੀਟਿੰਗ ਪਾਕਿ ਪ੍ਰਧਾਨ ਮੰਤਰੀ ਦੇ ਨਿਵਾਸ ਸਥਾਨ 'ਤੇ ਹੋਈ। ਜ਼ਿਕਰਯੋਗ ਹੈ ਕਿ ਭਾਰਤ ਦੀ ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ ਆਪਣੇ ਹਮਰੁਤਬਾ ਪਾਕਿਸਤਾਨੀ ਸਲਮਾਨ ਬਸ਼ੀਰ ਨੂੰ ਗੱਲਬਾਤ ਲਈ ਨਵੀਂ ਦਿੱਲੀ ਵਿਖੇ ਸੱਦਿਆ ਸੀ। ਭਾਰਤ ਨੇ ਕਿਹਾ ਕਿ ਗੱਲਬਾਤ ਦਹਿਸ਼ਤਵਾਦ 'ਤੇ ਕੇਂਦਰਿਤ ਹੋਵੇਗੀ, ਪਰ ਉਹ ਉਨ੍ਹਾਂ ਮੁੱਦਿਆਂ 'ਤੇ ਗੱਲਬਾਤ ਲਈ ਵੀ ਤਿਆਰ ਹਨ ਜੋ ਪਾਕਿਸਤਾਨ ਉਠਾਉਣਾ ਚਾਹੁੰਦਾ ਹੈ। ਦੱਸਣਾ ਬਣਦਾ ਹੈ ਕਿ ਬੀਤੇ ਦਿਨੀਂ ਭਾਰਤ ਨੇ ਨਵੀਂ ਦਿੱਲੀ ਵਿਚ ਮੀਟਿੰਗ ਲਈ 18 ਅਤੇ 25 ਫਰਵਰੀ ਦੀ ਤਾਰੀਖ਼ ਦਾ ਪ੍ਰਸਤਾਵ ਰੱਖਿਆ ਸੀ। ਬਿਆਨ 'ਚ ਕਿਹਾ ਗਿਆ ਹੈ ਕਿ ਗੱਲਬਾਤ ਦੌਰਾਨ ਪਾਕਿਸਤਾਨੀ ਧਿਰ ਨੂੰ ਸਾਰੇ ਪ੍ਰਮੁੱਖ ਮੁੱਦੇ ਉਠਾਣੇ ਚਾਹੀਦੇ ਹਨ ਅਤੇ ਇਨ੍ਹਾਂ ਦੇ ਜਲਦ ਹੱਲ ਲਈ ਮੁਕੰਮਲ ਗੱਲਬਾਤ ਬਹਾਲ ਕੀਤੇ ਜਾਣ ਦੀ ਜ਼ਰੂਰਤ ਬਾਰੇ ਭਾਰਤ ਨੂੰ ਦੱਸਣਾ ਚਾਹੀਦਾ ਹੈ। ਜਨਾਬ ਗਿਲਾਨੀ ਨੇ ਮੀਟਿੰਗ 'ਚ ਮੌਜੂਦ ਜਨਾਬ ਬਸ਼ੀਰ ਨੂੰ ਹੁਕਮ ਦਿੱਤਾ ਕਿ ਭਾਰਤੀ ਹਮਰੁਤਬਾ ਨਾਲ ਉਨ੍ਹਾਂ ਦੀ ਗੱਲਬਾਤ ਫੈਸਲਾਕੁੰਨ ਅਤੇ ਸਾਰਥਕ ਹੋਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਕਸ਼ਮੀਰ ਨਾਲ ਸਬੰਧਤ ਸੰਸਦੀ ਕਮੇਟੀ ਦੇ ਮੁਖੀ ਅਤੇ ਜਮੀਅਤ-ਏ-ਓਲੇਮਾ ਇਸਲਾਮੀ ਦੇ ਮੁਖੀ ਮੌਲਾਨਾ ਫਜਲੂਰ ਰਹਿਮਾਨ ਵੀ ਮੀਟਿੰਗ ਵਿਚ ਮੌਜੂਦ ਸਨ।

ਮੁੰਬਈ ਦਹਿਸ਼ਤਗਰਦੀ ਹਮਲੇ ਦੇ ਸਿਲਸਿਲੇ ਵਿਚ ਪਾਕਿਸਤਾਨ ਵਲੋਂ ਹੋਈ ਪ੍ਰਗਤੀ ਦੀ ਸਮੀਖਿਆ ਲਈ ਸ੍ਰੀ ਰਾਓ ਅਤੇ ਜਨਾਬ ਬਸ਼ੀਰ ਦੀ ਪਹਿਲਾਂ ਸਤੰਬਰ 'ਚ ਨਿਊਯਾਰਕ ਵਿਖੇ ਵੀ ਗੱਲਬਾਤ ਹੋਈ ਸੀ।


## ਮਾਓਵਾਦੀਆਂ ਨੇ ਹਮਲੇ 'ਚ 24 ਜਵਾਨ ਮਾਰੇ

**ਕੋਲਕਾਤਾ :** ਪੱਛਮੀ ਮਿਦਨਾਪੁਰ ਜ਼ਿਲੇ ਦੇ ਸਿਲਦਾ ਵਿਚ ਨੀਮ ਫੌਜ਼ੀ ਬਲਾਂ ਦੇ ਇਕ ਕੈਂਪ ਉਤੇ ਮਾਓਵਾਦੀਆਂ ਦੇ ਇਕ ਹਮਲੇ ਵਿਚ ਈ.ਐਫ.ਆਰ. ਦੇ ਘੱਟੋ-ਘੱਟ 24 ਜਵਾਨਾਂ ਦੀ ਮੌਤ ਹੋ ਗਈ। 15 ਫਰਵਰੀ ਨੂੰ ਹਮਲਾ ਕਰਨ ਤੋਂ ਪਹਿਲਾਂ ਮਾਓਵਾਦੀਆਂ ਨੇ ਈਸਟਰਨ ਫਰੰਟੀਅਰ ਰਾਈਫਲ (ਈ.ਐੱਫ.ਆਰ.) ਦੇ ਕੈਂਪ ਵਿਚ ਅੱਗ ਲਗਾ ਦਿੱਤੀ। ਜ਼ਿਲਾ ਮੈਜਿਸਟਰੇਟ ਐੱਨ.ਐੱਸ.ਨਿਗਮ ਦੇ ਮਿਦਨਾਪੁਰ ਤੋਂ ਉਕਤ ਜਾਣਕਾਰੀ ਦਿੱਤੀ।

ਓਧਰ ਦੂਜੇ ਪਾਸੇ ਮਾਓਵਾਦੀਆਂ ਨੇ ਜ਼ਿਲੇ ਦੇ ਧਰਮਪੁਰ ਵਿਚ ਸੀ.ਆਰ.ਪੀ. ਐੱਫ. ਦੇ ਇਕ ਕੈਂਪ 'ਤੇ ਵੀ ਹਮਲਾ ਕੀਤਾ। ਸੂਤਰਾਂ ਨੇ ਦਸਿਆ ਕਿ 40 ਹਥਿਆਰਬੰਦ ਮਾਓਵਾਦੀਆਂ ਦੇ ਟੋਲੇ ਨੇ ਰਾਤ ਕਰੀਬ 8.30 ਵਜੇ ਸੀ.ਆਰ.ਪੀ.ਐਫ. ਕੈਂਪ ਤੇ ਹਮਲਾ ਕੀਤਾ ਜਿਸ ਤੋਂ ਬਾਅਦ ਜਵਾਨਾਂ ਨੇ ਜਵਾਬੀ ਕਾਰਵਾਈ ਕੀਤੀ। ਨਿਗਮ ਨੇ ਦਸਿਆ ਕਿ ਮੋਟਰਸਾਈਕਲਾਂ ਅਤੇ ਹੋਰ ਵਾਹਨਾਂ 'ਤੇ ਸਵਾਰ ਹੋ ਕੇ ਹਥਿਆਰਾਂ ਨਾਲ ਲੈਸ ਘੱਟੋ-ਘੱਟ 100 ਮਾਓਵਾਦੀ ਸਿਲਦਾ ਕੈਂਪ ਪਹੁੰਚੇ ਅਤੇ ਸ਼ਾਮ ਕਰੀਬ 5.30 ਵਜੇ ਕੈਂਪ ਵਿਚ ਦਾਖਲ ਹੋਣ ਤੋਂ ਪਹਿਲਾਂ ਉਸਦੇ ਨੇੜੇ ਬਾਰੂਦੀ ਸੁਰੰਗਾਂ ਨਾਲ ਧਮਾਕਾ ਕੀਤਾ ਅਤੇ ਗੋਲੀਬਾਰੀ ਸ਼ੁਰੂ ਕਰ ਦਿਤੀ। ਸੂਤਰਾਂ ਨੇ ਦਸਿਆ ਕਿ ਹਮਲੇ ਸਮੇਂ ਕੈਂਪ ਵਿਚ 51 ਜਵਾਨ ਅਤੇ ਅਧਿਕਾਰੀ ਮੌਜੂਦ ਸਨ।

ਜਿਸ ਸਮੇਂ ਹਮਲਾ ਹੋਇਆ, ਉਸ ਸਮੇਂ ਜਵਾਨ ਚੌਕਸ ਨਹੀਂ ਸਨ ਤੇ ਉਹ ਰਸੋਈ ਦੇ ਜਾਂ ਹੋਰ ਕੰਮਾਂ ਵਿਚ ਰੁਝੇ ਹੋਏ ਸਨ। ਇਸੇ ਦੌਰਾਨ ਮਾਓਵਾਦੀ ਆਗੂ ਕਿਸ਼ਨ ਜੀ ਨੇ ਇਸ ਮਾਮਲੇ ਦੀ ਜ਼ਿੰਮੇਵਾਰੀ ਲਈ ਹੈ।

# 1984 ਦੇ ਦੰਗਿਆਂ ਦੇ ਮਾਮਲੇ 'ਚ ਟਾਈਟਲਰ ਨੂੰ ਸੀ. ਬੀ. ਆਈ. ਵਲੋਂ ਮੁੜ ਕਲੀਨ ਚਿੱਟ



**ਨਵੀਂ ਦਿੱਲੀ :** ਸਾਲ 1984 ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਸਾਬਕਾ ਕੇਂਦਰੀ ਮੰਤਰੀ ਜਗਦੀਸ਼ ਟਾਈਟਲਰ ਨੂੰ ਕਲੀਨਚਿੱਟ ਦੇਣ ਵਾਲੀ ਆਪਣੀ ਸਮਾਪਤੀ ਰਿਪੋਰਟ ਦੇ ਨਾਲ-ਨਾਲ ਸੀ. ਬੀ. ਆਈ. ਨੇ ਦਿੱਲੀ ਦੀ ਇਕ ਅਦਾਲਤ ਸਾਹਮਣੇ ਆਪਣੀਆਂ ਦਲੀਲਾਂ ਪੇਸ਼ ਕੀਤੀਆਂ ਅਤੇ ਗਵਾਹਾਂ ਦੇ ਬਿਆਨਾਂ ਨੂੰ ਝੂਠਾ ਅਤੇ ਘੜਿਆ ਹੋਇਆ ਕਰਾਰ ਦਿੱਤਾ। ਸੀ. ਬੀ. ਆਈ. ਦੇ ਵਕੀਲ ਸੰਜੇ ਕੁਮਾਰ ਨੇ ਐਡੀਸ਼ਨਲ ਚੀਫ ਮੈਟਰੋਪੋਲੀਟਿਨ ਮੈਜਿਸਟ੍ਰੇਟ ਰਾਜੇਸ਼ ਪੰਡਿਤ ਸਾਹਮਣੇ ਦਲੀਲ ਦਿੰਦੇ ਹੋਏ ਕਿਹਾ ਕਿ ਗਵਾਹ ਜਸਬੀਰ ਸਿੰਘ ਦਾ ਬਿਆਨ ਪੂਰੀ ਤਰ੍ਹਾਂ ਝੂਠਾ ਅਤੇ ਘੜਿਆ ਹੋਇਆ ਹੈ। ਉਨ੍ਹਾਂ ਨੇ ਗਲਤ ਤਰੀਕੇ ਨਾਲ ਟਾਈਟਲਰ ਨੂੰ ਫਸਾਉਣ ਦੇ ਇਰਾਦੇ ਨਾਲ ਬਿਆਨ ਦਿੱਤੇ। ਸੀ. ਬੀ. ਆਈ. ਦੇ ਵਕੀਲ ਨੇ ਕਿਹਾ ਕਿ ਇਕ ਹੋਰ ਗਵਾਹ ਸੁਰਿੰਦਰ ਸਿੰਘ ਦੇ ਪਿਤਾ, ਭਰਾ ਅਤੇ ਪੁੱਤਰ ਤੋਂ ਪੁੱਛਗਿੱਛ ਕੀਤੀ ਗਈ ਅਤੇ ਉਨ੍ਹਾਂ ਸਾਰਿਆਂ ਨੇ ਕਿਹਾ ਕਿ ਉਹ ਠੀਕ ਬਿਆਨ ਨਹੀਂ ਦੇ ਰਿਹਾ। ਸ਼੍ਰੀ ਕੁਮਾਰ ਨੇ ਜਸਬੀਰ ਦੇ ਉਸ ਬਿਆਨ ਦਾ ਜ਼ਿਕਰ ਵੀ ਕੀਤਾ, ਜਿਸ ਵਿਚ ਉਸ ਨੇ ਇਕ ਅੰਬੈਸਡਰ ਕਾਰ ਵਿਚ ਟਾਈਟਲਰ ਨੂੰ ਵੇਖਣ ਦਾ ਦਾਅਵਾ ਕੀਤਾ। ਸੀ. ਬੀ. ਆਈ. ਦੇ ਵਕੀਲ ਨੇ ਕਿਹਾ ਕਿ ਸਾਬਕਾ ਕੇਂਦਰੀ ਮੰਤਰੀ ਕੋਲ ਉਸ ਵੇਲੇ ਕੋਈ ਵਾਹਨ ਨਹੀਂ ਸੀ। ਜਸਬੀਰ ਨੇ ਬਿਆਨ ਦਿੱਤਾ ਸੀ ਕਿ ਸੁੱਚਾ ਸਿੰਘ ਨੇ ਉਸ ਨੂੰ ਪਨਾਹ ਦਿੱਤੀ ਸੀ ਪਰ ਸੀ. ਬੀ. ਆਈ. ਦੇ ਵਕੀਲ ਨੇ ਇਸ ਨੂੰ ਗਲਤ ਦੱਸਦੇ ਹੋਏ ਕਿਹਾ ਕਿ ਗਵਾਹ ਨੇ ਜਾਂਚ ਏਜੰਸੀ ਸਾਹਮਣੇ ਉਸ ਨੂੰ ਜਾਣਦਾ ਹੋਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਪੀੜਤ ਦੇ ਵਕੀਲ ਨੂੰ ਇਸ ਮਾਮਲੇ ਵਿਚ ਇਕ ਵਿਰੋਧ ਪਟੀਸ਼ਨ ਦਾਖਲ ਕਰਨ ਲਈ ਕਿਹਾ ਅਤੇ ਮਾਮਲੇ ਦੀ ਸੁਣਵਾਈ 23 ਫਰਵਰੀ ਤਕ ਟਾਲ ਦਿੱਤੀ। ਦਿੱਲੀ ਹਾਈਕੋਰਟ ਨੇ 8 ਫਰਵਰੀ ਨੂੰ ਹੇਠਲੀ ਅਦਾਲਤ ਨੂੰ ਹਦਾਇਤ ਦਿੱਤੀ ਕਿ ਸਿੱਖ ਵਿਰੋਧੀ ਦੰਗਿਆਂ ਦੇ ਸਾਰੇ ਲਟਕ ਰਹੇ ਮਾਮਲਿਆਂ ਵਿਚ ਸੁਣਵਾਈ 6 ਮਹੀਨਿਆਂ ਵਿਚ ਪੂਰੀ ਕੀਤੀ ਜਾਵੇ। ਇਨ੍ਹਾਂ ਵਿਚ ਕਾਂਗਰਸੀ ਆਗੂਆਂ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਨਾਲ ਸੰਬੰਧਤ ਮਾਮਲੇ ਵੀ ਸ਼ਾਮਲ ਹਨ।

1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇਕ ਮਾਮਲੇ ਦੀ ਸੁਣਵਾਈ ਕਰਦਿਆਂ ਦਿੱਲੀ ਦੀ ਇਕ ਸਥਾਨਕ ਅਦਾਲਤ ਨੇ ਸੀਬੀਆਈ ਨੂੰ ਹੋਰ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ਹੈ ਕਿ ਸੀਬੀਆਈ ਪਹਿਲਾਂ ਹੀ ਬਹੁਤ ਸਮਾਂ ਖ਼ਰਾਬ ਕਰ ਚੁੱਕੀ ਹੈ ਅਤੇ ਹੁਣ ਛੇਤੀ ਤੋਂ ਛੇਤੀ ਇਸ ਮਾਮਲੇ 'ਚ ਰਿਪੋਰਟ ਪੇਸ਼ ਕਰਨੀ ਚਾਹੀਦੀ ਹੈ।

## ਸਿੱਖ ਬਣੇਗਾ ਬੀ.ਐਨ.ਪੀ. ਦਾ ਪਹਿਲਾ ਕਾਲਾ ਮੈਂਬਰ

**ਲੰਡਨ :** ਬ੍ਰਿਟੇਨ ਦੀ ਸੱਜੇ-ਪੱਖੀ ਪਾਰਟੀ ਬ੍ਰਿਟਿਸ਼ ਨੈਸ਼ਨਲ ਪਾਰਟੀ (ਬੀ.ਐੱਨ.ਪੀ.) ਦਾ 78 ਸਾਲਾ ਇਕ ਸਿੱਖ ਪਹਿਲਾ ਕਾਲਾ ਮੈਂਬਰ ਬਣਨ ਵਾਲਾ ਹੈ। ਅਖ਼ਬਾਰ 'ਡੇਲੀ ਮੇਲ' ਨੇ ਬੀਤੇ ਸੋਮਵਾਰ ਨੂੰ ਆਪਣੀ ਵੈੱਬਸਾਈਟ 'ਤੇ ਕਿਹਾ ਕਿ ਇਸਲਾਮ ਵਿਰੋਧੀ ਵਰਕਰ ਰਾਜਿੰਦਰ ਸਿੰਘ ਕਰੀਬ ਇਕ ਦਹਾਕੇ ਤੋਂ ਸੱਜੇ-ਪੱਖੀ ਪਾਰਟੀ ਦੀਆਂ ਇਮੀਗ੍ਰੇਸ਼ਨ ਵਿਰੋਧੀ ਨੀਤੀਆਂ ਦੀ ਹਮਾਇਤ ਕਰ ਰਹੇ ਹਨ। ਭਾਵੇਂ ਕਾਲਾ ਹੋਣ ਦੇ ਕਾਰਨ ਉਸ ਨੂੰ ਪਾਰਟੀ ਦਾ ਮੈਂਬਰ ਨਹੀਂ ਬਣਨ ਦਿਤਾ ਗਿਆ। ਰਿਪੋਰਟ ਅਨੁਸਾਰ ਬੀ.ਐੱਨ.ਪੀ. ਨੇ ਪਿਛਲੇ ਹਫਤੇ ਆਪਣੇ ਸੰਵਿਧਾਨ ਨੂੰ ਬਦਲਣ ਦੀ ਪਰਕਿਰਿਆ ਸ਼ੁਰੂ ਕੀਤੀ ਅਤੇ ਉਹ ਹੁਣ ਨਸਲ ਅਤੇ ਧਰਮ ਦੇ ਆਧਾਰ 'ਤੇ ਭੇਦ-ਭਾਵ ਨਹੀਂ ਕਰੇਗੀ। ਇਸਦੇ ਬਾਅਦ ਸਿੰਘ ਛੇਤੀ ਹੀ ਇਕ ਪੂਰੇ ਸਮੇਂ ਲਈ ਮੈਂਬਰ ਦੇ ਰੂਪ ਵਿਚ ਪਾਰਟੀ ਵਿਚ ਸ਼ਾਮਲ ਹੋਵੇਗਾ।

# ਪਰਮਿੰਦਰ ਸੈਣੀ ਦੀ ਕੈਨੇਡਾ ਵਾਪਸੀ ਸੰਭਵ ਹੋਣ ਲੱਗੀ

**ਟਰਾਂਟੋ :** ਦੋ ਕੁ ਹਫਤੇ ਪਹਿਲਾਂ ਜਿਸ ਚਰਚਿਤ ਹਾਈਜੈਕਰ ਪਰਮਿੰਦਰ ਸੈਣੀ ਨੂੰ ਕੈਨੇਡਾ ਦੀ ਸਰਕਾਰ ਵਲੋਂ ਦੇਸ਼ ਨਿਕਾਲਾ ਦਿੱਤੇ ਜਾਣ ਮਗਰੋਂ ਭਾਰਤ ਸਰਕਾਰ ਨੇ ਹਿਰਾਸਤ 'ਚ ਲੈ ਲਿਆ ਸੀ, ਹੁਣ ਸੰਭਾਵਨਾ ਹੈ ਕਿ ਉਸ ਦੀ ਕੈਨੇਡਾ ਵਾਪਸੀ ਹੋ ਜਾਵੇ। ਪਰਮਿੰਦਰ ਸੈਣੀ ਨੂੰ 1984 'ਚ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਅਗਵਾ ਕਰਨ ਦੇ ਮਾਮਲੇ 'ਚ 15 ਸਾਲ ਟਰਾਂਟੋ ਵਸੇਬੇ ਮਗਰੋਂ ਕੈਨੇਡੀਅਨ ਬਾਰਡਰ ਏਜੰਸੀ ਨੇ 26 ਜਨਵਰੀ ਨੂੰ ਭਾਰਤ ਨੂੰ ਭੇਜ ਦਿੱਤਾ ਸੀ। ਪਰ ਇਹ ਮਾਮਲਾ ਅਜੇ ਠੱਪ ਨਹੀਂ ਹੋਇਆ ਅਤੇ ਗੁੰਜਾਇਸ਼ ਬਣੀ ਹੋਈ ਹੈ ਕਿ ਪਰਮਿੰਦਰ ਸੈਣੀ ਉਰਫ ਹਰਫਨਮੌਲਾ ਨੂੰ ਵਾਪਸ ਕੈਨੇਡਾ ਮੰਗਵਾ ਲਿਆ ਜਾਵੇ। ਸੈਣੀ ਦੇ ਵਕੀਲ ਹੁਣ ਇਸ ਕੇਸ ਨੂੰ ਦੁਬਾਰਾ ਖੁਲ੍ਹਵਾਉਣ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਦਾ ਤਰਕ ਹੈ ਕਿ ਕੈਨੇਡੀਅਨ ਅਧਿਕਾਰੀਆਂ ਨੇ ਇਹ ਜਾਣਦੇ ਹੋਣ ਦੇ ਬਾਵਜੂਦ ਕਿ ਉਸ ਨੂੰ ਭਾਰਤ ਪਹੁੰਚਦੇ ਸਾਰ ਹੀ ਪੁਲਿਸ ਵਲੋਂ ਫੜ ਲਿਆ ਜਾਵੇਗਾ, ਇਸ ਸਾਰੀ ਜਾਣਕਾਰੀ ਬਾਰੇ ਅਦਾਲਤ ਕੋਲੋਂ ਲੁਕੋ ਰੱਖਿਆ। ਇਹ ਕੇਸ ਅਗਲੇ ਹਫਤੇ ਕੈਨੇਡਾ ਦੀ ਫੈਡਰਲ ਕੋਰਟ ਸਾਹਮਣੇ ਪੇਸ਼ ਕੀਤਾ ਜਾਵੇਗਾ ਅਤੇ ਜੇਕਰ ਇਸ ਵਿਚ ਸੈਣੀ ਦਾ ਪੱਖ ਭਾਰੀ ਰਿਹਾ ਤਾਂ ਕੈਨੇਡੀਅਨ ਬਾਰਡਰ ਏਜੰਸੀ ਨੂੰ ਆਪਣਾ ਡੀਪੋਰਟੇਸ਼ਨ ਦਾ ਹੁਕਮ ਵਾਪਸ ਲੈਣਾ ਪਵੇਗਾ ਅਤੇ ਉਸ ਨੂੰ ਮੁੜ ਕੈਨੇਡਾ ਲਿਆਉਣ ਲਈ ਰਾਹ ਪੱਧਰਾ ਹੋ ਜਾਵੇਗਾ। ਟਰਾਂਟੋ ਦੇ ਵਕੀਲ ਲੋਰਨੇ ਵਾਲਡਮੈਨ ਨੇ ਬੀਤੇ ਹਫਤੇ ਫੈਡਰਲ ਕੋਰਟ ਨੂੰ ਇਕ ਪੱਤਰ ਲਿਖ ਕੇ ਬਾਰਡਰ ਏਜੰਸੀ ਦੀ ਇਸ ਕੁਤਾਹੀ ਬਾਰੇ ਜਾਣੂ ਕਰਵਾਇਆ ਸੀ। ਉਸ ਅਨੁਸਾਰ ਸੀ. ਬੀ. ਐਸ. ਏ. ਸੀ ਜਾਂ ਹੋਰ ਕੈਨੇਡੀਆਈ ਏਜੰਸੀਆਂ ਇਸ ਗੱਲ ਤੋਂ ਅਣਜਾਣ ਹੀ ਸਨ ਕਿ ਭਾਰਤੀ ਸਰਕਾਰ ਸੈਣੀ ਨੂੰ ਭਾਲਦੀ ਹੈ ਅਤੇ ਹੱਥ ਆਉਣ ਸਾਰ ਹੀ ਉਸ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਜਾਵੇਗਾ।

ਯਾਦ ਰਹੇ ਭਾਰਤੀ ਜਹਾਜ਼ ਨੂੰ ਪਾਕਿਸਤਾਨ ਲਿਜਾਣ ਅਤੇ 23 ਮਿਲੀਅਨ ਡਾਲਰ ਦੀ ਫਿਰੌਤੀ ਦੇ ਡਰਾਮੇ ਮਗਰੋਂ ਉਸ ਨੂੰ ਫੜ ਲਿਆ ਗਿਆ ਸੀ ਅਤੇ 10 ਸਾਲ ਪਾਕਿ ਜੇਲ੍ਹ 'ਚ ਕੱਟਣ ਮਗਰੋਂ ਉਹ ਬਲਬੀਰ ਸਿੰਘ ਦੇ ਫਰਜ਼ੀ ਨਾਂ ਹੇਠ ਕੈਨੇਡਾ ਆ ਗਿਆ ਸੀ।

ਕੈਨੇਡੀਅਨ ਜੇਲ੍ਹ 'ਚ ਰਹਿੰਦਿਆਂ ਸੈਣੀ ਨੇ ਕਾਨੂੰਨ ਦੀ ਪੜ੍ਹਾਈ ਮੁਕੰਮਲ ਕਰ ਲਈ ਸੀ ਅਤੇ ਆਪਣੀ ਡੀਪੋਰਟੇਸ਼ਨ ਰੁਕਵਾਉਣ ਲਈ ਲੰਬੀ ਜੱਦੋ ਜਹਿਦ ਕੀਤੀ ਪਰ ਕੈਨੇਡੀਆਈ ਸਰਕਾਰ ਨੇ ਉਸ ਨੂੰ ਆਖਰ ਦੇਸ਼ ਨਿਕਾਲਾ ਦੇਣ ਦਾ ਫੈਸਲਾ ਕਰ ਲਿਆ ਸੀ। ਏਜੰਸੀਆਂ ਨੇ ਉਸ ਦੀ ਝੂਠੀ ਪਛਾਣ ਦਾ ਮੁੱਦਾ ਬਣਾ ਲਿਆ ਸੀ ਅਤੇ ਕਿਹਾ ਕਿ ਉਹ ਮੁਲਕ ਦੀ ਸੁਰੱਖਿਆ ਲਈ ਖ਼ਤਰਾ ਹੈ। ਉਧਰ ਸੈਣੀ ਨੇ ਮੰਗ ਕੀਤੀ ਸੀ ਕਿ ਉਹ ਹੁਣ ਪਹਿਲਾਂ ਵਰਗਾ ਖ਼ਤਰਨਾਕ ਬੰਦਾ ਨਹੀਂ ਰਿਹਾ ਅਤੇ ਉਸ ਨੂੰ ਕੈਨੇਡਾ 'ਚ ਰਹਿਣ ਅਤੇ ਵਕਾਲਤ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਹਾਲਾਂਕਿ ਏਜੰਸੀ ਨੇ ਕੋਈ ਵੀ ਪ੍ਰਤੀਕਰਮ ਦੇਣ ਦੀ ਲੋੜ ਨਹੀਂ ਸਮਝੀ ਪਰ ਇੰਨਾ ਜ਼ਰੂਰ ਕਿਹਾ ਕਿ ਸਰਕਾਰ ਹੀ ਇਸ ਬਾਰੇ ਫੈਸਲਾ ਕਰ ਸਕਦੀ ਹੈ।

## ਸੁਪਰੀਮ ਕੋਰਟ ਵਲੋਂ ਖੁੱਲ੍ਹੇ ਬੋਰ ਬੰਦ ਕਰਨ ਦੇ ਹੁਕਮ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਦੇਸ਼ ਦੇ ਸਾਰੇ ਰਾਜਾਂ ਦੀਆਂ ਸਰਕਾਰਾਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਆਪਣੇ ਖੇਤਰ ਵਿਚ ਮਿਆਦ ਪੁਗਾ ਚੁੱਕੇ ਖੁੱਲ੍ਹੇ ਬੋਰਾਂ ਨੂੰ ਬੰਦ ਕਰ ਦੇਣ। ਸਰਬਉੱਚ ਅਦਾਲਤ ਨੇ ਨਾਲ ਹੀ ਇਹ ਵੀ ਕਿਹਾ ਹੈ ਕਿ ਜਿਹੜੇ ਚਲ ਰਹੇ ਮੌਜੂਦਾ ਸਾਰੇ ਟਿਊਬਵੈੱਲ ਹਨ ਉਨ੍ਹਾਂ ਦੇ ਆਲੇ-ਦੁਆਲੇ ਕੰਡਿਆਲੀ ਤਾਰ ਲਾਈ ਜਾਵੇ। ਸੁਪਰੀਮ ਕੋਰਟ ਨੇ ਇਹ ਆਦੇਸ਼ ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਟਿਊਬਵੈੱਲਾਂ ਦੇ ਬੋਰਾਂ ਵਿਚ ਛੋਟੇ ਬੱਚਿਆਂ ਦੇ ਡਿੱਗਣ ਕਾਰਨ ਹੋਈਆਂ ਮੌਤਾਂ ਬਾਰੇ ਇਕ ਜਨਹਿੱਤ ਪਟੀਸ਼ਨ ਉੱਤੇ ਆਪਣਾ ਫੈਸਲਾ ਦਿੰਦਿਆਂ ਦਿੱਤਾ ਹੈ। ਬੈਂਚ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਜੇਕਰ ਕਿਸੇ ਟਿਊਬਵੈੱਲ ਦੇ ਬੋਰ ਵਿਚ ਡਿੱਗ ਕੇ ਕਿਸੇ ਬੱਚੇ ਦੀ ਮੌਤ ਹੁੰਦੀ ਹੈ, ਜਾਂ ਮਨੁੱਖੀ ਹਾਦਸਾ ਵਾਪਰਦਾ ਹੈ ਤਾਂ ਜ਼ਿਲ੍ਹਾ ਕੁਲੈਕਟਰ, ਜ਼ਿਲ੍ਹਾ ਮੈਜਿਸਟਰੇਟ, ਸਰਪੰਚ ਸਬੰਧਤ ਦੋਸ਼ੀ ਦੇ ਖਿਲਾਫ ਫੌਜਦਾਰੀ ਕਾਨੂੰਨੀ ਕਾਰਵਾਈ ਕਰਨਗੇ।

## ਬਰਤਾਨੀਆ ਵਿਚ ਹੁਣ ਹੋ ਸਕਣਗੇ ਸਸਕਾਰ

**ਲੰਡਨ :** ਪ੍ਰਵਾਸੀ ਭਾਰਤੀਆਂ ਨੂੰ ਬੀਤੀ 10 ਫ਼ਰਵਰੀ ਨੂੰ ਇਕ ਵੱਡੀ ਜਿੱਤ ਉਸ ਵੇਲੇ ਮਿਲੀ ਜਦੋਂ ਉਨ੍ਹਾਂ ਨੂੰ ਬਰਤਾਨੀਆ 'ਚ ਖੁਲ੍ਹੀ ਫ਼ਿਜ਼ਾ ਵਿਚ ਅੰਤਮ ਸਸਕਾਰ ਕਰਨ ਦੀ ਇਜਾਜ਼ਤ ਮਿਲ ਗਈ। ਬਰਤਾਨੀਆ ਦੀ ਕੋਰਟ ਆਫ਼ ਅਪੀਲ ਨੇ ਭਾਰਤੀ ਮੂਲ ਦੇ ਸਮਾਜਕ ਅਤੇ ਧਾਰਮਕ ਆਗੂ ਦਵਿੰਦਰ ਘਈ (71) ਨੂੰ ਇਹ ਅਧਿਕਾਰ ਦੇ ਦਿਤਾ ਕਿ ਉਨ੍ਹਾਂ ਦੀ ਮੌਤ ਮਗਰੋਂ ਉਨ੍ਹਾਂ ਦਾ ਸਸਕਾਰ ਖੁਲ੍ਹੀ ਫ਼ਿਜ਼ਾ 'ਚ ਕੀਤਾ ਜਾਵੇਗਾ।

ਇਸ ਫ਼ੈਸਲੇ 'ਤੇ ਖ਼ੁਸ਼ੀ ਪ੍ਰਗਟਾਉਂਦਿਆਂ ਘਈ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਮੇਰੇ ਵਰਗੇ ਬਜ਼ੁਰਗ ਵਿਅਕਤੀ ਦੇ ਸੁਪਨਿਆਂ ਨੂੰ ਨਵਾਂ ਜੀਵਨ ਮਿਲਿਆ ਹੈ। "ਮੈਂ ਹਮੇਸ਼ਾ ਮੰਨਦਾ ਰਿਹਾ ਹਾਂ ਕਿ ਮੈਂ ਕਾਨੂੰਨ ਨੂੰ ਸਪੱਸ਼ਟ ਕਰਨਾ ਚਾਹੁੰਦਾ ਸੀ ਨਾ ਕਿ ਉਸ ਦਾ ਅਨਾਦਰ।" ਬਰਤਾਨੀਆ 'ਚ 1902 ਦੇ ਸਸਕਾਰ ਐਕਟ ਤਹਿਤ ਖੁਲ੍ਹੀਆਂ ਥਾਵਾਂ 'ਤੇ ਸਸਕਾਰ ਕਰਨ ਦੀ ਪਾਬੰਦੀ ਹੈ। ਇੰਗਲੈਂਡ 'ਚ ਰਹਿੰਦੇ ਕਈ ਭਾਰਤੀ ਮੂਲ ਦੇ ਪਰਵਾਰ ਅਪਣੇ ਰਿਸ਼ਤੇਦਾਰਾਂ ਦੇ ਸਸਕਾਰ ਲਈ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਭਾਰਤ ਲੈ ਕੇ ਜਾਂਦੇ ਸਨ। 2006 ਵਿਚ ਨਿਊ ਕਾਸਟਲ ਸਿਟੀ ਕੌਂਸਲ ਵਲੋਂ ਹਿੰਦੂ ਰੀਤੀ ਰਿਵਾਜਾਂ ਅਨੁਸਾਰ ਕੀਤੇ ਜਾਂਦੇ ਸਸਕਾਰ ਨੂੰ ਇਹ ਕਹਿ ਕੇ ਮਨ੍ਹਾ ਕਰ ਦਿਤਾ ਗਿਆ ਸੀ ਕਿ ਇਹ 1902 ਦੇ ਸਸਕਾਰ ਐਕਟ ਤਹਿਤ ਮਨ੍ਹਾ ਹੈ। 2009 ਵਿਚ ਘਈ ਦੀ ਇਸ ਚੁਨੌਤੀ ਨੂੰ ਹਾਈ ਕੋਰਟ ਨੇ ਰੱਦ ਕਰ ਦਿਤਾ ਸੀ ਪਰ ਅੱਜ ਕੋਰਟ ਆਫ਼ ਅਪੀਲ ਨੇ ਉਸ ਫ਼ੈਸਲੇ ਨੂੰ ਰੱਦ ਕਰ ਦਿੱਤਾ। ਘਈ ਨਿਊ ਕਾਸਟਲ ਵਿਚ ਐਂਗਲੋ-ਏਸ਼ੀਆ ਮਿੱਤਰਤਾ ਸੁਸਾਇਟੀ ਦੇ ਸੰਸਥਾਪਕ ਹਨ। ਖੁਲ੍ਹੀਆਂ ਥਾਵਾਂ 'ਤੇ ਅੰਤਮ ਸਸਕਾਰ ਕਰਨ ਦਾ ਕਾਨੂੰਨ ਸਕੱਤਰ ਨੇ ਇਹ ਕਹਿੰਦਿਆਂ ਵਿਰੋਧ ਕੀਤਾ ਸੀ ਕਿ ਚਿਖਾ ਦੇ ਸੜਨ ਨਾਲ ਲੋਕ ਪ੍ਰੇਸ਼ਾਨ ਹੋਣਗੇ ਅਤੇ ਮਨੁੱਖੀ ਸਰੀਰ ਨੂੰ ਇਸ ਤਰ੍ਹਾਂ ਨਹੀਂ ਸਾੜਿਆ ਜਾਣਾ ਚਾਹੀਦਾ।






# ਸ਼ਿਵ ਸੈਨਿਕਾਂ ਦੇ ਵਿਰੋਧ ਦੇ ਬਾਵਜੂਦ 'ਮਾਈ ਨੇਮ ਇਜ਼ ਖਾਨ' ਰਿਲੀਜ਼

**ਮੁੰਬਈ :** ਮੁੰਬਈ ਸਮੇਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਬੀਤੀ 12 ਫਰਵਰੀ ਨੂੰ ਸ਼ਾਹਰੁਖ ਖਾਨ ਦੀ ਫਿਲਮ 'ਮਾਈ ਨੇਮ ਇਜ਼ ਖਾਨ' ਰਿਲੀਜ਼ ਹੋ ਗਈ ਹੈ। ਭਾਵੇਂ ਸ਼ਿਵ ਸੈਨਾ ਦੇ ਵਿਰੋਧ ਨੂੰ ਦੇਖਦਿਆਂ ਮੁੰਬਈ ਦੇ ਚੁਣੇ ਹੋਏ ਸਿਨਮਿਆਂ ਵਿਚ ਇਸ ਫਿਲਮ ਨੂੰ ਰਿਲੀਜ਼ ਕੀਤਾ ਗਿਆ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵੀ ਇਹ ਫਿਲਮ ਪਹਿਲੇ ਦਿਨ ਹੀ ਹਾਊਸ ਫੁਲ ਰਹੀ। ਭਾਰੀ ਸੁਰੱਖਿਆ ਦਰਮਿਆਨ ਰਿਲੀਜ਼ ਹੋਈ ਫਿਲਮ ਦੇ ਪਹਿਲੇ ਸ਼ੋਅ ਨੂੰ ਦੇਖਣ ਲਈ ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਆਰ ਆਰ ਪਾਟਿਲ ਵੀ ਮਲਟੀਪਲੈਕਸ ਵਿਚ ਗਏ। ਗੁਜਰਾਤ ਵਿਖੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਕਾਰਕੁੰਨਾਂ ਵਲੋਂ ਫਿਲਮ ਦੇ ਵਿਰੋਧ ਵਿਚ ਪ੍ਰਦਰਸ਼ਨ ਕਰਨ ਅਤੇ ਪੋਸਟਰ ਸਾੜਨ ਤੋਂ ਬਾਅਦ ਕੁਝ ਸ਼ੁਰੂਆਤੀ ਸ਼ੋਅ ਰੱਦ ਵੀ ਕਰ ਦਿੱਤੇ ਗਏ। ਇਸ ਦੇ ਉਲਟ ਦਿੱਲੀ, ਬੰਗਲੌਰ, ਕੋਲਕਾਤਾ, ਚੇਨਈ ਅਤੇ ਕਈ ਹੋਰ ਸ਼ਹਿਰਾਂ ਵਿਚ ਫਿਲਮ ਦੀ ਸ਼ੁਰੂਆਤ ਕਾਫੀ ਚੰਗੀ ਰਹੀ।ਜ਼ਿਕਰਯੋਗ ਹੈ ਕਿ ਸ਼ਾਹਰੁਖ ਖਾਨ ਦੇ ਆਈ ਪੀ ਐਲ-3 'ਚ ਪਾਕਿਸਤਾਨੀ ਖਿਡਾਰੀਆਂ ਨੂੰ ਸ਼ਾਮਲ ਕਰਨ ਦੀ ਕੀਤੀ ਵਕਾਲਤ ਤੋਂ ਬਾਅਦ ਕਿੰਗ ਖਾਨ ਦੇ ਵਿਰੋਧ ਵਿਚ ਉਤਰੀ ਸ਼ਿਵ ਸੈਨਾ ਫਿਲਮ ਦੇ ਰਿਲੀਜ਼ ਦਾ ਵਿਰੋਧ ਕਰ ਰਹੀ ਹੈ। ਇਸੇ ਕਾਰਨ ਹੀ ਮਹਾਰਾਸ਼ਟਰ ਸਰਕਾਰ ਨੇ ਸਿਨਮਾ ਘਰਾਂ ਵਿਚ ਵੱਡੇ ਪੱਧਰ 'ਤੇ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਹੋਏ ਹਨ। ਵਿਰੋਧ ਪ੍ਰਦਰਸ਼ਨਾਂ ਨੂੰ ਅਸਫਲ ਕਰਨ ਲਈ 1800 ਤੋਂ ਵਧ ਸ਼ਿਵ ਸੈਨਿਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਹੈ। ਦੂਜੇ ਪਾਸੇ ਰਾਜਧਾਨੀ ਦਿੱਲੀ ਦੇ ਸਿਨਮਾ ਘਰਾਂ ਅਤੇ ਮਲਟੀ ਕੰਪਲੈਕਸਾਂ ਵਿਚ ਸਖਤ ਸੁਰੱਖਿਆ ਦਰਮਿਆਨ ਬਿਨਾਂ ਕਿਸੇ ਵਿਰੋਧ ਦੇ ਫਿਲਮ ਰਿਲੀਜ਼ ਹੋਈ। ਜ਼ਿਕਰਯੋਗ ਹੈ ਕਿ ਇਸ ਫਿਲਮ ਦੀ ਕਹਾਣੀ ਐਸਪਰਜਰ ਸਿੰਡਰੋਮ ਨਾਲ ਪੀੜਤ ਇਕ ਵਿਅਕਤੀ ਨੂੰ 9/11 ਦੀ ਘਟਨਾ ਤੋਂ ਬਾਅਦ ਉਸ ਨੂੰ ਦਹਿਸ਼ਤਗਰਦ ਸਮਝੇ ਜਾਣ ਅਤੇ ਫਿਰ ਖੁਦ ਨੂੰ ਬੇਕਸੂਰ ਸਾਬਤ ਕਰਨ ਲਈ ਉਸ ਦੀ ਅਮਰੀਕੀ ਯਾਤਰਾ 'ਤੇ ਅਧਾਰਤ ਹੈ। ਇਸ ਫਿਲਮ ਵਿਚ ਸ਼ਾਹਰੁਖ ਖਾਨ ਤੋਂ ਇਲਾਵਾ ਕਾਜੋਲ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਦੂਜੇ ਪਾਸੇ ਸ਼ਿਵ ਸੈਨਾ ਦੇ ਆਗੂ ਅਤੇ ਲੋਕ ਸਭਾ ਦੇ ਸਾਬਕਾ ਸਪੀਕਰ ਮਨੋਹਰ ਜੋਸ਼ੀ ਖੁਦ ਦਾਦਰ ਦੇ ਇੱਕ ਸਿਨਮਾ ਹਾਲ ਵਿਚ ਫਿਲਮ ਬੰਦ ਕਰਵਾਉਣ ਲਈ ਗਏ। ਮੁੰਬਈ ਪੁਲਿਸ ਨੂੰ ਕਈ ਥਾਈਂ ਸ਼ਿਵ ਸੈਨਿਕਾਂ ਖਿਲਾਫ ਲਾਠੀਚਾਰਜ ਵੀ ਕਰਨਾ ਪਿਆ। ਗਵਾਲੀਅਰ ਵਿਖੇ ਇਸ ਫਿਲਮ ਨੂੰ ਲੈ ਕੇ ਕਾਫੀ ਰੌਲਾ-ਰੱਪਾ ਪਿਆ, ਜਦਕਿ ਗੁਜਰਾਤ ਵਿਚ ਬਜਰੰਗ ਦਲੀਆਂ ਨੇ ਹੰਗਾਮਾ ਕੀਤਾ।



ਪੁਲਿਸ ਨੂੰ ਕਰਨਾ ਪਿਆ ਕਈ ਥਾਈਂ ਲਾਠੀਚਾਰਜ 1800 ਤੋਂ ਵਧ ਸ਼ਿਵ ਸੈਨਿਕਾਂ ਨੂੰ ਕੀਤਾ ਗ੍ਰਿਫਤਾਰ

ਯਾਦ ਰਹੇ ਪਹਿਲਾਂ ਸ਼ਿਵ ਸੈਨਾ ਦੇ ਕਾਰਕੁੰਨਾਂ ਵਲੋਂ ਕੀਤੀ ਜਾ ਰਹੀ ਹੁੱਲੜਬਾਜ਼ੀ ਤੋਂ ਘਬਰਾਉਂਦਿਆਂ ਮੁੰਬਈ ਸਥਿਤ ਸਿਨਮਾ ਘਰਾਂ ਦੇ ਮਾਲਕਾਂ ਨੇ ਸਥਾਨਕ ਸ਼ਹਿਰ 'ਚ ਪ੍ਰਸਿੱਧ ਫਿਲਮ ਅਦਾਕਾਰ ਸ਼ਾਹਰੁਖ ਖਾਨ ਦੀ ਫਿਲਮ 'ਮਾਈ ਨੇਮ ਇਜ਼ ਖਾਨ' ਨੂੰ ਰਿਲੀਜ਼ ਨਾ ਕਰਨ ਦਾ ਫੈਸਲਾ ਲਿਆ ਸੀ। ਇਹ ਵਿਰੋਧ ਐਨਾ ਤਲਖ਼ ਹੋ ਗਿਆ ਸੀ ਕਿ ਮੁੰਬਈ ਦੇ ਕਈ ਸਿਨਮਾ ਮਾਲਕਾਂ ਨੇ ਫਿਲਮ ਦੀਆਂ ਟਿਕਟਾਂ ਸਬੰਧੀ ਅਗਾਊਂ ਬੁਕਿੰਗ ਵੀ ਰੱਦ ਕਰ ਦਿੱਤੀ ਸੀ। ਬਾਅਦ 'ਚ ਭਾਵੇਂ ਸਰਕਾਰ ਵਲੋਂ ਸਿਨਮਾ ਮਾਲਕਾਂ ਨੂੰ ਹਰ ਸੰਭਵ ਸੁਰੱਖਿਆ ਦੇਣ ਦਾ ਭਰੋਸਾ ਦਿੱਤਾ ਗਿਆ। ਸਿਨਮਾ ਮਾਲਕਾਂ ਦਾ ਸ਼ੱਕ ਸੀ ਕਿ ਮੌਜੂਦਾ ਸੂਬਾ ਸਰਕਾਰ ਵੀ ਕਿਸੇ ਨਾ ਕਿਸੇ ਤਰੀਕੇ ਨਾਲ ਸ਼ਿਵ ਸੈਨਾ ਦਾ ਪੱਖ ਪੂਰ ਰਹੀ ਹੈ। ਸ਼ਿਵ ਸੈਨਾ ਵਲੋਂ ਲਗਾਤਾਰ ਦਿੱਤੀਆਂ ਜਾ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਇਹ ਫੈਸਲਾ ਲਿਆ ਗਿਆ ਸੀ। ਸਿਨਮਾ ਮਾਲਕਾਂ ਦੇ ਫਿਲਮ ਨਾ ਦਿਖਾਉਣ ਦੇ ਫੈਸਲੇ ਨਾਲ ਦੇਸ਼ ਦੀ ਵਪਾਰਕ ਰਾਜਧਾਨੀ ਨੂੰ ਵੱਡਾ ਆਰਥਿਕ ਨੁਕਸਾਨ ਹੋਣ ਦਾ ਵੀ ਖ਼ਦਸ਼ਾ ਸੀ, ਕਿਉਂਕਿ ਇਹ ਪਹਿਲੀ ਵਾਰ ਹੈ ਕਿ ਕਿਸੇ ਸਿਆਸੀ ਪਾਰਟੀ ਨੇ ਕਿਸੇ ਫਿਲਮ ਦਾ ਐਨਾ ਵਿਰੋਧ ਕੀਤਾ ਹੈ।

ਫਿਲਮ ਦਾ ਵਿਰੋਧ ਕਰਦਿਆਂ ਜਿੱਥੇ ਸ਼ਿਵ ਸੈਨਾ ਨੇ ਕਈ ਥਾਈਂ ਸਿਨੇਮਾ ਘਰਾਂ 'ਤੇ ਪਥਰਾਅ ਕੀਤਾ, ਉਥੇ ਸੂਬਾ ਸਰਕਾਰ ਨੇ ਹਰ ਹੀਲੇ ਇਸ ਫਿਲਮ ਨੂੰ ਰਿਲੀਜ਼ ਕਰਨ ਲਈ ਸ਼ਹਿਰ ਅੰਦਰ ਸੁਰੱਖਿਆ ਪ੍ਰਬੰਧ ਸਖਤ ਕਰ ਦਿੱਤੇ।

ਜ਼ਿਕਰਯੋਗ ਹੈ ਕਿ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐਲ) 'ਚ ਪਾਕਿਸਤਾਨੀ ਖਿਡਾਰੀਆਂ ਨੂੰ ਨਾ ਸੱਦਣ ਬਾਰੇ ਸ਼ਾਹਰੁਖ ਵਲੋਂ ਦਿੱਤੇ ਬਿਆਨ ਤੋਂ ਬਾਅਦ ਸ਼ਿਵ ਸੈਨਾ ਨੇ ਉਨ੍ਹਾਂ ਖਿਲਾਫ਼ ਸਖਤ ਰੁਖ ਅਪਣਾ ਲਿਆ ਸੀ। ਹਾਲਾਂਕਿ ਕੁਝ ਦਿਨ ਪਹਿਲਾਂ ਸ਼ਿਵ ਸੈਨਾ ਨੇ ਉਨ੍ਹਾਂ ਦੀ ਨਵੀਂ ਫਿਲਮ 'ਮਾਈ ਨੇਮ ਇਜ਼ ਖਾਨ' ਦਾ ਵਿਰੋਧ ਨਾ ਕਰਨ ਦਾ ਫੈਸਲਾ ਲਿਆ ਸੀ ਪਰ ਇਕ ਦਿਨ ਬਾਅਦ ਅਚਾਨਕ ਹੀ ਉਨ੍ਹਾਂ ਨੇ ਇਹ ਫੈਸਲਾ ਬਦਲ ਦਿੱਤਾ ਅਤੇ ਫਿਲਮ ਦਾ ਵਿਰੋਧ ਕਰਦਿਆਂ ਸੂਬੇ ਅੰਦਰ ਕਈ ਥਾਈਂ ਹੰਗਾਮੇ ਕੀਤੇ। ਮਿਲੀ ਜਾਣਕਾਰੀ ਮੁਤਾਬਕ ਸ਼ਿਵ ਸੈਨਾ ਕਾਰਕੁੰਨਾਂ ਨੇ ਕਈ ਥਾਈਂ ਫਿਲਮ ਦੇ ਪੋਸਟਰ ਪਾੜਦਿਆਂ ਲੋਕਾਂ ਨਾਲ ਖਿੱਚਧੂਹ ਕੀਤੀ। ਇਸ ਤੋਂ ਇਲਾਵਾ ਸ਼ਿਵ ਸੈਨਾ ਦੇ ਸੀਨੀਅਰ ਆਗੂਆਂ ਨੇ ਸ਼ਾਹਰੁਖ ਦੀ ਤੁਲਨਾ ਪਾਕਿ ਦਹਿਸ਼ਤਗਰਦ ਕਾਸਬ ਨਾਲ ਕਰਦਿਆਂ ਉਨ੍ਹਾਂ ਨੂੰ ਮੁਆਫ਼ੀ ਮੰਗਣ ਲਈ ਵੀ ਕਿਹਾ।

ਮਾਮਲਾ ਉਸ ਸਮੇਂ ਬੇਹੱਦ ਗੰਭੀਰ ਹੋ ਗਿਆ, ਜਦੋਂ ਸ਼ਿਵ ਸੈਨਾ ਦੇ ਕੁਝ ਆਗੂਆਂ ਨੇ ਇਹ ਬਿਆਨ ਵੀ ਦੇ ਦਿੱਤਾ ਕਿ ਇਸ ਮਾਮਲੇ 'ਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਵੀ ਵੇਖ ਲਿਆ ਜਾਵੇਗਾ।ਸ਼ਿਵ ਸੈਨਾ ਦੇ ਪ੍ਰਮੁੱਖ ਆਗੂ ਸੰਜੇ ਰਾਉਤ ਨੇ ਕਿਹਾ ਕਿ ਅਜੇ ਸ੍ਰੀ ਚਵਾਨ ਸੂਬੇ ਦੇ ਮੁੱਖ ਮੰਤਰੀ ਹਨ ਪਰ ਜਦੋਂ ਉਹ ਸੱਤਾ ਤੋਂ ਲਾਂਭੇ ਹੋ ਜਾਣਗੇ ਤਾਂ ਉਨ੍ਹਾਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਏਗਾ। ਇਸ ਦੇ ਨਾਲ ਹੀ ਸੂਬਾ ਸਰਕਾਰ ਨੇ ਸਿਨੇਮਾ ਘਰਾਂ ਦੇ ਬਾਹਰ ਸੁਰੱਖਿਆ ਮੁਲਾਜ਼ਮ ਲਾਉਣ ਤੋਂ ਇਲਾਵਾ ਸਿਨੇਮਾ ਘਰਾਂ ਦੀਆਂ ਅਗਲੀਆਂ ਤਿੰਨ ਕਤਾਰਾਂ ਖਾਲੀ ਛੱਡਣ ਦਾ ਹੁਕਮ ਦਿੱਤਾ ਸੀ। ਸੂਬਾ ਸਰਕਾਰ ਨੇ ਸਿਨੇਮਾ ਮਾਲਕਾਂ ਨੂੰ ਸਿਨੇਮਿਆਂ 'ਚ ਸੀ ਸੀ ਟੀ ਵੀ ਕੈਮਰੇ ਲਗਾਉਣ ਲਈ ਵੀ ਕਿਹਾ ਤਾਂ ਜੋ ਕਿਸੇ ਵੀ ਤਰ੍ਹਾਂ ਦੇ ਸੰਭਾਵੀ ਹਮਲਾਵਰ ਦਾ ਪਤਾ ਲਗਾਇਆ ਜਾ ਸਕੇ। ਦੂਜੇ ਪਾਸੇ ਸ਼ਾਹਰੁਖ ਖਾਨ ਸ਼ਿਵ ਸੈਨਾ ਦੀਆਂ ਇਨ੍ਹਾਂ ਧਮਕੀਆਂ ਨੂੰ ਦਰਕਿਨਾਰ ਕਰਦਿਆਂ ਆਪਣੀ ਫਿਲਮ ਦੇ ਪ੍ਰੀਮੀਅਰ ਲਈ ਦੁਬਈ ਲਈ ਰਵਾਨਾ ਹੋ ਗਏ। ਉਨ੍ਹਾਂ ਨਾਲ ਹੀ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਸ਼ਿਵ ਸੈਨਾ ਤੋਂ ਮੁਆਫ਼ੀ ਨਹੀਂ ਮੰਗਣਗੇ। ਇਸੇ ਦੌਰਾਨ ਸ੍ਰੀ ਚਵਾਨ ਨੇ ਸ਼ਿਵ ਸੈਨਾ ਅਤੇ ਸ਼ਾਹਰੁਖ ਨੂੰ ਇਹ ਮਾਮਲਾ ਮਿਲ ਬੈਠ ਕੇ ਨਜਿੱਠਣ ਦੀ ਸਲਾਹ ਦਿੱਤੀ ਸੀ।

ਉਧਰ ਸ਼ਿਵ ਸੈਨਾ ਅਤੇ ਸ਼ਾਹਰੁਖ ਖਾਨ ਵਿਚਾਲੇ ਚੱਲ ਰਹੀ ਖਿੱਚੋਤਾਣ ਦੇ ਦਰਮਿਆਨ ਸ਼ਾਮ ਹੁੰਦਿਆਂ ਹੀ ਮਹਾਰਾਸ਼ਟਰ ਦੇ ਨਵ-ਨਿਰਮਾਣ ਸੈਨਾ ਦੇ ਮੁਖੀ ਰਾਜ ਠਾਕਰੇ ਨੇ ਬਾਲ ਠਾਕਰੇ ਦੀ ਪਾਰਟੀ 'ਤੇ ਦੋਗਲੇਪਣ ਦਾ ਦੋਸ਼ ਲਾਉਂਦਿਆਂ ਆਖਿਆ ਕਿ ਉਹ ਇਕ ਪਾਕਿਸਤਾਨੀ ਕਲਾਕਾਰ ਨਾਲ ਮੰਚ ਸਾਂਝਾ ਕਰਨ ਵਾਲੇ ਸੁਪਰ ਸਟਾਰ ਅਮਿਤਾਭ ਬੱਚਨ ਖਿਲਾਫ਼ ਮੂੰਹ ਕਿਉਂ ਨਹੀਂ ਖੋਲ੍ਹ ਰਹੇ।

ਰਾਜ ਠਾਕਰੇ ਨੇ ਆਖਿਆ ਕਿ ਹੁਣੇ ਜਿਹੇ ਅਮਿਤਾਭ ਬੱਚਨ ਨੇ ਮੀਡੀਆ ਵਲੋਂ ਸਪਾਂਸਰ ਕੀਤੇ ਇਕ ਪ੍ਰੋਗਰਾਮ ਵਿਚ ਪਾਕਿਸਤਾਨੀ ਅਦਾਕਾਰ ਜ਼ਿਮਮ ਮੋਹੀਦੀਨ ਨਾਲ ਮੰਚ ਸਾਂਝਾ ਕੀਤਾ ਸੀ ਪਰ ਇਹ ਮੁੱਦਾ ਉਵੇਂ ਨਹੀਂ ਉਠਾਇਆ ਗਿਆ ਜਿਵੇਂ ਸ਼ਾਹਰੁਖ ਖਾਨ ਦਾ ਉਠਾਇਆ ਗਿਆ। ਮਹਾਰਾਸ਼ਟਰ ਨਵ-ਨਿਰਮਾਣ ਸੈਨਾ ਦੇ ਮੁਖੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਿਰਫ ਇਸ ਕਰਕੇ ਕਿ ਸ਼ਾਹਰੁਖ ਨੇ ਇਕ ਟਿੱਪਣੀ ਕੀਤੀ ਸੀ। ਤੁਸੀਂ ਉਸ 'ਤੇ ਮੁਆਫੀ ਮੰਗਣ ਲਈ ਜ਼ੋਰ ਪਾ ਰਹੇ ਹੋ। ਇਹੀ ਪੈਮਾਨਾ ਅਮਿਤਾਭ ਬੱਚਨ ਲਈ ਲਾਗੂ ਕਿਉਂ ਨਹੀਂ ਕੀਤਾ ਜਾ ਰਿਹਾ, ਜਿਸ ਨੇ ਪਾਕਿਸਤਾਨੀਆਂ ਨਾਲ ਇਕ ਸ਼ਾਂਤੀ ਉਦਮ ਵਿਚ ਹਿੱਸਾ ਲਿਆ ਸੀ। ਅਮਿਤਾਭ ਨੂੰ ਮੁਆਫੀ ਮੰਗਣ ਦੀ ਗੱਲ ਕੋਈ ਕਿਉਂ ਨਹੀਂ ਕਰ ਰਿਹਾ।

## 'ਮਾਈ ਨੇਮ ਇਜ਼ ਖਾਨ' ਖਿਲਾਫ ਫਤਵਾ

**ਕੋਲਕਾਤਾ :** ਬਾਲੀਵੁੱਡ ਬਾਦਸ਼ਾਹ ਸ਼ਾਹਰੁਖ ਖਾਨ ਦੀਆਂ ਮੁਸੀਬਤਾਂ ਘਟਣ ਦੀ ਥਾਂ ਵਧ ਰਹੀਆਂ ਹਨ। ਹਾਲੇ ਇਸ ਦਾ ਸ਼ਿਵ ਸੈਨਾ ਨੇ ਪਿੱਛਾ ਨਹੀਂ ਸੀ ਛੱਡਿਆ ਕਿ ਉਸਦੀ ਫਿਲਮ 'ਮਾਈ ਨੇਮ ਇਜ਼ ਖਾਨ' ਖਿਲਾਫ ਫਤਵਾ ਜਾਰੀ ਹੋ ਗਿਆ ਹੈ। ਕੋਲਕਾਤਾ ਦੀ ਟੀਪੂ ਸੁਲਤਾਨ ਮਸਜਿਦ ਦੇ ਸ਼ਾਹੀ ਇਮਾਮ ਸਈਦ ਨੂਰ ਉਰ ਰਹਿਮਾਨ ਬਰਕਾਤੀ ਨੇ ਕਿਹਾ ਹੈ ਕਿ ਸ਼ਾਹਰੁਖ ਨੇ ਅਸ਼ੋਕ ਟੋਡੀ ਦੀ ਕੰਪਨੀ ਦੇ ਉਤਪਾਦ ਦਾ ਪ੍ਰਚਾਰ ਕੀਤਾ ਹੈ। ਟੋਡੀ ਰਿਜ਼ਵਾਨੁਰ ਰਹਿਮਾਨ ਕਤਲ ਕਾਂਡ ਦਾ ਮੁੱਖ ਮੁਲਜ਼ਮ ਹੈ। ਸ਼ਾਹੀ ਇਮਾਮ ਨੇ ਕਿਹਾ, "ਕੀ ਸ਼ਾਹਰੁਖ ਨੂੰ ਪੈਸੇ ਦੀ ਕਮੀ ਹੈ। ਉਹ ਵਿਵਾਦਗ੍ਰਸਤ ਵਿਅਕਤੀ ਦੀ ਕੰਪਨੀ ਦਾ ਪ੍ਰਚਾਰਕ ਕਿਉਂ ਬਣਿਆ। ਮੈਂ ਸਾਰੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਫਤਵਾ ਜਾਰੀ ਕਰਦਾ ਹਾਂ ਕਿ ਉਹ 'ਮਾਈ ਨੇਮ ਇਜ਼ ਖਾਨ' ਦਾ ਬਾਈਕਾਟ ਕਰਨ।"

### ਇਹ ਸ਼ਿਵ ਸੈਨਾ ਨਹੀਂ, 'ਬਾਂਦਰ ਸੈਨਾ' ਹੈ-ਕਾਜੋਲ ਨੇ ਕਿਹਾ

**ਨਵੀਂ ਦਿੱਲੀ :** 'ਮਾਈ ਨੇਮ ਇਜ਼ ਖਾਨ' ਫਿਲਮ ਦੀ ਅਦਾਕਾਰਾ ਕਾਜੋਲ ਨੇ ਸ਼ਿਵ ਸੈਨਾ ਨੂੰ 'ਬਾਂਦਰ ਸੈਨਾ' ਕਿਹਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਜੋਲ ਨੇ ਕਿਹਾ ਕਿ ਜਿਸ ਤਰ੍ਹਾਂ ਫਿਲਮ 'ਮਾਈ ਨੇਮ ਇਜ਼ ਖਾਨ' ਦੀ ਸ਼ਿਵ ਸੈਨਾ ਵਲੋਂ ਵਿਰੋਧਤਾ ਕੀਤੀ ਜਾ ਰਹੀ ਹੈ, ਨੂੰ ਦੇਖਦਿਆਂ ਉਸ ਨੂੰ ਸ਼ਿਵ ਸੈਨਾ ਨਾ ਕਹਿ ਕੇ 'ਬਾਂਦਰ ਸੈਨਾ' ਕਹਿਣਾ ਠੀਕ ਹੋਵੇਗਾ। ਸ਼ਿਵ ਸੈਨਾ ਨੇ ਚੋਣਾਂ ਵਿਚ ਹੋਈ ਆਪਣੀ ਹਾਰ ਤੋਂ ਕੋਈ ਸਬਕ ਨਹੀਂ ਸਿੱਖਿਆ।

## ਕਮਾਂਡੈਂਟ ਦੀ ਮੁਅੱਤਲੀ ਲਈ ਸਿਫਾਰਸ਼

**ਸ੍ਰੀਨਗਰ :** ਬੀ.ਐਸ.ਐਫ ਨੇ ਕਮਾਂਡੈਂਟ ਆਰ ਕੇ.ਬਿਰਦੀ ਦਾ ਉਸ ਦੀ ਬਟਾਲੀਅਨ ਤੋਂ ਤਬਾਦਲਾ ਕਰਦਿਆਂ ਇਕ 16-ਸਾਲਾ ਲੜਕੇ ਦੇ ਕਤਲ ਕੇਸ ਵਿਚ ਉਸਦੀ ਭੂਮਿਕਾ ਬਦਲੇ ਮੁਅੱਤਲੀ ਲਈ ਗ੍ਰਹਿ ਮੰਤਰਾਲੇ ਤੱਕ ਪਹੁੰਚ ਕੀਤੀ ਹੈ। ਬੀ.ਐਸ.ਐਫ. ਨੇ 5 ਫਰਵਰੀ ਦੀ ਗੋਲੀਬਾਰੀ, ਜਿਸ ਵਿਚ ਜ਼ਾਹਿਦ ਫਾਰੂਖ ਸ਼ਾਹ ਦੀ ਮੌਤ ਹੋ ਗਈ ਸੀ, ਵੇਲੇ ਗੋਲੀ ਚਲਾਉਣ ਵਾਲੇ ਸਿਪਾਹੀ ਲਖਵਿੰਦਰ ਕੁਮਾਰ ਦੇ ਨਾਲ-ਨਾਲ 14 ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ।


ਲਖਵਿੰਦਰ ਵਲੋਂ ਇਹ ਦੋਸ਼ ਲਗਾਏ ਜਾਣ, ਕਿ ਉਸਨੇ ਬਿਰਦੀ ਦੇ ਹੁਕਮਾਂ 'ਤੇ ਲੜਕੇ ਨੂੰ ਗੋਲੀ ਮਾਰੀ, 68ਵੀਂ ਬਟਾਲੀਅਨ ਦੇ ਕਮਾਂਡੈਂਟ ਬਿਰਦੀ ਨੂੰ ਸਨਤਨਗਰ ਸਥਿਤ ਮੁੱਖ ਦਫਤਰ ਭੇਜ ਦਿੱਤਾ ਗਿਆ ਸੀ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਬੀ.ਐਸ.ਐਫ. ਨੇ ਕਮਾਂਡੈਂਟ ਬਿਰਦੀ ਨੂੰ ਮੁਅੱਤਲ ਕਰਨ ਦੀ ਸਿਫਾਰਸ਼ ਕੀਤੀ ਹੈ। ਨੇਮਾ ਮੁਤਾਬਕ ਕਮਾਂਡੈਂਟ ਰੈਂਕ ਦੇ ਅਫਸਰ ਖ਼ਿਲਾਫ ਕਾਰਵਾਈ ਗ੍ਰਹਿ ਮੰਤਰਾਲੇ ਦੇ ਹੁਕਮਾਂ 'ਤੇ ਹੀ ਕੀਤੀ ਜਾ ਸਕਦੀ ਹੈ।

ਬੀ.ਐਸ.ਐਫ ਦੇ ਡਾਇਰੈਕਟਰ ਜਨਰਲ ਰਮਨ ਸ੍ਰੀਵਾਸਤਵ ਨੇ ਇਸ ਮਾਮਲੇ ਵਿਚ ਸਟਾਫ ਕੋਰਟ ਆਫ ਇਨਕੁਆਰੀ ਦਾ ਹੁਕਮ ਦਿੱਤਾ ਸੀ। ਬੀ.ਐਸ.ਐਫ ਦੇ ਇੰਸਪੈਕਟਰ ਜਨਰਲ (ਤ੍ਰਿਪੁਰਾ) ਰਮੇਸ਼ ਸਿੰਘ ਦੀ ਅਗਵਾਈ ਹੇਠ ਤੱਥ ਖੋਜੂ ਮਿਸ਼ਨ ਬਣਾਇਆ ਗਿਆ ਹੈ। ਬੀ.ਐਸ.ਐਫ. ਨੇ ਕਿਹਾ ਸੀ ਕਿ ਉਸਨੂੰ ਇਸ ਘਟਨਾ ਵਿਚ ਲਖਵਿੰਦਰ ਕੁਮਾਰ ਦੀ ਪਹਿਲੇ ਨਜ਼ਰੇ ਸ਼ਮੂਲੀਅਤ ਦੇ ਸਬੂਤ ਮਿਲੇ ਹਨ। ਉਨ੍ਹਾਂ ਕਿਹਾ ਕਿ ਸਿਪਾਹੀ ਦੇ ਦਾਅਵਿਆਂ ਦੀ ਪੜਚੋਲ ਕੀਤੀ ਜਾ ਰਹੀ ਹੈ ਅਤੇ ਬਿਰਦੀ ਸਣੇ ਕੁਝ ਬੀ.ਐਸ.ਐਫ. ਅਧਿਕਾਰੀਆਂ ਤੋਂ ਵੀ ਪੁੱਛ ਪੜਤਾਲ ਕੀਤੀ ਜਾਵੇਗੀ। ਮਾਰੇ ਗਏ ਨੌਜਵਾਨ ਦੇ ਪਰਿਵਾਰ ਨੇ ਦੋਸ਼ ਲਗਾਇਆ ਹੈ ਕਿ ਬੀ.ਐਸ.ਐਫ. ਦੇ ਇਕ ਸੀਨੀਅਰ ਅਫਸਰ ਨੂੰ ਬਚਾਉਣ ਲਈ ਇਕ ਸਿਪਾਹੀ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਜੰਮੂ-ਕਸ਼ਮੀਰ ਪੁਲੀਸ ਵਲੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਬੀ.ਐਸ.ਐਫ ਕੇਸ ਨਾਲ ਸਬੰਧਤ ਸਾਰੀ ਜਾਣਕਾਰੀ ਸਾਂਝੀ ਕਰੇਗੀ।

ਬੀ.ਐਸ.ਐਫ. ਦੇ ਆਈ.ਜੀ. ਬਲਜੀਤ ਸਿੰਘ ਨੇ ਕਿਹਾ ਕਿ ਤੱਥਾਂ ਦਾ ਪਤਾ ਲਗਾਉਣ ਲਈ ਬਿਠਾਈ ਕੋਰਟ ਆਫ ਇਨਕੁਆਰੀ ਦੇ ਮੱਦੇਨਜ਼ਰ ਬਿਰਦੀ ਦਾ ਤਬਾਦਲਾ ਕੀਤਾ ਗਿਆ ਅਤੇ ਉਨ੍ਹਾਂ ਇਸ ਦੋਸ਼ ਦਾ ਖੰਡਨ ਕੀਤਾ ਕਿ ਕਮਾਂਡੈਂਟ ਨੇ ਸਿਪਾਹੀ ਨੂੰ ਨੌਜਵਾਨ 'ਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ। ਬੀ.ਐਸ.ਐਫ ਇਹ ਪਹਿਲਾਂ ਹੀ ਮੰਨ ਚੁੱਕੀ ਹੈ ਕਿ ਉਸਦਾ ਇਕ ਸਿਪਾਹੀ ਇਸ ਕਤਲ ਕਾਂਡ ਵਿਚ ਸ਼ਾਮਲ ਪਾਇਆ ਗਿਆ ਹੈ। ਇਸ ਦੌਰਾਨ ਸਰਕਾਰ ਨੇ ਕਿਹਾ ਕਿ ਉਹ ਆਮ ਲੋਕਾਂ ਨਾਲ ਹਥਿਆਰਬੰਦ ਦਸਤਿਆਂ ਦੇ ਧੱਕੜ ਵਤੀਰੇ ਦੀ ਕਿਸੇ ਵੀ ਘਟਨਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਪ੍ਰਤੀ ਸਖ਼ਤੀ ਨਾਲ ਨਿਪਟਿਆ ਜਾਵੇਗਾ।

ਰੱਖਿਆ ਰਾਜ ਮੰਤਰੀ ਐਮ ਐਮ ਪਲਮ ਰਾਜੂ ਨੇ ਕਿਹਾ, 'ਜੰਮੂ ਕਸ਼ਮੀਰ ਵਿਚ ਹਥਿਆਰਬੰਦ ਦਸਤਿਆਂ ਵਲੋਂ ਲੋਕਾਂ ਨਾਲ ਬਦਸਲੂਕੀ ਸਹਿਣ ਨਹੀਂ ਕੀਤੀ ਜਾਵੇਗੀ।


CTR
CENTRAL TRAILER REPAIR
3275 E Central Fresno, CA
Ph: 559 268 8231
We work on all makes & models of refrigeration units.



ਅਸੀਂ ਤੁਹਾਡੀਆਂ ਟਰੇਲਰ ਰਿਪੇਅਰ ਦੀਆਂ ਸਾਰੀਆਂ ਜ਼ਰੂਰਤਾਂ ਬਿਹਤਰੀਨ ਸੇਵਾ ਨਾਲ ਪੂਰੀਆਂ ਕਰਦੇ ਹਾਂ।
ਸਾਡੇ ਕੋਲ ਨਵੇਂ ਥਰਮੋ ਕਿੰਗ ਅਤੇ ਕੈਰੀਅਰ ਇੰਜਨ ਸਟਾਕ ਵਿਚ ਹਨ।
ਅਸੀਂ ਤੁਹਾਡੇ ਬਿਜਨਸ ਦੀਆਂ ਮੌਸਮੀ ਜਾਂ ਸਟੋਰੇਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਰੀਫਰ ਟਰੇਲਰ ਪੂਰੀ ਮੇਂਟੀਨੈਂਸ ਕਵਰੇਜ਼ ਨਾਲ ਕਿਰਾਏ 'ਤੇ ਦਿੰਦੇ ਹਾਂ।
We rent trailers for short and long term purposes and also have Thermo King and Carrier engines in stock.
ਕਾਲ ਕਰੋ: ਪਾਲ ਤੂਰ 559-473-8387 (ਸੈਲ)
E-mail:paul@cfxfresno.com

# ਆਸਟਰੇਲੀਆ ਵਿਚ ਦੋ ਪੰਜਾਬੀ ਭਰਾਵਾਂ ਦਾ ਕਤਲ

**ਮੈਲਬੌਰਨ:** ਆਸਟਰੇਲੀਆ ਵਿਖੇ ਭਾਰਤੀਆਂ 'ਤੇ ਹੋ ਰਹੇ ਹਮਲਿਆਂ ਦਾ ਮਾਮਲਾ ਅਜੇ ਠੰਢਾ ਨਹੀਂ ਸੀ ਪਿਆ ਕਿ ਭਾਰਤੀਆਂ ਲਈ ਇਕ ਹੋਰ ਬੁਰੀ ਖ਼ਬਰ ਆ ਗਈ। ਆਸਟਰੇਲੀਆ ਦੀ ਪੁਲਿਸ ਨੇ ਦੋ ਭਾਰਤੀਆਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਹਾਲਾਂਕਿ ਇਨ੍ਹਾਂ ਮੌਤਾਂ ਦਾ ਕਾਰਨ ਨਸਲੀ ਹਿੰਸਾ ਨਹੀਂ, ਸਗੋਂ ਪੈਸਿਆਂ ਨੂੰ ਲੈ ਕੇ ਹੋਇਆ ਆਪਸੀ ਝਗੜਾ ਦੱਸਿਆ ਜਾਂਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੰਗਰੂਰ ਜ਼ਿਲ੍ਹੇ ਦੇ ਸ਼ਹਿਰ ਸੁਨਾਮ ਦੇ ਦੋ ਸਕੇ ਭਰਾ ਕਮਲਜੀਤ ਅਤੇ ਨਵਦੀਪ ਸਪੁੱਤਰ ਸਵਰਨ ਸਿੰਘ ਵਿਦਿਆਰਥੀ ਵੀਜ਼ੇ ਦੇ ਆਧਾਰ 'ਤੇ ਆਸਟਰੇਲੀਆ ਗਏ ਸਨ। ਮਾਮਲੇ ਦੀ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ ਬੀਤੇ ਹਫਤੇ ਸ਼ੁੱਕਰਵਾਰ ਦੀ ਸਵੇਰ 4 ਵਜੇ ਦੇ ਕਰੀਬ ਪਰਥ ਦੇ ਸੇਂਟਜਾਨ ਐਂਬੂਲੈਂਸ ਡਿੱਪੂ ਦੇ ਨੇੜੇ ਗੰਭੀਰ ਰੂਪ ਵਿਚ ਜ਼ਖ਼ਮੀ ਇੱਕ 20 ਸਾਲਾ ਨੌਜਵਾਨ ਨੂੰ ਦੇਖਿਆ ਗਿਆ। ਪੁੱਛੇ ਜਾਣ 'ਤੇ ਉਸ ਨੇ ਦੱਸਿਆ ਕਿ ਉਸ ਦਾ ਇੱਕ ਭਰਾ ਕ੍ਰੇਮਿਆ ਸਟਰੀਟ 'ਤੇ ਪਿਆ ਹੈ। ਪੁਲਿਸ ਨੇ ਉਸ ਨੂੰ ਤੁਰੰਤ ਹਸਪਤਾਲ ਪਹੁੰਚਾਇਆ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਿਸ ਨੇ ਜਾਂਚ ਲਈ ਇਨ੍ਹਾਂ ਦੇ ਤੀਜੇ ਸਾਥੀ ਤੋਂ ਪੁੱਛਗਿੱਛ ਕੀਤੀ ਤਾਂ ਪੈਸਿਆਂ ਨੂੰ ਲੈ ਕੇ ਝਗੜੇ ਦੀ ਗੱਲ ਸਾਹਮਣੇ ਆਈ। ਪੁਲਿਸ ਨੇ ਇਸੇ ਸਬੰਧ ਵਿਚ ਭਾਰਤੀ ਮੂਲ ਦੇ ਹੀ ਇੱਕ 22 ਸਾਲਾ ਵਿਦਿਆਰਥੀ ਨੂੰ ਹਿਰਾਸਤ ਵਿਚ ਲੈ ਲਿਆ ਹੈ। ਇਸੇ ਦੌਰਾਨ ਇਨ੍ਹਾਂ ਲੜਕਿਆਂ ਦੇ ਪਿਤਾ ਸਵਰਨ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਦੇ ਦੋਵੇਂ ਲੜਕੇ ਸਾਊ ਸੁਭਾਅ ਦੇ ਸਨ।

**ਬਾਦਲ ਦੁੱਖ ਸਾਂਝਾ ਕਰਨ ਪੁਜੇ :** ਦੋ ਸਕੇ ਭਰਾਵਾਂ ਨਵਦੀਪ ਸਿੰਘ ਧਾਲੀਵਾਲ (21) ਅਤੇ ਕੰਵਲਜੀਤ ਸਿੰਘ ਧਾਲੀਵਾਲ (19) ਪੁੱਤਰ ਸਵਰਨ ਸਿੰਘ ਧਾਲੀਵਾਲ ਦੇ ਹੋਏ ਕਤਲ ਦੇ ਸਬੰਧੀ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇੱਥੇ ਸੁਨਾਮ ਵਿਸ਼ੇਸ਼ ਤੌਰ 'ਤੇ ਪੁੱਜੇ। ਪਰਿਵਾਰ



ਨਾਲ ਦੁੱਖ ਸਾਂਝਾ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਵਾਸੀ ਭਾਰਤੀਆਂ ਵਿਸ਼ੇਸ਼ ਤੌਰ 'ਤੇ ਪੰਜਾਬੀਆਂ 'ਤੇ ਆਸਟ੍ਰੇਲੀਆ ਵਿਚ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਲਗਾਤਾਰ ਦਬਾਅ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਹੋਰ ਦੇਸ਼ਾਂ ਨਾਲ ਗੱਲਬਾਤ ਕਰਕੇ ਇਸ ਦਾ ਤੁਰੰਤ ਹੱਲ ਕੱਢੇ। ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਬੇਸ਼ੱਕ ਇਸ ਮੌਕੇ ਪਰਿਵਾਰ ਦੀ ਆਰਥਿਕ ਸਹਾਇਤਾ ਕਰਨ ਦੀ ਗੱਲ ਕਰਨਾ ਸ਼ੋਭਾ ਨਹੀਂ ਦਿੰਦੀ। ਪਰ ਸਰਕਾਰ ਨੇ ਪੀੜਤ ਪਰਿਵਾਰ ਨੂੰ 10 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਸਰਕਾਰ ਪਰਿਵਾਰ ਦੀ ਵਧ ਤੋਂ ਵਧ ਮਦਦ ਕਰਨ ਲਈ ਵਚਨਬੱਧ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਮ੍ਰਿਤਕ ਨੌਜਵਾਨਾਂ ਦੀਆਂ ਲਾਸ਼ਾਂ ਲਿਆਉਣ ਲਈ ਉਹ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰ ਰਹੇ ਹਨ। ਮੁੱਖ ਮੰਤਰੀ ਨੇ ਇਹ ਵੀ ਇਸ਼ਾਰਾ ਕੀਤਾ ਕਿ ਮ੍ਰਿਤਕ ਭਰਾਵਾਂ ਦੀ ਭੈਣ ਦੀ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਉਸ ਨੂੰ ਸਰਕਾਰੀ ਨੌਕਰੀ ਦੇਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

# ਵਿਦੇਸ਼ਾਂ 'ਚ ਪੰਜਾਬੀ ਨੌਜਵਾਨਾਂ ਦੇ ਕਤਲ ਜਾਰੀ
## ਫਰਾਂਸ, ਮਨੀਲਾ ਤੇ ਵਿਆਨਾ 'ਚ ਕਤਲ

**ਮੁਕੇਰੀਆਂ :** ਦਸੂਹਾ ਨੇੜਲੇ ਪਿੰਡ ਭੂਸ਼ਾਂ ਦੇ ਇਕ ਨੌਜਵਾਨ ਬਲਵਿੰਦਰ ਸਿੰਘ (24 ਸਾਲ) ਪੁੱਤਰ ਮਰਹੂਮ ਹਰਵੇਲ ਸਿੰਘ, ਦਾ ਉਸ ਦੇ ਹੀ ਇੱਕ ਸਾਥੀ ਅਤੇ ਨਜ਼ਦੀਕੀ ਪਿੰਡ ਦੇ ਰਹਿਣ ਵਾਲੇ ਰਿੰਕੂ ਪੁੱਤਰ ਜੋਗਿੰਦਰ ਸਿੰਘ ਵਲੋਂ ਕਤਲ ਕਰ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਲਵਿੰਦਰ ਸਿੰਘ ਦੀ ਮਾਤਾ ਸ਼ੀਲ ਕੌਰ ਅਤੇ ਵੱਡੇ ਭਰਾ ਸੁਖਜਿੰਦਰ ਸਿੰਘ ਨੇ ਰੋਂਦੇ ਹੋਏ ਦੱਸਿਆ ਕਿ ਉਹ ਸੱਤ ਸਾਲ ਪਹਿਲਾਂ ਫਰਾਂਸ ਗਿਆ ਸੀ। ਉਨ੍ਹਾਂ ਦੱਸਿਆ ਕਿ ਬਲਵਿੰਦਰ ਸਿੰਘ ਆਪਣੇ ਸਾਥੀ ਰਿੰਕੂ ਨਾਲ ਇੱਕੋ ਹੀ ਮਕਾਨ ਵਿਚ ਰਹਿੰਦਾ ਸੀ। ਬੀਤੇ ਦਿਨਾਂ ਉਨ੍ਹਾਂ ਨੂੰ ਫਰਾਂਸ ਤੋਂ ਬਲਵਿੰਦਰ ਸਿੰਘ ਦੇ ਇਕ ਦੋਸਤ ਨੇ ਫੋਨ ਕਰਕੇ ਦੱਸਿਆ ਕਿ ਬਲਵਿੰਦਰ ਸਿੰਘ ਨੂੰ ਮਿਆਣੀ ਦੇ ਰਿੰਕੂ ਨੇ 11 ਫਰਵਰੀ ਨੂੰ ਕਤਲ ਕਰ ਦਿੱਤਾ ਹੈ। ਫੋਨ ਕਰਨ ਵਾਲੇ ਨੇ ਇਹ ਵੀ ਦੱਸਿਆ ਕਿ ਬਲਵਿੰਦਰ ਸਿੰਘ ਦੇ ਕਾਤਲ ਰਿੰਕੂ ਨੂੰ ਫਰਾਂਸ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ ਅਤੇ ਇਸ ਦੀ ਜਾਣਕਾਰੀ ਉਨ੍ਹਾਂ ਨੂੰ ਰਿੰਕੂ ਦੀ ਗ੍ਰਿਫਤਾਰੀ ਤੋਂ ਬਾਅਦ ਹੀ ਮਿਲੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਜਾਣਕਾਰ ਫਰਾਂਸ ਵਿਖੇ ਰਹਿੰਦੇ ਹਨ ਜੋ ਲਾਸ਼ ਨੂੰ ਭਾਰਤ ਲਿਆਉਣ ਸਬੰਧੀ ਕਾਰਵਾਈ ਕਰ ਰਹੇ ਹਨ ਅਤੇ ਅਗਲੇ ਦਿਨਾਂ ਵਿਚ ਲਾਸ਼ ਭਾਰਤ ਪੁੱਜ ਸਕਦੀ ਹੈ।

ਇਸ ਦੌਰਾਨ ਰੋਜ਼ੀ-ਰੋਟੀ ਖ਼ਾਤਰ ਅਤੇ ਆਪਣਾ ਭਵਿੱਖ ਬਣਾਉਣ ਲਈ ਦੇਸ਼ ਛੱਡ ਕੇ ਮਨੀਲਾ ਗਏ ਕਪੂਰਥਲਾ ਦੇ ਪਿੰਡ ਬੂਹ ਦੇ 25 ਸਾਲਾ ਨੌਜਵਾਨ ਬਿਕਰਮਜੀਤ ਸਿੰਘ ਪੁੱਤਰ ਮਾਸਟਰ ਕੁਲਦੀਪ ਸਿੰਘ ਦੀ ਲੁਟੇਰਿਆਂ ਨੇ ਮਨੀਲਾ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪਿੰਡ ਬੂਹ ਦੇ ਸਰਪੰਚ ਗੁਰਦਿਆਲ ਸਿੰਘ ਤੇ ਮ੍ਰਿਤਕ ਦੇ ਪਿਤਾ ਕੁਲਦੀਪ ਸਿੰਘ ਨੇ ਦਸਿਆ ਕਿ ਉਨ੍ਹਾਂ ਦਾ ਲੜਕਾ ਬਿਕਰਮਜੀਤ ਸਿੰਘ ਕੁਝ ਦਿਨਾਂ ਬਾਅਦ ਪਿੰਡ ਵਾਪਸ ਆਉਣ ਵਾਲਾ ਸੀ। 10 ਫਰਵਰੀ ਦੀ ਰਾਤ ਜਦੋਂ ਉਹ ਆਪਣੀ ਤਨਖਾਹ ਲੈ ਕੇ ਘਰ ਪਰਤ ਰਿਹਾ ਸੀ ਤਾਂ ਚਾਰ ਲੁਟੇਰਿਆਂ ਨੇ ਪੈਸੇ ਲੁੱਟਣ ਦੀ ਨੀਯਤ ਨਾਲ ਉਸ ਦੇ ਸਿਰ ਵਿਚ ਗੋਲੀ ਮਾਰ ਦਿੱਤੀ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਇਸੇ ਦੌਰਾਨ ਕਸਬਾ ਢਿਲਵਾਂ ਦੇ ਦੋ ਨੌਜਵਾਨਾਂ ਦੀ ਆਸਟਰੀਆ ਦੇ ਸ਼ਹਿਰ ਵੀਆਨਾ ਵਿਖੇ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਮ੍ਰਿਤਕ ਨੌਜਵਾਨ ਨਵਜੀਤ ਸਿੰਘ ਉਰਫ਼ ਨਾਜੀ (26) ਦੇ ਪਿਤਾ ਜਸਬੀਰ ਸਿੰਘ ਨੇ ਬਹੁਤ ਉਦਾਸ ਮਨ ਨਾਲ ਦਸਿਆ ਕਿ ਅੱਜ ਤੜਕਸਾਰ ਉਨ੍ਹਾਂ ਨੂੰ ਕਿਸੇ ਨੇ ਫ਼ੋਨ ਕਰ ਕੇ ਸੂਚਨਾ ਦਿਤੀ ਕਿ ਵੀਆਨਾ ਦੇ ਡਿਸਟ੍ਰਿਕਟ 1100 ਦੇ ਜਿਸ ਕਮਰੇ 'ਚ ਨਵਜੀਤ ਅਤੇ ਰਵਿੰਦਰ ਢਿੱਲੋਂ ਰਹਿੰਦੇ ਸਨ, ਵਿਚੋਂ ਉਨ੍ਹਾਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ। ਪਰਵਾਰਕ ਮੈਂਬਰਾਂ ਨੇ ਦਸਿਆ ਕਿ ਕੁਝ ਦੇਰ ਬਾਅਦ ਵੀਆਨਾ ਦੇ ਸਬੰਧਤ ਪੁਲਿਸ ਅਧਿਕਾਰੀ ਨੇ ਵੀ ਫ਼ੋਨ ਕਰ ਕੇ ਦੋਹਾਂ ਦੀ ਮੌਤ ਹੋ ਜਾਣ ਦੀ ਪੁਸ਼ਟੀ ਕਰ ਦਿਤੀ।

# ਭਾਰਤੀਆਂ ਨੂੰ ਲੈ ਕੇ ਭਿੜੇ ਦੋ ਆਸਟਰੇਲੀਆਈ ਸੂਬੇ

**ਮੈਲਬੌਰਨ :** ਆਸਟਰੇਲੀਆ ਵਿਚ ਭਾਰਤੀ ਵਿਦਿਆਰਥੀਆਂ ਨੂੰ ਲੈ ਕੇ ਦੋ ਪ੍ਰਾਂਤਾਂ ਵਿਚਾਲੇ ਤਕਰਾਰ ਵਧ ਗਿਆ ਹੈ। ਵਿਕਟੋਰੀਆ ਪ੍ਰਾਂਤ ਦੀ ਰਾਜਧਾਨੀ ਮੈਲਬੌਰਨ ਵਿਚ ਭਾਰਤੀ ਵਿਦਿਆਰਥੀਆਂ 'ਤੇ ਨਸਲੀ ਹਮਲਿਆਂ ਤੋਂ ਬਾਅਦ ਹੁਣ ਸਿਡਨੀ ਨੇ ਆਪਣੇ ਪ੍ਰਾਂਤ ਸਾਊਥ ਵੇਲਜ਼ ਨੂੰ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਲਈ ਸੁਰੱਖਿਅਤ ਸਥਾਨ ਦੇ ਤੌਰ 'ਤੇ ਪ੍ਰਚਾਰ ਤੇ ਪ੍ਰਸਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ 'ਤੇ ਵਿਕਟੋਰੀਆ ਨੇ ਨਰਾਜ਼ਗੀ ਜ਼ਾਹਿਰ ਕਰਦਿਆਂ ਆਪਣੇ ਪ੍ਰਾਂਤ ਨੂੰ ਆਸਟਰੇਲੀਆ ਦਾ ਸਭ ਤੋਂ ਵਧ ਸੁਰੱਖਿਅਤ ਸਥਾਨ ਦੱਸਿਆ ਹੈ। ਇਸ ਤੋਂ ਪਹਿਲਾਂ ਨਿਊ ਸਾਊਥ ਵੇਲਜ਼ ਦੀ ਪ੍ਰੀਮੀਅਰ ਕ੍ਰਿਸਟੀਨਾ ਕੇਨੇਲੀ ਨੇ ਕਿਹਾ ਕਿ ਸਿਡਨੀ ਅਤੇ ਮੈਲਬੌਰਨ ਸ਼ਹਿਰਾਂ ਦਰਮਿਆਨ ਪਹਿਲਾਂ ਵੀ ਮਤਭੇਦ ਰਹੇ ਹਨ, ਜੋ ਵਿਦੇਸ਼ੀ ਬਾਜ਼ਾਰ ਵਿਚ ਖ਼ਤਮ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਇੱਕ ਮੰਤਰੀ ਨੂੰ ਭਾਰਤ ਭੇਜ ਕੇ ਸਿੱਖਿਆ ਨੁਮਾਇੰਦਿਆਂ ਨੂੰ ਦੱਸਿਆ ਜਾਵੇਗਾ ਕਿ ਨਿਊ ਸਾਊਥ ਵੇਲਜ਼ ਵਿਚ ਵਿਦਿਆਰਥੀਆਂ ਨੂੰ ਸੁਰੱਖਿਅਤ ਰਹਿੰਦਿਆਂ ਹੋਇਆਂ ਪੜ੍ਹਾਈ ਕਰਨ ਵਿਚ ਸਹਾਇਤਾ ਦਿੱਤੀ ਜਾਵੇਗੀ। ਕੇਨੇਲੀ ਦੇ ਇਸ ਐਲਾਨ 'ਤੇ ਵਿਕਟੋਰੀਆ ਦੇ ਪ੍ਰੀਮੀਅਰ ਜ਼ੋਨ ਬਰੂੰਬੀ ਨੇ ਨਰਾਜ਼ਗੀ ਜ਼ਾਹਿਰ ਕੀਤੀ ਹੈ।

ਇਸ ਦੌਰਾਨ ਅਮਰੀਕੀ ਮੁਸਲਿਮ ਜਥੇਬੰਦੀ 'ਦਿ ਕੌਂਸਲਿੰਗ ਆਫ਼ ਉਤਰ ਅਮਰੀਕਾ' ਨੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੇ ਹਵਾਈ ਅੱਡਿਆਂ 'ਤੇ ਲੱਗੇ ਫੁੱਲ ਬਾਡੀ ਸਕੈਨਰ ਖਿਲਾਫ਼ ਫ਼ਤਵਾ ਜਾਰੀ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਫੁੱਲ ਬਾਡੀ ਸਕੈਨਰ ਨਾਲ ਨੰਗੇ ਸਰੀਰ ਦੀ ਤਸਵੀਰ ਖਿੱਚਣੀ ਗ਼ੈਰ-ਇਸਲਾਮਿਕ ਹੈ। ਅਮਰੀਕਾ ਸਥਿਤ ਤਮਾਮ ਇਸਲਾਮੀ ਜਥੇਬੰਦੀਆਂ ਨੇ ਇਸ ਫ਼ਤਵੇ ਨੂੰ ਆਪਣਾ ਸਮਰਥਨ ਦਿੱਤਾ ਹੈ। ਮੰਗਲਵਾਰ ਨੂੰ ਜਾਰੀ ਕੀਤੇ ਗਏ ਫ਼ਤਵੇ ਅਨੁਸਾਰ ਫੁੱਲ ਬਾਡੀ ਸਕੈਨ ਦੀ ਸਹੂਲਤ ਇਸਲਾਮ ਦੇ ਨਿਯਮ ਤੋਂ ਉਲਟ ਹੈ, ਜਿਸ ਵਿਚ ਕਿਸੇ ਗੈਰ ਔਰਤ ਜਾਂ ਮਰਦ ਨੂੰ ਨੰਗੇ ਵੇਖਣਾ ਮਨ੍ਹਾ ਹੈ। 'ਦਿ ਕੌਂਸਲਿੰਗ ਆਫ਼ ਅਮਰੀਕਨ ਇਸਲਾਮਿਕ ਰਿਲੇਸ਼ਨ' ਦੇ ਕਾਰਜਕਾਰੀ ਨਿਰਦੇਸ਼ਕ ਨਿਹਾਦ ਅਵਦ ਨੇ ਕਿਹਾ ਹੈ ਕਿ ਅਸੀਂ ਇਸ ਫ਼ਤਵੇ ਦਾ ਸਮਰਥਨ ਕਰਦੇ ਹਾਂ। ਸੁਰੱਖਿਆ ਜਾਂਚ ਦੌਰਾਨ ਯਾਤਰੀਆਂ ਦੇ ਧਾਰਮਿਕ ਅਤੇ ਨਿੱਜੀ ਅਧਿਕਾਰਾਂ ਦੀ ਇੱਜ਼ਤ ਕੀਤੀ ਜਾਣੀ ਚਾਹੀਦੀ ਹੈ।


**SUPER TRAVEL**
**847–676–9090**
*E-mail: supertravel2003@yahoo.com*
*Lowest Fares With Excellent Service*
*AMERICAN AIR,* *JET AIRWAYS DELTA, AIR INDIA,*



*For Emergency Call anytime at*
India $545
*EARLY BIRD SALE!!!!*

**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
**CALL: TOLL FREE: 877-OK-HOMEO**
**(877-654-6636)OFFICE: 408-729-6691**
E-mail: Homeomedicine@yahoo.com




ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**
**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

## Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

Financing Available For Buying Trucks

**Cell:(510) 557-6988, Ph:209-982-9996**

# ਸਾਗ ਜਿਨ੍ਹਾਂ ਦੇ ਹੱਡੀਂ ਰਚਿਆ


## ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958


ਕਹਿੰਦੇ ਹਨ ਮਨੁੱਖ ਜਦ ਬਾਂਦਰ ਜਾਤੀ ਵਾਲੀ ਪੂਛ ਤੋਂ ਖਹਿੜਾ ਛੁਡਾ ਕੇ ਸਿਧਾ ਹੋ ਤੁਰਿਆ ਤਾਂ ਅਫ਼ਰੀਕਾ ਦੇ ਜੰਗਲ ਛੱਡ ਕੇ ਮੈਦਾਨਾਂ ਨੂੰ ਵਧਣ ਲੱਗਾ। ਇਸ ਬਿਖੜੇ ਮਾਰਗ ਚਲਦਿਆਂ ਉਸ ਨੇ ਮੈਦਾਨਾਂ ਵਿਚੋਂ ਸਾਗ ਖਾਣਾ ਸ਼ੁਰੂ ਕਰ ਦਿੱਤਾ ਪਰ ਇਹ ਸਾਗ ਸਾਡਾ ਪੰਜਾਬੀਆਂ ਦਾ ਜਗਤ-ਪ੍ਰਸਿੱਧ ਅੱਲਣ ਵਾਲਾ ਰਿਧਾ-ਪੱਕਾ ਸਾਗ ਨਹੀਂ ਬਲਕਿ ਖਾਣਯੋਗ ਹਰੇ ਕਚੂਰ ਪੱਤੇ ਹੀ ਸਨ। ਖੋਜ ਦਸਦੀ ਹੈ ਕਿ ਸਾਗ ਸ਼ਬਦ ਸੰਸਕ੍ਰਿਤ ਸ਼ਾਕ ਤੋਂ ਬਣਿਆ ਹੈ ਤੇ ਇਸ ਹਿਸਾਬ ਨਾਲ ਸਾਗ ਦੇ ਸ਼ੌਕੀਨ ਪੰਜਾਬੀ ਅਸਲ ਵਿਚ ਸਿੱਕੇਬੰਦ ਸ਼ਾਕਾਹਾਰੀ ਸਾਬਿਤ ਹੁੰਦੇ ਹਨ ਭਾਵੇਂ ਉਹ ਅੱਜ ਕੱਲ੍ਹ ਚਿਕਨ ਦੀਆਂ ਟੰਗਾਂ ਵੀ ਖੂਬ ਮਰੋੜ ਲੈਂਦੇ ਹਨ। ਪੰਜਾਬੀ ਠੋਕ ਵਜਾ ਕੇ ਆਪਣੇ ਸਭਿਆਚਾਰ ਨੂੰ ਸਾਗ ਤੇ ਮੱਕੀ ਦੀ ਰੋਟੀ ਦਾ ਸਭਿਆਚਾਰ ਐਲਾਨਦੇ ਹਨ ਤੇ ਫ਼ਖਰ ਨਾਲ ਦਸਦੇ ਹਨ ਕਿ ਸਾਗ ਦੀ ਕਾਢ ਕਢ ਕੇ ਉਨ੍ਹਾਂ ਦੁਨੀਆਂ ਭਰ ਦੇ ਖਾਧ-ਵਿਅੰਜਨਾਂ ਵਿਚ ਠੋਸ ਵਾਧਾ ਕੀਤਾ ਹੈ। ਧਿਆਨ ਨਾਲ ਵਾਚਿਆਂ ਇਸ ਦਾਅਵੇ ਵਿਚ ਕੋਈ ਅਤਿਕਥਨੀ ਪ੍ਰਤੀਤ ਨਹੀਂ ਹੁੰਦੀ। ਸਮੁੱਚੇ ਧਰਤ-ਗੋਲੇ 'ਚ ਉਪਲਬਧ ਵੰਨ-ਸਵੰਨੇ ਖਾਣਿਆਂ ਵਿਚ ਸਾਗ ਜਿਹਾ ਵਿਚਿੱਤਰ ਆਹਾਰ ਮੈਂ ਕਿਧਰੇ ਨਹੀਂ ਡਿੱਠਾ। ਸੱਚੀ ਗੱਲ ਹੈ ਪੰਜਾਬੀ ਸਾਗ ਖਾਂਦੇ ਹਨ ਤੇ ਸਾਗ ਹੀ...। ਸਾਗ ਦੇ ਵਿਗੋਚੇ ਤੋਂ ਉਤਪਨ ਵੇਦਨਾ ਨੂੰ ਕਿਸੇ ਕਵੀ ਨੇ ਭਲੀ ਭਾਂਤ ਹਾਇਕੂ ਵਿਚ ਬੰਨ੍ਹਿਆ ਹੈ:

ਜਾਊਂ ਕਹਾਂ ਕਿ ਦੂਰ ਤੱਕ<br>
ਮਿਲਤਾ ਨਹੀਂ ਸਰੋਂ ਦਾ ਸਾਗ<br>
ਸਾਗ...ਸਾਗ...ਸਾਗ...

ਪੰਜਾਬੀ ਆਦਮੀ ਤੀਵੀਂ ਤੋਂ ਬਿਨਾ ਤਾਂ ਰਹਿ ਸਕਦਾ ਹੈ ਪਰ ਸਾਗ ਤੋਂ ਬਿਨਾ ਨਹੀਂ, ਦਰਅਸਲ ਤੀਵੀਂ ਵੀ ਉਸ ਨੂੰ ਸਾਗ ਰਿੰਨ੍ਹਣ ਲਈ ਹੀ ਚਾਹੀਦੀ ਹੈ। ਇਸ ਤੋਂ ਉਲਟ ਗੱਲ ਵੀ ਸਹੀ ਹੈ, ਪੰਜਾਬੀ ਤੀਵੀਂ ਨੂੰ ਵੀ ਆਪਣੇ ਸਾਗ ਦੇ ਜਾਦੂ ਵਿਚ ਭਰਮਾਉਣ ਲਈ ਹੀ ਮਰਦ ਚਾਹੀਦਾ ਹੈ।

ਦੇਖਣਾ ਹੋਵੇਗਾ ਕਿ ਉਹ ਕਿਹੜੀ ਗੱਲ ਹੈ ਜਿਸ ਕਾਰਨ ਸਾਡੇ ਇਸ ਨਿਮਾਣੇ ਭੋਜਨ ਨੇ ਏਨਾ ਉਚਾ ਮਰਾਤਬਾ ਪਾਇਆ ਹੈ? ਇਹ ਜਾਨਣ ਲਈ ਪਹਿਲਾਂ ਸਾਨੂੰ ਇਸ ਵਿਲੱਖਣ ਸ਼ਬਦ ਸਾਗ ਨੂੰ ਪਰਿਭਾਸ਼ਾ ਵਿਚ ਬੰਨ੍ਹਣਾ ਹੋਵੇਗਾ: ਡੰਗਰਾਂ ਦੇ ਹਰੇ ਪੱਠਿਆਂ ਤੋਂ ਬਿਲਕੁਲ ਅਲੱਗ ਪੰਜਾਬੀ ਸਾਗ ਇਕ ਮਾਨਵ ਜਾਤੀ ਦੇ ਖਾਣਯੋਗ ਅਜਿਹਾ ਪਕਵਾਨ ਹੈ ਜਿਸ ਨੂੰ ਪਰੰਪਰਕ ਢੰਗ ਨਾਲ ਬਣਾਉਣ ਵਿਚ ਦੋ ਕੁ ਚੀਰਨੀਆਂ ਯਾਨਿ ਟੋਕਰਾ ਭਰ ਦੇਸੀ ਸਰੋਂ ਦੇ ਪੱਤਿਆਂ ਤੇ ਗੰਦਲਾਂ ਦਾ ਬਰਾਬਰ ਅਨੁਪਾਤ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਫਿਰ ਚੁਲ੍ਹੇ 'ਤੇ ਗੋਹਟਿਆਂ ਦੀ ਰੇਣ ਲਾ ਕੇ ਘਟੋ ਘਟ ਇਕ ਪਹਿਰ ਤਕ ਮੱਠੀ ਅੱਗ ਦੇ ਤਾਅ 'ਤੇ ਰੱਖ ਕੇ ਸਾਰੇ ਵਿਟਾਮਿਨਾਂ ਦੇ ਖਾਰਜ ਹੋ ਜਾਣ ਤੱਕ ਖੂਬ ਪਕਾਇਆ ਜਾਂਦਾ ਹੈ। ਉਪਰੰਤ ਇਸ ਨੂੰ ਮੱਕੀ ਦਾ ਅੱਲਣ ਪਾਉਣ, ਘੋਟਣ ਤੇ ਸਲਿਜੱਣ ਜਿਹੀਆਂ ਦੀਰਘ ਤੇ ਪੇਚੀਦਾ ਪ੍ਰਕਿਰਿਆਵਾਂ ਵਿਚ ਦੀ ਲੰਘਾਉਣਾ ਪੈਂਦਾ ਹੈ। ਇਸ ਸਮੁਚੇ ਵਰਤਾਰੇ ਨੂੰ ਤੱਤ-ਵਿਸਰਜਨ ਕਿਹਾ ਜਾ ਸਕਦਾ ਹੈ ਜਿਸ ਦਾ ਅੰਤਮ ਉਦੇਸ਼ ਇਸ ਬਨਸਪਤੀ ਨੂੰ ਸਾਡੇ ਸਰੀਰ ਲਈ ਲੋੜੀਂਦੇ ਤੱਤਾਂ ਤੋਂ ਸੱਖਣਾ ਕਰਕੇ ਇਕ ਪ੍ਰਕਾਰ ਦਾ ਭਸਮ ਬਣਾਉਣਾ ਹੈ। ਪਰ ਪੰਜਾਬੀਆਂ ਦਾ ਦਾਅਵਾ ਹੈ ਕਿ ਅਸਲ ਵਿਚ ਦੇਸੀ ਸਰੋਂ ਦੀ ਕੁੜੱਤਣ, ਗੋਭੀ ਸਰੋਂ ਦੀ ਮਿਠਾਸ ਤੇ ਰਾਏ ਸਰੋਂ ਦੇ ਕੁਸੈਲੇਪਣ ਨੂੰ ਮੁਢੋਂ ਸੁਢੋਂ ਮਾਰਨ ਲਈ ਸਾਗ ਦੇ ਪੱਤਿਆਂ ਨੂੰ ਇਨ੍ਹਾਂ ਭੀਸ਼ਮ ਕ੍ਰਿਆ-ਕ੍ਰਮਾਂ ਵਿਚੋਂ ਲੰਘਾਉਣਾ ਅਤਿ ਜ਼ਰੂਰੀ ਹੈ। ਅਖਤਿਆਰੀ ਤੌਰ 'ਤੇ ਇਸ ਵਿਚ ਬਾਥੂ, ਪਾਲਕ, ਪੱਤ ਗੋਭੀ, ਚਲਾਈ, ਤਾਂਦਲਾ, ਮੇਥੀ, ਡੱਡਿਆਂ ਦੇ ਪੱਤੇ ਆਦਿ ਵੀ ਪਾਏ ਜਾ ਸਕਦੇ ਹਨ। ਬਾਹਰਲੇ ਦੇਸ਼ਾਂ ਵਿਚ ਬੁੱਤਾ ਸਾਰਨ ਲਈ ਇਸ ਵਿਚ ਬਰੌਕਲੀ, ਕੌਲਰਡ ਗਰੀਨ, ਸ਼ਲਗਮ ਦੇ ਪਤੇ, ਪੱਤਗੋਭੀ, ਰੁਪੀਨੀ, ਕੇਅਲ, ਲੈਟਸ ਆਦਿ ਮਿਲਾ ਕੇ ਪੰਜਾਬੀ ਸਾਗ ਦਾ ਸੁਆਦ ਪੈਦਾ ਕਰਨ ਦੇ ਸਫ਼ਲ ਪ੍ਰਯੋਗ ਕੀਤੇ ਗਏ ਹਨ। ਆਧੁਨਿਕ ਯੁੱਗ ਵਿਚ ਇਸ ਪਕਵਾਨ ਨੂੰ ਪ੍ਰਵਾਨਗੀਯੋਗ ਬਣਾਉਣ ਲਈ ਪਿਆਜ਼, ਲਸਣ, ਅਦਰਕ ਤੇ ਕਈ ਵਾਰੀ ਟਮਾਟਰਾਂ ਦੇ ਤੜਕੇ ਲਾਉਣ ਨੂੰ ਮਹੱਤਤਾ ਦਿਤੀ ਗਈ ਹੈ ਵਿਸ਼ੇਸ਼ ਤੌਰ 'ਤੇ ਬੇਹੇ ਸਾਗ ਨੂੰ, ਪਰ ਰਵਾਇਤੀ ਸਿਆਣਪ ਇਹ ਕਹਿੰਦੀ ਹੈ ਕਿ ਸਾਗ ਜਿੰਨਾ ਬੇਹਾ ਓਨਾ ਸੁਆਦੀ। ਦੇਖਣ ਵਿਚ ਅਇਆ ਹੈ ਕਿ ਤੜਕਾ ਲਾਉਣ ਦੇ ਦ੍ਰਿਸ਼ਟੀਕੋਣ ਤੋਂ ਪੰਜਾਬੀ ਦੋ ਹਿਸਿਆਂ ਵਿਚ ਪਾਟੇ ਹੋਏ ਹਨ: ਮੂਲਵਾਦੀ ਪੰਜਾਬੀ ਭੁਲ ਕੇ ਵੀ ਤੜਕਾ ਨਹੀਂ ਲਾਉਂਦੇ ਤੇ ਉਦਾਰਵਾਦੀ ਭੁਲ ਕੇ ਵੀ ਤੜਕਾ ਲਾਉਂਦੇ ਹਨ।

ਪਹਿਲੀਆਂ ਵਿਚ ਦਾਤੀ ਨਾਲ ਚੀਰੇ ਸਾਗ ਨੂੰ ਤੌੜੀ ਵਿਚ ਪਾ ਕੇ ਭੜੋਲੀ ਵਿਚ ਪਾਥੀਆਂ ਦੇ ਮੱਠੇ-ਮੱਠੇ ਸੇਕ ਨਾਲ ਰਿਨ੍ਹਿਆਂ ਜਾਂਦਾ ਸੀ। ਤੌੜੀ ਦੀ ਮਿੱਟੀ ਅਤੇ ਇਸਦੀਆਂ ਤੇੜਾਂ ਵਿਚ ਫਸੇ ਪੁਰਾਣੇ ਸਾਗ ਦੇ ਅੰਸ਼ਾਂ ਦੀ ਹਮਕ ਇਸਦੇ ਜ਼ਾਇਕੇ ਨੂੰ ਧਰਤੀ ਦੀ ਵਾਸ਼ਨਾ ਨਾਲ ਸਮ੍ਰਿਧ ਕਰ ਦਿੰਦੇ ਸਨ ਜਿਸ ਤੇ ਪੰਜਾਬੀ ਬੰਦਾ ਲਟਬੌਰਾ ਹੋਇਆ ਰਹਿੰਦਾ ਸੀ। ਅੱਜ ਪ੍ਰੈਸ਼ਰ ਕੁੱਕਰਾਂ ਵਿਚ ਬਣਦੇ ਸਾਗ ਵਿਚੋਂ ਮਿੱਟੀ ਦੀ ਇਹ ਭਿੰਨੀ ਭਿੰਨੀ ਖੁਸ਼ਬੂ ਗਾਇਬ ਹੋ ਗਈ ਹੈ। ਅਜੇ ਤੱਕ ਜਿਉਂਦੇ ਪੁਰਾਣੇ ਬਜ਼ੁਰਗਾਂ ਲਈ ਤੌੜੀ ਦਾ ਹੇਰਵਾ ਉਨ੍ਹਾਂ ਦੀ ਜ਼ਿੰਦਗੀ ਦਾ ਇਕ ਘੋਰ ਦੁਖਾਂਤ ਹੈ ਤੇ ਜਿਸਨੂੰ ਯਾਦ ਕਰਕੇ ਉਹ ਅੱਖਾਂ ਸੇਜਲ ਕਰ ਲੈਂਦੇ ਹਨ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਮੱਕੀ ਦਾ ਅੱਲਣ ਪੰਜਾਬੀ ਸਾਗ ਦਾ ਇਕ ਅਨਿੱਖੜ ਅੰਗ ਹੈ। ਇਤਿਹਾਸ ਦੱਸਦਾ ਹੈ ਕਿ ਜਦ ਪਹਿਲਾਂ ਪਹਿਲਾਂ ਮੱਕੀ ਪੰਜਾਬ ਵਿਚ ਆਈ ਤਾਂ ਕਣਕ-ਖਾਣੇ ਪੰਜਾਬੀਆਂ ਨੂੰ ਪਤਾ ਨਹੀਂ ਸੀ ਲਗਦਾ ਕਿ ਇਸਦੀ ਰੋਟੀ ਕਿਵੇਂ ਬਣਾਈ ਜਾਵੇ ਕਿਉਂਕਿ ਇਹ ਕਣਕ ਵਾਂਗ ਨਾ ਤਾਂ ਵੇਲ ਹੁੰਦੀ ਸੀ ਤੇ ਨਾ ਹੀ ਜਿੜਦੀ ਸੀ। ਸੋ ਉਨ੍ਹਾਂ ਇਸ ਨੂੰ ਸਾਗ ਵਿਚ ਪਾ ਕੇ ਤੇ ਪਕਾ ਕੇ ਖਾਣਾ ਸ਼ੁਰੂ ਕਰ ਦਿੱਤਾ। ਬੱਸ ਏਥੇ ਹੀ ਪੰਜਾਬੀ ਸਾਗ ਰਿੰਨ੍ਹਣ ਦੀ ਕਰੀਦ ਨੂੰ ਨਵੀਂ ਦਿਸ਼ਾ ਤੇ ਦਸ਼ਾ ਪ੍ਰਦਾਨ ਹੋ ਗਈ। ਸੰਸਾਰ ਭਰ ਦੀ ਰਸੋਈ ਕਲਾ ਵਿਚ ਚੀਰਨ, ਅੱਲਣ, ਘੋਟਣ ਤੇ ਸਲਿੱਜਣ ਦੇ ਨਵੇਂ ਸੰਕਲਪਾਂ ਨੇ ਜਨਮ ਲਿਆ। ਘੋਟਣੀ ਨਾਂ ਦਾ ਇਕ ਨਵਾਂ ਸੰਦ ਵੀ ਈਜਾਦ ਕੀਤਾ ਗਿਆ। ਪਰ ਨਾਲ ਦੀ ਨਾਲ ਮੱਕੀ ਦੀ ਰੋਟੀ ਪਕਾਉਣ ਦੇ ਤਜਰਬੇ ਵੀ ਹੁੰਦੇ ਰਹੇ। ਆਖਰ ਪੰਜਾਬੀਆਂ ਦੀ ਮਿਹਨਤ ਨੂੰ ਬੂਰ ਪਿਆ ਤੇ ਉਹ ਚਾਪੜ ਵਰਗੀ ਮੋਟੀ ਠੁੱਲ੍ਹੀ ਰੋਟੀ ਤਿਆਰ ਕਰਨ ਵਿਚ ਸਫਲ ਹੋ ਗਏ। ਹੁਣ ਮੱਕੀ ਦੇ ਅੱਲਣ ਵਾਲੇ ਸਾਗ ਨਾਲ ਮੱਕੀ ਦੀ ਰੋਟੀ ਖਾਧੀ ਜਾਣ ਲੱਗ ਪਈ ਤੇ ਇਹ ਇਕ ਪੱਕਾ ਤੇ ਅਟੁੱਟ ਮੇਲ ਬਣ ਗਿਆ। ਇਸ ਜਟਿਲ ਫਾਰਮੂਲੇ ਨਾਲ ਤਿਆਰ ਹੋਏ ਸਾਗ ਦੇ ਸਭੇ ਗੁਣ ਉਜਾਗਰ ਕਰਨ ਤੇ ਨਾਸ਼ ਹੋਈ ਪੌਸ਼ਟਿਕਤਾ ਮੁੜ ਬਹਾਲ ਕਰਨ ਲਈ ਮੱਖਣ ਦੇ ਪੇੜੇ ਦੀ ਵਰਤੋਂ ਕੀਤੀ ਜਾਣ ਲੱਗੀ। ਫਿਰ ਲੱਸੀ ਦੇ ਛੰਨੇ ਨਾਲ ਇਕ ਐਸਾ ਲਾਸਾਨੀ ਪਰੋਸਾ ਤਿਆਰ ਹੋ ਗਿਆ ਜਿਸ ਵਿਚ ਪੰਜਾਬੀ ਪ੍ਰਤਿਭਾ, ਮਿਹਨਤ, ਸਿਰੜ ਅਤੇ ਸੂਹਜ ਦੇ ਗੁਣ ਮੂੰਹੋਂ ਬੋਲਦੇ ਹਨ। ਸਥੂਲ ਤੇ ਸ਼ਕਤੀ ਭਰਪੂਰ ਇਸ ਭੋਜਨ ਨੇ ਉਦਰ ਪੂਰਤੀ ਤੋਂ ਇਲਾਵਾ ਪੰਜਾਬੀਆਂ ਨੂੰ ਇਕ ਸੂਖਮ ਨਸ਼ਾ ਵੀ ਦੇਣਾ ਸ਼ੁਰੂ ਕਰ ਦਿੱਤਾ ਜਿਸ ਲਈ ਢੁਕਵਾਂ ਸ਼ਬਦ ਘੂਕੀ ਵਰਤਿਆ ਜਾਣ ਲੱਗਾ। ਇਸ ਗੱਲ ਵਿਚ ਕੋਈ ਹੈਰਾਨੀ ਨਹੀਂ ਕਿ ਪੰਜਾਬੀਆਂ ਨੂੰ ਨਸ਼ੇ ਦੀ ਬਾਣ ਇਸ ਪ੍ਰਕਾਰ ਦੇ ਭੋਜਨ ਵਿਚੋਂ ਪ੍ਰਾਪਤ ਘੂਕੀ ਤੋਂ ਪਈ ਜੋ ਬਾਅਦ ਵਿਚ ਸ਼ਰਾਬ ਪੀਣ ਦੀ ਭੈੜੀ ਲਤ ਵਿਚ ਪ੍ਰਗਟ ਹੋਈ। ਸਾਗ ਦੇ ਲੋਭ, ਮੋਹ, ਹੰਕਾਰ ਨੇ ਪੰਜਾਬੀ ਜੱਟ ਵਿਚੋਂ ਪਰਾਈ ਇਸਤਰੀ ਦੇ ਹੁਸਨ ਤੇ ਨਖਰੇ ਨੂੰ ਮਾਨਣ ਦੀ ਯੋਗਤਾ ਦਾ ਬੁਰੀ ਤਰ੍ਹਾਂ ਨਿਕਾਸ ਕਰ ਦਿੱਤਾ ਤੇ ਉਹ ਕੁਲੱਕੜ ਤੇ ਬੇਰਸੀਆ ਇਨਸਾਨ ਬਣ ਕੇ ਰਹਿ ਗਿਆ। ਤਾਂ ਹੀ ਤਾਂ ਆਪਣੇ ਖੇਤ ਵਿਚ ਸਾਗ ਤੋੜਨ ਆਈ ਕਿਸੇ ਨਾਰ ਨੂੰ ਭਜਾਉਣ ਦੇ ਇਰਾਦੇ ਨਾਲ ਉਹ ਕਹਿ ਉਠਦਾ ਹੈ:

ਕਿਹੜੀ ਏਂ ਤੂੰ ਸਾਗ ਤੋੜਦੀ<br>
ਹੱਥ ਸੋਚ ਕੇ ਗੰਦਲ ਨੂੰ ਪਾਈਂ...

ਜਦ ਅਸੀਂ ਪਹਿਲਾਂ ਪਹਿਲਾਂ ਅਮਰੀਕਾ ਵਿਚ ਅਪਾਰਟਮੈਂਟ ਲਿਆ ਤਾਂ ਘਰ ਅੰਦਰ ਵੜਨ ਲੱਗਿਆਂ ਸਾਨੂੰ ਫ਼ਰੰਟ 'ਤੇ ਬਾਥੂ ਦੇ ਜਾੜੇ ਉਗੇ ਦਿਖਾਈ ਦਿਤੇ। ਮੇਰੀ ਜਨਾਨੀ ਦੀਆਂ ਤਾਂ ਵਰਾਛਾਂ ਖਿੜ ਗਈਆਂ, ਮਾਨੋ ਪੰਜਾਬ ਸਾਡੇ ਮੂਹਰੇ ਵਿਛਿਆ ਪਿਆ ਸੀ। ਅਮਰੀਕਾ ਨੇ ਮੇਰੀ ਤ੍ਰੀਮਤ ਦਾ 50% ਦਿਲ ਇਸ ਬਾਥੂ ਕਰਕੇ ਜਿੱਤ ਲਿਆ। ਉਸਨੇ ਮਨ ਹੀ ਮਨ ਵਿਚ ਮਨ ਬਣਾਇਆ ਕਿ ਕੁਝ ਦਿਨਾਂ ਪਿਛੋਂ ਜਦ ਇਹ ਬਾਥੂ ਹੋਰ ਵੱਡਾ ਹੋ ਜਾਵੇਗਾ ਤਾਂ ਉਹ ਇਸ ਦੀ ਸਾਗ ਵਿਚ ਖੁਲ੍ਹ ਕੇ ਵਰਤੋਂ ਕਰੇਗੀ। ਫਿਰ ਕੀ ਸੀ, ਬਾਥੂ ਨੇ ਤਾਂ ਛਾਲਾਂ ਚੁੱਕ ਲਈਆਂ, ਅਮਰੀਕੀ ਬੰਦਿਆਂ ਵਾਂਗ ਮੱਲ ਕੇ ਘਰ ਅੱਗੇ ਲਹਿਰ-ਬਹਿਰ ਕਰ ਦਿੱਤੀ। ਇਸ ਦੌਰਾਨ ਇਕ ਦਿਨ ਸਾਡੇ ਘਰ ਇਕ ਲਿਖਤੀ ਨੋਟਿਸ ਆ ਗਿਆ ਜਿਸ ਨੂੰ ਅਸੀਂ ਪੜ੍ਹਨਾ ਗਵਾਰਾ ਨਾ ਕੀਤਾ। ਤੀਜੇ ਚੌਥੇ ਦਿਨ ਜਦ ਮੈਂ ਕੰਮ ਤੋਂ ਆਇਆ ਤਾਂ ਦੇਖਿਆ ਕਿ ਮੇਨਟੇਨੈਂਸ ਦਾ ਕਚੂਚ ਹੋਇਆ ਇਕ ਆਦਮੀ ਇਸ ਬਾਥੂ ਦੀ ਬੰਬੀ ਖੇਤੀ ਨੂੰ ਜੜੋਂ ਵੱਢ ਰਿਹਾ ਸੀ। ਉਹ ਮੇਰੇ ਵੱਲ ਕੌੜ ਕੌੜ ਝਾਕ ਰਿਹਾ ਸੀ। ਬਾਥੂ ਦੇ ਘਾਣ ਤੇ ਇਸ ਨੂੰ ਵਢ ਰਹੇ ਬੰਦੇ ਦੀਆਂ ਕਹਿਰਵਾਨ ਨਜ਼ਰਾਂ ਤੋਂ ਔਖਾ ਹੋਇਆ ਮੈਂ ਫਟਾ ਫਟ ਅੰਦਰ ਜਾ ਵੜਿਆ। ਦਰਵਾਜ਼ੇ ਦੇ ਕੋਲੇ ਹੀ ਮੈਨੂੰ ਇਕ ਕਾਗ਼ਜ਼ ਦਾ ਪੁਰਜ਼ਾ ਦਿਖਾਈ ਦਿੱਤਾ। ਇਸ ਨੂੰ ਕੰਬਦੇ ਹੋਏ ਹੱਥਾਂ ਨਾਲ ਚੁੱਕ ਕੇ ਮੈਂ ਪੜ੍ਹਨ ਲੱਗਾ, "ਤੁਸੀਂ ਸਾਡੀ ਚਿਤਾਵਨੀ ਦੇ ਬਾਵਜੂਦ ਆਪਣੇ ਘਰ ਅੱਗਿਓਂ ਨਦੀਨ ਪੁੱਟ ਕੇ ਫੁੱਲ ਨਹੀਂ ਉਗਾਏ। ਤੁਹਾਨੂੰ 50 ਡਾਲਰ ਜੁਰਮਾਨਾ ਕੀਤਾ ਜਾਂਦਾ ਹੈ। ਅੱਗੇ ਤੋਂ ਅਜਿਹਾ ਹੋਇਆ ਤਾਂ ਅਸੀਂ ਤੁਹਾਨੂੰ ਨਿਯਮਾਂ ਅਨੁਸਾਰ ਬੇਦਖਲ ਕਰਨ ਲਈ ਮਜਬੂਰ ਹੋਵਾਂਗੇ।" ਅਜੇ ਅਮਰੀਕੀ ਕਮਾਈ ਦੇ ਪਹਿਲੇ ਹਫ਼ਤੇ ਦਾ ਪੇਚੈਕ ਵੀ ਨਹੀਂ ਸੀ ਹਥ ਆਇਆ, ਮੈਂ ਪੰਜਾਹਾਂ ਨੂੰ ਪੰਤਾਲੀਆਂ ਨਾਲ ਗੁਣਾ ਕਰਕੇ ਬੇਹੋਸ਼ ਹੋ ਗਿਆ।

ਗੱਲ ਹੋ ਰਹੀ ਸੀ ਸਾਗ ਤੇ ਮੱਕੀ ਦੇ ਬੇਜੋੜ ਮੇਲ ਦੀ ਅਤੇ ਇਸ ਦੇ ਪੰਜਾਬੀ ਸਭਿਆਚਾਰ ਦੇ ਉਘੜਵੇਂ ਨਕਸ਼ ਹੋਣ ਦੀ। ਐਪਰ ਇਤਿਹਾਸ ਦੀਆਂ ਪੋਥੀਆਂ ਕੁਝ ਹੋਰ ਹੀ ਕਹਾਣੀ ਦੱਸਦੀਆਂ ਹਨ। ਅਖੇ ਜੀ ਮੱਕੀ ਤਾਂ ਸਾਡੇ ਦੇਸ਼ ਦੀ ਜੱਦੀ ਫਸਲ ਹੀ ਨਹੀਂ ਤੇ ਇਸ ਨੂੰ ਤਾਂ ਏਧਰ ਦਰਾਮਦ ਹੋਈ ਨੂੰ ਦੋ ਸਦੀਆਂ ਤੋਂ ਵਧ ਦਾ ਸਮਾਂ ਨਹੀਂ ਹੋਇਆ। ਜੇ ਮੱਕੀ ਹੀ ਸਾਡੀ ਨਹੀਂ ਹੈ ਤਾਂ ਫਿਰ ਇਸ ਦੇ ਅੱਲਣ ਬਿਨਾ ਪੰਜਾਬੀ ਸਾਗ ਕਾਹਦਾ। ਇਹ ਤਾਂ ਫਿਰ ਹਰੇ ਪੱਤਿਆਂ ਦੀ ਭੁਰਜੀ ਹੋਈ, ਜਮਨਾ ਪਾਰਲੇ ਭਾਰਤ ਦਾ ਖਾਜਾ। ਇਤਿਹਾਸ ਪੜ੍ਹ ਕੇ ਮੈਂ ਕਾਲਜਾ ਫੜ ਲਿਆ ਤੇ ਯਾਦ ਕਰਨ ਲੱਗ ਪਿਆ ਕਿ ਪੰਜਾਬੀ ਵਿਚ ਮੱਕੀ ਸੰਬੰਧੀ ਕੋਈ ਮੁਹਾਵਰਾ ਲੱਭਾਂ ਪਰ ਵਿਅਰਥ। ਦੂਜੇ ਪਾਸੇ ਕਣਕ, ਛੋਲੇ, ਬਾਜਰੇ, ਚੌਲਾਂ ਨਾਲ ਸਾਡਾ ਲੋਕ ਸਾਹਿਤ ਨੱਕੋ ਨੱਕ ਭਰਿਆ ਪਿਆ ਹੈ। ਮੈਨੂੰ ਪੰਜਾਬੀਅਤ ਦੀ ਜ਼ਮੀਨ ਖਿਸਕਦੀ ਪ੍ਰਤੀਤ ਹੋਈ। ਕੋਸ਼ ਦੇਖੇ ਪਤਾ ਲੱਗਾ, ਮੱਕੀ ਸ਼ਬਦ ਸਾਡਾ ਨਹੀਂ, ਗੁਰਬਾਣੀ ਤੇ ਨਜ਼ਰ ਦੌੜਾਈ ਮੱਕੀ ਸ਼ਬਦ ਇਕ ਵਾਰੀ ਵੀ ਨਹੀਂ ਆਇਆ, ਸਾਗ ਦੋ ਵਾਰੀ ਵਰਤਿਆ ਗਿਆ ਹੈ ਪਰ ਉਹ ਵੀ ਹਰੇ ਪੱਤਿਆਂ ਦੇ ਅਰਥਾਂ ਵਿਚ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ:

ਕਉਣੁ ਮਾਸੁ ਕਉਣੁ ਸਾਗੁ ਕਹਾਵੈ<br>
ਕਿਸੁ ਮਹਿ ਪਾਪ ਸਮਾਣੇ

ਪਰ ਕਬੀਰ ਸਾਹਿਬ ਦੀ ਤੁਕ ਤੋਂ ਸਾਗ ਦੇ ਇਕ ਘਟੀਆ ਭੁਰਜੀਨੁਮਾ ਚੀਜ਼ ਹੋਣ ਦਾ ਪ੍ਰਮਾਣ ਮਿਲਦਾ ਹੈ:

ਖੀਰ ਸਮਾਨਿ ਸਾਗੁ ਮੈ ਪਾਇਆ<br>
ਗੁਨ ਗਾਵਤ ਰੈਨਿ ਬਿਹਾਨੀ

ਅਰਥਾਤ ਪਰਮਾਤਮਾ ਦੇ ਦਿਨ ਰਾਤ ਗੁਣ ਗਾਉਂਦਿਆਂ ਮੈਂ ਬੇਸੁਆਦੇ ਸਾਗ ਨੂੰ ਵੀ ਖੀਰ ਸਮਝ ਕੇ ਖਾ ਲਿਆ।

ਮਹਾਪੁਰਸ਼ਾਂ ਤੋਂ ਪੁਛਣ ਤੇ ਪਤਾ ਲੱਗਾ ਕਿ ਮੱਕੀ ਤਾਂ ਸਭ ਤੋਂ ਪਹਿਲਾਂ ਅਮਰੀਕਾ ਮਹਾਂਦੀਪ ਵਿਚ ਹੀ ਪਾਈ ਗਈ ਤੇ ਸੋਲ੍ਹਵੀਂ ਸਦੀ ਵਿਚ ਯੂਰਪੀਅਨ ਨੌਆਬਾਦਕਾਰ ਜਦ ਏਥੇ ਆਏ ਤਾਂ ਉਹ ਮੱਕੀ ਨੂੰ ਪਹਿਲੀ ਵਾਰ ਆਪਣੇ ਯੂਰਪੀ ਦੇਸ਼ਾਂ 'ਚ ਲੈ ਕੇ ਗਏ। ਇਸ ਤਰ੍ਹਾਂ ਭਾਰਤ ਵਿਚ ਪੁੱਜਦਿਆਂ ਇਸ ਨੇ ਕਾਫ਼ੀ ਦੇਰ ਕਰ ਦਿੱਤੀ। ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਢੇਰ ਚਿਰ ਪਿਛੋਂ ਮੱਕੀ ਪੰਜਾਬ ਵਿਚ ਪੁੱਜੀ। ਇਸਦਾ ਭਾਵ ਹੈ ਕਿ ਪੰਜਾਬੀ ਕੌਮੀਅਤ ਦੇ ਪਿਤਾਮਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਕੀ ਨਹੀਂ ਸੀ ਖਾਧੀ ਤੇ ਜੇ ਮੱਕੀ ਨਹੀਂ ਸੀ ਖਾਧੀ ਤਾਂ ਮੱਕੀ ਦੇ ਅੱਲਣ ਵਾਲਾ ਸਾਗ ਕਿਧਰੋਂ ਖਾਣਾ ਸੀ। ਹਾਂ, ਉਨ੍ਹਾਂ ਨੇ ਮਲਿਕ ਭਾਗੋ ਦੇ ਛੱਤੀ ਪਦਾਰਥ ਠੁਕਰਾ ਕੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਜ਼ਰੂਰ ਖਾਧੀ ਸੀ ਤੇ ਕੋਧਰਾ ਮੱਕੀ ਨਹੀਂ ਇਕ ਘਟੀਆ ਕਿਸਮ ਦਾ ਬਾਜਰਾ ਹੈ।

ਅਸੀਂ ਪੰਜਾਬੀ ਮੱਕੀ ਨੂੰ ਆਪਣੀ ਜੱਦੀ ਪੁਸ਼ਤੀ ਚੀਜ਼ ਸਮਝੀ ਬੈਠੇ ਹਾਂ ਤੇ ਆਪਣੇ ਸਭਿਆਚਾਰ ਦੀ ਪ੍ਰਾਪਤੀ ਦਾ ਚਰਮ ਬਿੰਦੂ। ਜਦ ਮੱਕੀ ਪੰਜਾਬ ਵਿਚ ਆਈ ਤਾਂ ਸਾਡੇ ਕੋਲ ਇਸ ਨਵੇਂ ਅੰਨ ਵਾਸਤੇ ਸ਼ਬਦ ਨਹੀਂ ਸੀ। ਅਸੀਂ ਚਰੀ ਲਈ ਵਰਤੇ ਜਾਂਦੇ ਸ਼ਬਦ ਜਵਾਰ ਤੋਂ ਹੀ ਕੰਮ ਸਾਰਿਆ। ਦੁਆਬੇ ਤੇ ਹੋਰ ਕਈ ਇਲਾਕਿਆਂ ਵਿਚ ਅਜੇ ਵੀ ਮੱਕੀ ਨੂੰ ਜਵਾਰ ਹੀ ਕਿਹਾ ਜਾਂਦਾ ਹੈ। ਪਰ ਮੱਕੀ ਦੇ ਆਉਣ ਨਾਲ ਪੰਜਾਬ ਵਿਚ ਇਕ ਅੰਨ ਦਾ ਇਨਕਲਾਬ ਆ ਗਿਆ। ਪੰਜਾਬ ਵਿਚ ਹਾੜੀ-ਸੌਣੀ ਦੋ ਫਸਲਾਂ ਹੋਣ ਲੱਗ ਪਈਆਂ ਤੇ ਸਾਡੀ ਜਨਸੰਖਿਆ ਵਿਚ ਭਾਰੀ ਵਾਧਾ ਹੋ ਗਿਆ। ਪਰ ਬਖੁਟਰੀ ਮੱਕੀ ਕਿਹੜੇ ਵੇਲੇ ਪੰਜਾਬੇ ਆਈ ਤੇ ਕਿਹੜੇ ਵੇਲੇ ਚਲੀ ਵੀ ਗਈ। ਪੰਜਾਬੀਆਂ ਨੇ ਤਾਂ ਅਜੇ ਇਸ ਨੂੰ ਅਪਨਾਇਆ ਹੀ ਸੀ ਤੇ ਅਜੇ ਰੀਝਾਂ ਵੀ ਪੂਰੀਆਂ ਨਹੀਂ ਸੀ ਕੀਤੀਆਂ ਪਰ ਇਹ ਦਗ਼ਾ ਦੇ ਗਈ। ਮੇਰੇ ਦੇਖਦੇ ਦੇਖਦੇ ਪੰਜਾਬ ਵਿਚ ਨਕਦੀ ਫਸਲ ਝੋਨਾ ਆ ਗਿਆ ਤੇ ਮੱਕੀ ਦਾ ਮੱਕੂ ਬੱਝ ਗਿਆ। ਇਹ ਹਾਲ ਹੈ ਸਾਡੇ ਕੌਮੀ ਖਾਣੇ ਦਾ। ਅਮਰੀਕਾ ਵਿਚ ਰਹਿੰਦੇ ਪੰਜਾਬੀ ਕੁਝ ਧਰਵਾਸਾ ਲੈ ਸਕਦੇ ਹਨ ਕਿ ਏਥੇ ਮੱਕੀ ਬਥੇਰੀ ਹੈ ਪਰ ਏਥੇ ਦੀ ਨਵੀਂ ਪੰਜਾਬੀ ਪਨੀਰੀ ਸਾਗ ਤੋਂ ਇਵੇਂ ਭਜਦੀ ਹੈ ਜਿਵੇਂ ਧੁਣਖੀ ਤੋਂ ਕਾਂ। ਇਸ ਪਨੀਰੀ ਤੋਂ ਡਰਦੇ ਸਾਗ ਦੇ ਸ਼ੌਕੀਨ ਸਾਗ ਨੂੰ ਰਸੋਈ ਦੀ ਥਾਂ ਗਰਾਜ ਵਿਚ ਧਰਨ ਲੱਗ ਪਏ ਹਨ। ਫਿਰ ਵੀ ਇਹ ਜੁਆਕ ਘਰ ਵਿਚ ਸਾਗ ਰਿਝਦਾ ਹੋਵੇ ਤਾਂ ਇਸਦੀਆਂ ਲਪਟਾਂ ਨੂੰ ਆਪਣੇ ਸਰੀਰ ਨਾਲ ਨਹੀਂ ਲੱਗਣ ਦੇਂਦੇ ਤੇ ਦੁਆਲੇ ਚਾਦਰ ਲਪੇਟ ਲੈਂਦੇ ਹਨ। ਮੇਰੀ ਗੱਲ ਪੱਲੇ ਬੰਨ੍ਹ ਲਓ:ਸਾਗ ਖਾਓ ਪਰ ਗੋਰਾ-ਜਗਤ ਤੋਂ ਲੁਕਾ ਕੇ ਤੇ ਆਪਣੀ ਬੁਕੱਲ ਵਿਚ ਵਾੜ ਕੇ। ਚਾਂਭਲੇ ਹੋਏ ਕਦੇ ਭੁਲ ਕੇ ਵੀ ਆਪਣੇ ਅੰਗਰੇਜ਼ ਬੌਸ ਨੂੰ ਸਾਗ ਦਾ ਸੁਆਦ ਨਾ ਦਿਖਾਉਣ ਲੱਗ ਪਿਓ, ਨਹੀਂ ਤਾਂ ਫ਼ਾਇਰ ਹੋਣ ਦਾ ਤੁਸੀਂ ਆਪ ਹੀ ਸਮਾਨ ਤਿਆਰ ਕਰ ਲਿਆ ਹੋਵੇਗਾ।

ਪੰਜਾਬੀਆਂ ਦੇ ਸਾਗ ਦਾ ਪੋਲ ਖੁਲ੍ਹ ਚੁੱਕਾ ਹੈ ਪਰ ਇਹ ਇਸ ਤੋਂ ਟਲਣ ਵਾਲੇ ਨਹੀਂ ਕਿਉਂਕਿ ਸਾਗ ਇਨ੍ਹਾਂ ਦੀ ਹਯਾਤੀ ਦਾ ਹਿੱਸਾ ਬਣ ਚੁੱਕਾ ਹੈ, ਇਨ੍ਹਾਂ ਦੇ ਹੱਡਾਂ ਵਿਚ ਰਚ ਚੁੱਕਾ ਹੈ। ਜੇ ਸਾਗ ਵੀ ਗਿਆ ਤਾਂ ਫਿਰ ਪੰਜਾਬੀਆਂ ਦੇ ਪੱਲੇ ਕੀ ਰਹਿ ਗਿਆ। ਸਿਡਨੀ ਤੋਂ ਸਿਆਟਲ ਤੱਕ ਤੇ ਡੈਨਮਾਰਕ ਤੋਂ ਮਲਾਇਆ ਤੱਕ ਸਾਗ ਦੀ ਗੰਧ ਪੰਜਾਬੀਆਂ ਨੇ ਦੁਨੀਆਂ ਦੇ ਕੋਨੇ ਕੋਨੇ ਵਿਚ ਫੈਲਾਈ ਹੋਈ ਹੈ। ਰਹਿੰਦੀ ਕਸਰ ਗੁਰਦਾਸ ਮਾਨ ਵਰਗੇ ਗਾਇਕਾਂ ਨੇ ਮੱਖਣ ਬਰਾੜ ਦਾ ਇਹ ਗੀਤ ਗਾ ਕੇ ਪੂਰੀ ਕਰ ਦਿੱਤੀ:

ਸਰੋਂ ਦੇ ਸਾਗ ਵਿਚ<br>
ਘਿਓ ਹੀ ਘਿਓ ਪਾਈ ਜਾਵਾਂ<br>
ਮੱਕੀਆਂ ਦੀਆਂ ਰੋਟੀਆਂ<br>
ਮੈਂ ਬਿਨਾ ਗਿਣੇ ਖਾਈ ਜਾਵਾਂ

1997 ਦੀ ਗੱਲ ਹੈ। ਪਹਿਲੀ ਵਾਰੀ ਮੇਰਾ ਭਾਰਤ ਛੱਡ ਕੇ ਬਾਹਰ ਘੁੰਮਣ ਦਾ ਜੁਗਾੜ ਬਣਿਆ। ਮੇਰੇ ਨਾਨਕੇ ਸਮਝੋ ਇੰਗਲੈਂਡ ਵਿਚ ਹਨ, ਚਾਰੇ ਮਾਮੇ ਤੇ ਅੱਗੇ ਉਨ੍ਹਾਂ ਦਾ ਕੋੜਮਾ। ਮੇਰੇ ਮਾਮੇ ਦੀ ਏਧਰ ਜੰਮੀ ਪਲੀ ਇਕ ਲੜਕੀ ਲੰਡਨ ਵਿਚ ਰਹਿੰਦੀ ਹੈ। ਉਹੋ ਮੈਨੂੰ ਹੀਥਰੋ ਏਅਰਪੋਰਟ ਤੋਂ ਲੈਣ ਆਈ। ਘਰ ਜਾਂਦਿਆਂ ਨੂੰ ਸ਼ਾਮ ਹੋ ਗਈ ਤੇ ਰੋਟੀ ਦਾ ਵੇਲਾ। ਥੋੜੀ ਬੀਅਰ ਛਕਣ ਪਿਛੋਂ ਖਾਣਾ ਲੱਗ ਗਿਆ: ਮੱਕੀ ਦੀਆਂ ਰੋਟੀਆਂ ਤੇ ਸਾਗ ਦਾ ਡੌਂਗਾ; ਉਪਰ ਪੀਲੇ ਮੱਖਣ ਦੀ ਗੁੱਲ ਜਿੱਡੀ ਟਿੱਕੀ ਪੰਘਰ ਰਹੀ ਸੀ। ਲਾਗੇ ਨਿੱਕੀਆਂ ਨਿੱਕੀਆਂ ਪਲੇਟੀਆਂ ਵਿਚ ਅਚਾਰ ਤੇ ਬੇਹਾ ਨਿਕ ਸੁਕ ਪਿਆ ਸੀ। ਭੈਣ ਕਹਿੰਦੀ ਅੱਜ ਤੁਹਾਡੇ ਆਉਣ ਦੀ ਖੁਸ਼ੀ ਵਿਚ ਸਪੈਸ਼ਲ ਸਾਗ ਬਣਾਇਆ ਹੈ। ਮੈਂ ਹੇਠ-ਉਤੇ ਝਾਕਾਂ, ਸਪੈਸ਼ਲ ਸਾਗ ਕੀ ਹੁੰਦਾ ਹੈ? ਸ਼ਾਇਦ ਇਸ ਵਿਚ ਬੀਫ਼ ਦੇ ਟੁਕੜੇ ਪਾਏ ਹੋਣਗੇ। ਪਰ ਸਾਗ ਤਾਂ ਸਾਗ ਹੈ ਚਾਹੇ ਪੰਜਾਬ ਦਾ, ਚਾਹੇ ਲੰਡਨ ਦਾ, ਚਾਹੇ ਟੋਰੰਟੋ ਦਾ। ਚੂਲੀ ਕੁ ਬੀਅਰ ਤੇ ਪਲੇਟਾ-ਭਰ ਸਾਗ ਨਾਲ ਖੂਬ ਢਿਡ ਤੂੜ ਹੋ ਗਿਆ ਤੇ ਮੰਜੇ ਤੇ ਡਿਗਦੇ ਸਾਰ ਘੂਕੀ ਸਿਰ ਨੂੰ ਚੜ੍ਹਨ ਲੱਗੀ। ਭੈਣ ਭਾਰਤ ਦੇ ਰਿਸ਼ਤੇਦਾਰਾਂ ਦਾ ਹਾਲ ਪੁੱਛੇ ਪਰ ਮੇਰੀਆਂ ਅੱਖਾਂ ਅੱਗੇ ਸੂਰ, ਗਾਈਆਂ ਤੇ ਚਿਕਨ ਟਪੂਸੀਆਂ ਮਾਰ ਰਹੇ ਸਨ। ਸਵੇਰੇ ਬਰੇਕਫਾਸਟ ਦਾ ਟਾਈਮ ਹੋਇਆ, ਭੈਣ ਨੇ ਪੁੱਛਿਆ ਬਰੇਕਫਾਸਟ ਵਿਚ ਕੀ ਲਓਗੇ? ਮੈਂ ਕਿਹਾ ਜੋ ਤੁਸੀਂ ਖਾਓਗੇ। "ਜਦੋਂ ਸਾਗ ਬਣਿਆ ਹੋਵੇ ਅਸੀਂ ਤਾਂ ਇਸ ਤੋਂ ਬਿਨਾ ਕੁਝ ਨਹੀਂ ਖਾਂਦੇ।" ਉਹ ਬੋਲੀ। "ਅੱਛਾ" ਮੈਂ ਕਿਹਾ, "ਅੱਜ ਦਾ ਦਿਨ ਤਾਂ ਮੇਰਾ ਅੰਨ ਜਲ ਤੁਹਾਡੇ ਨਾਲ ਹੀ ਰਲਿਆ ਹੋਇਆ ਹੈ।" ਭੈਣ ਖੁਸ਼ ਹੋ ਗਈ, "ਮੈਨੂੰ ਪਤਾ ਸੀ, ਆਪਾਂ ਪੰਜਾਬੀ ਸਾਗ ਤੋਂ ਬਿਨਾ ਰਹਿ ਨਹੀਂ ਸਕਦੇ।" ਤੇ ਜੋ ਹੋਣਾ ਸੀ ਹੋਇਆ।

ਅਜੇ ਦੁਪਹਿਰਾ ਪਿਆ ਸੀ ਤੇ ਉਸ ਤੋਂ ਬਾਅਦ ਅਸੀਂ ਸਾਰਿਆਂ ਏਥੋਂ ਦੋ ਸੌ ਮੀਲ ਦੂਰ ਆਪਣੇ ਨਾਨਕੇ ਸ਼ਹਿਰ ਨੌਟਿੰਘਮ ਚਲੇ ਜਾਣਾ ਸੀ। ਦੁਪਹਿਰਾ, ਜਿਸ ਨੂੰ ਲੰਚ ਕਹਿੰਦੇ ਹਨ, ਚਰਦਿਆਂ ਹੋਇਆਂ ਚਟਖਾਰੇ ਮਾਰਦੀ ਭੈਣ ਕਹਿ ਰਹੀ ਸੀ, "ਤੁੜਕੇ ਹੋਏ ਸਾਗ ਦੀ ਨਹੀਂ ਰੀਸ, ਅਜੇ ਤਾਂ ਮੈਂ ਅਦਰਕ ਪਾਉਣਾ ਭੁਲ ਗਈ।" ਸਾਗੋ ਸਾਗ ਹੋਇਆ ਲੋਢੇ ਵੇਲੇ ਮੈਂ ਆਪਣੇ ਆਪ ਨੂੰ ਨੌਟਿੰਘਮ ਜਾਣ ਲਈ ਤਿਆਰ ਖੜੀ ਕਾਰ ਵਿਚ ਸੁੱਟ ਲਿਆ। ਅਸੀਂ ਨਾਨਕੇ ਘਰ ਸ਼ਾਮ ਹੁੰਦਿਆਂ ਪਹੁੰਚ ਗਏ। ਜਾਂਦਿਆਂ ਮੈਂ ਦੇਖਿਆ ਰਸੋਈ ਵਿਚ ਮੇਰੀ ਮੋਟੀ ਮਾਮੀ ਤੇ ਉਸ ਤੋਂ ਵੀ ਮੋਟੀ ਉਸਦੀ ਨੂੰਹ ਕਿਸੇ ਚੀਜ਼ ਦੇ ਦੁਆਲੇ ਘੋਲ-ਮਥੋਲਾ ਹੋ ਰਹੀਆਂ ਸਨ। ਉਹ ਦੋ ਜਣੀਆਂ ਸਨ ਪਰ ਅੱਠ ਨੌਂ ਜਣੀਆਂ ਲੱਗ ਰਹੀਆਂ ਸਨ। ਬਿੜਕ ਸੁਣ ਕੇ ਉਹ ਮੇਰੇ ਵੱਲ ਨੂੰ ਅਹੁਲੀਆਂ। ਉਨ੍ਹਾਂ ਦੇ ਮੱਥੇ, ਟੌਪ ਤੇ ਜੀਨਾਂ ਤੇ ਸਾਗ ਦੇ ਛਿੱਟੇ ਪਏ ਹੋਏ ਸਨ। "ਲੈ ਨੀ ਲੈ, ਭਾਣਜਾ ਆ ਗਿਆ, ਸੋਚਿਆ ਸੀ ਤੇਰੇ ਆਉਣ ਤੋਂ ਪਹਿਲਾਂ ਹੀ ਸਾਗ ਘੋਟ ਰੱਖਾਂ, ਪਰ ਇਹ ਨੂੰਹ ਰਾਣੀ ਹੁਣੇ ਕੰਮ ਤੋਂ ਆਈ। ਚੱਲ ਕੋਈ ਨੀ ਤੂੰ ਕਿਹੜਾ ਓਪਰਾ।" ਮੈਂ ਸੋਚ ਰਿਹਾ ਸਾਂ ਅਜੇ ਤਾਂ ਮੈਂ ਅਗਲੇ ਦਿਨਾਂ ਵਿਚ ਤਿੰਨ ਮਾਮੀਆਂ ਹੋਰ ਭੁਗਤਾਉਣੀਆਂ ਹਨ, ਦਿਮਾਗ 'ਚ ਕਿਆਸੇ ਸਮੋਕਡ ਬੇਕਨ, ਭੁੰਨੇ ਸਟੇਕ, ਸੌਸੇਜ, ਯੌਰਕਸ਼ਾਇਰ ਪੁਡਿੰਗ, ਲੈਟਸ ਤੇ ਮੇਅਨੀਜ਼ ਆਦਿ ਪਤਾ ਨਹੀਂ ਇਸ ਜਨਮ ਵਿਚ ਨਸੀਬ ਹੋਣਗੇ ਕਿ ਨਹੀਂ।



ਤਸਵੀਰ:ਜਨਮੇਜਾ ਜੌਹਲ

# ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ

***ਅੱਜ ਕੀ ਹੋ ਰਿਹਾ ਹੈ? ਭਗਤ ਰਵਿਦਾਸ ਜੀ ਦੇ ਜਨਮ ਦਿਨ ਤੇ ਭਗਤ ਰਵਿਦਾਸ ਦੇ ਨਾਂ 'ਤੇ ਨਵਾਂ ਪੰਥ, ਨਵਾਂ ਨਿਸ਼ਾਨ, ਨਵਾਂ ਜੈਕਾਰਾ ਅਤੇ ਉਨ੍ਹਾਂ ਦੀ ਬਾਣੀ ਦੇ ਅਲੱਗ ਗ੍ਰੰਥ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ ਹੈ। ਇਹ ਕੋਈ ਬਹੁਤ ਸਿਹਤਮੰਦ ਰੁਝਾਨ ਨਹੀਂ ਹੈ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਹਰ ਤਰ੍ਹਾਂ ਦੀ ਗੁਲਾਮੀ ਤੋਂ ਆਜ਼ਾਦ ਕਰਕੇ 'ਸਰਦਾਰੀ' ਬਖਸ਼ੀ। ਹਰ ਸਿੱਖ ਸਰਦਾਰ ਹੈ। ਜੋ ਵਾਪਰ ਰਿਹਾ ਹੈ ਇਹ ਇਕ ਰਾਜਨੀਤਕ ਖੇਡ ਖੇਡੀ ਜਾ ਰਹੀ ਹੈ ਜਿਸ ਦਾ ਧਰਮ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਇਹ ਸਭ ਵੋਟਾਂ ਬਟੋਰਨ ਦਾ ਮਸਲਾ ਹੈ।***

**ਡਾ. ਗੁਰਨਾਮ ਕੌਰ***

ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1185 ਉਤੇ ਦਰਜ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਕਿਸੇ ਵੀ ਸ਼ੰਕੇ, ਕਿਸੇ ਵੀ ਦੁਬਿਧਾ ਨੂੰ ਦੂਰ ਕਰਨ ਲਈ ਸਿੱਖ-ਪੰਥ ਨੂੰ ਸੰਗਤੀ ਮਾਡਲ ਦਿੱਤਾ ਹੈ। ਇਸ ਸ਼ਬਦ ਰਾਹੀਂ ਸੰਦੇਸ਼ ਦਿੱਤਾ ਹੈ ਕਿ ਜੇ ਮਨ ਵਿਚ ਕੋਈ ਸ਼ੰਕਾ ਹੈ, ਕੋਈ ਦੁਬਿਧਾ ਹੈ ਤਾਂ ਉਸਨੂੰ ਸੰਗਤਿ ਵਿਚ ਮਿਲ ਬੈਠ ਕੇ, ਵਿਚਾਰ ਕਰਕੇ, ਅਕਾਲ ਪੁਰਖ ਦੇ ਚਰਨਾਂ ਨਾਲ ਸੁਰਤਿ ਜੋੜ ਕੇ ਦੂਰ ਕਰੋ। ਮੇਰ-ਤੇਰ ਦੀ ਭਾਵਨਾ ਨੂੰ ਦੂਰ ਕਰਕੇ, ਭਾਵ ਹਉਮੈ ਮਿਟਾ ਕੇ ਵਿਚਾਰ ਕਰੋ। ਚੌਪੜ ਦੀ ਖੇਡ ਦੇ ਪ੍ਰਤੀਕ ਰਾਹੀਂ ਦੱਸਿਆ ਕਿ ਹਰੀ-ਨਾਮ ਦੀ ਖੇਡ ਖੇਡਣ ਵਾਲੇ ਜੋੜੀਵਾਲ ਬਣੋ ਅਤੇ ਗੁਰੂ ਦੁਆਰਾ, ਗੁਰੂ ਦੀ ਅਗਵਾਈ ਵਿਚ ਸੰਸਾਰ ਦੀ ਵਰਤੋਂ-ਵਿਹਾਰ ਦਾ ਬਸਾਤ ਬਣਾ ਕੇ ਬੈਠੋ। ਹਰ ਇਕ ਸ਼ਬਦ ਦਾ ਕੇਂਦਰੀ ਭਾਵ ਰਹਾਉ ਦੀ ਤੁਕ ਵਿਚ ਦਿੱਤਾ ਹੁੰਦਾ ਹੈ। ਰਹਾਉ ਦੀ ਤੁਕ ਵਿਚ ਦੱਸਿਆ ਹੈ ਕਿ ਹੇ ਮੇਰੇ ਵੀਰ! ਗੁਰੂ ਦੀ ਸ਼ਰਣ ਪੈ ਕੇ ਦਿਨ-ਰਾਤ ਪਰਮਾਤਮਾ ਦਾ ਸਿਮਰਣ ਕਰੋ। ਇਸ ਤਰ੍ਹਾਂ ਇਸ ਜੀਵਨ ਖੇਡ ਵਿਚ ਪਾਸਾ ਢਾਲੋ ਕਿ ਤੁਹਾਡਾ ਅੰਤਮ ਸਮਾਂ, ਜ਼ਿੰਦਗੀ ਦਾ ਆਖਰੀ ਸਮਾਂ ਬਿਨਾਂ ਕਿਸੇ ਦੁੱਖ ਅਤੇ ਤਕਲੀਫ ਤੋਂ ਲੰਘ ਜਾਵੇ। ਕਰਮ ਅਤੇ ਧਰਮ ਭਾਵ ਨੇਕ ਕੰਮਾਂ ਨੂੰ ਚੌਪੜ ਦੀ ਖੇਡ ਬਣਾਵੋ ਅਤੇ ਉਚੇ ਆਚਰਣ ਨੂੰ ਨਰਦਾਂ ਬਣਾਵੋ। ਨੇਕ ਕਰਮਾਂ ਅਤੇ ਉੱਚੇ ਆਚਰਣ ਰਾਹੀਂ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ ਨੂੰ ਵੱਸ ਵਿਚ ਕਰੋ। (ਕਾਮ, ਕ੍ਰੋਧ, ਲੋਭ ਮੋਹ ਅਤੇ ਹੰਕਾਰ ਨੂੰ ਗੁਰਮਤਿ ਵਿਚ ਪੰਚ ਚੋਰ ਕਿਹਾ ਹੈ ਜੋ ਮਨੁੱਖ ਅੰਦਰੋਂ ਹਰ ਤਰ੍ਹਾਂ ਦੀ ਨੇਕੀ ਅਤੇ ਭਲਾਈ ਨੂੰ ਚੁਰਾ ਲੈਂਦੇ ਹਨ)। ਇਸ ਕਿਸਮ ਦੀ ਜੀਵਨ ਖੇਡ ਪਰਮਾਤਮਾ ਨੂੰ ਚੰਗੀ ਲਗਦੀ ਹੈ। ਅੰਮ੍ਰਿਤ ਵੇਲੇ ਉੱਠ ਨਾਮ ਜਲ ਵਿਚ ਲੀਨ ਹੋਣਾ, ਸੁੱਤੇ ਹੋਏ ਵੀ ਪਰਮਾਤਮਾ ਨਾਲ ਜੁੜੇ ਰਹਿਣਾ, ਅਜਿਹੇ ਉੱਦਮੀ ਇਨਸਾਨਾਂ ਨੂੰ ਸਤਿਗੁਰੂ ਔਖੇ ਪੈਂਡਿਆਂ ਵਿਚੋਂ ਵੀ ਪਾਰ ਕਰ ਦਿੰਦਾ ਹੈ। ਉਹ ਆਤਮਕ ਅਡੋਲਤਾ ਦਾ ਸੁੱਖ ਅਨੰਦ ਮਾਣਦੇ ਹਨ ਅਤੇ ਪ੍ਰਭੂ-ਪ੍ਰੀਤ ਵਿਚ ਜੁੜੇ ਰਹਿੰਦੇ ਹਨ। ਇਹ ਸੰਸਾਰ ਖੇਡ ਪਰਮਾਤਮਾ ਨੇ ਆਪ ਹੀ ਰਚੀ ਹੈ ਅਤੇ ਆਪ ਹੀ ਇਸਨੂੰ ਖੇਡਦਾ ਹੈ। ਇਥੇ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਜੀਵਨ ਖੇਡ ਖੇਡਦਾ ਹੈ, ਉਹ ਬਾਜੀ ਜਿੱਤ ਕੇ ਪ੍ਰਭੂ ਦਰ 'ਤੇ ਪਹੁੰਚਦਾ ਹੈ।

ਇਹ ਹੈ ਸੰਗਤੀ ਮਾਡਲ ਜਿਸ ਵਿਚ ਜੀਵਨ ਨੂੰ ਚੰਗੇਰਾ ਬਣਾਉਣ ਲਈ ਗੁਰੂ ਦੇ ਰਸਤੇ 'ਤੇ ਚਲ ਕੇ ਜਿਊਣਾ ਹੈ। ਸੰਗਤੀ ਵਿਚਾਰ ਰਾਹੀਂ, ਗੁਰੂ ਦੀ ਅਗਵਾਈ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਵੱਸ ਵਿਚ ਕਰਕੇ ਜੀਵਨ ਖੇਡ ਖੇਡਣੀ ਹੈ।

ਅੱਜ ਬਤੌਰ ਸਿੱਖ ਅਸੀਂ ਇਸ ਸੰਗਤੀ ਰਾਹ ਨੂੰ ਛੱਡ ਦਿੱਤਾ ਹੋਇਆ ਹੈ। ਹੁਣੇ ਹੁਣੇ ਸ੍ਰੀ ਅਕਾਲ ਤਖਤ ਤੋਂ ਫੈਸਲਾ ਸੁਣਾ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਖਾਰਜ ਕਰ ਦਿੱਤਾ ਗਿਆ ਹੈ। ਜਿਸ ਦਿਨ ਤੋਂ ਕਿਸੇ ਗੁਰਚਰਨ ਸਿੰਘ ਲਾਂਬਾ ਨੇ ਜਥੇਦਾਰ ਦੇ ਦਸਮ ਗ੍ਰੰਥ ਸਬੰਧੀ ਲੈਕਚਰ ਦੀ ਵੀਡੀਓ ਦੀ ਕੱਟ-ਵੱਢ ਕਰਕੇ ਭੇਜੀ ਹੈ ਉਸੇ ਦਿਨ ਤੋਂ ਸੰਗਤਾਂ ਵਲੋਂ ਇਹ ਅਪੀਲ ਕੀਤੀ ਜਾਂਦੀ ਰਹੀ ਹੈ ਕਿ ਪੂਰੀ ਵੀਡੀਓ ਦੇਖ ਕੇ ਸਾਰੇ ਮਾਮਲੇ ਤੇ ਗੰਭੀਰ ਚਰਚਾ ਕਰਕੇ ਫੈਸਲਾ ਲਿਆ ਜਾਵੇ। ਵੀਡੀਓ ਦਾ ਮਾਮਲਾ ਨਾਜ਼ੁਕ ਅਤੇ ਗੰਭੀਰ ਸੀ। ਇਸਨੂੰ ਅਕਾਲ ਤਖਤ ਸਾਹਿਬ 'ਤੇ ਖੁਲ੍ਹਾ ਵਿਚਾਰਿਆ ਜਾਣਾ ਚਾਹੀਦਾ ਸੀ ਅਤੇ ਉਸਤੋਂ ਪਿਛੋਂ ਹੀ, ਸੰਗਤਾਂ ਦੀ ਹਾਜ਼ਰੀ ਵਿਚ ਕੋਈ ਫੈਸਲਾ ਕਰਨਾ ਚਾਹੀਦਾ ਸੀ।

ਪ੍ਰੋਫੈਸਰ ਸਾਹਿਬ ਨੂੰ ਬਿਨਾਂ ਕਿਸੇ ਝਿਜਕ ਦੇ ਹਾਜ਼ਰ ਹੋ ਕੇ ਬਾ-ਦਲੀਲ ਮਾਮਲਾ ਪੇਸ਼ ਕਰਨਾ ਚਾਹੀਦਾ ਸੀ ਭਾਵੇਂ ਅਕਾਲ ਤਖਤ ਦੇ ਪਹਿਲਾਂ ਪਾਸ ਕੀਤੇ ਮਤੇ ਅਨੁਸਾਰ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਨੂੰ ਕਿਸੇ ਮਾਮਲੇ ਤੇ ਸੱਦਿਆ ਜਾਣਾ ਨਹੀਂ ਬਣਦਾ। ਸਿੱਖ ਧਰਮ ਦੀ ਪਰੰਪਰਾ ਸੰਗਤੀ ਹੈ। ਇਥੇ ਇਕ ਪਾਸੜ ਫੈਸਲਾ ਲੈ ਕੇ ਫਤਵਾ ਜਾਰੀ ਕਰਨਾ ਸਿੱਖੀ ਸਿਧਾਂਤਾਂ ਦੇ ਅਨੁਕੂਲ ਨਹੀਂ ਹੈ। ਇਸ ਫੈਸਲੇ ਨਾਲ ਜਿਥੇ ਸਿੱਖ ਪਰੰਪਰਾ ਤੋਂ ਪਾਸਾ ਵੱਟਿਆ ਗਿਆ ਹੈ ਉਥੇ ਅਕਾਲ ਤਖਤ ਦੇ ਫੈਸਲਿਆਂ ਪ੍ਰਤੀ ਸਿੱਖ ਸੰਗਤਾਂ ਦੇ ਮਨਾਂ ਵਿਚ ਦੁਬਿਧਾ ਪੈਦਾ ਕੀਤੀ ਗਈ ਹੈ। ਅਕਾਲ ਤਖਤ ਦਾ ਸਤਿਕਾਰ ਘਟਾਉਣ ਵਿਚ ਉਨ੍ਹਾਂ ਬੰਦਿਆਂ ਨੇ ਭੂਮਿਕਾ ਨਿਭਾਈ ਹੈ ਜਿਨ੍ਹਾਂ ਦਾ ਫਰਜ਼ ਇਸ ਦੇ ਸਤਿਕਾਰ ਨੂੰ ਕਾਇਮ ਰੱਖਣਾ ਬਣਦਾ ਹੈ। ਗੁਰੂ ਸਾਹਿਬਾਨ ਨੇ ਫਤਵੇ ਸੁਣਾਉਣ ਦੀ ਕੋਈ ਪਰੰਪਰਾ ਨਹੀਂ ਦਿੱਤੀ, ਆਪਸੀ ਵਿਚਾਰ ਰਾਹੀਂ ਮਸਲੇ ਹਲ ਕਰਨ ਦੀ ਪਰੰਪਰਾ ਦਿੱਤੀ ਹੈ।

ਸ੍ਰੀ ਅਕਾਲ ਤਖਤ ਸਿੱਖਾਂ ਦਾ ਸਰਬਉੱਚ ਤਖਤ ਹੈ ਜੋ ਸਾਰੇ ਸੰਸਾਰ ਵਿਚ ਫੈਲੇ ਸਿੱਖਾਂ ਦੀ ਰਹਿਨੁਮਾਈ ਕਰਦਾ ਹੈ। ਇਹ ਸਿਰਫ ਪੰਜਾਬ ਦੇ ਸਿੱਖਾਂ ਦਾ ਤਖਤ ਨਹੀਂ ਹੈ। ਅੱਜ ਜਿੰਨਾ ਗੁੱਸਾ ਪੰਜਾਬ ਤੋਂ ਬਾਹਰ ਬੈਠੇ ਸਿੱਖਾਂ ਦੇ ਮਨਾਂ ਵਿਚ ਅਕਾਲ ਤਖਤ ਦੇ ਮੌਜੂਦਾ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰਤੀ ਹੈ ਸ਼ਾਇਦ ਉਹ ਪਹਿਲਾਂ ਕਦੇ ਨਹੀਂ ਸੁਣਨ ਵਿਚ ਆਇਆ। ਅਖਬਾਰਾਂ ਵਿਚ ਖਬਰਾਂ ਛਪੀਆਂ ਹਨ ਕਿ ਕਾਨਪੁਰ ਦੀ ਸਿੱਖ ਸੰਗਤ ਨੇ ਪੰਜਾਂ ਜਥੇਦਾਰਾਂ ਅਤੇ ਪ੍ਰਧਾਨ ਦੇ ਪੁਤਲੇ ਬਣਾ ਕੇ ਉਨ੍ਹਾਂ ਦਾ ਸਿਆਪਾ ਹੀ ਨਹੀਂ ਕੀਤਾ ਸਗੋਂ ਅੰਗੀਠੇ ਜਲਾਉਣ ਤੋਂ ਪਹਿਲਾਂ ਪੁਤਲਿਆਂ ਦੇ ਗੱਲਾਂ ਵਿਚ ਜੁਤੀਆਂ ਦੇ ਹਾਰ ਵੀ ਪਾਏ। ਇਹ ਬਹੁਤ ਹੀ ਮੰਦਭਾਗੀ ਘਟਨਾ ਹੈ। ਕੀ ਇਸ ਨੂੰ ਵੀ ਜਥੇਦਾਰ ਮੱਕੜ ਰੱਬ ਦੀ ਮਰਜ਼ੀ ਕਹਿਣਗੇ?

ਸਿੱਖ ਸੰਗਤਾਂ ਵਿਚ ਇਹ ਪ੍ਰਭਾਵ ਲਗਾਤਾਰ ਜਾ ਰਿਹਾ ਹੈ ਕਿ ਮੌਜੂਦਾ ਜਥੇਦਾਰ ਅਤੇ ਪ੍ਰਧਾਨ ਸੱਤਾ 'ਤੇ ਕਾਬਜ਼ ਅਕਾਲੀ ਦਲ ਦੀ ਹਾਈ ਕਮਾਂਡ ਦੇ ਹੁਕਮਾਂ ਅਨੁਸਾਰ ਇਹ ਸਾਰਾ ਕੁੱਝ ਕਰ ਰਹੇ ਹਨ। ਇਹ ਵੀ ਪ੍ਰਭਾਵ ਜਾ ਰਿਹਾ ਹੈ ਕਿ ਕਾਬਜ਼ ਅਕਾਲੀ ਦਲ ਦੀ ਹਾਈ ਕਮਾਂਡ ਸਿੱਖ ਪਰੰਪਰਾਵਾਂ ਦਾ ਘਾਣ ਕਰ ਰਹੀ ਕਿਉਂਕਿ ਉਸਨੂੰ ਸਿਰਫ ਵੋਟਾਂ ਦੀ ਪ੍ਰਵਾਹ ਹੈ, ਪੰਥ ਦੀ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸੱਤਾ 'ਤੇ ਕਾਬਜ਼ ਅਕਾਲੀ ਦਲ ਦੇ ਪ੍ਰਧਾਨ ਦੀ ਪਰਚੀ ਨਾਲ ਬਨਦਾ ਹੈ ਅਤੇ ਪ੍ਰਧਾਨ ਜਥੇਦਾਰਾਂ ਦੀ ਨਿਯੁਕਤੀ ਹਾਈ ਕਮਾਂਡ ਦੀ ਸਹੂਲਤ ਨੂੰ ਮੁੱਖ ਰੱਖ ਕੇ ਕਰਦਾ ਹੈ। ਇਨ੍ਹਾਂ ਤੱਥਾਂ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸਾਰੀ ਸਿੱਖ ਕੌਮ ਨੂੰ ਜਵਾਬਦੇਹ ਹੈ, ਉਹ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ। ਉਸ ਦਾ ਕੰਮ ਅਕਾਲੀ ਕਾਨਫਰੰਸਾਂ ਵੇਲੇ ਲੰਗਰ ਜੁਟਾਉਣ ਅਤੇ ਚੋਣ ਫੰਡ ਲਈ ਧਨ ਜੁਟਾਉਣ ਦਾ ਹੀ ਨਹੀਂ ਸਗੋਂ ਉਸ ਦਾ ਫਰਜ਼ ਕੌਮ ਅਤੇ ਗੁਰਦੁਆਰਿਆਂ ਨੂੰ ਸੁੱਚਜਾ ਪ੍ਰਬੰਧ ਦੇਣਾ, ਧਰਮ ਪ੍ਰਚਾਰ ਅਤੇ ਕੌਮੀ ਮਸਲਿਆਂ ਨੂੰ ਸਮਝਣਾ ਅਤੇ ਨਜਿੱਠਣਾ ਵੀ ਹੈ। ਸਿੱਖ ਧਰਮ ਚਿੰਤਨ ਦੇ

ਇਕ ਸਥਾਪਤ ਵਿਦਵਾਨ ਨੇ ਸ੍ਰੀ ਅਕਾਲ ਤਖਤ ਬਾਰੇ ਲਿਖਦਿਆਂ ਇਸਨੂੰ ਅਕਾਲੀ ਤਖਤ ਕਿਹਾ ਸੀ ਕਿਉਂਕਿ ਇਥੇ ਫੈਸਲੇ ਅਕਾਲੀ ਦਲ ਦੀ ਹਾਈ ਕਮਾਂਡ ਅਨੁਸਾਰ ਹੁੰਦੇ ਹਨ। ਇਹ ਹੁਣੇ ਹੁਣੇ ਹੋਏ ਦੋ ਫੈਸਲਿਆਂ ਨੇ ਸਾਬਤ ਕਰ ਦਿੱਤਾ ਹੈ। ਪਹਿਲਾ ਫੈਸਲਾ ਹੈ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਕੇ ਬਿਕਰਮੀ ਕੈਲੰਡਰ ਲਾਗੂ ਕਰਨਾ, ਦੂਜਾ ਫੈਸਲਾ ਹੈ ਜਥੇਦਾਰ ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕਣਾ। ਇਨ੍ਹਾਂ ਦੋਹਾਂ ਫੈਸਲਿਆਂ ਵਿਚ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਦਾ, ਉਨ੍ਹਾਂ ਦੀਆਂ ਭੇਜੀਆਂ ਅਪੀਲਾਂ ਦਾ ਬਿਲਕੁਲ ਧਿਆਨ ਨਹੀਂ ਰੱਖਿਆ ਗਿਆ ਅਤੇ ਨਾ ਹੀ ਇਨ੍ਹਾਂ ਦੋ ਮਾਮਲਿਆਂ 'ਤੇ ਡੂੰਘਾ ਵਿਚਾਰ ਕੀਤਾ ਗਿਆ ਹੈ। ਅਕਾਲ ਤਖਤ ਸੱਚੇ ਪਾਤਸ਼ਾਹ ਦਾ ਸੱਚਾ ਤਖਤ ਹੈ ਪਰ ਅਕਾਲ ਤਖਤ ਨੇ ਕਾਰਜਸ਼ੀਲ ਤਾਂ ਜਥੇਦਾਰਾਂ ਰਾਹੀਂ ਹੋਣਾ ਹੈ। ਇਸ ਲਈ ਇਸ ਤਖਤ 'ਤੇ ਬੈਠਣ ਵਾਲੀ ਸ਼ਖਸੀਅਤ ਦਾ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਉਤੇ ਉਠ ਕੇ, ਬਹੁਤ ਉੱਚ ਦਰਜੇ ਦੀ ਸਮਝ ਦਾ ਮਾਲਕ ਹੋਣਾ ਜ਼ਰੂਰੀ ਹੈ ਤਾਂ ਕਿ ਉਹ ਕੌਮ ਨੂੰ ਸਹੀ ਸੇਧ ਦੇ ਸਕੇ। ਅਕਾਲ ਤਖਤ ਦੀ ਮਾਣ-ਮਰਿਯਾਦਾ ਨੂੰ ਕਾਇਮ ਰੱਖ ਸਕੇ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਜਥੇਦਾਰ ਦੀ ਨਿਯੁਕਤੀ ਕਿਸੇ ਰਾਜਸੀ ਪਾਰਟੀ ਦੇ ਲੀਡਰ ਵਲੋਂ ਨਾ ਹੋ ਕੇ, "ਤਖਤ ਬਹੈ ਤਖਤੈ ਕੀ ਲਾਇਕ" ਨੂੰ ਅਮਲ ਵਿਚ ਲਿਆਉਣ ਲਈ ਸੰਗਤੀ ਨੁਮਾਇੰਦਗੀ ਰਾਹੀਂ ਹੋਵੇ। ਮੀਰੀ-ਪੀਰੀ ਦੇ ਸਿਧਾਂਤ ਦਾ ਸਹੀ ਅਰਥ ਇਹ ਬਨਦਾ ਹੈ ਕਿ ਰਾਜਨੀਤੀ ਭਾਵ ਮੀਰੀ-ਪੀਰੀ ਭਾਵ ਧਾਰਮਿਕ ਸੀਟ ਤੋਂ ਅਗਵਾਈ ਲਵੇ ਨਾ ਕਿ ਧਰਮ ਨੂੰ ਕੰਟਰੋਲ ਕਰੇ।

ਪ੍ਰੋ. ਦਰਸ਼ਨ ਸਿੰਘ ਬਾਰੇ ਫੈਸਲਾ ਹੋਣ ਤੋਂ ਪਹਿਲਾਂ ਇਕ ਵਿਦਵਾਨ ਨੇ ਸਲਾਹ ਦਿੱਤੀ ਸੀ ਕਿ ਦਸਮ ਗ੍ਰੰਥ ਦੀਆਂ ਜਿਹੜੀਆਂ ਲਿਖਤਾਂ ਪੰਥਕ ਪਰੰਪਰਾ ਦਾ ਹਿੱਸਾ ਬਣ ਚੁੱਕੀਆਂ ਹਨ ਅਤੇ ਪੰਥ ਵਲੋਂ ਪ੍ਰਵਾਨ ਹਨ ਉਨ੍ਹਾਂ ਨੂੰ ਅਸ਼ਲੀਲ ਲਿਖਤਾਂ ਨਾਲੋਂ ਅਲਗ ਕਰ ਲੈਣਾ ਚਾਹੀਦਾ ਹੈ। ਇਸ ਸਬੰਧੀ ਇਕ ਕਮੇਟੀ ਬਣਾ ਲੈਣੀ ਚਾਹੀਦੀ ਹੈ ਵਿਦਵਾਨਾਂ ਦੀ, ਜੇ ਕੋਈ ਵਿਦਵਾਨ ਹਨ ਤਾਂ। ਵਿਦਵਾਨਾਂ ਦੀ ਸਿੱਖ ਜਗਤ ਵਿਚ ਏਡੀ ਵੀ ਕੋਈ ਕਮੀ ਨਹੀਂ ਹੈ ਕਿ ਇਸ ਗੱਲ ਦਾ ਫੈਸਲਾ ਕਰਨਾ ਅਸੰਭਵ ਹੋਵੇ ਕਿ ਕਿਹੜੀ ਲਿਖਤ ਸਿੱਖੀ ਸਿਧਾਂਤਾਂ ਅਨੁਸਾਰ ਹੈ ਅਤੇ ਕਿਹੜੀ ਨਹੀਂ। ਪਿੱਛੇ ਜਿਹੇ ਅੰਮ੍ਰਿਤਸਰ ਵਿਖੇ ਦਸਮ ਗ੍ਰੰਥ ਤੇ ਇਕ ਪੁਸਤਕ ਰਿਲੀਜ਼ ਕੀਤੀ ਗਈ ਸੀ ਅਤੇ ਦਸਮ ਗ੍ਰੰਥ ਦੇ ਹੱਕ ਵਿਚ ਇਕ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਵਲੋਂ ਇਹ ਵੀ ਐਲਾਨ ਕੀਤਾ ਗਿਆ ਸੀ ਕਿ ਦਸਮ ਗ੍ਰੰਥ ਤੇ ਬਹਿਸ ਕਰਨ ਲਈ ਉਹ ਅੱਗੇ ਆਉਣ ਜਿਨ੍ਹਾਂ ਨੂੰ ਦਸਮ ਗ੍ਰੰਥ ਦੇ ਛੰਦ-ਪ੍ਰਬੰਧ ਦੀ ਸਮਝ ਹੋਵੇ।

ਦਸਮ ਗ੍ਰੰਥ ਦੀਆਂ ਰਚਨਾਵਾਂ ਦਾ ਲੇਖਾ ਜੋਖਾ ਛੰਦਾਂ ਦੀ ਕਿਸਮ ਜਾਂ ਛੰਦਾਂ ਦੀ ਤਰਤੀਬ 'ਤੇ ਨਹੀਂ ਹੋਣਾ। ਇਸ ਵਿਚ ਸ਼ਾਮਲ ਰਚਨਾਵਾਂ ਦੀ ਛਾਣਬੀਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਵਿਚਾਰਧਾਰਾ ਤੇ ਹੋਣੀ ਹੈ ਅਤੇ ਪਰਖੀ ਜਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਤੋਂ ਪਹਿਲਾਂ ਹੀ ਗੁਰੂ ਘਰ ਦੇ ਵਿਰੋਧੀਆਂ ਵਲੋਂ ਨਾਨਕ ਛਾਪ ਹੇਠਾਂ ਕੱਚੀ ਬਾਣੀ ਰਚੀ ਜਾ ਰਹੀ ਸੀ। ਭਗਤ ਬਾਣੀ ਵੀ ਬਹੁਤ ਭਗਤਾਂ ਵਲੋਂ ਰਚੀ ਗਈ ਸੀ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਚਮ ਪਾਤਸ਼ਾਹ ਨੇ ਸਿਰਫ ਉਹੀ ਭਗਤ ਬਾਣੀ ਸ਼ਾਮਲ ਕੀਤੀ ਜਿਸ ਦੀ ਗੁਰਮਤਿ ਵਿਚਾਰਧਾਰਾ ਨਾਲ ਸਿਧਾਂਤਕ ਸਾਂਝ ਸੀ। ਹਰ ਸਮੇਂ ਦੇ ਸਾਹਿਤ ਦੀ ਆਪਣੀ ਪ੍ਰਚਲਤ ਵੰਨਗੀ ਹੁੰਦੀ ਹੈ। ਜਿਨ੍ਹਾਂ ਸਾਹਿਤਕ ਵੰਨਗੀਆਂ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਇਸਤੇਮਾਲ ਕੀਤਾ ਹੈ, ਉਨ੍ਹਾਂ ਸਾਹਿਤਕ ਵੰਨਗੀਆਂ ਦਾ ਇਸਤੇਮਾਲ ਉਸ ਸਮੇਂ ਦੇ ਹੋਰ ਸਾਹਿਤਕਾਰਾਂ ਵਲੋਂ ਵੀ ਕੀਤਾ ਹੋ ਸਕਦਾ ਹੈ ਅਤੇ 'ਨਾਨਕ' ਛਾਪ ਦੀ ਤਰ੍ਹਾਂ ਉਨ੍ਹਾਂ ਦੇ ਨਾਂ ਹੇਠ ਵੀ ਰਚਨਾਵਾਂ ਪ੍ਰਚਲਤ ਹੋ ਸਕਦੀਆਂ ਹਨ। ਭਾਵੇਂ ਦਸਮ ਗ੍ਰੰਥ ਦੀਆਂ ਤਾਂ ਬਹੁਤ ਸਾਰੀਆਂ ਰਚਨਾਵਾਂ ਵਿਚ ਰਾਮ ਅਤੇ ਸ਼ਾਮ ਨਾਂ ਦੇ ਕਵੀਆਂ ਨੇ ਆਪਣਾ ਨਾਂ ਵੀ ਥਾਂ-ਥਾਂ 'ਤੇ ਵਰਤਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਧਾਂਤਕ ਕਸਵੱਟੀ ਨੂੰ ਸਾਹਮਣੇ ਰੱਖ ਕੇ ਵਿਦਵਾਨਾਂ ਵਲੋਂ ਫੈਸਲਾ ਲੈਣਾ ਕੋਈ ਮੁਸ਼ਕਿਲ ਕੰਮ ਨਹੀਂ ਹੈ। ਹਾਂ ਇਥੇ ਇਹ ਧਿਆਨ ਰੱਖਣ ਦੀ ਲੋੜ ਹੈ ਕਿ ਇਹ ਕਮੇਟੀ ਨਾਨਕਸ਼ਾਹੀ ਕੈਲੰਡਰ ਦਾ ਕਬਾੜਾ ਕਰਨ ਵਰਗੀ ਕਮੇਟੀ ਨਾ ਹੋਵੇ ਜਿਹੜੀ ਆਰ.ਐਸ.ਐਸ. ਨੂੰ ਖੁਸ਼ ਕਰਨ ਲਈ ਫੈਸਲੇ ਕਰੇ। ਹੁਣ ਤੱਕ ਦਸਮ ਗ੍ਰੰਥ ਦੇ ਇਤਿਹਾਸ, ਇਸ ਦਾ ਕਰਤਾ ਕੌਣ ਹੈ ਅਤੇ ਇਸ ਦੀਆਂ ਰਚਨਾਵਾਂ ਤੇ ਬਥੇਰੀ ਖੋਜ ਹੋ ਚੁੱਕੀ ਹੈ। ਬਜਾਇ ਇਸ ਦੇ ਕਿ ਇਸ ਮੁੱਦੇ ਨੂੰ ਲੈ ਕੇ ਵਾਰ ਵਾਰ ਅਕਾਲ ਤਖਤ ਤੋਂ ਹੁਕਮਨਾਮੇ ਜਾਰੀ ਹੋਣ, ਇਸ ਤੇ ਖੁੱਲ੍ਹੀ ਵਿਚਾਰ ਚਰਚਾ ਕਰਕੇ ਫੈਸਲਾ ਲੈ ਲੈਣਾ ਚਾਹੀਦਾ ਹੈ। ਹਰ ਉਹ ਰਚਨਾ ਵਿਚਾਰ ਦੀ ਮੰਗ ਕਰਦੀ ਹੈ ਜਿਸ ਦਾ ਮੁੱਢ ਹੀ ਕਿੰਤੂ ਪ੍ਰੰਤੂ ਨਾਲ ਹੋਇਆ ਹੋਵੇ।

ਸਿੱਖ-ਪੰਥ ਇਸ ਵੇਲੇ ਯੋਗ ਰਹਿਨੁਮਾਈ ਦੀ ਘਾਟ ਕਾਰਨ ਬਹੁਤ ਸਾਰੇ ਮੁੱਦਿਆਂ ਵਿਚ ਉਲਝਿਆ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ, "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ" ਅਤੇ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭਿ ਮਹਿ ਚਾਨਣੁ ਹੋਇ" ਕਹਿ ਕੇ ਭਾਰਤੀ ਸਮਾਜ ਵਿਚ ਹਰ ਤਰ੍ਹਾਂ ਦੀ ਜਾਤ ਅਤੇ ਵਰਣ ਵੰਡ ਨੂੰ ਨਕਾਰ ਕੇ ਮਨੁੱਖਤਾ ਦੀ ਬਰਾਬਰੀ ਦੀ ਨੀਂਹ ਰੱਖੀ ਸੀ। ਗੁਰੂ ਅਮਰਦਾਸ ਜੀ ਨੇ "ਪਹਿਲੇ ਪੰਗਤ ਪਾਛੇ ਸੰਗਤਿ" ਦਾ ਸਿਧਾਂਤ ਦੇ ਕੇ ਇਸਨੂੰ ਹੋਰ ਮਜਬੂਤ ਕੀਤਾ ਸੀ। ਊਚ ਨੀਚ ਵਿਚ ਸਭ ਤੋਂ ਅਹਿਮ ਰਸੋਈ ਹੁੰਦੀ ਹੈ ਜਿਸ ਵਿਚ ਸੁੱਚ ਭਿੱਟ ਦਾ ਖਿਆਲ ਰੱਖਿਆ ਜਾਂਦਾ ਸੀ। ਗੁਰੂ ਸਾਹਿਬ ਨੇ ਲੰਗਰ ਦੀ ਪਰੰਪਰਾ ਚਲਾ ਕੇ ਇਸ ਰਵਾਇਤ ਨੂੰ ਤੋੜਿਆ ਅਤੇ ਗੁਰੂ ਦਾ ਲੰਗਰ ਸਭ ਲਈ ਸਾਂਝਾ ਕੀਤਾ। ਗੁਰੂ ਰਾਮ ਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਵਸਾ ਕੇ ਸਾਰੀਆਂ ਸੰਗਤਾਂ ਦੇ ਇਸ਼ਨਾਨ ਲਈ ਸਰੋਵਰ ਦੀ ਸੇਵਾ ਕਰਾਈ। ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਕਰਾ ਕੇ ਚਾਰੇ ਦਿਸ਼ਾਵਾਂ ਵਿਚ ਚਾਰ ਦਰਵਾਜ਼ੇ ਰਖਾਏ ਜਿੱਥੇ ਹਰ ਧਰਮ ਅਤੇ ਹਰ ਵਰਣ ਦੇ ਮਨੁੱਖ ਨੂੰ ਆਉਣ ਦੀ ਖੁੱਲ੍ਹ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ, ਭਗਤ ਕਬੀਰ, ਭਗਤ ਰਵਿਦਾਸ, ਭਗਤ ਸੈਣ, ਭਗਤ ਨਾਮਦੇਵ ਅਤੇ ਹੋਰ ਭਗਤਾਂ ਦੀ ਬਾਣੀ ਸ਼ਾਮਲ ਕਰਕੇ ਜਾਤ ਪਾਤ ਅਤੇ ਧਰਮ ਦੇ ਨਾਂ 'ਤੇ ਪਏ ਵਿਤਕਰਿਆਂ ਨੂੰ ਨਕਾਰਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਣ ਵੇਲੇ ਵੱਖ-ਵੱਖ ਜਾਤਾਂ ਵਿਚੋਂ ਨਿਤਰੇ ਪੰਜ ਪਿਆਰਿਆਂ ਨੂੰ ਇਕੋ ਬਾਟੇ ਵਿਚੋਂ ਖੰਡੇ ਦੀ ਪਾਹੁਲ ਛਕਾ ਕੇ ਵਰਣ ਵੰਡ ਨੂੰ ਬਿਲਕੁਲ ਮਿਟਾ ਦਿੱਤਾ। ਭਾਈ ਜੈਤਾ ਜੀ ਜਦੋਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਪਹੁੰਚੇ ਤਾਂ ਉਨ੍ਹਾਂ ਨੂੰ ਗਲ ਨਾਲ ਲਾ ਕੇ 'ਰੰਘਰੇਟੇ ਗੁਰੂ ਕੇ ਬੇਟੇ' ਹੋਣ ਦੀ ਅਸੀਸ ਦੇ ਕੇ ਨਿਵਾਜਿਆ।

ਅੱਜ ਕੀ ਹੋ ਰਿਹਾ ਹੈ? ਭਗਤ ਰਵਿਦਾਸ ਜੀ ਦੇ ਜਨਮ ਦਿਨ ਤੇ ਭਗਤ ਰਵਿਦਾਸ ਦੇ ਨਾਂ 'ਤੇ ਨਵਾਂ ਪੰਥ, ਨਵਾਂ ਨਿਸ਼ਾਨ, ਨਵਾਂ ਜੈਕਾਰਾ ਅਤੇ ਉਨ੍ਹਾਂ ਦੀ ਬਾਣੀ ਦੇ ਅਲੱਗ ਗ੍ਰੰਥ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ ਹੈ। ਇਹ ਕੋਈ ਬਹੁਤ ਸਿਹਤਮੰਦ ਰੁਝਾਨ ਨਹੀਂ ਹੈ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਹਰ ਤਰ੍ਹਾਂ ਦੀ ਗੁਲਾਮੀ ਤੋਂ ਆਜ਼ਾਦ ਕਰਕੇ 'ਸਰਦਾਰੀ' ਬਖਸ਼ੀ। ਹਰ ਸਿੱਖ ਸਰਦਾਰ ਹੈ। ਜੋ ਵਾਪਰ ਰਿਹਾ ਹੈ ਇਹ ਇਕ ਰਾਜਨੀਤਕ ਖੇਡ ਖੇਡੀ ਜਾ ਰਹੀ ਹੈ ਜਿਸ ਦਾ ਧਰਮ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਇਹ ਸਭ ਵੋਟਾਂ ਬਟੋਰਨ ਦਾ ਮਸਲਾ ਹੈ। ਇਸ ਵਰਤਾਰੇ ਲਈ ਜਿਥੇ ਭਗਤ ਜੀ ਦੇ ਨਾਂ 'ਤੇ ਰਾਜਨੀਤੀ ਕਰਨ ਵਾਲੇ ਲੋਕ ਜ਼ਿੰਮੇਵਾਰ ਹਨ ਉਥੇ ਇਸ ਲਈ ਸਾਡੀ ਮੌਜੂਦਾ ਧਾਰਮਿਕ ਅਤੇ ਰਾਜਨੀਤਕ ਲੀਡਰਸ਼ਿਪ ਜਿਆਦਾ ਜ਼ਿੰਮੇਵਾਰ ਹੈ। ਸਾਡਾ ਸਿਧਾਂਤ ਅਤੇ ਅਮਲ ਦੋਵੇਂ ਬਹੁਤ ਵੱਡੇ ਹਨ ਪਰ ਅਸੀਂ ਧਰਮ ਨੂੰ ਸੌੜੇ ਰਾਜਨੀਤਕ ਹਿੱਤਾਂ ਲਈ ਵਰਤ ਕੇ ਆਪਣੇ ਸਿਧਾਂਤ ਅਤੇ ਅਮਲ ਦੋਹਾਂ ਨੂੰ ਢਾਹ ਲਾ ਰਹੇ ਹਾਂ। ਇਸ ਸਬੰਧ ਵਿਚ ਸਾਨੂੰ ਇਸਾਈ ਮਿਸ਼ਨਰੀਆਂ ਤੋਂ ਕੁੱਝ ਸਿੱਖ ਲੈਣਾ ਚਾਹੀਦਾ ਹੈ। ਚਰਚ ਕੋਲ ਸਾਡੇ ਗੁਰਦੁਆਰਿਆਂ ਵਾਂਗ ਨਾ ਹੀ ਜਾਇਦਾਦਾਂ ਹਨ ਨਾ ਹੀ ਆਮ ਸੰਗਤਾਂ ਤੋਂ ਗੋਲਕ ਵਿਚ ਪੈਸਾ ਇਕੱਠਾ ਹੋਣ ਦੀ ਪਰੰਪਰਾ ਹੈ। ਅਮੀਰ ਲੋਕਾਂ ਦੇ ਕੀਤੇ ਦਾਨ ਅਤੇ ਚੈਰਟੀ ਫੰਡਾਂ ਰਾਹੀਂ ਇਕੱਠੇ ਕੀਤੇ ਪੈਸੇ ਨਾਲ ਦੁਨੀਆਂ ਭਰ ਦੇ ਲੋਕਾਂ ਨੂੰ ਇਸਾਈ ਧਰਮ ਨਾਲ ਜੋੜਿਆ ਗਿਆ ਹੈ ਅਤੇ ਜਾ ਰਿਹਾ ਹੈ। ਜਿਥੇ ਜਿਥੇ ਵੀ ਇਸਾਈ ਮਿਸ਼ਨਰੀ ਗਏ ਉਨ੍ਹਾਂ ਨੇ ਗਰੀਬਾਂ ਲਈ ਮੁਫਤ ਵਿਦਿਆ, ਮੁੱਢਲੀ ਡਾਕਟਰ ਸਹਾਇਤਾ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਕੀਤਾ। ਪੰਜਾਬ ਵਿਚ ਨਿਗ੍ਹਾ ਮਾਰ ਕੇ ਦੇਖੀਏ ਤਾਂ ਮਿਸ਼ਨਰੀ ਸਕੂਲਾਂ ਦਾ ਪ੍ਰਬੰਧ ਖਾਲਸਾ ਸਕੂਲਾਂ ਨਾਲੋਂ ਕਿਤੇ ਬਿਹਤਰ ਹੈ ਪਰ ਫੀਸਾਂ ਉਨ੍ਹਾਂ ਨਾਲੋਂ ਬਹੁਤ ਘੱਟ ਹਨ। ਇਸਾਈ ਬੱਚਿਆਂ ਨੂੰ ਵਿਦਿਆ ਮੁਫਤ ਦਿੱਤੀ ਜਾਂਦੀ ਹੈ ਅਤੇ ਪੁਸਤਕਾਂ ਵੀ ਦਿੱਤੀਆਂ ਜਾਂਦੀਆਂ ਹਨ। ਅਸੀਂ ਕਿਉਂ ਨਹੀਂ ਗਰੀਬ ਸਿੱਖ ਬੱਚਿਆਂ ਦੀ ਪੜ੍ਹਾਈ ਦਾ ਮੁਫਤ ਅਤੇ ਯੋਗ ਪ੍ਰਬੰਧ ਕਰ ਸਕਦੇ? ਅਸੀਂ ਕਿਉਂ ਨਹੀਂ ਗੁਰੂ ਦੀ ਗੋਲਕ ਨੂੰ ਗਰੀਬ ਦੇ ਮੂੰਹ ਵਾਸਤੇ ਵਰਤ ਸਕਦੇ ਅਤੇ ਮੁੱਢਲੀ ਡਾਕਟਰੀ ਸਹਾਇਤਾ ਮੁਫਤ ਦੇ ਸਕਦੇ?

ਗੁਰੂ ਦਾ ਪੈਸਾ ਗੁਰੂ ਦੇ ਕੰਮਾਂ 'ਤੇ ਹੀ ਖਰਚ ਹੋਣਾ ਚਾਹੀਦਾ ਹੈ। ਗੁਰੂ ਦੇ ਨਾਂ 'ਤੇ ਇਕੱਤਰ ਪੈਸਾ ਅਤੇ ਗੁਰੂ ਕਾ ਲੰਗਰ ਕਦੋਂ ਤੱਕ ਪਾਰਟੀ ਚੋਣਾਂ ਵਾਸਤੇ ਵਰਤਿਆ ਜਾਂਦਾ ਰਹੇਗਾ? ਅਸੀਂ ਵਣਜਾਰੇ ਸਿੱਖਾਂ ਜਾਂ ਸਿਕਲੀਗਰ ਨਾਨਕ ਨਾਮ ਲੇਵਾ ਸੰਗਤਾਂ ਨੂੰ ਤਾਂ ਕੀ ਆਪਣੇ ਨਾਲ ਲਾਉਣਾ ਹੈ, ਸਗੋਂ ਜਿਹੜੇ ਹੁਣ ਤਕ ਨਾਲ ਸਨ ਉਨ੍ਹਾਂ ਨੂੰ ਤੋੜ ਰਹੇ ਹਾਂ। ਮਾਮਲਾ ਗੰਭੀਰ ਸੋਚ ਵਿਚਾਰ ਦੀ ਮੰਗ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਦੂਸਰੇ ਧਰਮਾਂ ਦੇ ਆਗੂਆਂ ਨਾਲ ਉਨ੍ਹਾਂ ਦੇ ਧਰਮ ਸਥਾਨਾਂ 'ਤੇ ਜਾ ਕੇ ਵਿਚਾਰ ਚਰਚਾ ਕੀਤੀ। ਕੀ ਅੱਜ ਸਾਡੀ ਧਾਰਮਿਕ ਲੀਡਰਸ਼ਿਪ ਇਸ ਦੇ ਯੋਗ ਵੀ ਨਹੀਂ ਕਿ ਆਪਣਿਆਂ ਨਾਲ ਵਿਚਾਰ ਚਰਚਾ ਕਰਨ ਦੀ ਲੋੜ ਸਮਝੇ? ਧਾਰਮਿਕ ਲੀਡਰਸ਼ਿਪ ਨੂੰ ਗੁਰੂ ਰਾਮਦਾਸ ਜੀ ਦੇ ਵਸਾਏ ਪਵਿੱਤਰ ਸਥਾਨ 'ਤੇ ਬੈਠ ਕੇ ਫੈਸਲੇ ਲੈਂਦਿਆਂ, ਗੁਰੂ ਰਾਮਦਾਸ ਜੀ ਦੀ ਇਹ ਤੁੱਕ ਯਾਦ ਰੱਖਣੀ ਚਾਹੀਦੀ ਹੈ:

ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ,
ਹਉ ਹਰਿ ਗੁਣ ਗਾਵਾਂ ਅਸੰਖ ਅਨੇਕ॥

***ਸਾਬਕਾ ਮੁਖੀ,**
**ਗੁਰੂ ਗ੍ਰੰਥ ਸਾਹਿਬ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

## ਸੰਪਾਦਕ ਦੀ ਡਾਕ

### ਇਕਤਰਫਾ ਫੈਸਲਾ ਪ੍ਰਵਾਨ ਨਹੀਂ

ਪ੍ਰੋ. ਦਰਸ਼ਨ ਸਿੰਘ ਤੇ ਗੁਰੂ ਨਿੰਦਿਆ ਦਾ ਦੋਸ਼ ਲਾ ਕੇ ਜੋ ਕੁਹਾੜਾ ਚਲਾਇਆ ਗਿਆ ਹੈ, ਉਹ ਕੁਹਾੜਾ ਤਾਂ ਗੁਰਚਰਨਜੀਤ ਸਿੰਘ ਲਾਂਬੇ 'ਤੇ ਚਲਣਾ ਚਾਹੀਦਾ ਸੀ ਕਿਉਂਕਿ ਗੁਰੂ ਨਿੰਦਿਆ ਤਾਂ ਲਾਂਬੇ ਨੇ ਕੀਤੀ ਹੈ, ਮੈ ਅਤੇ ਸਾਡੇ ਸ਼ਹਿਰ ਰੌਚੈਸਟਰ ਦੀ ਸੰਗਤ ਇਸ ਗੱਲ ਦੀ ਗਵਾਹ ਹੈ ਕਿ ਪ੍ਰੋ. ਦਰਸ਼ਨ ਸਿੰਘ ਨੇ ਕੋਈ ਗੁਰੂ ਨਿੰਦਿਆ ਨਹੀਂ ਕੀਤੀ। ਗੁਰਚਰਨਜੀਤ ਸਿੰਘ ਲਾਂਬੇ ਨੇ ਸਾਡੇ ਕੋਲੋਂ ਦੇਖਣ ਵਾਸਤੇ ਡੀ.ਵੀ.ਡੀ. ਲਈ ਅਤੇ ਉਸ ਨੂੰ ਕਟ ਵੱਡ ਕੇ ਇਸ ਤਰ੍ਹਾਂ ਪੇਸ਼ ਕੀਤਾ ਜਿਵੇਂ ਪ੍ਰੋ. ਦਰਸ਼ਨ ਸਿੰਘ ਗੁਰੂ ਨਿੰਦਿਆ ਕਰ ਰਹੇ ਹੋਣ। ਪ੍ਰੋ. ਸਾਹਿਬ ਵਲੋਂ ਦਿਤੇ ਹੋਏ ਅਸਲੀ ਸਨੇਹੇ ਨੂੰ ਪੂਰਾ ਬਦਲ ਦਿਤਾ ਗਿਆ। ਇਸ ਤਰ੍ਹਾਂ ਦੀ ਹਰਕਤ ਕਰਨ ਵਾਲਾ ਸ਼ਖਸ਼ ਸਿੱਖ ਨਹੀਂ ਹੋ ਸਕਦਾ। ਇਨ੍ਹਾਂ ਜਥੇਦਾਰਾਂ ਵਲੋਂ ਝੂਠ ਦੀ ਬੁਨਿਆਦ ਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਦੂਰ ਅਤੇ ਆਪਣੇ ਅਕਾਵਾਂ ਨੂੰ ਨੇੜੇ ਰੱਖ ਕੇ ਉਹ ਫੈਸਲਾ ਦਿਤਾ ਗਿਆ ਹੈ ਜੋ ਸੱਚਾਈ ਤੋਂ ਕੋਹਾਂ ਦੂਰ ਹੈ।

ਜਥੇਦਾਰ ਗੁਰਬਚਨ ਸਿੰਘ ਦੀ ਵਾਸ਼ਿੰਗਟਨ ਫੇਰੀ ਸਮੇਂ ਮੈਂ ਉਨ੍ਹਾਂ ਨੂੰ ਮਿਲ ਕੇ ਵੀ ਬੇਨਤੀ ਕੀਤੀ ਸੀ ਕਿ ਜੋ ਟੀ.ਵੀ. 'ਤੇ ਦਿਖਾਇਆ ਗਿਆ ਹੈ, ਉਹ ਸੱਚ ਨਹੀਂ ਹੈ। ਕੋਈ ਵੀ ਫੈਸਲਾ ਸੁਣਾਉਣ ਤੋਂ ਪਹਿਲਾਂ ਇਸ ਦੀ ਤਹਿ ਤੱਕ ਜਾਇਓ। ਮੇਰੀ ਬੇਨਤੀ ਕੀ ਕਰਦੀ ਜਦਕਿ ਫੈਸਲਾ ਤਾਂ ਸੁਣਵਾਈ ਤੋਂ ਪਹਿਲਾਂ ਹੀ ਹੋ ਚੁਕਾ ਸੀ। ਇਹ ਤਖਤ ਅਕਾਲ ਪੁਰਖ ਦਾ ਤਖਤ ਹੈ ਕਿਸੇ ਦੀ ਨਿਜੀ ਮਲਕੀਅਤ ਨਹੀਂ, ਇਹ ਗੱਲ ਕਾਬਜ਼ ਧਿਰ ਨੂੰ ਸਮਝਣ ਦੀ ਲੋੜ ਹੈ। ਇਸ ਤਖਤ ਦੇ ਫੈਸਲੇ ਪੰਥ ਨੂੰ ਜੋੜਨ ਲਈ ਹੋਣੇ ਚਾਹੀਦੇ ਹਨ ਨਾ ਕਿ ਤੋੜਨ ਲਈ। ਜਥੇਦਾਰਾਂ ਵਲੋਂ ਝੂਠ ਦੀ ਬੁਨਿਆਦ ਉਤੇ ਦਿਤੇ ਤਾਨਾਸ਼ਾਹੀ ਫੁਰਮਾਨ ਨੂੰ ਅਸੀਂ ਰੱਦ ਕਰਦੇ ਹਾਂ ਅਤੇ ਪ੍ਰੋ. ਦਰਸ਼ਨ ਸਿੰਘ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹਾਂ। ਪ੍ਰੋ. ਦਰਸ਼ਨ ਸਿੰਘ ਜਦੋਂ ਵੀ ਅਮਰੀਕਾ ਆਉਣਗੇ ਉਨ੍ਹਾਂ ਨੂੰ ਜੀ ਆਇਆ ਕਹਾਂਗੇ ਅਤੇ ਉਨ੍ਹਾਂ ਨਾਲ ਹਰ ਸਾਂਝ ਰਖਾਂਗੇ, ਪਹਿਲਾਂ ਦੀ ਤਰ੍ਹਾਂ ਉਨ੍ਹਾਂ ਤੋਂ ਕੀਰਤਨ ਰੌਚੈਸਟਰ ਗੁਰੂ ਘਰ ਵਿਚ ਕਰਾਵਾਂਗੇ ਅਤੇ ਉਨ੍ਹਾਂ ਦਾ ਖੁਲੇ ਦਿਲਾਂ ਨਾਲ ਸਨਮਾਨ ਕਰਾਂਗੇ।

***-ਮੱਖਣ ਸਿੰਘ***
***ਰੌਚੈਸਟਰ, ਨਿਊ ਯਾਰਕ***

---

### ਗੁਰਮੁਖਿ ਧਰਤੀ ਗੁਰਮੁਖਿ ਪਾਣੀ

ਸੰਪਾਦਕ ਜੀ,

6 ਫਰਵਰੀ ਦੇ ਅੰਕ ਵਿਚ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕੇ ਜਾਣ ਦੇ ਮਾਮਲੇ ਉਤੇ ਤੁਹਾਡਾ ਸੰਪਾਦਕੀ ਨਿਰਪੱਖ ਸੋਚ ਦਾ ਧਾਰਨੀ ਅਤੇ ਸਹੀ ਸੇਧ ਵੱਲ ਜਾਣ ਵਾਲਾ ਹੋਣ ਕਰਕੇ ਸਲਾਹੁਣਯੋਗ ਸੀ। ਅੱਜ ਵੱਡੇ ਵੱਡੇ ਦੇਸ਼ ਅਤੇ ਕੌਮਾਂ ਸਭ ਮਾਲੀ ਘੋੜ ਦੌੜ ਵਿਚ ਕੁੱਦੇ ਪਏ ਹਨ। ਸਭ ਕੁਝ ਸਵਾਰਥੀ ਹਿੱਤਾਂ ਤੋਂ ਪ੍ਰੇਰਤ ਹੈ। ਸਾਡੇ ਪ੍ਰਚਾਰਕ ਵੀ ਰੱਬ ਵਲੋਂ ਮੂੰਹ ਮੋੜ ਕੇ ਦੁਨਿਆਵੀ ਮਾਲਕਾਂ ਦੀ ਗੁਲਾਮੀ ਵਿਚ ਉਲਝੇ ਹੋਏ ਹਨ ਅਤੇ ਆਪਣੀ ਆਤਮਾ ਵਿਚ ਹੀ ਬੈਠੇ ਹਨ। ਤੁਹਾਡੇ ਸੰਪਾਦਕੀ ਵਿਚ ਦੋਹਾਂ ਧਿਰਾਂ ਦੀਆਂ ਕਮਜ਼ੋਰੀਆਂ ਉਤੇ ਉਂਗਲ ਧਰੀ ਹੋਈ ਹੈ ਅਤੇ ਸਿੱਖ ਪੰਥ ਵਿਚ ਪੈਦਾ ਹੋਈ ਦੁਬਿਧਾ ਦੀ ਗੱਲ ਕੀਤੀ ਗਈ ਹੈ। ਅੱਜ ਸਾਇੰਸ ਕਹਿੰਦੀ ਹੈ, ਧਰਤੀ ਬਿਗ ਬੈਂਗ ਡਾਰਕਨੈਸ ਤੋਂ ਪੈਦਾ ਹੋਈ ਪਰ ਸਾਡੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਸੰਸਾਰ ਖਾਲਸਾ ਜੋਤਿ ਤੋਂ ਪ੍ਰਗਟ ਹੋਇਆ ਹੈ-ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ॥ ਜੇ ਅਸੀਂ ਆਪਣਾ ਮੂਲ ਪਛਾਣ ਲਈਏ ਤਾਂ ਸਿੱਖ ਪੰਥ ਵਿਚ ਜੋ ਅੱਜ ਕੱਲ ਦੁਬਿਧਾ ਪੈਦਾ ਹੋਈ ਹੋਈ ਹੈ ਇਹ ਸਭ ਦੂਰ ਹੋ ਜਾਵੇ।

***-ਸੁਖਦੇਵ ਸਿੰਘ ਸਿਖਿਆਰਥੀ***

# ਕੀ ਸੱਚੀਂ ਇਤਿਹਾਸ ਦੂਹਰਾ ਹੁੰਦਾ?

ਖਾਲਸਾ ਪੰਥ

**ਮਝੈਲ ਸਿੰਘ ਸਰਾ**

ਅਕਸਰ ਕਹਿੰਦੇ ਹਨ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਇਸ ਪਿੱਛੇ ਕਈ ਦਲੀਲਾਂ ਦਿੱਤੀਆਂ ਜਾਂਦੀਆਂ ਹਨ। ਇਤਿਫਾਕਨ ਹੀ ਕਈ ਘਟਨਾਵਾਂ ਐਦਾਂ ਦੀਆਂ ਹੋ ਜਾਂਦੀਆਂ ਹਨ ਜੋ ਕਿਤੇ ਪਹਿਲੇ ਸਮਿਆਂ ਵਿਚ ਵਾਪਰੀਆਂ ਘਟਨਾਵਾਂ ਨਾਲ ਹੂ-ਬ-ਹੂ ਨਹੀਂ ਤਾਂ ਕਾਫੀ ਹੱਦ ਤੱਕ ਮੇਲ ਖਾਂਦੀਆਂ ਹਨ। ਸ਼ਾਇਦ ਇਸੇ ਨੂੰ ਹੀ ਇਤਿਹਾਸ ਦੀ ਦੁਹਰਾਈ ਕਿਹਾ ਜਾਂਦਾ ਹੋਵੇਗਾ। ਜ਼ਿਆਦਾਤਰ ਇਹੋ ਜਿਹੀਆਂ ਘਟਨਾਵਾਂ ਦਾ ਸੰਬੰਧ ਵੱਡੇ ਬੰਦਿਆਂ ਨਾਲ ਹੀ ਹੁੰਦਾ ਹੈ ਖਾਸ ਕਰਕੇ ਰਾਜ ਸੱਤਾ 'ਤੇ ਕਾਬਜ਼-ਭਾਵੇਂ ਉਹ ਪਹਿਲੇ ਸਮਿਆਂ ਦੇ ਰਾਜੇ ਮਹਾਰਾਜੇ ਹੋਣ ਜਾਂ ਫਿਰ ਅੱਜ-ਕਲ੍ਹ ਦੇ ਸਿਆਸੀ ਲੀਡਰ। ਬਹੁਤਾ ਕਰਕੇ ਇਨ੍ਹਾਂ ਵੱਡਿਆਂ ਬੰਦਿਆਂ ਦੇ ਚਰਿਤਰ ਦੇ ਨਾਂਹਪੱਖੀ ਲੱਛਣਾਂ ਕਰਕੇ ਜਿਹੜਾ ਨੁਕਸਾਨ ਕਿਸੇ ਕੌਮ ਜਾਂ ਭਾਈਚਾਰੇ ਨੂੰ ਹੁੰਦਾ ਹੈ ਉਹਦਾ ਬੁਰਾ ਅਸਰ ਦੇਖਦੇ ਹੋਏ ਹੀ ਸਿਆਣੇ ਕਹਿ ਦਿੰਦੇ ਹਨ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ।

ਕੁਝ ਇਹੋ ਜਿਹੀਆਂ ਹੀ ਘਟਨਾਵਾਂ ਦਾ ਜ਼ਿਕਰ ਕਰ ਰਹੇ ਹਾਂ ਜੋ ਸਿੱਖਾਂ ਨਾਲ ਸੰਬੰਧਤ ਦੋ ਵੱਡੇ ਬੰਦਿਆਂ ਦੀਆਂ ਹਨ। ਇਹ ਪੜਚੋਲ ਵੀ ਕਰਨੀ ਹੈ ਕਿ ਇਹ ਸੁਤੇ ਸਿੱਧ ਇਤਿਹਾਸ ਦੀ ਹੀ ਦੁਹਰਾਈ ਹੈ ਤੇ ਕੌਮ ਨੇ ਸਿਰ ਸੁੱਟ ਕੇ ਇਹਨੂੰ ਮੰਨਣਾ ਹੀ ਮੰਨਣਾ ਹੈ ਜਾਂ ਇਹਨੂੰ ਰੋਕਣ ਲਈ ਕਿਤੇ ਡੱਕਾ ਵੀ ਲਾਉਣਾ ਹੈ। ਪਹਿਲਾ ਵੱਡਾ ਬੰਦਾ ਹੈ ਸ਼ੇਰੇ ਪੰਜਾਬ ਰਣਜੀਤ ਸਿੰਘ ਦੂਜਾ ਵੀ ਹੈ 'ਸ਼ੇਰ' ਪਰ ਸਰਕਸ ਦਾ, ਜਿਹਨੂੰ ਪੰਜਾਬੀਆਂ ਨੇ ਆਪ ਹੀ ਮੋਹਰੇ ਕਰਕੇ ਰਾਜ ਦੀ ਸਭ ਤੋਂ ਵੱਡੀ ਕੁਰਸੀ 'ਤੇ ਬਿਠਾਇਆ ਹੋਇਆ ਹੈ। ਪਰ ਉਸ ਆਪਣੇ ਗਲ ਦੀ ਸੰਗਲੀ ਕੱਟੜਪੰਥੀ ਸਿੱਖ ਵਿਰੋਧੀ ਅਡਵਾਨੀ ਦੇ ਹੱਥ ਫੜਾਈ ਹੋਈ ਹੈ ਤੇ ਉਦਾਂ ਦੀ ਟਪੂਸੀ ਮਾਰਦਾ ਜਿੱਦਾਂ ਉਹਦਾ ਮਾਲਕ ਚਾਹੁੰਦਾ।

ਬੰਦਾ ਸਿੰਘ ਬਹਾਦਰ ਦੇ ਥੋੜਚਿਰੇ ਰਾਜ ਤੋਂ ਬਾਅਦ ਕੌਮ ਵਿਚ ਕੁਝ ਹਾਲਾਤ ਕਰਕੇ ਇਕ ਰਾਜਨੀਤਕ ਖਲਾਅ ਪੈਦਾ ਹੋ ਗਿਆ ਸੀ ਪਰ ਉਹਦਾ ਫਾਇਦਾ ਵੀ ਹੋਇਆ ਕਿ ਸਿੱਖ ਇਖਲਾਕੀ ਤੌਰ 'ਤੇ ਬਹੁਤ ਬੁਲੰਦੀ 'ਤੇ ਪਹੁੰਚ ਗਿਆ ਸੀ। ਭਾਵੇਂ ਗਿਣਤੀ ਵਿਚ ਘੱਟ ਸਨ, ਬਾਬਾ ਬੰਦਾ ਸਿੰਘ ਦੇ ਰਾਜ ਨੇ ਜਿਹੜੀ ਲੋਅ ਬੇਜ਼ਮੀਨੇ ਤੇ ਹੇਠਲੇ ਤਬਕੇ ਦੇ ਲੋਕਾਂ ਨੂੰ ਦਿਖਾਈ ਉਹ ਲੋਕ ਸਿੱਖ ਸਿਧਾਂਤਾਂ ਨਾਲ ਪੱਕੇ ਬੱਝ ਗਏ ਤੇ ਉਨ੍ਹਾਂ ਮਨਾਂ ਵਿਚ ਪੰਥਕ ਸਰਕਾਰ ਜਾਂ ਰਾਜ ਦਾ ਸੁਪਨਾ ਮੁੜ ਪੂਰਾ ਕਰਨ ਲਈ ਹਰ ਕੁਰਬਾਨੀ ਦੇਣ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ। ਏਸ ਜਜ਼ਬੇ ਵਿਚੋਂ ਹੀ ਸਿੱਖ ਮਿਸਲਾਂ ਨਿਕਲੀਆਂ ਤੇ ਫਿਰ ਰਣਜੀਤ ਸਿੰਘ ਦਾ ਖਾਲਸਾ ਰਾਜ। ਮੁੱਢਲੇ ਤੌਰ 'ਤੇ ਰਣਜੀਤ ਸਿੰਘ ਵਿਚ ਵੀ ਉਹ ਬੁਲੰਦ ਹੌਂਸਲਾ ਸੀ ਤੇ ਕੁਝ ਸਮੇਂ ਦੀ ਨਜ਼ਾਕਤ ਜਿਸ ਨੇ ਸਿੱਖ ਮਿਸਲਾਂ ਨੂੰ ਉਹਦੀ ਸਰਦਾਰੀ ਹੇਠ ਲੈ ਆਂਦਾ। ਇਸੇ ਦੌਰਾਨ ਰਣਜੀਤ ਸਿੰਘ ਨੂੰ ਇਕ ਜੁਗਤ ਵੀ ਆ ਗਈ ਸੀ ਕਿ ਸਿੱਖ ਪੱਤਾ ਖੇਡ ਕੇ ਸਿੱਖਾਂ ਦੇ ਜਜ਼ਬੇ ਨੂੰ ਆਪਣਾ ਰਾਜ ਪੱਕਾ ਕਰਨ ਲਈ ਕਿੱਦਾਂ ਵਰਤਣਾ ਹੈ ਕਿਉਂਕਿ ਖਾਲਸਾ ਫੌਜਾਂ ਉਹਦੀ ਤਾਕਤ ਸੀ ਜਿਸ ਨੇ ਦੇਸੀ ਰਿਆਸਤਾਂ ਦੇ ਨਾਲ ਨਾਲ ਪਹਾੜੀ ਰਾਜਿਆਂ ਤੇ ਮੁਸਲਮਾਨੀ ਇਲਾਕਿਆਂ ਨੂੰ ਵੀ ਉਹਦੇ ਹੇਠ ਲਿਆਂਦਾ। ਇਹ ਗੱਲ ਰਣਜੀਤ ਸਿੰਘ ਜਾਣ ਗਿਆ ਸੀ ਕਿ ਰਾਜ ਦਾ ਮੂੰਹ-ਮੁਹਾਂਦਰਾ ਪੰਥਕ ਰੱਖਣਾ ਹੀ ਪੈਣਾ ਹੈ ਕਿਉਂਕਿ ਇਹਦੀ ਸਥਾਪਤੀ ਹੋਈ ਹੀ ਸਿੱਖ ਜਜ਼ਬੇ ਵਿਚੋਂ ਸੀ। ਉਹ ਆਪਣੇ ਆਪ ਨੂੰ ਨਿਮਾਣਾ ਸਿੱਖ ਸਾਬਤ ਕਰਨ ਲਈ ਜਾਣਬੁੱਝ ਕੇ ਕੀਤੀ ਗਲਤੀ (ਮੋਰਾਂ ਨਾਚੀ ਨਾਲ ਵਿਆਹ) ਦੇ ਸੰਬੰਧ ਵਿਚ ਅਕਾਲੀ ਫੂਲਾ ਸਿੰਘ ਅੱਗੇ ਅਕਾਲ ਤਖਤ ਸਾਹਿਬ 'ਤੇ ਕੋੜੇ ਖਾਣ ਲਈ ਪਿੱਠ ਨੰਗੀ ਕਰਕੇ ਖੜ੍ਹ ਗਿਆ ਸੀ। ਪਰ ਇਹੋ ਜਿਹੀਆਂ ਗਲਤੀਆਂ ਕਰਨੋਂ ਕਦੇ ਵੀ ਹਟਿਆ ਨਹੀਂ ਸੀ। ਅਗਲੀ ਗੱਲ ਰਣਜੀਤ ਸਿੰਘ ਨੂੰ ਜਿਹੜੀ ਜੱਚ ਗਈ ਸੀ ਉਹ ਸੀ ਸਿੱਖਾਂ ਦਾ ਆਪਣੇ ਧਾਰਮਿਕ ਅਸਥਾਨਾਂ ਪ੍ਰਤੀ ਮੋਹ। ਸਿੱਖ ਆਪਣੀ ਜਾਨ ਤਾਂ ਦੇ ਦਿੰਦੇ ਸੀ ਪਰ ਉਹ ਧਾਰਮਿਕ ਅਸਥਾਨਾਂ ਦੀ ਬੇਅਦਬੀ ਨਹੀਂ ਸੀ ਸਹਾਰ ਸਕਦੇ ਇਸ ਕਰਕੇ ਰਣਜੀਤ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਵਲ ਆਪਣਾ ਉਚੇਚਾ ਧਿਆਨ ਦਿੱਤਾ। ਉਸ ਵੇਲੇ ਤੱਕ ਸਿੱਖਾਂ ਵਿਚ ਦਾਨੀਆਂ ਦਾ ਵੀ ਇੱਕ ਨਿਵੇਕਲਾ ਤੇ ਉੱਚਾ ਥਾਂ ਬਣ ਗਿਆ ਸੀ ਜੋ ਅੱਜ ਵੀ ਬਰਕਰਾਰ ਹੈ। ਰਣਜੀਤ ਸਿੰਘ ਨੇ ਉਹੋ ਕੁਝ ਕੀਤਾ। ਸਰਕਾਰੀ ਖਜ਼ਾਨੇ ਵਿਚੋਂ ਸਾਰੇ ਦਰਬਾਰ ਸਾਹਿਬ 'ਤੇ ਸੋਨਾ ਚੜ੍ਹਾਇਆ ਗਿਆ ਤੇ ਸਿੱਖ ਮਨਾਂ ਵਿਚ ਸਭ ਤੋਂ ਵੱਡਾ ਦਾਨੀ ਬਣ ਬੈਠਾ। ਨਾਲ ਹੀ ਗੁਰੂ ਸਾਹਿਬਾਨ ਵਲੋਂ ਬਖਸ਼ੇ ਪਵਿੱਤਰ ਨਾਮ ਹਰਿਮੰਦਰ ਨੂੰ ਸੁਨਹਿਰੀ ਮੰਦਰ ਦੇ ਨਾਂ ਨਾਲ ਬਦਲਣ ਦੀ ਕੋਸ਼ਿਸ਼ ਕੀਤੀ। ਇਹ ਵੀ ਸੱਚ ਹੈ ਕਿ ਰਣਜੀਤ ਸਿੰਘ ਨੇ ਹਰਿਮੰਦਰ ਸਾਹਿਬ ਨਾਲੋਂ ਵਧ ਸੋਨਾ ਹਿੰਦੂ ਮੰਦਰਾਂ (ਬਨਾਰਸ ਦੇ ਵਿਸ਼ਵਾਨਾਥ ਮੰਦਰ 'ਤੇ 6 ਕੁਇੰਟਲ ਤੇ ਜਵਾਲਾਮੁਖੀ ਮੰਦਿਰ ਤੇ 4 ਕੁਇੰਟਲ) 'ਤੇ ਚੜ੍ਹਾਇਆ। ਹਿੰਦੂ ਮੰਦਿਰਾਂ 'ਤੇ ਉਹਨੇ ਸਰਕਾਰੀ ਖਜ਼ਾਨੇ ਵਿਚੋਂ ਕੁੱਲ 16 ਕੁਇੰਟਲ ਤੋਂ ਵੀ ਵਧ ਸੋਨਾ ਚੜ੍ਹਾਇਆ ਪਰ ਕਿਸੇ ਹਿੰਦੂ ਨੇ ਅੱਜ ਤੱਕ ਵੀ ਉਹਨੂੰ ਦਾਨੀ ਕਹਿ ਕੇ ਨਹੀਂ ਵਡਿਆਇਆ। ਕਾਰਨ ਇਹ ਹੈ ਕਿ ਹੁਣ ਉਥੇ ਉਹ ਸੋਨਾ ਹੈ ਈ ਨਹੀਂ। ਉਹ ਤਾਂ ਉਥੋਂ ਦੇ ਹਿੰਦੂ ਪੁਜਾਰੀ ਲਾਹ ਕੇ ਘਰ ਲੈ ਗਏ। ਇਸਤੋਂ ਇਲਾਵਾ ਰਣਜੀਤ ਸਿੰਘ ਨੇ ਜੋ ਮਾਅਰਕੇ ਵਾਲਾ ਕੰਮ ਕੀਤਾ ਉਹ ਸੀ ਗੁਰੂ ਅਸਥਾਨਾਂ ਦੀ ਭਾਲ ਕਰਕੇ ਉਨ੍ਹਾਂ ਦੀਆਂ ਯਾਦਗਾਰਾਂ ਵਿਚ ਗੁਰਦੁਆਰੇ ਬਣਾਉਣੇ ਜੋ ਸਿੱਖ ਸੰਗਤਾਂ ਲਈ ਆਉਣ ਵਾਲੇ ਸਮਿਆਂ ਵਿਚ ਪ੍ਰੇਰਨਾ ਸ੍ਰੋਤ ਬਣੇ।

ਹੁਣ ਆਪਣੇ ਦੂਜੇ ਸ਼ੇਰ ਦੀ ਗੱਲ ਸ਼ੁਰੂ ਕਰੀਏ। ਹਿੰਦੋਸਤਾਨ ਅੰਗਰੇਜ਼ਾਂ ਤੋਂ ਆਜ਼ਾਦ ਹੋ ਗਿਆ ਪਰ ਸਿੱਖਾਂ ਨਾਲ ਕੀਤੇ ਵਾਅਦੇ ਨਾਲ ਹੀ ਗੁਲਾਮ ਤੋਂ ਮਾਲਕ ਬਣੇ ਹਿੰਦੋਸਤਾਨੀ ਲੀਡਰਾਂ ਨੇ ਸਿੱਖਾਂ ਨੂੰ ਰਗਾਂ ਤੋਂ ਫੜਨ ਵਿਚ ਵੀ ਕੋਈ ਕਸਰ



ਨਾ ਛੱਡੀ ਤਾਂ ਆਪਣੇ ਆਪ ਨੂੰ ਠੱਗੇ ਮਹਿਸੂਸ ਕਰਕੇ ਮੁੜ ਨਵੇਂ ਹਿੰਦੋਸਤਾਨੀ ਮਾਲਕਾਂ ਨਾਲ ਆਢਾ ਲੈਣਾ ਪਿਆ। ਭਾਵੇਂ ਕੌਮ ਦਾ ਠੱਗੇ ਜਾਣਾ ਉਸ ਵੇਲੇ ਦੇ ਸਿੱਖ ਲੀਡਰਾਂ ਵਿਚ ਦੂਰਅੰਦੇਸ਼ੀ ਦੀ ਘਾਟ ਕਰਕੇ ਵੀ ਹੋਇਆ। ਸਿੱਖ ਮੁੜ ਆਪਣੇ ਨਾਲ ਹੋਈ ਬੇਇਨਸਾਫੀ ਖਿਲਾਫ ਕੁਰਬਾਨੀ ਦੇਣ ਲਈ ਖੜ੍ਹ ਗਏ ਜਿਸਦੀ ਬਿਨਾ 'ਤੇ ਪੰਜਾਬੀ ਸੂਬਾ ਬਣਿਆ। ਪੰਜਾਬੀ ਬੋਲੀ ਲਈ ਸਿਰਫ ਸਿੱਖ ਹੀ ਖੜੇ ਹੋਏ, ਜਦੋਂ ਕਿ ਬਾਕੀ ਪੰਜਾਬੀ ਤਬਕੇ ਇਸ ਦੇ ਉਲਟ ਭੁਗਤੇ। ਪੰਜਾਬੀ ਸੂਬਾ ਬਣਨ ਦਾ ਭਾਵ ਸੀ ਕਿ ਪੰਜਾਬ ਵਿਚ ਹਕੂਮਤ ਅਕਾਲੀਆਂ ਦੀ ਰਹੂਗੀ ਪਰ ਇਦਾਂ ਹੋ ਨਹੀਂ ਸਕਿਆ। ਉਸ ਵੇਲੇ ਦੇ ਦੋ ਸੰਤਾਂ-ਸੰਤ ਫਤਿਹ ਸਿੰਘ ਤੇ ਚੰਨਣ ਸਿੰਘ ਦੀਆਂ ਕੁਝ ਨੀਤੀਆਂ ਹੀ ਅਜਿਹੀਆਂ ਸਨ ਕਿ ਅਕਾਲੀ ਵੰਡੇ ਗਏ। ਕਦੀ ਗੁਰਨਾਮ ਸਿੰਘ ਤੇ ਕਦੀ ਲਛਮਣ ਸਿੰਘ ਗਿੱਲ ਮੁੱਖ ਮੰਤਰੀ ਬਣਿਆ। ਜਦੋਂ ਇਨ੍ਹਾਂ ਨੇ ਅੰਦਰਖਾਤੇ ਕਾਂਗਰਸ ਨਾਲ ਗੰਢ-ਸੰਢ ਕੀਤੀ ਤਾਂ ਦਾਅ ਲੱਗ ਗਿਆ ਪ੍ਰਕਾਸ਼ ਸਿੰਘ ਬਾਦਲ ਦਾ, ਜੋ ਮਾਰਚ 1970 ਵਿਚ ਜਨਸੰਘ ਦੀ ਹਮਾਇਤ ਨਾਲ ਮੁੱਖ ਮੰਤਰੀ ਬਣ ਗਿਆ। ਇਹ ਉਹੋ ਜਨਸੰਘ ਹੈ ਜਿਹਨੇ ਪੰਜਾਬੀ ਸੂਬਾ ਬਣਨ ਦੇ ਖਿਲਾਫ ਅੱਡੀ ਚੋਟੀ ਦਾ ਜ਼ੋਰ ਲਾਇਆ ਸੀ। ਅੰਮ੍ਰਿਤਸਰ ਵਿਚ ਬਣਨ ਵਾਲੀ ਯੂਨੀਵਰਸਿਟੀ ਦਾ ਨਾਂ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਰਖਣ ਉਪਰ ਸਖਤ ਇਤਰਾਜ਼ ਕੀਤਾ। ਉਦੋਂ ਤੋਂ ਹੀ ਆਪਣੇ ਇਸ ਸ਼ੇਰ ਨੇ ਆਪਣੀ ਸੰਗਲੀ ਇਨ੍ਹਾਂ ਨਿੱਕਰਧਾਰੀਆਂ ਦੇ ਹੱਥ ਦਿੱਤੀ ਹੋਈ ਹੈ। ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲਿਆਂ ਦੀ ਨਾ ਮੁੱਕਣ ਵਾਲੀ ਲੜੀ ਸ਼ੁਰੂ ਕਰਨ ਵਾਲਾ ਇਹੋ ਮੁੱਖ ਮੰਤਰੀ ਸੀ। ਉਸੇ ਦੇ ਵੇਲੇ 1970 ਵਿਚ ਅੰਮ੍ਰਿਤਧਾਰੀ ਪੰਜਾਂ ਬਾਣੀਆਂ ਦੇ ਧਾਰਨੀ ਕਾਮਰੇਡ ਬਜ਼ੁਰਗ ਬਾਬਾ ਬੂਝਾ ਸਿੰਘ ਨੂੰ ਘਰੋਂ ਚੁੱਕ ਕੇ ਪੁਲਿਸ ਨੇ ਕਤਲ ਕੀਤਾ। ਕਾਰਨ ਸੀ ਕਿ ਉਹ ਜਾਗੀਰਦਾਰਾਂ ਦੇ ਖਿਲਾਫ ਸੀ ਤੇ ਉਸ ਵੇਲੇ ਦੀ ਨਕਸਲਵਾੜੀ ਲਹਿਰ ਵਿਚਲੇ ਮੁੰਡਿਆਂ ਨੂੰ ਸਲਾਹ-ਮਸ਼ਵਰਾ ਦਿੰਦਾ ਸੀ। ਇਹ ਸਾਰਾ ਕੁਝ ਇਸ ਵੱਡੇ ਜਗੀਰਦਾਰ ਨੂੰ ਮਨਜ਼ੂਰ ਨਹੀਂ ਸੀ। ਜਗੀਰਦਾਰੀ ਵਾਲਾ ਇਹ ਗੁਣ ਮਹਾਰਾਜਾ ਰਣਜੀਤ ਸਿੰਘ ਤੋਂ ਹੀ ਲਿਆ ਲਗਦਾ ਕਿਉਂਕਿ ਉਸਨੇ ਆਪਣੇ 40 ਸਾਲਾਂ ਦੇ ਰਾਜ ਦੌਰਾਨ ਜਗੀਰਦਾਰ ਹੀ ਬਣਾਏ ਸ਼ਾਇਦ ਸਿੱਖ ਤਾਂ ਇੱਕ ਵੀ ਨਹੀਂ ਸੀ ਬਣਾਇਆ। ਉਹੀ ਹਾਲ ਹੁਣ ਇਸਦਾ ਹੈ ਨਾਲੇ ਇਹ ਤਾਂ ਕਈ ਵਾਰੀ ਕਹਿ ਚੁਕਿਆ ਕਿ ਮੈਂ ਰਣਜੀਤ ਸਿੰਘ ਵਾਲਾ ਰਾਜ ਪੰਜਾਬ 'ਚ ਲਿਆਉਣਾ।

ਸਭ ਤੋਂ ਪਹਿਲਾਂ ਇਹਦੇ ਵਰਗਾ ਬਲੈਕਮੇਲਰ ਕੋਈ ਨੀ ਹੋਣਾ। ਜਿੰਨਾ ਇਸ ਬੰਦੇ ਨੇ ਸਿੱਖਾਂ ਨੂੰ ਅਨੰਦਪੁਰ ਸਾਹਿਬ ਦੇ ਮਤੇ ਨਾਲ ਧੋਖਾ ਦੇ ਕੇ ਵੋਟਾਂ ਬਟੋਰੀਆਂ, ਰਹੇ ਰੱਬ ਦਾ ਨਾਮ। ਅਸਲ ਅਨੰਦਪੁਰ ਸਾਹਿਬ ਦਾ ਮਤਾ 1973 ਦਾ ਹੈ ਜਿਸਨੂੰ ਸਿਰਦਾਰ ਕਪੂਰ ਸਿੰਘ ਨੇ ਲਿਖਿਆ ਸੀ ਜਿਸਦਾ ਸੰਖੇਪ ਜਿਹਾ ਮਤਲਬ ਉੱਤਰੀ ਭਾਰਤ ਵਿਚ ਸਿੱਖਾਂ ਲਈ ਭਾਰਤੀ ਯੂਨੀਅਨ ਦੇ ਅੰਦਰ ਇੱਕ ਜੁੜਵੇਂ ਅੰਗ ਵਜੋਂ ਖੁਦਮੁਖਤਿਆਰ ਹਿੱਸਾ ਬਣਾਉਣਾ ਸੀ ਪਰ ਜਦ ਇਹ ਪੰਥ ਦਾ ਸ਼ੇਰ ਦੂਜੀ ਵਾਰੀ 1977 ਵਿਚ ਮੁੱਖ ਮੰਤਰੀ ਬਣਿਆ ਤਾਂ ਨਿੱਕਰਧਾਰੀਆਂ ਦੇ ਜ਼ੋਰ ਦੇਣ 'ਤੇ 1978 ਵਿਚ ਲੁਧਿਆਣੇ ਅਕਾਲੀਆਂ ਦੀ ਕਾਨਫਰੰਸ ਕਰਕੇ ਇਕ ਹੋਰ ਨਰਮ ਮਤਾ ਬਣਾ ਲਿਆ ਤੇ ਨਾਂ ਉਹਦਾ ਵੀ ਅਨੰਦਪੁਰ ਸਾਹਿਬ ਵਾਲਾ ਹੀ ਰੱਖਿਆ। ਨਾ ਕੋਈ ਕਾਰਵਾਈ 1973 ਵਾਲੇ 'ਤੇ ਹੋਈ ਤੇ ਨਾ ਹੀ 1978 ਵਾਲੇ 'ਤੇ ਇਹਨੇ ਕਰਵਾਈ, ਜਦੋਂਕਿ ਕੇਂਦਰ ਸਰਕਾਰ ਵਿਚ ਕਿੰਨੀ ਵਾਰੀ ਇਹ ਭਾਈਵਾਲ ਰਿਹਾ। ਹੁਣ ਤਾਂ ਇਹ ਵੋਟਾਂ ਵੇਲੇ ਮਤੇ ਦੀ ਡੁਗਡੁਗੀ ਵਜਾ ਕੇ ਤਮਾਸ਼ਾ ਜਿਹਾ ਕਰਦਾ ਤੇ ਸਿੱਖ ਪੰਜਾਬੀਆਂ ਦੀ ਥੋੜ੍ਹੇ ਜਿਹੇ ਦਿਨ ਮੱਤ ਮਾਰ ਕੇ ਵੋਟਾਂ ਲੈ ਕੇ ਫਿਰ ਇਸ ਬਾਰੇ ਧੂੰ ਵੀ ਨਹੀਂ ਕੱਢਦਾ। ਵੋਟਾਂ ਵੇਲੇ ਪੂਰਾ ਪੰਥਕ ਬਣ ਕੇ ਦਸੂਗਾ ਪਰ ਯਾਰੀ ਗੰਗੂਆਂ ਤੇ ਚੰਦੂਆਂ ਦੀ ਪਾਲਦਾ। ਹੁਣ ਤਾਂ ਉਦਾਂ ਵੀ ਜੇ ਦੇਖੀਏ ਤਾਂ ਇਹ ਟੱਬਰ ਖੁਦ ਆਪ ਵੀ ਗੰਗੂ-ਚੰਦੂ ਤੇ ਡੋਗਰਿਆਂ ਵਰਗਾ ਬਣ ਗਿਆ। ਇਨ੍ਹਾਂ ਨੂੰ ਤਾਂ ਹੁਣ ਬਾਬੇ ਦੀ ਗੁਰਬਾਣੀ ਦੇ ਸ਼ਬਦ ਵੀ ਚੁੱਭਣ ਲੱਗ ਪਏ। ਏਸ ਟੱਬਰ ਦੀ ਬੜੀ ਬੀਬੀ ਆਸੂਤੋਸ਼ ਦੀ ਪੈਰੋਕਾਰ ਵੀ ਹੈ ਤੇ ਪਿਛਲੇ ਸਾਲ ਲੰਗਰ ਵਾਲੀ ਬੀਬੀ ਨਾਲ ਮਸ਼ਹੂਰ ਹੋਈ ਸੀ, ਥੋੜੇ ਦਿਨ ਪਹਿਲਾਂ ਦਰਬਾਰ ਸਾਹਿਬ ਮੱਥਾ ਟੇਕਣ ਗਈ ਤਾਂ ਸ਼ਬਦ ਕੀਰਤਨ ਚੱਲ ਰਿਹਾ ਸੀ ''ਏ ਸਰੀਰਾ ਮੇਰਿਆ ਇਸ ਜੱਗ ਮਹਿ ਆਇਕੇ ਕਿਆ ਤੁਧ ਕਰਮ ਕਮਾਇਆ''। ਪਤਾ ਨਹੀਂ ਪਈ ਇਸ ਬੀਬੀ ਨੂੰ ਹੋਰ ਕੁੱਝ ਸਮਝ ਲੱਗੀ ਕਿ ਨਹੀਂ ਪਰ ਇਸ ਸ਼ਬਦ ਨੂੰ ਉਸਨੇ ਆਪਣੇ ਨਾਲ ਜੋੜ ਲਿਆ। ਬੀਬੀ ਦਾ ਗੁੱਸਾ ਚੜ੍ਹ ਗਿਆ ਸਤਵੇਂ ਅਸਮਾਨ ਕਿ ਹਾਂ ਹਾਂ ਇਹ ਸ਼ਬਦ ਉਹਨੂੰ ਜਾਣ ਬੁੱਝ ਕੇ ਜਿੱਚ ਕਰਨ ਲਈ ਪੜ੍ਹਿਆ ਤੇ ਆ ਗਈ ਸ਼ਾਮਤ ਕੀਰਤਨ ਕਰਨ ਵਾਲੇ ਰਾਗੀਆਂ ਦੀ। ਆਪਣੇ ਮਾਤਹਿਤ ਪੁਜਾਰੀ ਮਹੰਤਾਂ ਨੂੰ ਫੁੰਕਾਰਾ ਮਾਰਿਆ ਤੇ ਉਨ੍ਹਾਂ ਵੀ ਦੇਰ ਨਾ ਲਾਈ ਹੁਕਮ ਦੀ ਤਮੀਲ ਕਰਨ ਨੂੰ, ਕਰਤੇ ਸਸਪੈਂਡ ਰਾਗੀ ਬਿਨਾ ਕਿਸੇ ਦਲੀਲ-ਅਪੀਲ ਦੇ। ਨਾਲ ਦੀ ਨਾਲ ਇੱਕ ਹੋਰ ਤਾਜ਼ੀ ਘਟਨਾ ਵੀ ਸਾਂਝੀ ਕਰ ਲਈਏ। ਲੁਧਿਆਣੇ ਵਿਚ ਜਿਸ ਤਰੀਕੇ ਨਾਲ ਪੁਲਿਸ ਨੇ ਗੋਲੀ ਨਾਲ ਜ਼ਖਮੀ ਡਿੱਗੇ ਪਏ ਸਿੱਖਾਂ ਨੂੰ ਕੁੱਟਿਆ ਕਿ ਤੁਸੀਂ ਕੌਣ ਹੁੰਦੇ ਹੋ ਆਸੂਤੋਸ਼ ਨੂੰ ਸਿੱਖ ਗੁਰੂਆਂ ਵਿਰੁਧ ਬੋਲਣ ਤੋਂ ਰੋਕਣ ਵਾਲੇ? ਜਦਕਿ ਕੁੱਝ ਦਿਨ ਬਾਅਦ ਉਸੇ ਸ਼ਹਿਰ ਵਿਚ ਜਗਨਨਾਥ ਦੀ ਸ਼ੋਭਾ ਯਾਤਰਾ ਕੱਢੀ ਗਈ ਤਾਂ ਵੱਡਾ ਸ਼ੇਰ ਸਭ ਤੋਂ ਮੋਹਰੇ ਹੋ ਕੇ ਝਾੜੂ ਫੇਰਦਾ ਸਿਰਾਂ 'ਚ ਖੇਹ ਪਾ ਰਿਹਾ ਸੀ। ਆਹ ਇੱਕ ਨਵੀਂ ਚੀਜ ਹੋਰ ਇਹਦੇ ਨਿਕਰਧਾਰੀ ਯਾਰਾਂ ਨੇ ਕੀਤੀ ਕਿ ਹਜ਼ਾਰਾਂ ਦੀ ਗਿਣਤੀ ਵਿਚ ਜਨਰਲ ਵੈਦਿਆ ਦੀ ਫੋਟੋ ਵਾਲੇ ਸਟਿੱਕਰ ਬਣਵਾ ਕੇ ਵੰਡੇ ਹਨ ਜਿਸ 'ਤੇ ਲਿਖਿਆ ਸੀ, ''ਖੰਘੇ ਸੀ ਤਾਂ ਟੰਗੇ ਸੀ''। ਮਜਾਲ ਆ ਪਈ ਇਹ ਟੱਬਰ ਕੁਸਕਿਆ ਹੋਵੇ।

ਅਸਲੀ ਗੱਲ ਜਿਹੜੀ ਦੋਹਾਂ ਵਿਚ ਸਾਂਝੀ ਲੱਗਦੀ ਹੈ ਉਹ ਹੈ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਰਕਾਰੀ ਦਖਲਅੰਦਾਜ਼ੀ। ਅੰਮ੍ਰਿਤਸਰ ਦੇ ਗੁਰਦੁਆਰਿਆਂ ਦਾ ਪ੍ਰਬੰਧ ਭਾਈ ਮਨੀ ਸਿੰਘ ਦੀ ਸ਼ਹੀਦੀ ਤੋਂ ਬਾਅਦ ਸਿੱਖ ਸੰਗਤਾਂ ਕੋਲ ਹੀ ਰਿਹਾ ਜਾਂ ਕਹਿ ਲਈਏ ਪੰਚ ਪ੍ਰਧਾਨੀ ਦੇ ਗੁਰੂ ਜੀ ਵਲੋਂ ਦਿੱਤੇ ਹੁਕਮ ਅਨੁਸਾਰ ਹੀ ਹੁੰਦਾ ਰਿਹਾ। ਇਹ ਸਿਸਟਮ ਮਿਸਲਾਂ ਵੇਲੇ ਤੇ ਫਿਰ ਰਣਜੀਤ ਸਿੰਘ ਵੇਲੇ ਵੀ ਰਿਹਾ। ਇਹੋ ਕਾਰਨ ਸੀ ਭਾਵੇਂ ਅਕਾਲੀ ਫੂਲਾ ਸਿੰਘ ਖਾਲਸਾ ਫੌਜ ਦੇ ਕਮਾਂਡਰ ਸਨ ਪਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਤੌਰ 'ਤੇ ਉਹ ਪੂਰਨ ਰੂਪ ਵਿਚ ਆਜ਼ਾਦ ਸਨ। ਤਾਹੀਓਂ ਤਾਂ ਰਣਜੀਤ ਸਿੰਘ ਨੂੰ ਵੀ ਸਜ਼ਾ ਸੁਣਾ ਗਿਆ। ਸਿੱਖ ਸੰਗਤਾਂ ਵੀ ਅਕਾਲ ਤਖਤ ਸਾਹਿਬ ਅਤੇ ਹਰਿਮੰਦਰ ਸਾਹਿਬ ਨੂੰ ਸੁਪਰੀਮ ਮੰਨਦੀਆਂ ਸਨ ਤਾਂ ਰਣਜੀਤ ਸਿੰਘ ਦੇ ਮਨ ਵਿਚ ਆਇਆ ਹੋਣਾ ਕਿ ਕਿਉਂ ਨਾ ਇਨ੍ਹਾਂ ਦਾ ਪ੍ਰਬੰਧ ਸਰਕਾਰ ਦੇ ਹੇਠ ਲਿਆਂਦਾ ਜਾਵੇ। ਜਦੋਂ ਰਾਜ ਚੰਗੀ ਤਰ੍ਹਾਂ ਸਥਾਪਿਤ ਹੋ ਗਿਆ ਤਾਂ 1824 ਵਿਚ ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਵੀ ਸਰਕਾਰ ਹੇਠ ਲੈ ਆਂਦਾ ਇਸ ਤੋਂ ਬਾਅਦ ਕੋਈ ਵੀ ਧਾਰਮਿਕ ਆਗੂ ਮਹਾਰਾਜੇ ਨੂੰ ਅੱਖ ਨਹੀਂ ਦਿਖਾ ਸਕਿਆ ਸਗੋਂ ਉਸ ਵਲੋਂ ਕੀਤੇ ਗੁਰ ਮਰਿਯਾਦਾ ਦੇ ਉਲਟ ਕੰਮਾਂ ਨੂੰ ਵੀ ਧਾਰਮਿਕ ਸਰਪ੍ਰਸਤੀ ਮਿਲ ਗਈ।

ਜਿੱਥੋਂ ਤੱਕ ਹੁਣ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੰਬੰਧ ਹੈ ਸੰਵਿਧਾਨਕ ਤੌਰ 'ਤੇ ਤਾਂ ਆਜ਼ਾਦ ਧਾਰਮਿਕ ਸੰਸਥਾ ਹੈ ਪਰ ਇਹ ਹੁਣ ਕੋਈ ਗੁੱਝਾ ਤਾਂ ਰਹਿ ਨਹੀਂ ਗਿਆ ਕਿ ਇਸਦਾ ਬਾਦਲੀਕਰਨ ਕਿੰਨਾ ਕੁ ਹੋ ਚੁੱਕਾ ਹੈ। ਹਰ ਸਾਲ ਇਹਦੇ ਪ੍ਰਧਾਨ ਦੀ ਚੋਣ ਦੀ ਪਰਚੀ ਪਿਉ-ਪੁੱਤ ਦੇ ਭੇਜੇ ਲਿਫਾਫੇ 'ਚੋਂ ਨਿਕਲਦੀ ਹੈ। ਹੋਇਆ ਨਾ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਿੱਧਾ ਦਖ਼ਲ। ਅਸਲ ਵਿਚ ਇਨ੍ਹਾਂ ਪਿਉ-ਪੁੱਤਾਂ ਰਾਹੀਂ ਆਰ. ਐਸ. ਐਸ. ਗੁਰਦੁਆਰਿਆਂ ਵਿਚ ਪੂਰੀ ਤਰ੍ਹਾਂ ਪੈਰ ਪਸਾਰ ਚੁੱਕੀ ਹੈ। ਸ੍ਰੀ ਅਕਾਲ ਤਖਤ ਸਾਹਿਬ 'ਤੇ ਕੌਮ ਦੇ ਮਸਲਿਆਂ ਦੇ ਫੈਸਲੇ ਭਗਵੇਂ ਅਸਰ ਵਿਚ ਹੋ ਰਹੇ ਹਨ।

ਕਦੇ ਕੋਈ ਸਿੱਖ ਸੋਚ ਵੀ ਸਕਦਾ ਹੈ ਕਿ ਕਈ ਤਖਤਾਂ ਦੇ ਜਥੇਦਾਰਾਂ ਨੂੰ ਅੰਦਰੋਗਤੀ ਤਨਖਾਹ ਆਰ. ਐਸ. ਐਸ. ਦੇ ਰਹੀ ਹੈ? ਪਰ ਇਹ ਸੱਚ ਹੈ। ਫਿਰ ਜੇ ਹੁਣ ਸਿੱਖ ਇਨ੍ਹਾਂ ਜਥੇਦਾਰ ਤੋਂ ਕਿਸੇ ਪੰਥਕ ਭੂਮਿਕਾ ਦੀ ਆਸ ਰੱਖਣ ਤਾਂ ਇਹ 'ਝੋਟਿਆਂ ਦੇ ਘਰੋਂ ਲੱਸੀ ਭਾਲਣ' ਵਾਲੀ ਗੱਲ ਹੀ ਹੋਵੇਗੀ।

ਗੁਰਦੁਆਰਿਆਂ ਦਾ ਪ੍ਰਬੰਧ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸਰਕਾਰੀ ਪ੍ਰਬੰਧ ਹੇਠ ਲੈ ਆਂਦਾ ਤਾਂ ਇਸਦਾ ਅਸਰ ਕੀ ਪਿਆ ਜਦੋਂ ਰਾਜ ਹੀ ਖਾਲਸੇ ਦਾ ਸੀ। ਅਸਰ ਪਿਆ ਉਦੋਂ ਜਦ ਖਾਲਸਾ ਰਾਜ ਖਤਮ ਹੋ ਗਿਆ ਤੇ ਪੰਜਾਬ ਅੰਗਰੇਜ਼ਾਂ ਦੇ ਅਧੀਨ ਹੋ ਗਿਆ। ਅੰਮ੍ਰਿਤਸਰ ਦੇ ਗੁਰਦੁਆਰੇ ਵੀ ਅੰਗਰੇਜ਼ਾਂ ਹੇਠ ਚਲੇ ਗਏ ਤੇ ਜਿਹੜਾ ਸਰਬਰਾਹ ਅਕਾਲ ਤਖਤ ਤੇ ਹਰਿਮੰਦਰ ਸਾਹਿਬ ਦਾ ਨਿਯੁਕਤ ਹੁੰਦਾ ਸੀ ਉਹਨੂੰ ਅੰਗਰੇਜ਼ ਲਾਉਂਦੇ ਸੀ ਤੇ ਉਹ ਫਿਰ ਉਨ੍ਹਾਂ ਦੇ ਹੀ ਹੁਕਮ ਵਜਾਉਂਦਾ ਸੀ, ਜਿਸਦੀ ਇੱਕੋ ਮਿਸਾਲ ਬੜੀ ਹੈ ਕਿ ਜਲਿਆਂਵਾਲੇ ਬਾਗ ਦੇ ਖੂਨੀ ਹਤਿਆਰੇ ਨੂੰ ਉਸ ਵੇਲੇ ਦੇ ਸਰਬਰਾਹ ਨੇ ਦਰਬਾਰ ਸਾਹਿਬ ਸੱਦ ਕੇ ਸਿਰੋਪਾ ਦਿੱਤਾ। ਉਹਨੂੰ ਅੰਮ੍ਰਿਤ ਛਕ ਕੇ ਸਿੱਖ ਬਣਨ ਲਈ ਕਿਹਾ ਸੀ ਜਦ ਉਹਨੇ (ਡਾਇਰ) ਕਿਹਾ ਕਿ ਮੈਂ ਤਾਂ ਸਿਗਰਟਾਂ ਪੀਂਦਾਂ ਤਾਂ ਅਰੂੜ ਸਿੰਘ ਨੇ ਕਿਹਾ, ਤੈਨੂੰ ਇਸਤੋਂ ਛੋਟ ਦੇ ਦਿਆਂਗੇ ਇਹ ਵੱਖਰੀ ਗੱਲ ਰਹੀ ਕਿ ਡਾਇਰ ਨੇ ਅੰਮ੍ਰਿਤ ਛੱਕਿਆ ਨਾ, ਨਹੀਂ ਤਾਂ ਉਸ ਵੇਲੇ ਦੇ ਇਨ੍ਹਾਂ ਸਰਬਉੱਚ ਸਿੱਖ ਅਸਥਾਨਾਂ 'ਤੇ ਕਾਬਜ਼ ਲੋਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਲਈ ਜੋ ਬੱਜਰ ਕੁਰਹਿਤਾਂ ਦੱਸੀਆਂ ਗਈਆਂ ਸਨ, ਤੋਂ ਵੀ ਛੋਟ ਦੇਣ ਦੀ ਰਵਾਇਤ ਪੈ ਜਾਣੀ ਸੀ। ਹੁਣੇ-ਹੁਣੇ ਜਿਸ ਤਰ੍ਹਾਂ ਦਸਮ ਗ੍ਰੰਥ ਤੇ ਨਾਨਕਸ਼ਾਹੀ ਕੈਲੰਡਰ ਸੰਬੰਧੀ ਪੈਂਤੜਾ ਲੈ ਕੇ ਪੰਥ ਦੇ ਜਥੇਦਾਰਾਂ ਨੇ ਫੈਸਲੇ ਲਏ ਤੇ ਕੌਮ ਨੂੰ ਕੁਰਾਹੇ ਪਾਉਣ ਦੀ ਕੁਚਾਲ ਚੱਲੀ, ਇਹ ਨਾ ਬਖਸ਼ਣਯੋਗ ਗੁਨਾਹ ਹੈ। ਜੇ ਇਹੀ ਚਾਲਾ ਰਿਹਾ ਤਾਂ ਛੇਤੀ ਹੀ ਏਦਾਂ ਦੇ ਜਥੇਦਾਰਾਂ ਨੇ ਕੇ. ਪੀ. ਐਸ. ਗਿੱਲ ਨੂੰ ਮਹਾਨ ਸਿੱਖ ਤੇ ਆਸੂਤੋਸ਼ ਨੂੰ ਸਰਬੋਤਮ ਸੰਤ ਵੀ ਐਲਾਨ ਦੇਣਾ ਹੈ। ਜੇ ਕੱਲ੍ਹ ਨੂੰ ਕਿਤੇ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਛੜੱਪਾ ਮਾਰ ਕੇ ਬੀ. ਜੇ. ਪੀ. 'ਚ ਰਲ ਕੇ ਆਰ. ਐਸ. ਐਸ. ਦੀ ਛਤਰੀ ਤੇ ਆ ਜਾਣ ਤਾਂ ਕੋਈ ਅਣਹੋਣੀ ਨਾ ਸਮਝਣਾ ਜੇ ਇਨ੍ਹਾਂ ਨੂੰ ਅਕਾਲ ਤਖਤ 'ਤੇ ਸੱਦ ਕੇ ਸਿਰੋਪੇ ਦੇ ਦਿੱਤੇ ਜਾਣ। ਇਹ ਗੱਲਾਂ ਕਰਨ ਨੂੰ ਚਿੱਤ ਤਾਂ ਨਹੀਂ ਕਰਦਾ, ਨਾ ਹੀ ਕੋਈ ਫਜ਼ੂਲ ਦਾ ਚਸਕਾ ਲੈਣ ਦਾ ਮਨ ਹੈ, ਕਿਉਂਕਿ ਇਨ੍ਹਾਂ ਅਸਥਾਨਾਂ ਦੇ ਭਾਈ ਗੁਰਦਾਸ, ਬਾਬਾ ਬੁੱਢਾ ਤੇ ਅਕਾਲੀ ਫੂਲਾ ਸਿੰਘ ਸੇਵਾਦਾਰ ਰਹੇ ਹਨ। ਉਨ੍ਹਾਂ ਨੇ ਇਨ੍ਹਾਂ ਪਵਿੱਤਰ ਸਥਾਨਾਂ ਦੀ ਮਾਣ-ਮਰਿਆਦਾ ਨੂੰ ਇੰਨਾ ਕੁ ਉੱਚਾ ਚੁੱਕ ਦਿੱਤਾ ਸੀ ਕਿ ਸਮੇਂ ਦੇ ਹਾਕਮ ਘਾਬਰ ਗਏ ਸਨ। ਆਹ ਹੁਣ ਜੋ ਅੱਜ ਦੇ ਸੇਵਾਦਾਰਾਂ ਨੇ ਕਰਨਾ ਸ਼ੁਰੂ ਕੀਤਾ ਹੈ ਤਾਂ ਦੁਖੀ ਹੋ ਕੇ ਅੰਦਰੋਂ ਇਹ ਬੋਲ ਨਿਕਲਦੇ ਹਨ। ਨਹੀਂ ਤਾਂ ਕੀਹਦਾ ਜੀਅ ਕਰਦਾ ਆਪਣਿਆਂ ਨੂੰ ਮਾੜਾ ਕਹਿਣ ਨੂੰ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਮੁੱਚਾ ਸਰਬੰਸ ਕੌਮ ਤੋਂ ਕੁਰਬਾਨ ਕਰਨ ਉਪਰੰਤ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿੱਤਾ ਸੀ। ਅੱਜ ਗੁਰੂ ਸਾਹਿਬ ਦੇ ਹੁਕਮ ਦੇ ਉਲਟ ਹੀ ਗੁਰੂ ਗ੍ਰੰਥ ਦਾ ਸ਼ਰੀਕ ਖੜ੍ਹਾ ਕੀਤਾ ਜਾ ਰਿਹਾ ਹੈ ਤੇ ਹੁਣ ਤਾਂ ਉਸ ਗ੍ਰੰਥ ਦੇ ਅਖੰਡ ਪਾਠ ਤੇ ਹੁਕਮਨਾਮੇ ਵੀ ਲੈਣ ਲੱਗ ਪਏ ਹਨ। ਜਿੱਦਾਂ ਦੇ ਰੁਕ-ਰਵਾਨ ਬਣ ਰਹੇ ਹਨ, ਆਰ. ਐਸ. ਐਸ. ਸਿੱਖ ਮਸਲਿਆਂ ਵਿਚ ਇੰਨੀ ਡੂੰਘੀ ਜਾ ਰਹੀ ਆ ਕਿ ਸਿੱਖਾਂ ਨੂੰ ਆਪਣੀਆਂ ਧੀਆਂ ਦੇ ਕਾਰਜ ਗੁਰੂ ਗ੍ਰੰਥ ਸਾਹਿਬ ਦੀ ਬਜਾਏ ਦਸਮ ਗ੍ਰੰਥ ਵਿਚੋਂ 'ਚਰਿਤਰੋਪਾਖਿਆਨ' ਦੀਆਂ ਲਾਵਾਂ ਪੜ੍ਹ ਕੇ ਕਰਨ ਲਈ ਮਨਜ਼ੂਰ ਕਰਨ ਲੱਗ ਪੈਣਾ। ਮੈਂ ਤਾਂ ਕਦੇ ਪੜ੍ਹਿਆ ਨਹੀਂ ਤੇ ਰੱਬ ਪੜ੍ਹਾਵੇ ਵੀ ਨਾ ਪਰ ਸੁਣਨ ਵਿਚ ਇਹੀ ਆਉਂਦਾ ਕਿ ਪਿਉ-ਧੀ-ਮਾਂ-ਪੁੱਤ-ਭਰਾ-ਭੈਣ ਇਕੱਠੇ ਬੈਠ ਕੇ ਸੁਣ ਨਹੀਂ ਸਕਦੇ ਜੋ ਕੁਝ ਉਸ 'ਚ ਲਿਖਿਆ। ਇਹ ਸਾਰਾ ਕੁਝ ਆਪਣੇ ਨੀਲੇ ਸ਼ੇਰ ਦੇ ਇਸ਼ਾਰੇ ਤੇ ਹੋ ਰਿਹਾ ਹੈ ਕਿਸੇ ਹੋਰ ਦੀ ਸ਼ਹਿ 'ਤੇ ਸਿੱਖ-ਸੁੱਚਤਾ ਨੂੰ ਢਾਹ ਲਾਉਣ ਲਈ।

ਅਠਾਰਵੀਂ ਸਦੀ ਵਿਚ ਹਾਲਾਤ ਹੀ ਇੰਨੇ ਸਿੱਖਾਂ ਦੇ ਉਲਟ ਚੱਲ ਰਹੇ ਸੀ ਕਿ ਸਿੱਖੀ ਦਾ ਪ੍ਰਚਾਰ ਨਾਂਹ ਦੇ ਬਰਾਬਰ ਸੀ ਪਰ ਸਿੱਖ ਪੱਕੇ ਸੀ। ਰਣਜੀਤ ਸਿੰਘ ਦਾ ਜਦੋਂ ਰਾਜ ਆਇਆ ਤਾਂ ਟਿਕ ਟਿਕਾਅ ਹੋਇਆ ਪਰ ਉਸ ਵਲੋਂ ਸਿੱਖ ਫਲਸਫੇ ਦਾ ਪ੍ਰਚਾਰ ਕੁਝ ਨਾ ਕੀਤਾ ਗਿਆ। ਉਹਦੇ ਚਾਰ ਦਹਾਕਿਆਂ ਦੇ 'ਖਾਲਸਾ ਰਾਜ' ਵਿਚ ਕਿਸੇ ਵੀ ਵੱਡੇ ਸਿੱਖ ਪ੍ਰਚਾਰਕ ਦਾ ਜ਼ਿਕਰ ਨਹੀਂ ਮਿਲਦਾ। ਪਰ ਰਣਜੀਤ ਸਿੰਘ ਨੇ ਇਕ ਪੁਜਾਰੀ ਜਮਾਤ ਪੱਕੇ ਪੈਰੀਂ ਖੜ੍ਹੀ ਕਰ ਦਿੱਤੀ, ਜਿਸਨੂੰ ਉਸ ਵੇਲੇ ਦੀ ਸਿੱਖ-ਸੰਗਤ ਵੀ ਸ਼ਰਧਾਵੱਸ ਬਹੁਤ ਮਾਨਤਾ ਦਿੰਦੀ ਸੀ। ਇਹ ਪੁਜਾਰੀ ਜਮਾਤ ਅਸਲ ਵਿਚ ਗੁਰੂ ਸਾਹਿਬਾਨ ਦੀ ਅਣਸ-ਬਣਸ ਬੇਦੀ, ਤਰੇਹਨ, ਭੱਲੇ ਤੇ ਸੋਢੀ ਗੋਤਾਂ ਵਿਚੋਂ ਸੀ। ਭਾਵੇਂ ਇਹ ਗੁਰੂਆਂ ਦੀਆਂ ਕੁਲਾਂ ਵਿਚੋਂ ਸਨ ਪਰ ਸਿੱਖੀ ਫਲਸਫੇ ਤੋਂ ਕੋਰੇ ਸਨ। ਸਗੋਂ ਜ਼ਿਆਦਾਤਰ ਹਿੰਦੂ ਬੰਧੇਜ ਵਿਚ ਸਨ। ਮਹਾਰਾਜੇ ਨੇ ਜਿੰਨੇ ਵੀ ਇਤਿਹਾਸਕ ਗੁਰਦੁਆਰੇ-ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਅਨੰਦਪੁਰ ਸਾਹਿਬ, ਬਣਵਾਏ ਉਥੋਂ ਦੇ ਪੁਜਾਰੀ ਇਨ੍ਹਾਂ ਗੋਤਾਂ ਵਾਲੇ ਹੀ ਬਣੇ ਤੇ ਲੋਕੀਂ ਉਨ੍ਹਾਂ ਦੀ ਪੂਜਾ ਗੁਰੂ ਕੁਲ ਵਿਚੋਂ ਹੋਣ ਕਰਕੇ ਗੁਰੂਆਂ ਵਾਂਗ ਹੀ ਕਰਦੇ ਸੀ। ਅਸਲ ਵਿਚ ਉਹ ਸਮਾਂ ਇਹੋ ਜਿਹਾ ਆਇਆ ਕਿ ਆਮ ਸਿੱਖ ਗੁਰੂ ਗ੍ਰੰਥ ਸਾਹਿਬ ਤੋਂ ਪਰੇ ਕਰ ਦਿੱਤਾ ਗਿਆ।

ਇਸ ਵਿਚ ਦੋ ਰਾਵਾਂ ਨਹੀਂ ਕਿ ਰਣਜੀਤ ਸਿੰਘ ਦਾ ਰਾਜ ਕਾਇਮ ਕਰਨ ਵਿਚ ਸਭ ਤੋਂ ਵਧ ਯੋਗਦਾਨ ਸਿੱਖ ਜਜ਼ਬੇ ਵਿਚ ਰੰਗੀ ਖਾਲਸਾ ਫੌਜ ਦਾ ਰਿਹਾ। ਉਸਨੇ ਮਹਾਰਾਜਾ ਦੀ ਤਾਜਪੋਸ਼ੀ ਸਿੱਖ ਸਿਧਾਂਤ, ਭਾਵ ਪੰਚ ਪ੍ਰਧਾਨੀ ਹੇਠ ਨਾ ਕੀਤੀ, ਸਗੋਂ ਊਨੇ ਦੇ ਸੰਤ ਬਾਬਾ ਸਾਹਿਬ ਸਿੰਘ ਬੇਦੀ ਤੋਂ ਕਰਵਾਈ। ਇਸ ਦੇ ਦੋ ਕਾਰਨ ਹੋ ਸਕਦੇ ਸਨ, ਕਿ ਜਦੋਂ ਗੁਰੂਬੰਸ ਵਾਲਿਆਂ ਨੇ ਹੀ ਉਹਨੂੰ ਮਹਾਰਾਜਾ ਮੰਨ ਲਿਆ ਤਾਂ ਸਿੱਖਾਂ ਨੂੰ ਤਾਂ ਆਪਣੇ ਆਪ ਹੀ ਮੰਨਣਾ ਪੈਣਾ ਸੀ। ਬਾਅਦ ਵਿਚ ਇਤਿਹਾਸਕ ਗੁਰ ਅਸਥਾਨਾਂ ਦਾ ਪ੍ਰਬੰਧ ਵੀ ਇਨ੍ਹਾਂ ਨੂੰ ਦੇ ਕੇ ਸਿੱਖ ਧਾਰਮਿਕ ਭਾਵਨਾਵਾਂ ਇਨ੍ਹਾਂ ਨਾਲ ਜੋੜ ਦਿੱਤੀਆਂ ਜਿਸ ਨਾਲ ਸਿੱਖ ਚੇਤਨਾ ਵਿਚ ਕਮੀ ਆਉਣ ਕਰਕੇ ਉਹ ਆਪਣੇ ਹੀ ਐਬਾਂ 'ਤੇ ਪਰਦਾ ਪੁਆ ਲੈਂਦਾ ਸੀ। ਅਸਲ ਵਿਚ ਜਿਹੜੀ ਮਹੰਤ ਜਮਾਤ ਬਾਅਦ ਵਿਚ ਗੁਰਦੁਆਰਿਆਂ 'ਤੇ ਹਾਵੀ

ਹੋਈ ਉਹ ਇਸੇ ਪੁਜਾਰੀ ਵਰਗ ਵਿਚੋਂ ਸੀ ਤੇ ਜਿਨ੍ਹਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਸਿੱਖਾਂ ਨੂੰ ਲਹੂ ਡੋਲਵੀ ਲੜਾਈ ਲੜਨੀ ਪਈ।

ਅੱਜ ਜਿਹੜੀ ਸੰਤ ਸਮਾਜ ਨਾਂ ਦੀ ਇੱਕ ਵੱਖਰੀ ਜਮਾਤ ਬਣੀ ਹੈ ਉਹਨੂੰ ਸਰਪ੍ਰਸਤੀ ਬਾਦਲ ਦੀ ਹੈ। ਜਿੰਨੇ ਸੰਤ ਹਨ ਉਨੇ ਹੀ ਡੇਰੇ ਤੇ ਉਨੀਆਂ ਹੀ ਵੱਖਰੀਆਂ ਮਰਿਯਾਦਾਵਾਂ। ਬਾਹਰੋਂ ਦੇਖਣ ਨੂੰ ਸੰਪੂਰਨ ਗੁਰਸਿੱਖੀ ਦਾ ਝਲਕਾਰਾ ਪਰ ਗੁਰਮਤਿ ਤੋਂ ਦੂਰ ਮਨਮਤਿ ਦਾ ਪ੍ਰਚਾਰ। ਉਹ ਵੀ ਐਨੀ ਕਾਰਸ਼ਤਾਨੀ ਨਾਲ ਕੀਤਾ ਜਾਂਦਾ ਹੈ ਕਿ ਥੋੜ੍ਹੇ ਕੀਤੇ ਸਮਝ ਹੀ ਨਹੀਂ ਲਗਦੀ ਕਿਉਂਕਿ ਮਨਮਤਿ ਨਾਲ ਭਰੀ ਕੜਾਹੀ ਨੂੰ ਗੁਰਮਤਿ ਦੇ ਪਤਲੇ ਜਿਹੇ ਕੱਪੜੇ ਨਾਲ ਢੱਕ ਕੇ ਪਰੋਸਿਆ ਜਾਂਦਾ ਹੈ। ਵਿਚਾਰੇ ਸਿੱਖ ਉਪਰ ਵਾਲੇ ਕੱਪੜੇ ਨੂੰ ਦੇਖ ਕੇ ਹੀ ਸਾਧਾਂ ਦੇ ਪੈਰਾਂ 'ਤੇ ਢੇਰੀ ਹੋਈ ਜਾਂਦੇ ਹਨ। ਆਪਣੇ ਘਰਾਂ ਨੂੰ ਤਾਂ ਕਲੀ ਨਹੀਂ ਕਰਵਾ ਹੁੰਦੀ ਪਰ ਸ਼ਰਧਾਵਸ ਡੇਰਿਆਂ 'ਤੇ ਸੰਗਮਰਮਰ ਲੁਆਈ ਜਾਂਦੇ ਆ ਤੇ ਸੰਤ ਬਾਬੇ ਲੋਕਾਂ ਨੂੰ ਮੱਤਾਂ ਦੇਈ ਜਾਂਦੇ ਹਨ ਕਿਰਤ ਕਰਨ ਦੀਆਂ, ਵੰਡ ਛੱਕਣ ਦੀਆਂ। ਆਪ ਇਨ੍ਹਾਂ ਦੋਹਾਂ ਅਸੂਲਾਂ ਦੇ ਨੇੜੇ ਤੇੜੇ ਵੀ ਨਹੀਂ ਖੜ੍ਹਦੇ। ਕੀ ਇਕੱਲਾ ਵਾਹਿਗੁਰੂ-ਵਾਹਿਗੁਰੂ ਕਰਨ ਨਾਲ ਨਾਨਕ ਸੱਚ ਪ੍ਰਗਟ ਹੋ ਸਕਦਾ? ਕੀ ਇਹ ਦਿਨ ਦੀਵੀਂ ਲੁੱਟ ਨਹੀਂ ਜਿਸ ਤੋਂ ਬਾਬਾ ਨਾਨਕ ਰੋਕਦਾ ਸੀ। ਅੱਜ-ਕਲ੍ਹ ਬਾਦਲ ਨੀਤੀ ਤੇ ਸੰਤ ਨੀਤੀ ਇਕ ਦੂਜੇ ਦੀਆਂ ਸਹਿਯੋਗੀ ਹਨ। ਕੌਮ 'ਤੇ ਆਈਆਂ ਮੁਸੀਬਤਾਂ ਵੇਲੇ ਦੜ ਵੱਟ ਜਾਂਦੇ ਆ ਤੇ ਜਦੋਂ ਕੌਮ ਕਿਸੇ ਸਹੀ ਰਾਹ ਵਲ ਨੂੰ ਤੁਰਦੀ ਹੈ ਤਾਂ ਉਸ ਰਾਹ 'ਚ ਕਦੇ ਦਸਮ ਗ੍ਰੰਥ, ਕਦੇ ਸਿੱਖ ਪਛਾਣ, ਕਦੇ ਨਾਨਕਸ਼ਾਹੀ ਕੈਲੰਡਰ ਵਿਚ ਢੁੱਚਰਾਂ ਲਾ ਕੇ ਟੋਏ ਪੁੱਟਣੇ ਸ਼ੁਰੂ ਕਰ ਦਿੰਦੇ ਹਨ ਤਾਂ ਕਿ ਆਜ਼ਾਦ ਸਿੱਖ ਸੋਚ ਮੁੜ ਬਿਪਰਵਾਦ ਵਿਚ ਰੰਗੀ ਜਾਵੇ। ਏਹੋ ਕੰਮ ਰਣਜੀਤ ਸਿੰਘ ਵੇਲੇ ਪੁਜਾਰੀਆਂ ਨੇ ਕੀਤਾ ਸੀ। ਪਰ ਹੁਣ ਵਾਲਾ ਨੀਲਾ ਸ਼ੇਰ ਤਾਂ ਦੋ ਕਦਮ ਮੋਹਰੇ ਈ ਆ ਕਿਉਂਕਿ ਤਾਕਤ ਜੂ ਵੋਟ 'ਚ ਲੁਕੀ ਹੈ ਤੇ ਇਹਨੇ ਸਾਧ ਵੀ ਦੋ ਤਿੰਨ ਵਰਗਾਂ ਦੇ ਤਿਆਰ ਕਰ ਲਏ। ਇਕ ਨੂੰ ਬਿਹਾਰ ਵਿਚੋਂ ਲਿਆ ਕੇ ਹਿੰਦੂ ਵੋਟ 'ਤੇ ਕਬਜ਼ਾ ਕਰ ਲਿਆ ਤੇ ਕਿਸੇ ਨੂੰ ਸਾਰਿਆਂ ਦਾ ਸਾਂਝਾ ਰਾਮ-ਰਹੀਮ-ਸਿੰਘ ਦਾ ਥਾਪੜਾ ਦਿੱਤਾ ਹੋਇਆ। ਬਾਕੀਆਂ ਤੇ ਸਿੱਖੀ ਦਾ ਲਿਬਾਸ ਚੜ੍ਹਾਇਆ ਹੋਇਆ ਤਾਂ ਕਿ ਕਿਸੇ ਪਾਸਿਓਂ ਵੀ ਵੋਟ ਕੱਚੀ ਨਾ ਰਹੇ ਤੇ ਲੋੜ ਪੈਣ 'ਤੇ ਤਾਂ ਸਾਲਮ ਚਾਰਟਡ ਜਹਾਜ਼ ਕਰਕੇ ਕਿਸੇ ਸੰਤ ਦੀ ਦੇਹ ਲਿਆਉਣ 'ਤੇ ਵੀ ਕਰੋੜਾਂ ਰੁਪਈਆ ਖਰਚ ਕਰ ਸਕਦਾ। ਨਜ਼ਾਕਤ ਦੇਖ ਕੇ ਇਨ੍ਹਾਂ ਤੋਂ ਇਕ-ਦੂਜੇ ਵਿਰੁਧ ਕੋਈ ਸ਼ੁਰਲੀ ਵੀ ਛੁਡਵਾ ਦਿੰਦਾ ਤਾਂ ਕਿ ਵਿਚਾਰੇ ਲੋਕੀਂ ਆਪਸ ਵਿਚ ਖੜਕ ਪੈਣ ਤੇ ਫਿਰ ਤੱਕੜੀ ਆਪਣੇ ਹੱਥ ਫੜ ਮਨਮਰਜ਼ੀ ਦਾ ਤੋਲਦਾ ਤੇ ਧਿਰਾਂ ਸੋਚਦੀਆਂ ਕਿ ਸਾਡਾ ਪੱਖ ਲੈ ਗਿਆ ਪਰ ਪੱਖ ਤਾਂ ਅਸਲ ਵਿਚ ਅੰਦਰਖਾਤੇ ਨਿੱਕਰਪੁਣੇ ਦਾ ਲੈਣਾ। ਇਹ ਸਾਰਾ ਸਾਧ ਲਾਣਾ ਤਾਂ ਬੱਸ ਸੰਦ ਬਣ ਕੇ ਰਹਿ ਜਾਂਦੇ ਆ। ਉਂਦਾਂ ਵੀ ਹੁਣ ਸਾਡੇ ਸੰਤ ਬਾਬੇ ਆਰਾਮਪ੍ਰਸਤੀ ਦੀ ਸੁੱਖਾਂ ਭਰੀ ਜ਼ਿੰਦਗੀ ਬਸਰ ਕਰਦੇ ਹਨ। ਸਮੇਂ ਮੁਤਾਬਿਕ ਧਾਰਮਿਕ ਦਾਇਰੇ ਤੋਂ ਬਾਹਰ ਤਾਕਤ ਦਾ ਮੁਜ਼ਾਹਰਾ ਕਰਕੇ ਲੋਕਾਂ ਵਿਚ ਪ੍ਰਭਾਵ ਵਧਾਉਣ ਦੀ ਪ੍ਰਵਿਰਤੀ ਵੀ ਇਨ੍ਹਾਂ ਨੇ ਆਪਣੇ ਰਾਜਨੀਤਕਾਂ ਤੋਂ ਲਈ ਹੋਈ ਹੈ। ਇਸ ਕਰਕੇ ਕੋਈ ਇਨ੍ਹਾਂ ਦੇ ਕੀਤੇ ਕੰਮ ਤੇ ਕਿੰਤੂ ਕਰਨ ਦੀ ਜੁਰਅਤ ਨਹੀਂ ਕਰਦਾ, ਉਂਦਾਂ ਵੀ ਸਿੱਖਾਂ ਵਿਚ ਆਮ ਪ੍ਰਭਾਵ ਹੈ ਕਿ ਸੰਤ ਦੀ ਨਿੰਦਾ ਨਹੀਂ ਕਰੀਦੀ ਕਿਉਂਕਿ ਗੁਰਬਾਣੀ ਦੀਆਂ ਅਨੇਕਾਂ ਮਿਸਾਲਾਂ ਹਨ। ਨਾਲੇ ਸੰਤ ਹੁਣ ਗੱਲ ਝੱਲਦੇ ਵੀ ਨਹੀਂ, ਟੁੱਟ ਕੇ ਪੈ ਜਾਂਦੇ ਆ। ਇਹਦੀ ਇਕ ਮਿਸਾਲ ਬੱਬੂ ਮਾਨ ਦੇ ਗਾਏ ਗੀਤ ਦੀ ਹੈ ਜਿਸ ਨੇ ਅਖੌਤੀ ਸੰਤਾਂ ਦਾ ਸਾਰਾ ਹੀਜਪਿਆਜ ਨੰਗਾ ਕਰ ਦਿੱਤਾ। ਬੱਬੂ ਨੇ ਬਾਬੇ ਨਾਨਕ ਦੀ ਪ੍ਰਸ਼ੰਸਾ ਵਿਚ ਗੀਤ ਗਾ ਦਿੱਤਾ ਕਿ ਬਾਬਾ ਤੂੰ ਧੰਨ ਹੈ ਜਿਹਨੇ ਪੈਦਲ ਹੀ ਦੁਨੀਆਂ ਗਾਹ ਤੀ। ਔਰ ਇਹ ਹੈ ਵੀ ਸੱਚ ਕਿ ਬਾਬੇ ਨੇ ਆਪਣੀਆਂ ਉਦਾਸੀਆਂ ਵੇਲੇ 35 ਹਜ਼ਾਰ ਮੀਲ ਤੋਂ ਵੀ ਵਧ ਸਫਰ ਤੁਰ ਕੇ ਕੀਤਾ ਜਿਸ ਵਿਚ ਪਹਾੜੀ, ਰੇਗਿਸਤਾਨੀ ਤੇ ਜੰਗਲੀ ਰਸਤਾ ਸੀ। ਉਨ੍ਹਾਂ ਕਦੇ ਹਾਥੀ, ਘੋੜਾ ਜਾਂ ਰਥ ਇਸਤੇਮਾਲ ਨਹੀਂ ਕੀਤਾ। ਗਾਉਣ ਵਾਲੇ ਨੇ ਸਾਡੇ ਸੰਤਾਂ ਦੀ ਦੁੱਖਦੀ ਰਗ 'ਤੇ ਵੀ ਮਾੜੀ ਜਿਹੀ ਉਂਗਲੀ ਰੱਖ ਦਿੱਤੀ। ਸਾਰੇ ਬਾਬੇ (ਜਿਨ੍ਹਾਂ ਦੀ ਰਗ ਦੁਖਦੀ ਸੀ) ਵਿਸ ਘੋਲਣ ਲੱਗ ਪਏ। ਇਕ ਨਵੀਂ ਉਮਰ ਵਾਲੇ ਸ਼ੁਕੀਨ ਬਾਬਾ ਜੀ ਤੋਂ ਨਾ ਜਰਿਆ ਗਿਆ। ਸਭ ਭੁੱਲ-ਭੁਲਾ ਗਿਆ ਕਿ ਘੰਟਿਆਂਬੱਧੀ ਵਾਜਾ ਵਜਾ ਕੇ ਸੁਹਣੀਆਂ ਤਿੱਖੀਆਂ ਤਰਜਾਂ ਨਾਲ ਮੰਤਰ-ਮੁਗਧ ਕਰਕੇ ਸਿੱਖ ਸੰਗਤਾਂ ਨੂੰ ਜੋ ਹਉਮੈ ਤਿਆਗ ਕੇ ਸਹਿਜ ਰਹਿਣ ਦਾ ਉਪਦੇਸ਼ ਦਿੰਦਾ ਆਇਆ, ਆਪ ਹੀ ਉਹਦਾ ਸ਼ਿਕਾਰ ਹੋ ਗਿਆ। ਕਹਿੰਦਾ, ਉਹ ਰੋੜਾ ਭੋਂਡਾ ਗਾਉਣ ਵਾਲਾ ਕੌਣ ਆ ਸਾਡੀਆਂ ਮਹਿੰਗੀਆਂ ਲਾਲ ਬੱਤੀ ਵਾਲੀਆਂ ਕਾਰਾਂ ਪਰਖਣ ਵਾਲਾ, ਨਾਲੇ ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ, ਜਿਹਦੇ 'ਚ ਹਜ਼ਾਰਾਂ ਮੋਰੀਆਂ। ਸ਼ਾਇਦ ਇਸ ਬਾਬਾ ਜੀ ਦੇ ਮਨ ਵਿਚੋਂ ਗੁਰੂ ਤੇਗ ਬਹਾਦਰ ਜੀ ਦੇ ਬੋਲ 'ਸਾਧੋ ਮਨ ਕਾ ਮਾਨ ਤਿਆਗੋ' ਵਿਸਰ ਗਏ ਹੋਣ। ਕਾਹਤੋਂ ਐਨਾ ਸੁਹਪਣ ਦਾ ਗਰੂਰ ਕਰਦੇ ਆ, ਕਿਉਂ ਆਪਣੀ ਤੁਲਨਾ ਬਾਬੇ ਨਾਨਕ ਨਾਲ ਕਰਨ ਲੱਗ ਪਏ।

ਅਸੀਂ ਜਦੋਂ ਰਣਜੀਤ ਸਿੰਘ ਦੇ ਰਾਜ ਦੀ ਗੱਲ ਕਰਦੇ ਹਾਂ ਤਾਂ ਵੇਖਣਾ ਹੈ ਕਿ ਉਹ ਕਿੰਨਾ ਕੁ ਸਿੱਖ ਫਿਲਾਸਫੀ 'ਤੇ ਪੂਰਾ ਉਤਰਿਆ? ਉਸ ਨੇ ਧਾਰਮਿਕ ਅਸਥਾਨਾਂ 'ਤੇ ਮਣਾਮੂੰਹੀ ਸੋਨਾ ਚੜ੍ਹਾਇਆ। ਸਾਡੇ ਮਨਾਂ ਵਿਚ ਉਹ ਇਕ ਬਹੁਤ ਵੱਡਾ ਦਾਨੀ ਹੈ। ਆਪਣੇ ਰਾਜ ਨੂੰ ਸਰਕਾਰ-ਏ-ਖਾਲਸਾ ਦਾ ਨਾਮ ਦੇ ਕੇ ਵੱਡਾ ਪੰਥ ਹਿਤੈਸ਼ੀ ਵੀ ਕਹਾਇਆ ਕਿਉਂਕਿ ਆਪਣੇ ਰਾਜ ਵਿਚ ਉਹਨੇ ਜਿਹੜੇ ਸਿੱਕੇ ਚਲਾਏ ਉਨ੍ਹਾਂ 'ਤੇ ਕਿਤੇ ਵੀ ਆਪਣਾ ਨਾਮ ਨਹੀਂ ਉਕਰਵਾਇਆ ਸਗੋਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਨਾਮ ਦੇ ਸਿੱਕੇ ਹੀ ਚਲਾਏ ਜਿਸ ਕਰਕੇ ਉਸ ਵਿਚ ਗੁਰੂਆਂ ਪ੍ਰਤੀ ਅਥਾਹ ਸ਼ਰਧਾ ਦਾ ਝਲਕਾਰਾ ਸੀ। ਦੂਜਾ ਪੱਖ ਉਹਦੀਆਂ ਨੀਤੀਆਂ ਦਾ ਰਿਹਾ, ਉਹਦੀ ਨਿੱਜੀ ਜ਼ਿੰਦਗੀ ਦਾ।

ਮਹਾਰਾਜੇ ਦੀਆਂ ਨੀਤੀਆਂ 'ਤੇ ਹਿੰਦੂ ਪ੍ਰਭਾਵ ਹਾਵੀ ਸੀ ਤੇ ਉਹਦੀ ਨਿੱਜੀ ਜ਼ਿੰਦਗੀ ਮੁਗਲ ਹਾਕਮਾਂ ਵਾਂਗ ਸੀ। ਕਈ-ਕਈ ਵਿਆਹ ਕਰਵਾ ਕੇ ਰਾਣੀਆਂ ਦਾ ਆਪਣਾ ਹਰਮ ਬਣਾਇਆ, ਵੱਖ-ਵੱਖ ਤਰ੍ਹਾਂ ਦੀਆਂ ਸ਼ਰਾਬਾਂ ਤੇ ਹੋਰ ਨਸ਼ੇ ਕੀਤੇ। ਅੰਧ-ਵਿਸ਼ਵਾਸ ਵਿਚ ਬਹੁਤ ਯਕੀਨ ਸੀ ਉਹਦਾ। ਆਪਣੇ ਸਿੱਖ ਜਰਨੈਲਾਂ 'ਤੇ ਬੇਵਿਸਾਹੀ ਵੀ ਉਹਨੂੰ ਅਖੀਰੀ ਸਾਹ ਤੱਕ ਰਹੀ। ਇਸ ਮੁੱਦੇ ਤੇ ਅਸੀਂ ਸਿੱਖ ਉਹਦੀ ਨੁਕਤਾਚੀਨੀ ਜ਼ਿਆਦਾ ਕਰਦੇ ਹਾਂ ਪਰ ਉਹਦੇ ਰਾਜ ਦਾ ਇੱਕ ਅਹਿਮ ਪੱਖ ਬੜਾ ਘੱਟ ਗੌਲਦੇ ਹਾਂ। ਉਹ ਹੈ ਉਹਦੇ ਰਾਜ ਵਿਚ ਸਮਾਜ ਦੇ ਆਮ ਲੋਕਾਂ ਦਾ ਜੀਵਨ ਪੱਧਰ ਕਿੱਦਾਂ ਦਾ ਸੀ। 90% ਆਬਾਦੀ ਪੇਂਡੂ ਸੀ ਤੇ ਮੁੱਖ ਕਿੱਤਾ ਖੇਤੀਬਾੜੀ ਸੀ। ਸਰਕਾਰ ਵਲੋਂ ਲੋਕਾਂ ਦੀ ਭਲਾਈ ਲਈ ਕੋਈ ਖਾਸ ਖਰਚ ਨਹੀਂ ਸੀ ਕੀਤਾ ਜਾਂਦਾ। ਜ਼ਿਆਦਾ ਖਰਚਾ ਫੌਜੀ ਮੁਹਿੰਮਾਂ ਤੇ ਸ਼ਾਹੀ ਪਰਿਵਾਰ 'ਤੇ ਹੀ ਹੁੰਦਾ ਸੀ ਤੇ ਕੁਝ ਖਰਚਾ ਜਗੀਰਦਾਰਾਂ ਦੀ ਚੜ੍ਹਤ ਲਈ ਵੀ ਕੀਤਾ ਜਾਂਦਾ ਸੀ। ਬਾਕੀ ਬਚਦਾ ਸਰਕਾਰ ਦੇ ਅਹਿਲਕਾਰਾਂ ਲਈ ਹੁੰਦਾ ਸੀ ਤੇ ਕੁੱਝ ਧਾਰਮਿਕ ਥਾਵਾਂ 'ਤੇ ਦਾਨ ਲਈ।

ਇਨ੍ਹਾਂ ਪੱਖਾਂ 'ਤੇ ਦਿੱਲ ਖੋਲ੍ਹ ਕੇ ਖਰਚ ਹੁੰਦਾ ਸੀ ਪਰ ਐਨਾ ਪੈਸਾ ਆਉਂਦਾ ਕਿੱਥੋਂ ਸੀ। ਉਹਦੇ ਰਾਜ ਵਿਚ ਸਰਕਾਰੀ ਆਮਦਨ ਦਾ ਮੁੱਖ ਸਾਧਨ ਖੇਤੀ ਮਾਲੀਆ ਸੀ। ਇਹ ਮਾਲੀਆ ਫਸਲ ਦੇ ਚੌਥੇ ਹਿੱਸੇ ਤੋਂ ਲੈ ਕੇ ਅੱਧ ਤੱਕ ਹੁੰਦਾ ਸੀ। ਮਾਲੀਆ ਉਗਰਾਹੁਣ ਵਿਚ ਕਦੀ ਵੀ ਢਿੱਲ-ਮੱਠ ਨਹੀਂ ਸੀ ਵਰਤੀ ਜਾਂਦੀ। ਕਿਸਾਨ ਕੋਲ ਤਾਂ ਕਈ ਵਾਰੀ ਆਪਣੇ ਟੱਬਰ ਦੇ ਖਾਣ ਜੋਗੇ ਦਾਣੇ ਵੀ ਮਸੀਂ ਬਚਦੇ ਸਨ, ਜਿੱਥੇ ਕਿਸਾਨੀ ਜਗੀਰਦਾਰਾਂ ਥੱਲੇ ਸੀ ਉਥੇ ਹਾਲਾਤ ਹੋਰ ਵੀ ਮਾੜੇ ਸੀ। ਫਰਕ ਇਹੋ ਪਿਆ ਸੀ ਬਈ ਪਹਿਲਾਂ ਧਾੜਵੀ ਲੁੱਟ ਕੇ ਲੈ ਜਾਂਦੇ ਸੀ ਤੇ ਮਹਾਰਾਜੇ ਵੇਲੇ ਸਰਕਾਰ ਕਾਨੂੰਨਨ ਲੈ ਜਾਂਦੀ ਸੀ। ਬੱਸ ਉਦੋਂ ਇਕ ਫਰਕ ਇਹ ਸੀ ਕਿ ਪੇਂਡੂ ਲੋਕਾਂ ਦੀਆਂ ਲੋੜਾਂ ਸੀਮਿਤ ਸਨ, ਫਿਰ ਵੀ ਕਿਸਾਨਾਂ ਸਿਰ ਸ਼ਾਹਾਂ ਦਾ ਕਰਜ਼ਾ ਪੀੜ੍ਹੀ ਦਰ ਪੀੜ੍ਹੀ ਚੱਲਦਾ ਰਿਹਾ ਪਰ ਉਹ ਆਤਮ ਹੱਤਿਆ ਦੇ ਰਾਹ ਨਹੀਂ ਸੀ ਪਏ, ਜੋ ਕਸਰ ਅੱਜ ਨੀਲੇ ਸ਼ੇਰ ਨੇ ਪੂਰੀ ਕਰ ਦਿੱਤੀ ਹੈ। ਵਿਚਾਰਨ ਵਾਲੀ ਗੱਲ ਹੈ ਕਿ ਬਿਜਲੀ ਕਿਸਾਨਾਂ ਨੂੰ ਮੁਫਤ, ਮਾਮਲਾ ਮਾਫ ਫਿਰ ਕਿਸਾਨ ਹੀ ਕਿਉਂ ਆਤਮ ਹੱਤਿਆ ਕਰਦਾ ਹੈ? ਇਹਦੇ ਸਿਰ ਹੀ ਕਿਉਂ ਕਰਜ਼ੇ ਦੀ ਪੰਡ ਭਾਰੀ ਹੋਈ ਜਾਂਦੀ ਆ? ਜਦੋਂਕਿ ਆਮ ਕਿਸਾਨ ਦਾ ਰਹਿਣ-ਸਹਿਣ ਵੀ ਕੋਈ ਬਹੁਤਾ ਵਧੀਆ ਨਹੀਂ। ਲਿਖਣ-ਲਿਖਾਣ ਵਾਲੇ ਬਥੇਰੀਆਂ ਤੁਹਮਤਾਂ ਲਾਈ ਜਾਂਦੇ ਆ ਕਿ ਜੱਟ ਹੱਡ-ਹਰਾਮੀ ਹੋ ਗਏ। ਡੱਕਾ ਨੀ ਤੋੜਦੇ ਹੱਥੀਂ, ਨਸ਼ੇੜੀ ਹੋ ਗਏ ਤਾਂ ਮਰਦੇ ਆ, ਪਰ ਕਦੇ ਕਿਸੇ ਨੇ ਉਨ੍ਹਾਂ ਦੀ ਜ਼ਿੰਦਗੀ ਜੀਅ ਕੇ ਵੀ ਦੇਖਣ ਦੀ ਕੋਸ਼ਿਸ਼ ਕੀਤੀ? ਫਿਰ ਪਤਾ ਲੱਗਦਾ ਕਾਹਤੋਂ ਗਲ 'ਚ ਰੱਸੀ ਪਾ ਕੇ ਕੋਈ ਕਿਸੇ ਦਰਖਤ ਨਾਲ ਫਾਹਾ ਲੈਂਦਾ।

ਇਹ ਪੱਖ ਇਥੇ ਇਸ ਕਰਕੇ ਮਾੜਾ ਜਿਹਾ ਸਾਂਝਾ ਕੀਤਾ ਤਾਂ ਕਿ ਪਤਾ ਲੱਗੇ ਕਿ ਜਿਹੜਾ ਹੁਣ ਵਾਲੇ ਸ਼ੇਰ ਨੇ ਰਣਜੀਤ ਸਿੰਘ ਦੇ ਰਾਜ ਦਾ ਸੁਪਨਾ ਦਿਖਾ ਕੇ ਪੇਂਡੂਆਂ ਤੋਂ ਹੀ ਵੋਟ ਬਟੋਰ ਲਏ ਉਹ ਇਹਨੇ ਪੂਰਾ ਕਰ ਦਿੱਤਾ। ਸਗੋਂ ਦੋ ਪੈਰ ਉਸ ਰਾਜ ਨਾਲੋਂ ਅੱਗੇ ਹੀ ਆ ।

ਰਣਜੀਤ ਸਿੰਘ ਅਤੇ ਬਾਦਲ ਦੇ ਰਾਜ ਵਿਚ ਇਕ ਹੋਰ ਸਾਵਾਂਪਣ ਇਹ ਹੈ ਕਿ ਪੰਥਕ ਲਿਬਾਸ ਵਿਚ ਕਿੰਨਾ ਹਿੰਦੂਕਰਨ ਤੇ ਬਿੱਪਰਵਾਦ ਹੋਇਆ ਹੈ। ਰਣਜੀਤ ਸਿੰਘ ਦੇ ਮੰਤਰੀ ਮੰਡਲ ਦੇ 6 ਮੰਤਰੀ ਸਨ ਧਿਆਨ ਸਿੰਘ ਡੋਗਰਾ ਪ੍ਰਧਾਨ ਮੰਤਰੀ, ਉਸਦਾ ਭਰਾ ਰਾਜਾ ਸੁਚੇਤ ਸਿੰਘ ਡੋਗਰਾ, ਕਸ਼ਮੀਰੀ ਪੰਡਿਤ ਦੀਨਾ ਨਾਥ, ਪੂਰਬੀਆ ਬ੍ਰਾਹਮਣ ਮਿਸਰ ਖੁਸ਼ਹਾਲ ਸਿੰਘ-ਸਾਰੇ ਹੀ ਪੰਜਾਬ ਤੋਂ ਬਾਹਰ ਦੇ ਅਤੇ ਗੈਰ-ਸਿੱਖ ਪਿਛੋਕੜ ਵਾਲੇ ਕੱਟੜ ਹਿੰਦੂ ਵਿਚਾਰਧਾਰਾ ਦੇ ਮਾਲਕ ਸਨ। ਦੋ ਪੰਜਾਬੀ ਮੁਸਲਮਾਨ ਭਰਾ ਫਕੀਰ ਨੂਰਦੀਨ ਅਤੇ ਫਕੀਰ ਅਜੀਜੁਦੀਨ ਸਨ। ਅਸਲ ਵਿਚ ਇਹੋ ਦੋਵੇਂ ਹੀ ਖਾਲਸਾ ਰਾਜ ਲਈ ਦਿਲੋਂ ਸਮਰਪਿਤ ਸਨ ਜਦਕਿ ਪਹਿਲੇ 4 ਤਾਂ ਸਿੱਖ ਰਾਜ ਦੀਆਂ ਜੜ੍ਹਾਂ ਵੱਢਣ 'ਤੇ ਲੱਗੇ ਹੋਏ ਸੀ। ਕਿਸੇ ਵੀ ਵੱਡੇ ਸਿੱਖ ਜਰਨੈਲ ਨੂੰ ਮੰਤਰੀ ਮੰਡਲ ਵਿਚ ਨਾ ਸ਼ਾਮਲ ਕੀਤਾ ਜਾਂ ਡੋਗਰਿਆਂ ਨੇ ਹਾਲਾਤ ਹੀ ਐਹੋ ਜਿਹੇ ਬਣਾਏ ਹੋਏ ਸੀ ਬਈ ਕਿਸੇ ਸਿੱਖ ਲਈ ਥਾਂ ਰਹਿਣ ਹੀ ਨਹੀਂ ਦਿੱਤੀ। ਉਲਟਾ ਉਨ੍ਹਾਂ ਨੂੰ ਰਾਜ ਦਰਬਾਰ ਤੋਂ ਪਰੇ ਰੱਖਣ ਹਿੱਤ ਦੂਰ-ਦੁਰਾਡੇ ਦੀਆਂ ਔਖੀਆਂ ਫੌਜੀ ਮੁਹਿੰਮਾਂ ਤੇ ਭੇਜੀ ਰਖਿਆ ਤਾਂ ਕਿ ਉਨ੍ਹਾਂ ਦਾ ਧਿਆਨ ਦਰਬਾਰ ਦੀਆਂ ਕਾਰਵਾਈਆਂ ਵਲ ਰਹੇ ਹੀ ਨਾ ਤੇ ਨਾਲ ਹੀ ਖਾਲਸਾ ਫੌਜ ਦੀ ਤਾਕਤ ਬਾਹਰ ਹੀ ਲੱਗੀ ਰਹੇ।

ਧਿਆਨ ਸਿੰਘ ਡੋਗਰਾ ਇੰਨਾ ਚਾਲਬਾਜ਼ ਸੀ ਕਿ ਉਹਨੇ ਸ. ਹਰੀ ਸਿੰਘ ਨਲਵੇ ਤੇ ਕਸ਼ਮੀਰ ਦੀ ਮੁਹਿੰਮ ਸਮੇਂ ਪੈਸੇ ਦੀ ਹੇਰਾਫੇਰੀ ਦਾ ਇਲਜ਼ਾਮ ਵੀ ਲਾ ਦਿੱਤਾ ਸੀ ਤਾਂ ਕਿ ਰਣਜੀਤ ਸਿੰਘ ਦੇ ਮਨੋਂ ਉਹ ਲਹਿ ਜਾਵੇ, ਇਸ ਵਿਚ ਉਹ ਕਾਮਯਾਬ ਵੀ ਰਿਹਾ ਤੇ ਹਰੀ ਸਿੰਘ ਸਰਦਾਰ ਦੀ ਮੌਤ ਵੀ ਇਨ੍ਹਾਂ ਫੌਜੀ ਮੁਹਿੰਮਾਂ ਦੌਰਾਨ 1837 ਵਿਚ ਹੋ ਗਈ। ਰਣਜੀਤ ਸਿੰਘ ਨੇ ਸਿੱਖਾਂ ਨੂੰ ਧਾਰਮਿਕ ਤੌਰ 'ਤੇ ਪੁਜਾਰੀਆਂ ਦੇ ਵੱਸ ਪਾਇਆ ਹੋਇਆ ਸੀ। ਗੁਰੂ ਗ੍ਰੰਥ ਸਾਹਿਬ ਨੂੰ ਪੂਜਾ ਦਾ ਹੀ ਚਿੰਨ ਬਣਾ ਦਿੱਤਾ ਸੀ। ਜਿਹੜੇ ਸਿੱਖ ਸਰਦਾਰ ਸਿੱਖੀ ਨੂੰ ਪ੍ਰਣਾਏ ਹੋਏ ਸਨ ਉਹ ਦੁਖੀ ਹੋ ਕੇ ਘਰੀਂ ਬਹਿ ਗਏ ਸਨ। ਜਿਵੇਂ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਭਾਵੇਂ ਰਣਜੀਤ ਸਿੰਘ ਦਾ ਰਿਸ਼ਤੇਦਾਰ ਹੀ ਸੀ, ਜਿਹੜੇ ਸਿੱਖ ਸਰਦਾਰਾਂ ਨੇ ਆਪਣੀ ਜ਼ਮੀਰ ਨੂੰ ਮਾਰ ਕੇ ਬਿਪਰਵਾਦ ਦੀਆਂ ਨੀਤੀਆਂ ਸੰਬੰਧੀ ਚੁੱਪ ਵੱਟ ਲਈ ਉਨ੍ਹਾਂ ਨੂੰ ਜਗੀਰਾਂ ਨਾਲ ਨਿਵਾਜ ਕੇ ਪੱਕਾ ਸਰਕਾਰ ਨਾਲ ਗੱਠ ਲਿਆ। ਇਨ੍ਹਾਂ ਜਗੀਰਾਂ ਦੇ ਲਾਲਚ ਨੇ ਰਣਜੀਤ ਸਿੰਘ ਦੇ ਦੁਆਲੇ ਮੌਕਾਪ੍ਰਸਤ ਸਰਦਾਰਾਂ ਦਾ ਝੁਰਮਟ ਹੀ ਪਾ ਦਿੱਤਾ ਸੀ। ਜੇ ਅੱਜ ਦੇ ਪੰਜਾਬ ਨੂੰ ਦੇਖੀਏ ਤਾਂ ਉਪਰ ਵਾਲੀ ਗੱਲ ਪੂਰੀ ਤਰਾਂ ਲਾਗੂ ਹੁੰਦੀ ਹੈ। ਸਾਰਾ ਤਾਣਾ-ਬਾਣਾ ਪੰਜਾਬ ਦੇ ਇਕ ਟੱਬਰ ਦੇ ਦੁਆਲੇ ਇਕੱਠਾ ਹੋ ਗਿਆ ਹੈ। ਵੱਡੇ ਬਾਦਲ ਨੂੰ ਹਰੇਕ ਦੀ ਤਸੀਰ ਦਾ ਪਤਾ ਹੈ ਤੇ ਉਹਨੂੰ ਉਂਦਾਂ ਦਾ ਹੀ ਤੇ ਉਨਾਂ ਕੁ ਚੋਗਾ ਪਾਉਂਦਾ ਹੈ ਤਾਂ ਕਿ ਉਹਦੇ ਖਿਲਾਫ਼ ਮੂੰਹ ਬੰਦ ਰੱਖੇ। ਸਿੱਖ ਅਸੂਲਾਂ 'ਤੇ ਪਹਿਰਾ ਦੇਣ ਵਾਲਿਆਂ ਉਤੇ ਗੋਲੀ ਵੀ ਚਲਵਾ ਦਿੰਦਾ ਤੇ ਗੋਲੀ ਚਲਾਉਣ ਵਾਲਿਆਂ ਨੂੰ ਸੁਰੱਖਿਆ ਦੇ ਕੇ ਉਨ੍ਹਾਂ ਦੇ ਘਰੀਂ ਵੀ ਪਹੁੰਚਾ ਦਿੰਦਾ ਹੈ। ਚਾਪਲੂਸਾਂ ਦੀ ਇਕ ਫੌਜ ਤਿਆਰ ਕੀਤੀ ਹੋਈ ਹੈ। ਲੋਕਾਂ ਲਈ ਖਰਚਣ ਵਾਸਤੇ ਭਾਵੇਂ ਖਜ਼ਾਨੇ 'ਚ ਪੈਸਾ ਹੋਵੇ ਜਾਂ ਨਾ ਪਰ ਪੁੱਤ ਦੀਆਂ ਤਾਜਪੋਸ਼ੀਆਂ ਤੇ ਅਤੇ ਆਪਣੇ ਚਾਪਲੂਸਾਂ ਦੀ ਫੌਜ ਨੂੰ ਗਰਮੀਆਂ ਵਿਚ ਸ਼ਿਮਲੇ ਦੀਆਂ ਪਹਾੜੀਆਂ ਤੇ 5 ਸਟਾਰ ਹੋਟਲਾਂ 'ਚ ਰੱਖਣ ਲਈ ਕਰੋੜਾਂ ਰੁਪਈਆ ਪਾਣੀ ਵਾਂਗ ਸਰਕਾਰੀ ਖਜ਼ਾਨੇ 'ਚੋਂ ਵਹਾ ਦਿੰਦਾ ਹੈ। ਉੱਚ ਸਿੱਖ ਧਾਰਮਿਕ ਸੰਸਥਾ ਤੇ ਧਿਆਨ ਸਿੰਘ ਡੋਗਰੇ ਦੀ ਕੁਨਸਲ ਵਰਗਾ ਪ੍ਰਧਾਨ ਬਣਾ ਕੇ ਕਬਜ਼ਾ ਕੀਤਾ ਹੋਇਆ। ਜਿਹਦੇ ਰਾਹੀਂ ਗੁਰਦੁਆਰਿਆਂ ਵਿਚ ਆਰ. ਐਸ. ਐਸ. ਦਾ ਏਜੰਡਾ ਬਾਖੂਬੀ ਲਾਗੂ ਕਰਾਉਣ 'ਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਰਣਜੀਤ ਸਿੰਘ ਨੇ ਗੁਰੂ ਕੁਲ ਵਾਲਿਆਂ ਪੁਜਾਰੀਆਂ ਨੂੰ ਗੁਰਦੁਆਰਿਆਂ 'ਚ ਪੱਕੇ ਪੈਰੀਂ ਕੀਤਾ ਤੇ ਅੱਜ ਵਾਲੇ ਸ਼ੇਰ ਨੇ ਸੰਤ ਬਾਬਿਆਂ ਦੇ ਡੇਰਿਆਂ 'ਤੇ ਚੌਕੀਆਂ ਭਰ ਕੇ ਸਿੱਖਾਂ ਨੂੰ ਇਨ੍ਹਾਂ ਦੇ ਪੈਰਾਂ 'ਚ ਸਿੱਟਿਆ ਹੋਇਆ। ਜਿਨ੍ਹਾਂ ਟਕਸਾਲਾਂ ਦਾ ਪਿਛੋਕੜ ਸਿੱਖ ਸ਼ਹਾਦਤ ਨਾਲ ਹੋਣ ਕਰਕੇ ਸਿੱਖ ਜਗਤ ਵਿਚ ਉਨ੍ਹਾਂ ਦਾ ਅਦਬ ਧੁਰ ਅੰਦਰੋਂ ਹੁੰਦਾ ਸੀ, ਉਨ੍ਹਾਂ ਹੀ ਟਕਸਾਲਾਂ ਨੂੰ ਅੱਜ ਆਰ ਐਸ ਐਸ ਵਰਗੀਆਂ ਪੰਥ ਵਿਰੋਧੀ ਤਾਕਤਾਂ ਨੂੰ ਖੁਸ਼ ਕਰਨ ਲਈ ਵਰਤਿਆ ਜਾਣ ਲੱਗ ਪਿਆ।

ਹਰੇਕ ਸਿੱਖ ਨੇ ਗੁਰਦੁਆਰੇ ਤਾਂ ਜਾਣਾ ਹੀ ਹੈ ਭਾਵੇਂ ਸ਼੍ਰੋਮਣੀ ਕਮੇਟੀ ਦੇ ਕੰਟਰੋਲ ਵਾਲੇ ਹੋਣ ਜਾਂ ਸੰਤਾਂ ਦੇ ਡੇਰਿਆਂ ਵਾਲੇ ਜਾਂ ਫਿਰ ਤੀਜੇ ਪ੍ਰਾਈਵੇਟ ਲਿਮਟਿਡ। ਸ਼ਾਇਦ ਇਹ ਪ੍ਰਾਈਵੇਟ ਨਾਂ ਵੀਰਾਂ ਭੈਣਾਂ ਨੂੰ ਕੁਸੋਬਲਾ ਜਿਹਾ ਹੀ ਲੱਗੇ ਪਰ ਇਸਤੋਂ ਮੇਰਾ ਮਤਲਬ ਇਹ ਹੈ ਕਿ ਜਿਹੜੇ ਗੁਰਦੁਆਰੇ ਬਣਾਏ ਤਾਂ ਸਿੱਖ ਸੰਗਤਾਂ ਨੇ ਆਪਣੀ ਕਿਰਤ ਕਮਾਈ ਨਾਲ ਹਨ ਪਰ ਪ੍ਰਬੰਧ ਇਕ ਲੋਕਲ ਕਮੇਟੀ ਹੀ ਚਲਾਉਂਦੀ ਹੈ। ਜਿੱਥੇ ਪ੍ਰਬੰਧਾਂ ਨੂੰ ਲੈ ਕੇ ਜ਼ੋਰਅਜਮਾਈ ਵੀ ਹੁੰਦੀ ਹੈ। ਸਾਰੇ ਗੁਰਦੁਆਰਿਆਂ ਵਿਚ ਇਕ ਗੱਲ ਸਾਂਝੀ ਹੈ ਉਹ ਹੈ 'ਸਿਰੋਪਾ ਕਲਚਰ'। ਜਿਹਨੇ ਜਾ ਕੇ ਜੇਬ ਜ਼ਿਆਦਾ ਢਿੱਲੀ ਕਰ ਦਿੱਤੀ ਉਹਦੇ ਗਲ 'ਚ ਪੀਲਾ ਪਟਕਾ ਪਾ ਕੇ ਜੈਕਾਰੇ ਬੁਲਾ ਦਿੰਦੇ ਨੇ। ਮਹਾਨ ਸਿੱਖ ਦੀ ਉਪਾਧੀ ਵੀ ਬਖਸ਼ ਦਿੰਦੇ। ਕਈ ਵਾਰੀ ਤਾਂ ਐਨੀ ਹਾਸੋਹੀਣੀ ਗੱਲ ਵੀ ਹੁੰਦੀ ਹੈ ਕਿ ਪਹਿਲਾਂ ਇਕ ਮੈਂਬਰ ਦੂਜੇ ਦੇ ਗਲ ਸਿਰੋਪਾ ਪਾ ਕੇ ਉਹਨੂੰ ਮਹਾਨ ਸਿੱਖ ਕਹਿ ਕੇ ਜੈਕਾਰਾ ਬੁਲਾਉਂਦਾ ਹੈ ਫਿਰ ਦੂਜਾ ਪਹਿਲੇ ਦੇ ਗਲ ਸਿਰੋਪਾ ਪਾ ਕੇ ਮਹਾਨ ਸਿੱਖ ਕਹਿ ਕੇ ਜੈਕਾਰਾ ਛੱਡ ਦਿੰਦਾ ਹੈ। ਸਿਰੋਪੇ ਦੇਣ ਦੇ ਮਾਮਲੇ ਵਿਚ ਤਾਂ ਸਿੱਖ ਲੀਡਰ ਕਈ ਵਾਰ ਗਰਕੀ ਹੋਈ ਗੱਲ ਵੀ ਕਰ ਦਿੰਦੇ ਹਨ। ਇਹ ਕਈ ਵਾਰੀ ਦਿੱਲੀ ਵਿਚ ਹੁੰਦਾ ਹੈ ਜਦੋਂ ਕਿਸੇ ਗੁਰਪੁਰਬ 'ਤੇ ਇਹ ਵੱਡੇ ਲੀਡਰ ਬੰਨ੍ਹੀ ਬਨ੍ਹਾਈ ਗੁਲਾਬੀ ਪੱਗ ਕਲਗੀ ਲਾ ਕੇ ਅਡਵਾਨੀ, ਵਾਜਪਾਈ ਦੇ ਸਿਰ 'ਤੇ ਰੱਖਣ ਉਹਦੇ ਘਰ ਜਾਂਦੇ ਹਨ ਤੇ ਸ੍ਰੀ ਸਾਹਿਬ (ਕ੍ਰਿਪਾਨ) ਵੀ ਭੇਟ ਕਰਕੇ ਜੈਕਾਰੇ ਛੱਡਦੇ ਨਹੀਂ ਥੱਕਦੇ ਤੇ ਅਗੋਂ ਉਹ ਕਲਗੀ ਵਾਲੀ ਟੋਪੀਨੁਮਾ ਪੱਗ ਸਿਰ 'ਤੇ ਰੱਖ ਕੇ ਹੱਥ ਵਿਚਲੀ ਕਿਰਪਾਨ ਉਨ੍ਹਾਂ ਸਿੱਖਾਂ ਵਲ ਨੂੰ ਕਰਕੇ ਘੁਮਾਉਂਦਾ ਸ਼ਾਇਦ ਅੰਦਰੋਂ-ਅੰਦਰੀ ਕਹਿੰਦਾ ਹੋਵੇ, ਮੌਕਾ ਆਏ 'ਤੇ ਇਹਦੇ ਨਾਲ ਤੁਹਾਡੀ ਧੌਣ ਵੱਢਣੀ ਹੈ।

ਸਿੱਖ ਧਰਮ ਵਿਚ 'ਸਿਰੋਪਾਓ' ਦੀ ਰਸਮ ਕਦੋਂ ਸ਼ੁਰੂ ਹੋਈ ਉਹ ਤਾਂ ਵਿਦਵਾਨ ਵੀਰ ਹੀ ਜਾਣਦੇ ਹੋਣੇ ਆ, ਮੈਨੂੰ ਤਾਂ ਇੰਨਾ ਕੁ ਇਲਮ ਹੈ ਕਿ ਗੁਰੂ ਗੋਬਿੰਦ ਸਿੰਘ (ਉਦੋਂ ਗੋਬਿੰਦ ਰਾਏ) ਜੀ ਨੇ ਜਦੋਂ ਭੰਗਾਣੀ ਦਾ ਜੰਗ ਜਿੱਤਿਆ ਤਾਂ ਬਾਦ ਵਿਚ ਪਾਉਂਟਾ ਸਾਹਿਬ ਦਰਬਾਰ ਲਾਇਆ ਤਾਂ ਉਸ ਵਿਚ ਉਨ੍ਹਾਂ ਬਹਾਦਰਾਂ ਨੂੰ ਦਸਤਾਰਾਂ ਦੇ ਕੇ ਨਿਵਾਜਿਆ ਸੀ, ਜਿਨ੍ਹਾਂ ਨੇ ਜੰਗ ਗੁਰੂ ਜੀ ਵਲੋਂ ਹੋ ਕੇ ਲੜੀ ਸੀ। ਉਸ ਦਰਬਾਰ ਵਿਚ ਪੀਰ ਬੁੱਧੂ ਸ਼ਾਹ ਹਾਜ਼ਰ ਨਹੀਂ ਸਨ ਤਾਂ ਅਗਲੇ ਦਿਨ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾਇਆ ਸੀ ਤੇ ਪੁਛਿਆ ਸੀ ਪੀਰ ਜੀਉ ਤੁਸੀਂ ਆਪਣੇ ਪੁੱਤਰ ਤੇ ਮੁਰੀਦ ਇਸ ਲੜਾਈ ਵਿਚ ਸ਼ਹੀਦ ਕਰਵਾ ਲਏ, ਦੱਸੋ ਤੁਸੀਂ ਨਾਨਕ ਦੇ ਘਰੋਂ ਕੀ ਮੰਗਦੇ ਹੋ। ਉਦੋਂ ਗੁਰੂ ਜੀ ਕੇਸਾਂ ਵਿਚ ਕੰਘਾ ਕਰ ਰਹੇ ਸੀ, ਪੀਰ ਜੀ ਨੇ ਗੁਰੂ ਦੇ ਚਿਹਰੇ ਵਲ ਜਦੋਂ ਦੇਖਿਆ ਤਾਂ ਉਹਨੂੰ ਖੁਦਾਈ ਜਲਾਲ ਦੇ ਦਰਸ਼ਨ ਹੋਏ। ਬੱਸ ਇੰਨਾ ਹੀ ਕਹਿ ਸਕਿਆ ਕਿ ਕੰਘੇ 'ਚ ਅੜ੍ਹੇ ਕੇਸਾਂ ਸਮੇਤ ਕੰਘਾ ਜੇ ਬਖਸ਼ ਦਿਉ ਤਾਂ ਮੈਂ ਵਡਭਾਗਾ ਹੋਵਾਂਗਾ। ਗੁਰੂ ਜੀ ਨੇ ਉਵੇਂ ਹੀ ਕੰਘੇ ਸਮੇਤ ਟੁੱਟੇ ਕੇਸ ਅਤੇ ਇਕ ਛੋਟੀ ਦਸਤਾਰ ਪੀਰ ਜੀ ਨੂੰ ਬਖਸ਼ੀ ਜਿਹਨੂੰ ਲੈ ਕੇ ਪੀਰ ਬੁੱਧੂ ਸ਼ਾਹ ਆਪਣੇ ਘਰ ਆ ਗਏ। ਗੁਰੂ ਦੀਆਂ ਇਨ੍ਹਾਂ ਨਿਸ਼ਾਨੀਆਂ ਨੂੰ ਖੁਦਾਈ ਬਖਸ਼ਿਸ਼ ਜਾਣ ਕੇ ਅਦਬ ਦਿੱਤਾ।

ਅੱਜ ਕੱਲ੍ਹ ਸਿੱਖਾਂ ਵਿਚ ਇਕ ਹੋਰ ਧਾਰਮਿਕ ਪ੍ਰਵਿਰਤੀ ਘਰ ਕਰਨ ਲੱਗੀ ਹੋਈ ਹੈ ਉਹ ਹੈ ਗੁਰੂ ਗਰੰਥ ਸਾਹਿਬ ਲਈ ਰੁਮਾਲੇ ਭੇਂਟ ਕਰਨੇ। ਇਹਨੂੰ ਹੀ ਵੱਡਾ ਦਾਨ ਸਮਝੀ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਨੂੰ ਬਹੁਤੇ ਰੁਮਾਲਿਆਂ ਦੀ ਲੋੜ ਨਹੀਂ। ਉਲਟਾ ਸਿੱਖਾਂ ਨੂੰ ਲੋੜ ਹੈ, ਉਸ ਵਿਚਲੇ ਫਲਸਫੇ ਨੂੰ ਜਾਨਣ ਦੀ ਤਾਂ ਕਿ ਜ਼ਿੰਦਗੀ ਨਾਨਕ ਸੱਚ ਮੁਤਾਬਿਕ ਜੀਅ ਹੋਵੇ। ਅਸਲ ਵਿਚ ਇਹ ਮਹੰਤ ਚਾਹੁੰਦੇ ਵੀ ਇਹੀ ਆ ਕਿ ਸਿੱਖ ਐਦਾਂ ਦੇ ਹੀ ਫੋਕਟ ਕਰਮਾਂ ਨਾਲ ਗੁਰੂ ਗ੍ਰੰਥ ਸਾਹਿਬ ਨਾਲ ਬੱਝਣ, ਸਿੱਖਿਆ ਤਾਂ ਅੱਜ ਕਲ੍ਹ ਕਿਸੇ ਹੋਰ ਗ੍ਰੰਥਾਂ ਦੀ ਦੇਣੀ ਚਾਹੁੰਦੇ ਆ।

ਰਣਜੀਤ ਸਿੰਘ ਨੇ 1829-30 ਵਿਚ ਹੀ ਆਪਣਾ ਜਾਨਸ਼ੀਨ ਆਪਣਾ ਵੱਡਾ ਪੁਤਰ ਖੜਕ ਸਿੰਘ ਥਾਪ ਦਿੱਤਾ ਸੀ। ਉਸ ਵੇਲੇ ਹਰੀ ਸਿੰਘ ਨਲਵੇ ਨੇ ਰਣਜੀਤ ਸਿੰਘ ਨੂੰ ਸਾਫ ਕਹਿ ਦਿੱਤਾ ਸੀ ਕਿ ਖਾਲਸਾ ਰਾਜ 100 ਸਾਲ ਦੀਆਂ ਕੁਰਬਾਨੀਆਂ ਤੋਂ ਬਾਅਦ ਹੋਂਦ ਵਿਚ ਆਇਆ, ਇਹ ਕਿਸੇ ਦੀ ਜੱਦੀ-ਪੁਰਖੀ ਮਿਲਖ ਨਹੀਂ। ਇਹ ਸਿੱਖ ਸੰਗਤਾਂ ਦਾ ਹੈ ਉਹੀ ਇਹਦੀ ਵਾਰਸ ਹੈ, ਜਿਹਨੂੰ ਇਹ ਚਾਹੂਗੀ ਉਹੀ ਏਸ ਤਖਤ 'ਤੇ ਬੈਠੇਗਾ। ਨਾਲੇ ਉਸਨੇ ਕਿਹਾ ਕਿ ਖੜਕ ਸਿੰਘ ਭਾਵੇਂ ਉਹਦਾ ਮਿੱਤਰ ਹੈ ਪਰ ਉਹਦੀਆਂ ਲੱਤਾਂ ਇਹਦੀਆਂ ਜ਼ਿੰਮੇਵਾਰੀਆਂ ਦਾ ਭਾਰ ਚੁੱਕਣ ਤੋਂ ਊਣੀਆਂ ਹਨ। ਇਸ ਤੋਂ ਬਾਦ ਰਣਜੀਤ ਸਿੰਘ ਨੇ ਹਰੀ ਸਿੰਘ ਨਲਵੇ 'ਤੇ ਵਿਸਾਹ ਨਾ ਕੀਤਾ ਤੇ ਰਾਜ ਭਾਗ 'ਤੇ ਡੋਗਰੇ, ਮਿਸਰੇ ਤੇ ਬ੍ਰਾਹਮਣ ਕਾਬਜ਼ ਕਰ ਦਿੱਤੇ ਤਾਂ ਕਿ ਉਹ ਉਹਦੇ ਵਾਰਸਾਂ ਲਈ ਕੋਈ ਖਤਰਾ ਨਾ ਰਹੇ। ਅੱਜ ਵੀ ਇਹੋ ਹਾਲ ਹੈ ਕਿ ਪਿਉ ਨੇ ਹਰ ਹਰਬਾ ਵਰਤ ਕੇ ਆਪਣੇ ਪੁੱਤ ਲਈ ਗੱਦੀ ਰਾਖਵੀਂ ਕੀਤੀ ਹੋਈ ਹੈ ਤੇ ਟਕਸਾਲੀ ਲੀਡਰਾਂ ਨੂੰ ਖੁੱਡੇ ਲਾਈਨ ਲਾ ਕੇ ਰੱਖ ਦਿੱਤਾ। ਅੱਜ ਉਹਦੇ ਸਭ ਤੋਂ ਵੱਡੇ ਸਲਾਹਕਾਰ ਨਿੱਕਰਧਾਰੀ ਹਨ।

ਡੋਗਰੇ ਤੇ ਮਿਸਰੇ, ਜਿਨ੍ਹਾਂ ਤੇ ਰਣਜੀਤ ਸਿੰਘ ਨੇ ਵਿਸ਼ਵਾਸ ਕੀਤਾ, ਉਹ ਸਭ ਤੋਂ ਪਹਿਲਾਂ ਰਣਜੀਤ ਸਿੰਘ ਦੇ ਵਾਰਸਾਂ ਦੇ ਹੀ ਕਾਤਲ ਬਣੇ। ਖੜਕ ਸਿੰਘ ਨੂੰ ਕੈਦ ਕਰਕੇ ਜ਼ਹਿਰ ਦੇ ਕੇ ਮਾਰਿਆ। ਉਹਦੇ ਪੁੱਤ ਕੰਵਰ ਨੌਨਿਹਾਲ ਸਿੰਘ ਨੂੰ ਸਿਰ 'ਚ ਹਥੌੜੇ ਮਾਰ ਕੇ ਕਤਲ ਕੀਤਾ ਫਿਰ ਵਾਰੀ ਆਈ ਸਿੱਖ ਸਰਦਾਰਾਂ ਦੀ। ਉਹਦੇ ਬਾਕੀ ਵਾਰਸਾਂ ਦੀ, ਜਿਨ੍ਹਾਂ ਨੂੰ ਇੱਕਲੇ-ਇੱਕਲੇ ਨੂੰ ਇਕ ਦੂਜੇ ਤੋਂ ਕਤਲ ਕਰਵਾਇਆ। ਫਿਰ ਵਾਰੀ ਆਈ ਖਾਲਸਾ ਫੌਜ ਦੀ, ਜਿਸ ਨੂੰ ਗੱਦਾਰੀ ਕਰਕੇ ਜਿੱਤਿਆ ਹੋਇਆਂ ਨੂੰ ਵੀ ਹਰਾਇਆ ਤੇ ਸਭ ਤੋਂ ਪਿੱਛੋਂ ਆਈ ਵਾਰੀ ਪੰਜਾਬ ਦੇ ਲੋਕਾਂ ਦੀ ਜਿਨ੍ਹਾਂ ਨੂੰ ਅੰਗਰੇਜ਼ਾਂ ਦੇ ਗੁਲਾਮ ਬਣਵਾਕੇ ਦਮ ਲਿਆ। ਡੋਗਰਿਆਂ ਨੇ ਤੇ ਆਪ ਆਪਣਾ ਵੱਖਰਾ ਰਾਜ ਜੰਮੂ-ਕਸ਼ਮੀਰ ਗੱਦਾਰੀ ਬਦਲੇ ਬਣਾ ਲਿਆ ਸੀ। ਕੀ ਹੁਣ ਬਾਦਲ ਦੇ ਨਿੱਕਰਧਾਰੀ ਯਾਰ ਉਸ ਤੋਂ ਬਾਅਦ ਉਹਦੇ ਵਾਰਸਾਂ ਨਾਲ ਰਣਜੀਤ ਸਿੰਘ ਦੇ ਵਾਰਸਾਂ ਵਾਲੀ ਵਫਾ ਕਮਾਉਣਗੇ? ਘੱਟੋ ਘੱਟ ਸਿੱਖ ਜ਼ਰੂਰ ਸੋਚਣ ਆਪਣੇ ਭਵਿੱਖ ਬਾਰੇ ਕਿ ਉਨ੍ਹਾਂ ਨੇ ਇਸ ਟੱਬਰ ਨਾਲ ਰਹਿ ਕੇ ਹੋਰ ਕਿਹੜੀ ਕਿਹੜੀ ਗੁਲਾਮੀ ਕਰਨੀ ਆ?

ਆਹ ਨਾਨਕਸ਼ਾਹੀ ਕੈਲੰਡਰ 'ਤੇ ਕੀਤੀਆਂ ਸੋਧਾਂ ਤੇ ਜਿਹੜਾ ਬਾਹਰਲੇ ਮੁਲਕਾਂ ਦੇ ਸਿੱਖਾਂ ਨੇ ਸਖਤ ਪੈਂਤੜਾ ਲਿਆ ਉਹ ਇਸ ਟੱਬਰ ਤੋਂ ਖਹਿੜਾ ਛੁਡਾਉਣ ਲਈ ਵਧੀਆ ਕਦਮ ਹੈ, ਪਰ ਕਿਤੇ ਇਹ ਵਕਤੀ ਹੀ ਨਾ ਰਹਿ ਜਾਵੇ। ਕਿਉਂਕਿ ਅਸੀਂ ਬੜੀ ਛੇਤੀ ਭੁੱਲ ਜਾਂਦੇ ਹਾਂ। ਇਨ੍ਹਾਂ ਦੇ ਭੇਜੇ ਬਾਬਿਆਂ ਤੇ ਜਥੇਦਾਰਾਂ ਨੂੰ ਲਿਫਾਫੀਆਂ ਨਾ ਦਿਉ, ਨਾ ਮੂੰਹ

(ਬਾਕੀ ਸਫਾ 37 ਉਤੇ)



*ਵੋਟਾਂ ਖਾਤਰ: ਲੋਕ ਸਭਾ ਚੋਣਾਂ ਦੌਰਾਨ ਬੀਬੀ ਹਰਸਿਮਰਤ ਕੌਰ ਬਾਦਲ ਵੈਸ਼ਨੋ ਦੇਵੀ ਮੰਦਰ 'ਚ ਸ਼ਿਵਲਿੰਗ 'ਤੇ ਜਲ ਚੜ੍ਹਾਉਂਦੀ ਹੋਈ*

# ਰਿਹਾ ਦੀਵਾ ਬੁਝਦਾ ਜਦੋਂ ਵੀ, ਮੈਂ ਰੋਂਵਦੀ ਰਹੀ ਆਂ

***ਹਰਿੰਦਰ ਸਿੰਘ ਮਹਿਬੂਬ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ ਪਿਛਲੇ ਕੁਝ ਸਮੇਂ ਤੋਂ ਪ੍ਰੋਸਟ੍ਰੇਟ ਕੈਂਸਰ ਤੋਂ ਪੀੜਤ ਸਨ। ਹਰਿੰਦਰ ਸਿੰਘ ਮਹਿਬੂਬ ਨੂੰ ਆਪਣੀ ਕਿਤਾਬ 'ਝਨਾਂ ਦੀ ਰਾਤ' ਲਈ ਸਾਹਿਤ ਅਕੈਡਮੀ ਇਨਾਮ ਮਿਲਿਆ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਪਰ ਮਹਾਂਕਾਵਿ ਵੀ ਲਿਖੇ। ਉਨ੍ਹਾਂ ਦੀ ਮਹਾਂਕਾਵਿਕ ਰਚਨਾ ਹਾਲੇ ਅਧੂਰੀ ਹੀ ਸੀ ਕਿ ਉਨ੍ਹਾਂ ਨੂੰ ਕੈਂਸਰ ਜਿਹੀ ਨਾਮੁਰਾਦ ਬਿਮਾਰੀ ਨੇ ਘੇਰ ਲਿਆ। ਮਹਿਬੂਬ ਦੀ ਸਿੱਖ ਇਤਿਹਾਸ ਬਾਰੇ ਕਾਵਿਕ ਕਿਸਮ ਦੀ ਵਾਰਤਕ ਵਿਚ ਲਿਖੀ ਰਚਨਾ 'ਸਹਿਜੇ ਰਚਿਓ ਖ਼ਾਲਸਾ' ਵੀ ਪੰਜਾਬੀ ਬੌਧਿਕ ਹਲਕਿਆਂ ਵਿਚ ਕਾਫੀ ਚਰਚਿਤ ਹੋਈ ਸੀ। ਕੁਝ ਸਮਾਂ ਪਹਿਲਾਂ ਡਾ. ਵਨੀਤਾ ਨੇ ਹਰਿੰਦਰ ਸਿੰਘ ਮਹਿਬੂਬ ਨਾਲ ਇਕ ਲੰਮੀ ਇੰਟਰਵਿਊ ਕੀਤੀ ਸੀ। ਇਸ ਇੰਟਰਵਿਊ ਬਾਰੇ ਮਹਿਬੂਬ ਸਾਹਿਬ ਨੇ ਕਿਹਾ ਸੀ ਕਿ ਇਹ ਉਨ੍ਹਾਂ ਦੀ ਜ਼ਿੰਦਗੀ ਦੀ ਸਭ ਤੋਂ ਵਧੀਆ ਇੰਟਰਵਿਊ ਹੈ। ਉਂਜ ਉਨ੍ਹਾਂ ਗਿਣਤੀ ਦੀਆਂ ਹੀ ਕੁਝ ਇੰਟਰਵਿਊਆਂ ਦਿੱਤੀਆਂ ਸਨ। ਅਸੀਂ ਆਪਣੇ ਪਾਠਕਾਂ ਦੀ ਦਿਲਚਸਪੀ ਲਈ ਇਹ ਇੰਟਰਵਿਊ ਇਥੇ ਛਾਪ ਰਹੇ ਹਾਂ। -ਸੰਪਾਦਕ***

**? ਤੁਹਾਡਾ ਪਿਛੋਕੜ ਵੀ ਭੂਤਵਾੜੇ ਨਾਲ ਸੰਬੰਧਿਤ ਹੈ। ਭੂਤਵਾੜੇ ਤੋਂ ਤੁਸੀਂ ਕਵਿਤਾ ਤੇ ਅਧਿਐਨ ਵਿਚ ਕੀ ਕੁਝ ਪ੍ਰਾਪਤ ਕੀਤਾ?**

-ਭੈਣ ਵਨੀਤਾ! ਉਹ ਦਿਨ ਬਹੁਤ ਮਾਸੂਮ ਸਨ। ਉਦੋਂ ਪਿਆਰ ਹੀ ਪਿਆਰ ਸੀ, ਨਿਰੋਲ ਫਕੀਰੀ ਪਿਆਰ ਦੀ ਸ਼ਿੱਦਤ ਦੇ ਦਿਨ ਸਨ ਉਹ। ਘਰ ਨੂੰ ਅੱਠੇ ਪਹਿਰ ਜੰਦਰੇ ਨਾ ਲਾਉਣੇ, ਮਹਿਮਾਨਾਂ ਲਈ ਮਿਹਰਬਾਨ ਬਾਹਾਂ ਵਾਂਗ ਦਰਵਾਜ਼ੇ ਸਦਾ ਖੁਲ੍ਹੇ, ਪੌਣ ਅਹਾਰੀਆਂ ਵਰਗੀ ਬੇਫ਼ਿਕਰੀ, ਆਲੇ ਦੁਆਲੇ ਕਿਤਾਬਾਂ ਹੀ ਕਿਤਾਬਾਂ ਅਤੇ ਕਿਤਾਬਾਂ ਨਾਲ ਹਰ ਵਿਖਾਵੇ ਤੋਂ ਰਹਿਤ ਨਿਰਛਲ ਮੋਹ। ਉਨ੍ਹਾਂ ਦਿਨਾਂ ਵਿਚ ਮੈਂ ਰਿਗ ਵੇਦ, ਉਪਨਿਸ਼ਦਾਂ, ਰੂਸ ਦੇ ਮਹਾਨ ਨਾਵਲ, ਮਾਓ ਦੀਆਂ ਲਿਖਤਾਂ, ਜ਼ਿੰਦਗੀ ਅਤੇ 'ਲੰਮੇ ਕੂਚ' ਦੀ ਗਾਥਾ ਨੂੰ ਸਮਾਧੀ ਵਾਲੇ ਰੰਗ ਵਿਚ ਪੜ੍ਹਿਆ ਅਤੇ ਸੁਣਿਆ। ਜਾਪ ਸਾਹਿਬ ਅਤੇ ਜਪੁਜੀ ਦੇ ਸੈਂਕੜੇ ਪਾਠ ਕੀਤੇ। ਉਨ੍ਹਾਂ ਦਿਨਾਂ ਵਿਚ ਹੀ ਮੈਂ ਜ਼ਿੰਦਗੀ ਦੀ ਅਨੰਦ ਆਭਾ ਦੇ ਰਹੱਸ ਨੂੰ ਬੁੱਝਿਆ, ਜਿਸਦੀ ਰੌਸ਼ਨੀ ਮੇਰੇ ਅੱਜ ਕੱਲ੍ਹ ਲਿਖੇ ਜਾ ਰਹੇ ਲੰਮੇ ਮਹਾ ਕਾਵਿ ਵਿਚ ਛਿਣ-ਛਿਣ ਉਤਰ ਰਹੀ ਹੈ। ਉਨ੍ਹਾਂ ਦਿਨਾਂ ਵਿਚ ਪ੍ਰਾਪਤ ਕੀਤੀ ਆਪ ਮੁਹਾਰੀ ਮਾਸੂਮੀਅਤ ਨੂੰ ਮੈਂ ਤੇ ਲਾਲੀ ਸਾਹਿਬ ਨੇ ਹੁਣ ਤਕ ਸਾਂਭਿਆ ਹੋਇਆ ਹੈ, ਜਦੋਂਕਿ ਚਾਲਾਕ ਵਕਤ ਦੇ ਬੇਰਹਿਮ ਥਪੇੜਿਆਂ ਪਿਛੋਂ ਭੂਤਵਾੜੇ ਦੇ ਬਾਕੀ ਜਿਉਂਦੇ ਮੈਂਬਰਾਂ ਵਿਚ ਉਨ੍ਹਾਂ ਦਿਨਾਂ ਦੀ ਸੁਹਿਰਦਤਾ ਦੀ ਕੋਈ ਕੋਈ ਝਲਕ ਹੀ ਬਾਕੀ ਹੈ (ਦੋ ਮਰ ਚੁੱਕੇ ਹਨ, ਬਹੁਤੇ ਥੱਕੇ ਦੁਨੀਆਦਾਰ ਬਣ ਗਏ ਹਨ, ਨੂਰ, ਭੈਣ ਟਿਵਾਣਾ ਅਤੇ ਡਾ. ਗੁਰਭਗਤ ਸਿੰਘ ਵਿਚ ਕਾਫੀ ਕੁਝ ਬਾਕੀ ਹੈ ਪਰ ਪੁਰਾਣੇ ਦਿਨਾਂ ਦੀ ਨੂਰੀ ਨਿਰਲੇਪਤਾ ਦੇ ਮੈਂ ਤੇ ਲਾਲੀ ਸਾਹਿਬ ਹੀ ਸਹੀ ਜਾਨਸ਼ੀਨ ਹਾਂ। ਅਸਾਂ ਉਨ੍ਹਾਂ ਦਿਨਾਂ ਤੋਂ ਜੋ ਪਾਰੇ ਵਰਗੀ ਰਚਨਾਤਮਕ ਮਸਤੀ ਹਾਸਿਲ ਕੀਤੀ ਸੀ, ਉਹ ਸਹੀ ਸਲਾਮਤ ਹੈ।)

**? ਤੁਸੀਂ ਪਹਿਲਾਂ-ਪਹਿਲ ਮਾਓਵਾਦੀ ਅਤੇ ਮਾਰਕਸਵਾਦੀ ਰਹੇ ਤੇ ਬਾਅਦ ਵਿਚ ਬਿਲਕੁਲ ਦੂਜੇ ਪਾਸੇ ਖਾੜਕੂ ਸਿੱਖ ਲਹਿਰ ਦੇ ਹਮਦਰਦ ਬਣੇ-ਇਸ ਦੇ ਕਾਰਨ?**

-ਇਹ ਠੀਕ ਹੈ ਮੈਂ ਮਾਰਕਸ, ਲੈਨਿਨ, ਮਾਓ, ਲੰਮਾ ਕੂਚ ਅਤੇ ਰੂਸੀ ਇਨਕਲਾਬ ਦਾ ਆਸ਼ਿਕ ਰਿਹਾ ਹਾਂ, ਪਰ ਇਸਦੇ ਨਾਲ ਮੈਂ ਸਿੱਖ ਇਤਿਹਾਸ ਅਤੇ ਗੁਰਬਾਣੀ ਦਾ ਗਿਆਨੀ ਵੀ ਸਾਂ। ਘੱਟੋ ਘੱਟ ਮੈਂ ਨਾਸਤਕ ਕਦੇ ਵੀ ਨਹੀਂ ਸਾਂ। ਨੂਰ ਸਾਹਿਬ ਦਾ 'ਪ੍ਰੀਤ ਮਾਰਗ' ਆਲੋਚਨਾ ਅਤੇ ਮੋਹਨ ਸਿੰਘ ਦਾ 'ਪੰਜ ਦਰਿਆ' ਗਵਾਹ ਹਨ ਕਿ ਮੈਂ ਉਨ੍ਹਾਂ ਦਿਨਾਂ ਵਿਚ ਹੀ 'ਮਹਾ ਆਵੇਸ਼' (ਜਾਪੁ ਸਾਹਿਬ), 'ਮਹਾ ਪਰਵਾਜ਼' (ਜਪੁਜੀ 'ਟੈਗੋਰ ਦਾ ਵਿਸ਼ਵ ਮਨੁੱਖ', 'ਟੈਗੋਰ ਦਾ ਕਾਵਿ-ਅਨੁਭਵ', 'ਰਿਗ ਵੇਦ ਦੀਆਂ ਆਵਾਜ਼ਾਂ' ਅਤੇ 'ਵਾਰ ਐਂਡ ਪੀਸ ਅਤੇ ਕਾਵਿ ਅਨੁਭਵ' ਵਰਗੇ ਲੰਮੇ ਲੇਖਾਂ ਵਿਚ ਸਾਹਿਤਕ ਪ੍ਰਖ਼ਤਗੀ ਥਾਣੀ ਆਪਣੀ ਆਸਤਕਤਾ ਸਥਾਪਤ ਕੀਤੀ ਸੀ ਅਤੇ ਇਹ ਸਭ ਚੀਜ਼ਾਂ ਮੈਂ ਮਾਰਕਸਵਾਦ ਦੇ ਪਰੰਪਰਾਗਤ ਵਾਕੰਸ਼ਾਂ ਤੋਂ ਲਾਂਭੇ ਰਹਿਕੇ ਲਿਖੀਆਂ ਸਨ। 'ਖਾੜਕੂ ਸਿੱਖ ਲਹਿਰ ਦਾ ਹਮਦਰਦ' ਹੋਣਾ 'ਬਿਲਕੁਲ ਦੂਜੇ ਪਾਸੇ' ਜਾਣ ਵਾਲੀ ਗੱਲ ਨਹੀਂ। ਮਾਨਵਤਾ ਦੇ ਕਲਿਆਣ ਅਤੇ ਸੁਹਜਮਈ/ਕਾਵਿਮਈ ਜਗਤ ਦੇ ਸੁਪਨੇ ਨੇ ਹੀ ਮੈਨੂੰ ਮਾਰਕਸਵਾਦ ਦਾ ਗਿਆਨੀ ਬਣਾਇਆ ਸੀ, ਪਰ ਜਦੋਂ ਮੈਂ ਭਾਰਤੀ ਵਿਧਾਨ ਅਤੇ ਸਮਕਾਲੀ ਰਾਜਸੀ ਪ੍ਰਸਥਿਤੀਆਂ ਦੇ ਅਧਿਐਨ ਤੋਂ ਇਸ ਸਿੱਟੇ ਉਤੇ ਪੁੱਜਿਆ ਕਿ ਖ਼ਾਲਸੇ ਦੀ ਆਜ਼ਾਦ ਪਛਾਣ ਨੂੰ ਖ਼ਤਮ ਕਰਨ ਦੇ ਮਸ਼ਵਰੇ ਆਸਮਾਨਾਂ ਵਿਚ ਹਨ, ਤਾਂ ਮੈਂ ਸਾਹਿਤ ਦੇ ਮਾਧਿਅਮ ਥਾਣੀ ਆਪਣੀ ਵੇਦਨਾ ਦੱਸਣ ਦਾ ਰਾਹ ਚੁਣ ਲਿਆ। ਮੇਰਾ ਬਕੌਲ ਪੂਰਨ ਸਿੰਘ ਇਹ ਸਿਦਕ ਹੈ ਕਿ ਜੇ ਸਿੱਖ ਦੀ ਨਿਆਰੀ ਹਸਤੀ ਭਾਰਤ ਵਿਚੋਂ ਖ਼ਤਮ ਕਰ ਦਿੱਤੀ ਗਈ ਤਾਂ ਵਿਸ਼ਵ ਕਲਚਰ ਦੀ ਖ਼ੂਬਸੂਰਤੀ ਵਿਚੋਂ ਕੋਈ ਸਦੀਵੀ ਅਤੇ ਅਦੁੱਤੀ ਤੱਤ ਖ਼ਤਮ ਹੋ ਜਾਵੇਗਾ। ਸੋ ਮੈਂ ਸਿੱਖ ਸੰਘਰਸ਼ ਦਾ ਹਾਮੀ ਹੋ ਗਿਆ। ਜਿਨ੍ਹਾਂ ਆਸ਼ਿਕਾਂ ਨੇ ਤਰਕਸ਼ੀਲ ਅਧਿਐਨ ਪਿਛੋਂ ਭਾਰਤ ਵਿਚੋਂ ਸਿੱਖ ਧਰਮ ਦੇ ਮਿਟ ਜਾਣ ਦੀ ਚਿੰਤਾ ਸਹੇੜੀ ਹੈ ਉਹੀ ਸਿਰਲੱਥ ਦੀਵਾਨੇ ਮੇਰੇ ਇਸ ਧਰਮ ਯੁੱਧ ਦੇ ਵੇਦਨਾਮਈ ਨਾਅਰੇ ਦੇ ਅਰਥ ਸਮਝ ਸਕਦੇ ਹਨ।

**?ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਉਨ੍ਹਾਂ ਸਮਿਆਂ ਵਿਚ ਮਾਓ ਦੀਆਂ ਕਵਿਤਾਵਾਂ ਦਾ ਅਨੁਵਾਦ ਵੀ ਕੀਤਾ ਸੀ, ਜਿਸਦਾ ਨਾਂ ਰੱਖਿਆ ਸੀ 'ਤੇਗਾਂ ਦਾ ਵਣਜ'। ਉਨ੍ਹਾਂ ਕਵਿਤਾਵਾਂ ਦਾ ਕੀ ਬਣਿਆ?**

-ਵਨੀਤਾ ਭੈਣੇ! ਤੇਰੇ ਬੋਲ ਸੱਚ ਹਨ, ਪਰ ਮਾਓ ਦੀਆਂ ਕਵਿਤਾਵਾਂ ਅਤੇ ਲੰਮਾ ਕੂਚ ਦੇ ਕਿਤਾਬਚੇ ਦਾ ਨਾਮ 'ਤੇਗਾਂ ਦਾ ਵਣਜ' ਨਹੀਂ ਸੀ, ਸਗੋਂ ਅਸਲੀ ਸਿਰਲੇਖ 'ਸਮਸ਼ੀਰਾਂ ਦਾ ਵਜਦ' ਸੀ। ਮੈਂ ਉਨ੍ਹਾਂ ਦਿਨਾਂ ਵਿਚ ਚੀਨ ਦੀਆਂ ਸਾਹਿਤਕ, ਦਾਰਸ਼ਨਿਕ ਅਤੇ ਮਿਥਿਹਾਸਕ ਪਰੰਪਰਾਵਾਂ ਦੇ ਨਿਰਵਿਘਨ ਧਿਆਨ ਵਿਚ ਮਾਓ ਦੀਆਂ ਕਵਿਤਾਵਾਂ ਦੇ ਸਰੋਦੀ ਰੰਗ ਵਿਚ ਰੰਗੀਜ ਕੇ ਤਰਜਮਾ ਕੀਤਾ ਸੀ ਅਤੇ ਲੰਮੇ ਕੂਚ ਦੀਆਂ ਭੂਗੋਲਿਕ ਅਤੇ ਸੰਘਰਸ਼ਕ ਦਿਸ਼ਾਵਾਂ ਦੇ ਸੁਹਜ ਨੂੰ ਬਿਆਨ ਕਰਦਾ ਇਕ ਕਿਤਾਬਚਾ 'ਸ਼ਮਸ਼ੀਰਾਂ ਦੇ ਵਜਦ' ਦੇ ਸਿਰਲੇਖ ਹੇਠ ਰਚਿਆ ਸੀ, ਜਿਹੜਾ ਬਾਅਦ ਵਿਚ ਮੈਂ 'ਸਹਿਜੇ ਰਚਿਓ ਖ਼ਾਲਸਾ' ਦੇ ਆਖਰੀ ਕਾਂਡ (ਅੱਠਵੀਂ ਕਿਤਾਬ) ਦਾ ਸਿਰਲੇਖ ਬਣਾ ਲਿਆ। ਜਿਹੜੇ ਵਿਦਵਾਨ ਜਾਣਦੇ ਹਨ ਕਿ ਮਾਓ ਉਤੇ ਬੁੱਧ ਧਰਮ, ਕਨਫਿਊਸ਼ੀਅਸ ਅਤੇ ਚੀਨ ਦੀ ਕੁਦਰਤ-ਰੰਗੀ, ਮਿਥਿਹਾਸਕ ਅਤੇ ਰਹੱਸਮਈ ਝੁਕਾਵਾਂ ਵਾਲੀ ਪ੍ਰਾਚੀਨ ਕਵਿਤਾ ਦਾ ਡੂੰਘਾ ਅਸਰ ਸੀ, ਉਹ ਮੇਰੇ ਸਿੱਖ ਸੰਘਰਸ਼ ਨਾਲ ਜੁੜਨ ਨੂੰ ਗ਼ੈਰ ਕੁਦਰਤੀ ਨਹੀਂ ਮੰਨਣਗੇ। ਮਾਓ ਦੀਆਂ ਅਨੁਵਾਦਿਤ ਕਵਿਤਾਵਾਂ, ਲੰਮਾ ਕੂਚ ਦੀ ਸੁਹਜਮਈ ਵਾਰਤਕ ਚਿਤ੍ਰਨ ਅਤੇ ਲੈਨਿਨ ਉਤੇ ਲਿਖਿਆ ਅਧੂਰਾ ਮਹਾ ਕਾਵਿ 'ਕ੍ਰਾਂਤੀਆਂ ਦਾ ਧਰੁਵ ਤਾਰਾ' ਕੁਝ ਮੇਰੇ ਹੱਥੋਂ ਅਤੇ ਕੁਝ ਜ਼ੋਰਾਵਰ ਵਕਤ ਹੱਥੋਂ ਖ਼ਤਮ ਹੋ ਗਏ ਹਨ। ਕਦੇ ਕਦੇ ਹੁਣ ਵੀ 'ਲੰਮਾ ਕੂਚ' ਦਾ ਦਰਿਆਈ ਆਵੇਸ਼ ਆਉਂਦਾ ਹੈ, ਪਰ ਮੈਂ ਦਬਾ ਦਿੰਦਾ ਹਾਂ ਕਿਉਂਕਿ ਮਾਨਵਤਾ ਦੇ ਭਲੇ ਲਈ ਮੈਂ ਆਪਣੀ ਆਤਮਾ ਸਿੱਖ ਧਰਮ ਦੀ ਸਾਬਤ ਸੂਰਤ (ਰੂਹਾਨੀ ਅਤੇ ਸਰੀਰਕ) ਨੂੰ ਸਮਰਪਿਤ ਕੀਤੀ ਹੋਈ ਹੈ।

**?ਤੁਹਾਨੂੰ 'ਝਨਾਂ ਦੀ ਰਾਤ' ਪੁਸਤਕ 'ਤੇ ਜਦੋਂ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ, ਇਸ ਬਾਰੇ ਕਾਫੀ ਵਾਦ-ਵਿਵਾਦ ਪੈਦਾ ਹੋਇਆ, ਜੋ ਖ਼ਾਸ ਕਰਕੇ ਉਸ ਕਿਤਾਬ ਦੀ ਅਖ਼ੀਰਲੀ ਕਵਿਤਾ ਬਾਰੇ ਸੀ। ਕਈ ਆਖਦੇ ਹਨ ਕਿ ਤੁਸੀਂ ਉਹ ਕਵਿਤਾ ਵਾਪਸ ਲੈ ਲਈ ਸੀ, ਸੋ ਮੈਂ ਇਸ ਬਾਰੇ ਸੱਚ ਜਾਨਣਾ ਚਾਹੁੰਦੀ ਹਾਂ?**

-ਐਸੀ ਗੱਲ ਕਦੇ ਨਹੀਂ ਵਾਪਰੀ...ਸ਼ਾਲਾ! ਕਦੇ ਵਾਪਰੇ ਵੀ ਨਾਂਹ। ਵਨੀਤਾ ਜੀਓ! ਜਿਸ ਕਵੀ ਨੇ ਨਾਰੀ, ਸ਼ੁਹਰਤ ਅਤੇ ਪੈਸੇ ਦੀਆਂ ਤਿੰਨ ਤ੍ਰਿਸ਼ਨਾਵਾਂ ਨੂੰ ਜਿੱਤਿਆ ਹੋਵੇ, ਉਸਨੂੰ ਇਹ ਜਰਵਾਣਾ ਜਗਤ ਤੋੜ ਤਾਂ ਸਕਦਾ ਹੈ, ਪਰ ਹਰਾ ਨਹੀਂ ਸਕਦਾ। 'ਸ਼ਹੀਦ ਦੀ ਅਰਦਾਸ' (ਲੰਮੀ ਕਵਿਤਾ) ਅਤੇ ਇਸ ਸੰਗ੍ਰਹਿ ਦੀਆਂ ਬਾਕੀ ਕਵਿਤਾਵਾਂ ਵਾਂਗ ਹੀ ਆਖਰੀ ਕਵਿਤਾ ਵੀ ਮੌਤ ਬਾਰੇ ਹੈ। ਮੇਰੀ ਸਮੁੱਚੀ ਕਵਿਤਾ ਵਿਚ ਹੀ ਦਾਰਸ਼ਨਿਕ ਪੱਧਰ ਉਤੇ ਮੌਤ ਦੇ ਗੁਪਤ ਨਜ਼ਾਮ ਨਾਲ ਮੇਰਾ ਤਖ਼ੱਈਅਲ ਵਾਰ ਵਾਰ ਟਕਰਾ ਕੇ

**ਮੁਲਾਕਾਤੀ :ਡਾ. ਵਨੀਤਾ**

ਹਯਾਤੀ ਦੇ ਜ਼ਿੰਦਾ ਰਹਿਣ ਦੇ ਸਿਦਕੀ ਜਸ਼ਨ ਵਿਚ ਸ਼ਾਮਿਲ ਹੁੰਦਾ ਹੈ। 'ਝਨਾਂ ਦੀ ਰਾਤ' (ਛੇਵੀਂ ਕਿਤਾਬ) ਵਿਚ 146 ਸਫੇ ਦੀ ਲੰਮੀ ਕਵਿਤਾ 'ਕੁਰਲਾਉਂਦੇ ਕਾਫ਼ਲੇ' (1947 ਦੀ ਵੇਦਨਾ) ਵਿਚ ਮੌਤ ਦੇ ਲੰਮੇ ਦ੍ਰਿਸ਼ ਪਿਛੋਂ ਪਰਾ-ਸੁੰਦਰਤਾ ਵਾਲੀ ਰਾਵੀ ਨਾਰ ਭਾਵ ਹਯਾਤੀ ਦਾ ਉਜਾਲਾ ਹੁੰਦਾ ਹੈ। ਝਨਾਂ ਦੀ ਰਾਤ (70 ਸਫ਼ੇ), ਸੋਹਣੀ ਦੀ ਆਖਰੀ ਰਾਤ (15 ਸਫ਼ੇ) ਅਤੇ ਮਿਰਜ਼ੇ ਦੀ ਨੀਂਦ (17 ਸਫ਼ੇ) ਆਦਿ ਲੰਮੀਆਂ ਕਵਿਤਾਵਾਂ ਵਿਚ ਵੀ ਮੌਤ ਦੀ ਤੀਬਰ ਪ੍ਰਤੀਤ ਨਾਲ ਜੀਵਨ ਦੇ ਹੁਸਨ ਦੀ ਕਾਂਗ (ਵਿਸ਼ੇਸ਼ ਸੁੰਦਰ ਨਾਰੀਆਂ ਦੇ ਜਿਉਂਦੇ ਜਾਗਦੇ ਪ੍ਰਤੀਕਾਂ) ਨੂੰ ਗੁਲਾਬੀ ਸਰਘੀਆਂ ਵਾਂਗ ਉਦੈ ਕੀਤਾ ਗਿਆ ਹੈ। ਮੌਤ ਬਾਰੇ ਆਖਰੀ ਕਵਿਤਾ ਸਮਕਾਲੀ ਸਥਿਤੀ (ਬਲੂ ਸਟਾਰ) ਬਾਰੇ ਹੋਣ ਕਾਰਨ ਨਾਇਕਾ ਦਾ ਚਿਹਰਾ ਰਾਵੀ, ਲਿਵਲੀਨ, ਹੂਰ, ਸੋਹਣੀ ਤੇ ਸਾਹਿਬਾਂ ਵਾਂਗ ਨੂਰਾਨੀ ਹੋਣ ਦੀ ਥਾਂ ਲੇਡੀ ਮੈਕਬੈਥ ਵਰਗਾ ਹੋਣਾ ਕੁਦਰਤੀ ਸੀ ਅਤੇ ਉਥੇ ਜੀਵਨ ਦੀ ਤਰੰਗ ਲਹਿਰਾਉਣ ਦਾ ਕੰਮ ਨਾਰਾਂ ਦੀ ਥਾਂ ਸ਼ਹੀਦਾਂ ਅਤੇ ਦੈਵੀ ਮਰਦਾਂ ਨੇ ਸੰਭਾਲ ਲਿਆ ਜਿਹਨਾਂ ਵਿਚ ਸਾਈਂ ਮੀਆਂ ਮੀਰ ਅਤੇ ਸ਼ਹੀਦ ਗੁਰੂ ਅਰਜਨ ਸਾਹਿਬ ਦਾ ਰਾਵੀ ਦਰਿਆ ਵਿਚੋਂ ਉਠੰਦਾ ਦੈਵੀ ਹੱਥ ਵੀ ਸ਼ਾਮਿਲ ਹਨ। ਫਿਰ ਵੀ ਤੰਗ ਦਿਲ ਲੋਕਾਂ ਨੇ ਵਾਵੇਲਾ ਖੜ੍ਹਾ ਕਰ ਦਿੱਤਾ। ਮੈਂ ਆਪਣੀ ਸਮੁੱਚੀ ਕਵਿਤਾ ਦੇ ਕੁਦਰਤੀ ਪੈਟਰਨ ਵਿਚੋਂ ਉਭਰਦੀ ਨਜ਼ਮ ਨੂੰ ਵਾਪਸ ਲੈ ਕੇ ਤੰਗ ਦਿਲ ਲੋਕਾਂ ਅੱਗੇ ਆਪਣਾ ਸਿਦਕੀ ਸੀਸ ਕਿਉਂ ਝੁਕਾਉਂਦਾ?

**?'ਝਨਾਂ ਦੀ ਰਾਤ' ਵਿਚ ਤੁਹਾਡੀਆਂ ਸ਼ਾਇਦ ਅੱਠ ਪੁਸਤਕਾਂ ਨੇ। ਤੁਸੀਂ ਅੱਠੇ ਇਕੱਠੀਆਂ ਕਿਉਂ ਪ੍ਰਕਾਸ਼ਤ ਕੀਤੀਆਂ?**

-'ਝਨਾਂ ਦੀ ਰਾਤ' ਵਿਚ ਸੱਤ ਪੁਸਤਕਾਂ ਸ਼ਾਮਿਲ ਹਨ। ਸੱਤ ਪੁਸਤਕਾਂ ਇਕ ਜਿਲਦ ਵਿਚ ਛਾਪਣ ਦਾ ਕਾਰਨ ਪੈਸੇ ਅਤੇ ਵਕਤ ਦੀ ਬਚਤ ਕਰਨ ਤੋਂ ਸਿਵਾ ਹੋਰ ਕੁਝ ਨਹੀਂ ਸੀ। ਕਾਲਜ ਦਾ ਇਕ ਪ੍ਰੋਫੈਸਰ ਜਿਸਨੇ ਨਾ ਤਾਂ ਕਦੇ ਟਿਊਸ਼ਨ ਕੀਤੀ ਹੋਵੇ, ਨਾ ਕਦੇ ਪਰਚੇ ਵੇਖੇ ਹੋਣ ਅਤੇ ਨਾ ਕਦੇ ਇਮਤਿਹਾਨੀ ਡਿਊਟੀ ਦਿੱਤੀ ਹੋਵੇ, ਪਰ ਜਿਸਨੇ ਕਿਤਾਬਾਂ ਖ਼ਰੀਦਣ ਵਿਚ ਪੈਸਾ ਪਾਣੀ ਵਾਂਗ ਵਹਾਇਆ ਹੋਵੇ, ਅਜਿਹੇ ਵਿਅਕਤੀ ਕੋਲ ਥੋੜ੍ਹੇ-ਥੋੜ੍ਹੇ ਵਕਫ਼ੇ ਪਿਛੋਂ ਸੱਤ ਅੱਠ ਕਿਤਾਬਾਂ ਛਾਪਣ ਜੋਗੀ ਮਾਇਆ ਅਤੇ ਵਕਤ ਦਾ ਹੋਣਾ ਸੰਭਵ ਹੀ ਨਹੀਂ ਸੀ।

**?ਕੀ 'ਝਨਾਂ ਦੀ ਰਾਤ' ਦੀਆਂ ਜੋ ਪੁਸਤਕਾਂ ਨੇ, ਇਹ ਉਨ੍ਹਾਂ ਪੁਸਤਕਾਂ ਦੀਆਂ ਚੋਣਵੀਆਂ ਕਵਿਤਾਵਾਂ ਹਨ ਜਾਂ ਸਮੁੱਚੀ?**

-ਪਹਿਲੀ, ਦੂਸਰੀ ਅਤੇ ਸੱਤਵੀਂ ਕਿਤਾਬ ਪੈਸੇ ਦੀ ਘਾਟ ਕਾਰਨ ਪੂਰੀਆਂ ਨਹੀਂ ਸਨ ਛਾਪੀਆਂ ਗੀਆਂ, ਬਾਕੀ ਤਕਰੀਬਨ ਮੁਕੰਮਲ ਹਨ। ਤੀਸਰੀ ਕਿਤਾਬ 'ਪਿਆਰੇ ਦਾ ਦੇਸ' ਵਿਚ ਰਾਸ਼ਟਰ ਪਿਤਾ ਉਤੇ 'ਸੱਚ' ਸਿਰਲੇਖ ਹੇਠ ਇਕ ਵਿਅੰਗ ਨੂੰ ਸਮੇਂ ਦੀ ਨਜ਼ਾਕਤ ਦਾ ਖਿਆਲ ਰਖਦਿਆਂ ਨਹੀਂ ਸੀ ਛਾਪਿਆ ਗਿਆ, ਪਰ....

**?ਤੁਸੀਂ 'ਝਨਾਂ ਦੀ ਰਾਤ' ਦੀ ਕਵਿਤਾ ਵਿਚ ਪ੍ਰਗੀਤ ਨਾਲ ਬਹੁਤ ਡੂੰਘੀ ਤਰ੍ਹਾਂ ਜੁੜੇ ਹੋਏ ਹੋ, ਭਾਵੇਂ ਬਿਰਤਾਂਤ ਵਾਲੀਆਂ ਨਜ਼ਮਾਂ ਵੀ ਹਨ ਪਰ ਪ੍ਰਗੀਤਕ ਹੋਣ ਦੀ ਚੇਤਨਾ ਬਾਰੇ ਤੁਹਾਡਾ ਕੀ ਖ਼ਿਆਲ ਹੈ?**

-ਲੋਕ ਸਾਹਿਤ ਨਾਲ ਮੇਰਾ ਮੁੱਢ ਕਦੀਮੀ ਮੋਹ ਹੈ। ਮੈਂ ਡਾ. ਵਣਜਾਰਾ ਬੇਦੀ, ਗਿਆਨੀ ਗੁਰਦਿੱਤ ਸਿੰਘ, ਡਾ. ਨਾਹਰ ਸਿੰਘ ਅਤੇ ਦਵਿੰਦਰ ਸਤਿਆਰਥੀ ਦੇ ਲੋਕ ਸਾਹਿਤ ਤੋਂ ਬਿਨਾਂ ਭਾਰਤ, ਬਰ੍ਹਮਾ, ਤਿੱਬਤ, ਚੀਨ, ਰੂਸ, ਈਰਾਨ, ਅਫ਼ਗਾਨਿਸਤਾਨ, ਸਿੰਧ ਅਤੇ ਬਲੋਚਿਸਤਾਨ ਦੇ ਲੋਕ ਸਾਹਿਤ ਅਤੇ ਇਸ ਨਾਲ ਜੁੜੇ ਸੂਫੀ ਸਾਹਿਤ ਨੂੰ ਪੜ੍ਹਿਆ ਅਤੇ ਮਾਣਿਆ ਹੈ। ਮੈਂ ਇਹ ਅਦੁੱਤੀ ਦਾਤ ਮਨਪਸੰਦ ਦੇ ਬੱਚਿਆਂ ਉਤੇ ਆਲੇ ਦੁਆਲੇ ਮੀਂਹ ਵਾਂਗ ਵਰਸਾਉਂਦਾ ਰਹਿੰਦਾ ਹਾਂ। ਸੋ ਅਜਿਹੇ ਮਾਸੂਮ ਤੇ ਕੁਦਰਤੀ ਮਾਹੌਲ ਵਿਚੋਂ ਪ੍ਰਗੀਤ ਦੇ ਆਪ ਮੁਹਾਰੇ ਚਸ਼ਮਿਆਂ ਨੇ ਫੁੱਟਣਾ ਹੀ ਹੋਇਆ।




ਲੋਕ ਸਾਹਿਤ ਦੇ ਰਸਿਕ ਪਾਠ ਦੀਆਂ ਜੜ੍ਹਾਂ ਪ੍ਰਗੀਤ ਤੋਂ ਬਿਨਾਂ ਮਹਾ ਕਾਵਿਕ ਆਭਾ ਵਿਚ ਵੀ ਲੱਗੀਆਂ ਹੁੰਦੀਆਂ ਹਨ। ਅੱਜ ਕੱਲ੍ਹ ਮੇਰੇ ਅਤੇ ਵਾਲਟ ਵਿਟਮੈਨ ਉਤੇ ਪੀ ਐਚ ਡੀ ਕਰ ਰਹੀ ਇਕ ਕੁੜੀ ਨੂੰ ਮੈਂ ਹੈਰਾਨੀ ਵਿਚ ਕਿਹਾ, ''ਬੀਬੀ! ਮੈਨੂੰ ਤਾਂ ਆਪਣੇ ਅਤੇ ਵਾਲਟ ਵਿਚ ਕੋਈ ਸਾਂਝ ਨਜ਼ਰ ਨਹੀਂ ਆਉਂਦੀ।'' ਵਿਦਵਾਨ ਲੜਕੀ ਨੇ ਸਹਿਜ ਨਾਲ ਬਹੁਤ ਸਾਰੀਆਂ ਦਲੀਲਾਂ ਦੇਣ ਪਿਛੋਂ ਇਹ ਸਿੱਟਾ ਕੱਢਿਆ, 'ਵਾਲਟ ਨੇ ਤੁਹਾਡੇ ਪੜਾ ਉਤੇ ਆਕੇ ਖੁੱਲ੍ਹੀ ਕਵਿਤਾ ਦੇ ਨਾਲ ਨਾਲ ਲਿਰਿਕ ਦੀ ਪੁਸ਼ਾਕ ਵੀ ਪਹਿਨ ਲਈ।' 'ਝਨਾ ਦੀ ਰਾਤ' ਤੇ ਮੇਰੇ ਅੱਜ ਕੱਲ੍ਹ ਲਿਖੇ ਜਾ ਰਹੇ ਮਹਾ ਕਾਵਿ (ਜਿਲਦ ਚਾਰ) ਵਿਚ ਪ੍ਰਗੀਤਕ ਚੇਤਨਾ ਦੀ ਬਹੁਲਤਾ ਦੀ ਇਹੋ ਦਲੀਲ ਹੈ।

**?'ਝਨਾਂ ਦੀ ਰਾਤ' ਭਾਵੇਂ ਵੱਖ-ਵੱਖ ਕਵਿਤਾਵਾਂ ਦਾ ਸੰਗ੍ਰਿਹ ਹੈ ਪਰ ਇਹ ਇਕ ਲੰਮੀ ਕਵਿਤਾ ਦਾ ਪ੍ਰਭਾਵ ਵੀ ਛੱਡਦੀ ਹੈ ਜਿਸਦੇ ਕੇਂਦਰ ਵਿਚ ਪੰਜਾਬ ਹੈ, ਸਾਂਝਾ ਪੰਜਾਬੀ ਸਭਿਆਚਾਰ, ਸੂਫੀ ਆਵੇਸ਼ ਹੈ, ਸਿੱਖ ਅਨੁਭਵ ਉਸ ਨਾਲ ਸੰਯੁਕਤ ਹੋ ਜਾਂਦਾ ਹੈ। ਕੀ ਤੁਸੀਂ ਮਹਿਸੂਸ ਨਹੀਂ ਕਰਦੇ ਕਿ ਇਉਂ ਲੰਮੀ ਕਵਿਤਾ ਲਿਖਣ ਦੇ ਅਵਚੇਤਨ ਨਾਲ ਤੁਸੀਂ ਸ਼ੁਰੂ ਤੋਂ ਹੀ ਜੁੜੇ ਹੋਏ ਹੋ?**

-ਤੁਸਾਂ ਲਗਭਗ ਦਰੁਸਤ ਫ਼ਰਮਾਇਆ ਹੈ। 'ਝਨਾਂ ਦੀ ਰਾਤ' ਦੇ ਕਿਸੇ ਨਿਰਾਕਾਰ ਕੇਂਦਰ 'ਤੇ ਮੌਤ ਅਤੇ ਹਯਾਤੀ ਦੀ ਅਸਤਿੱਤਵੀ ਕਸ਼ਮਕਸ਼ ਤੇ ਟੈਨਸ਼ਨ ਹੈ ਜਿਹੜੀ ਕਿ ਤੁਹਾਡੇ ਕਹੇ ਵਾਕੰਸ਼ਾਂ ਨੂੰ ਨਾਜ਼ਕ ਪ੍ਰਤੀਕਾਂ ਜਾਂ ਸੰਵੇਦਨਸ਼ੀਲ ਦ੍ਰਿਸ਼ਟਾਂਤਾਂ ਜਾਂ ਜੀਵਨ ਦਾ ਸਾਹ ਲੈਂਦੇ ਚਿਹਨਾਂ ਵਿਚ ਢਾਲਕੇ ਇਕੋ ਸਮੇਂ ਧੁੱਪ ਅਤੇ ਹਨੇਰੇ ਵਾਂਗ ਨਿਰੰਤਰ ਫੈਲ ਰਹੀ ਹੈ। ਇਥੋਂ ਤੱਕ ਕਿ 'ਝਨਾਂ ਦੀ ਰਾਤ' ਦੇ ਸਾਦੇ ਬਿਰਤਾਂਤ ਵੀ ਇਸਦੇ ਸਮੁੱਚ ਨਾਲੋਂ ਵੱਖ ਨਹੀਂ ਹਨ। ਪੰਜ ਸਰਗਾਂ ਵਿਚ ਵੰਡੀ ਲੰਮੀ ਕਵਿਤਾ 'ਕੁਰਲਾਉਂਦੇ ਕਾਫ਼ਲੇ' ਮੌਤ ਅਤੇ ਜੀਵਨ ਦੇ ਅਸਤਿੱਤਵੀ ਬਿੰਬ ਨੂੰ ਉਚਿਆਉਂਦੀ ਹੈ ਜਿਹੜੀ ਝਨਾਂ ਦੀ ਰਾਤ ਦੀਆਂ ਹੋਰਨਾਂ ਲੰਮੀਆਂ ਕਵਿਤਾਵਾਂ ਵਾਂਗ ਮੇਰੇ ਨਵ ਰਹੇ ਮਹਾ ਕਾਵਿ ਦਾ ਟਰੇਲਰ ਹੀ ਹੈ। ਆਰਥਿਕ ਸੰਕਟ ਨਾ ਹੋਣ ਦੀ ਸੂਰਤ ਵਿਚ ਜੇ ਮੈਂ 'ਝਨਾਂ ਦੀ ਰਾਤ' ਦੀਆਂ ਤਿੰਨ ਕਿਤਾਬਾਂ ਨੂੰ ਪੂਰੀਆਂ ਛਾਪਦਾ ਅਤੇ ਅੱਠਵੀਂ ਕਿਤਾਬ 'ਸੋ ਦਰੁ' ਨੂੰ ਵੀ ਸ਼ਾਮਿਲ ਕਰ ਲੈਂਦਾ ਤਾਂ 'ਝਨਾਂ ਦੀ ਰਾਤ' ਹਨੇਰੇ ਤੋਂ ਰੋਸ਼ਨੀ ਦੇ ਬਿੰਬ ਵਾਲਾ ਮਹਾ ਕਾਵਿ ਬਣ ਜਾਂਦਾ। ਸੋ ਮਹਾ ਕਾਵਿ ਦੀ ਚੌਥੀ ਜਿਲਦ ਛਪਣ ਪਿਛੋਂ ਜਦੋਂ ਕੋਈ ਟਕਸਾਲੀ ਆਲੋਚਕ ਆਪਣੀ ਅਲਸਾਈ ਨੀਂਦ ਉਤਾਰ ਕੇ ਉੱਠਿਆ, ਤਾਂ ਉਹ 'ਝਨਾਂ ਦੀ ਰਾਤ' ਨੂੰ ਮਹਾ ਕਾਵਿ ਹੀ ਸਵੀਕਾਰ ਕਰੇਗਾ।

**?'ਝਨਾਂ ਦੀ ਰਾਤ' ਦੇ ਸ਼ੁਰੂ ਵਿਚ ਤੁਸੀਂ ਕਾਵਿ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਲੰਮੀ ਭੂਮਿਕਾ ਲਿਖੀ। ਆਪਣੀ ਕਵਿਤਾ ਲਈ ਡੀਫੈਂਸ ਦੀ ਇੰਨੀ ਲੋੜ ਕਿਉਂ ਪਈ?**

-ਉਹ ਲੰਮੀ ਭੂਮਿਕਾ ਪੇਸ਼ ਕੀਤੀ ਜਾ ਰਹੀ ਕਵਿਤਾ ਦਾ ਡੀਫੈਂਸ ਨਹੀਂ ਸੀ। ਉਸ ਵਿਚ ਮੈਂ ਆਪਣੀ ਕਵਿਤਾ ਬਾਰੇ ਤਾਂ ਇਕ ਲਫ਼ਜ਼ ਵੀ ਨਹੀਂ ਕਿਹਾ।ਉਹ ਭੂਮਿਕਾ ਵਰਡਜ਼ਵਰਥ ਅਤੇ ਕੌਲਰਿਜ ਦੀ The Lyrical Ballads ਦੀ ਭੂਮਿਕਾ ਵਾਂਗ ਵਿਸ਼ਵ ਅਤੇ ਪੰਜਾਬੀ ਕਵਿਤਾ ਦੇ ਸੰਦਰਭ ਵਿਚ ਮੇਰੇ ਕਾਵਿ ਸ਼ਾਸਤਰ ਦੀ ਸੰਖਿਪਤ ਪੇਸ਼ਕਾਰੀ ਸੀ, ਜਿਹੜੀ ਕਿ 'ਝਨਾਂ ਦੀ ਰਾਤ' ਦੀ ਇਕ ਲੰਮੀ ਕਵਿਤਾ ਵਾਂਗ ਹੀ ਹੈ। ਅਸਲ ਵਿਚ ਇਹ ਭੂਮਿਕਾ ਮੇਰਾ ਕਾਵਿ ਮੈਨੀਫੈਸਟੋ ਹੈ, ਜਿਸਦੇ ਸ਼ੁਰੂ ਵਿਚ ਹੀ ਮੈਂ ਕਹਿ ਦਿੱਤਾ ਹੈ ਕਿ ਮੈਂ ਇਸ ਤੋਂ ਬਾਹਰ ਹਾਂ। 'ਝਨਾਂ ਦੀ ਰਾਤ' ਉਤੇ ਲਿਖੇ ਲੇਖ ਵਿਚ ਗੁਰਬਚਨ ਠੀਕ ਲਿਖਦਾ ਹੈ, ਜਿਸਦਾ ਭਾਵ ਮੇਰੀ ਤੁੱਛ ਸਮਝ ਅਨੁਸਾਰ ਇਹ ਹੈ ਕਿ ਪੂਰਨ ਸਿੰਘ ਪਿਛੋਂ ਪਹਿਲੀ ਵਾਰ ਉਭਰੇ ਇਸ ਕਾਵਿ ਸ਼ਾਸਤਰ ਨੂੰ ਤਰਕਵਾਦੀ ਢੰਗ ਨਾਲ ਸਫ਼ਲਤਾ ਸਹਿਤ ਰੱਦੇ ਬਿਨਾਂ ਪੰਜਾਬੀ ਵਿਚ ਕੋਈ ਨਵਾਂ ਕਾਵਿ-ਸ਼ਾਸਤਰ ਮੌਲਿਕ ਨਹੀਂ ਕਹਿਲਾਏਗਾ।

**?ਸਿੱਖ ਇਤਿਹਾਸ ਬਾਰੇ ਤੁਸੀਂ 'ਸਹਿਜੇ ਰਚਿਓ ਖ਼ਾਲਸਾ' ਬਹੁਤ ਵਿਸਤ੍ਰਿਤ ਪੁਸਤਕ ਲਿਖੀ। ਇਹ ਤੁਹਾਡੇ ਕਿੰਨੇ ਵਰ੍ਹਿਆਂ ਦੀ ਘਾਲਣਾ ਹੈ। ਤੁਸੀਂ ਫਾਰਸੀ ਅਤੇ ਅਰਬੀ ਦੇ ਸਰੋਤਾਂ ਤੱਕ ਕਿਵੇਂ ਪਹੁੰਚੇ?**

-ਪਿਆਰੀ ਭੈਣ! 'ਸਹਿਜੇ ਰਚਿਓ ਖ਼ਾਲਸਾ' ਦੇ ਵਰ੍ਹਿਆਂ ਦੀ ਗਿਣਤੀ ਤਾਂ ਮੇਰੇ 1979 ਈ. ਦੇ ਵਰ੍ਹਿਆਂ ਤੱਕ ਖਿਲਰੀ ਪਈ ਹੈ। ਤੁਹਾਡਾ ਇਹ ਸਾਦਾ ਜਿਹਾ ਪ੍ਰਸ਼ਨ ਮੇਰੇ ਲਈ ਬਹੁਤ ਜਟਿਲ ਹੈ। ਇਹ ਕਿਤਾਬ ਲਿਖਣ ਦਾ ਖ਼ਿਆਲ ਤਾਂ ਮੇਰੇ ਫ਼ਰਿਸ਼ਤਿਆਂ ਨੂੰ ਵੀ ਨਹੀਂ ਸੀ। ਯੋਜਨਾ ਅਧੀਨ ਤਾਂ ਮੈਂ ਮਾਰਕਸਵਾਦ ਦੀਆਂ ਇਸਤਲਾਹਾਂ (terms) ਵਰਤੇ ਬਿਨਾਂ 'ਪੰਜਾਬੀ ਸਾਹਿਤ ਦਾ ਇਤਿਹਾਸ' ਅਤੇ ਅਸਲੀ 'ਮਹਾਤਮਾ' ਗਾਂਧੀ ਉਤੇ ਵਿਸਤ੍ਰਿਤ ਕਿਤਾਬਾਂ ਲਿਖਣੀਆਂ ਚਾਹੁੰਦਾ ਸਾਂ ਜਿਹਨਾਂ ਦੀ ਤਿਆਰੀ ਵਿਚ ਮੈਂ ਨਿਰੰਤਰ ਅੱਠ ਸਾਲ ਘਾਟ ਘਾਟ ਦਾ ਪਾਣੀ ਪੀਤਾ ਸੀ, ਪਰ ਦੋਵਾਂ ਪੰਜਾਬਾਂ ਵਿਚ ਸਭ ਤੋਂ ਮਿੱਠੀ ਹੀਰ ਗਾਉਣ ਵਾਲੇ ਮੇਰੇ ਸਵਰਗੀ ਦੋਸਤ ਜੋਗਿੰਦਰ ਸਿੰਘ ਹੀਰ ਨੇ ਮੈਨੂੰ 1970 ਵਿਚ 'ਜਬ ਲਗ ਰਹੇ ਖ਼ਾਲਸਾ ਨਿਆਰਾ' (ਸਹਿਜੇ...) ਲਿਖਣ ਦਾ ਰੋ ਰੋ ਕੇ ਹੁਕਮ ਦਿੱਤਾ। ਡਾ. ਹਰਿਭਜਨ ਸਿੰਘ ਜਿਸਨੂੰ ਅਸੀਂ ਸੰਤ ਸਿੰਘ ਸੇਖੋਂ ਨਾਲੋਂ ਕਿਤੇ ਵੱਡਾ ਜੀਨੀਅਸ ਮੰਨਦੇ ਸਾਂ, ਬਾਰੇ ਸਾਡਾ ਦੋਵਾਂ ਦਾ ਖ਼ਿਆਲ ਸੀ ਕਿ ਉਹ ਪੰਜਾਬੀ ਦਾ ਬੇਨਜ਼ੀਰ ਇਤਿਹਾਸ ਲਿਖੇਗਾ (ਪਰ ਇਹ ਆਸ ਕਦੇ ਪੂਰੀ

ਨ ਹੋਈ)। ਸੋ ਬਰਬਾਦ ਹੋ ਰਹੇ ਖ਼ਾਲਸਾ ਪੰਥ ਦੀ ਤਕਦੀਰ ਉੱਤੇ ਲਗਾਤਾਰ ਹੰਝੂ ਕੇਰ ਰਹੇ ਪਰ ਸਭ ਤੋਂ ਮਿੱਠੀ ਹੀਰ ਗਾਉਣ ਵਾਲੇ ਹੀਰ ਸਾਹਿਬ ਦਾ ਹੁਕਮ ਸਿਰ ਮੱਥੇ ਉਤੇ ਮੰਨ ਕੇ ਮੈਂ 'ਸਹਿਜੇ ਰਚਿਓ ਖ਼ਾਲਸਾ' 3 ਨਵੰਬਰ 1972 ਤੋਂ 9 ਮਾਰਚ 1979 ਤਕ ਭਾਰੀ ਮਿਹਨਤ ਨਾਲ ਪੂਰੀ ਕੀਤੀ। ਮੈਂ ਜਿਨ੍ਹਾਂ ਦੋ ਕਿਤਾਬਾਂ ਨੂੰ ਤਿਆਗਿਆ ਸੀ, ਉਨ੍ਹਾਂ ਦੀ ਮਿਹਨਤ ਵੀ ਇਸ ਕਿਤਾਬ ਨੂੰ ਲਿਖਣ ਵਿਚ ਵਰਤ ਲਈ। ਇਸੇ ਸਮੇਂ ਦਰਮਿਆਨ ਮੈਂ ਪੂਰਨ ਪਰਹੇਜ਼ਗਾਰੀ ਧਾਰਨ ਕਰਕੇ ਕੇਸ਼ਗੜ੍ਹ ਸਾਹਿਬ ਤੋਂ ਅੰਮ੍ਰਿਤ ਛਕਿਆ ਅਤੇ ਤਿੰਨ ਤ੍ਰਿਸ਼ਨਾਵਾਂ ਉਤੇ ਜਿੱਤ ਵੀ ਪ੍ਰਾਪਤ ਕੀਤੀ। ਇਸ ਕਿਤਾਬ ਨੂੰ 1988 ਵਿਚ ਰਿਲੀਜ਼ ਕਰਨ ਵਾਲੇ ਡਾ. ਹਰਿਭਜਨ ਸਿੰਘ ਦਾ ਇਹ ਖ਼ਿਆਲ ਠੀਕ ਲੱਗਦਾ ਹੈ ਕਿ ਇਸ ਕਿਤਾਬ ਦੀ ਤਿਆਰੀ ਦੇ ਵਕਤ ਦਾ ਜੋੜ 15 ਸਾਲ ਬਣਦਾ ਹੈ।

ਇਸ ਕਿਤਾਬ ਦੇ ਇਤਿਹਾਸਕ ਸ੍ਰੋਤਾਂ ਨੂੰ ਲੱਭਣ ਲਈ ਮੈਂ ਆਪਣੀ ਮਿਹਨਤ ਤੋਂ ਬਿਨਾਂ ਲਾਹੌਰ ਅਤੇ ਫੈਸਲਾਬਾਦ ਦੇ ਪਾਕਿਸਤਾਨ ਵਿਚਲੇ ਅਰਬੀ ਫ਼ਾਰਸੀ ਦੇ ਪਰਮ ਮਿੱਤਰ ਧੁਰੰਤਰ ਵਿਦਵਾਨਾਂ ਨਾਲ ਆਪਣੇ ਸ਼ੰਕਿਆਂ ਦੀ ਨਵਿਰਤੀ ਅਤੇ ਮਨੌਤਾਂ ਦੇ ਸਮਰਥਨ ਲਈ ਗੰਭੀਰ ਸਲਾਹ ਮਸ਼ਵਰੇ ਵੀ ਕੀਤੇ ਅਤੇ ਉਨ੍ਹਾਂ ਰਾਹੀਂ ਪ੍ਰਮਾਣਿਕ ਗ੍ਰੰਥਾਂ ਵਿਚੋਂ ਲੋੜੀਂਦੇ ਫੋਟੋ ਸਟੇਟ ਵੀ ਪ੍ਰਾਪਤ ਕੀਤੇ। ਮੁਜੱਦਦ ਅਲਫ਼ਸਾਨੀ ਦੇ ਮਕਤੂਬਾਤ ਦੇ ਜਗਤ ਪ੍ਰਸਿੱਧ ਉਰਦੂ ਤਰਜਮਿਆਂ ਅਤੇ ''ਤੁਜ਼ਕ-ਏ-ਜਹਾਂਗੀਰੀ'' ਦੇ ਵੱਖ-ਵੱਖ ਮਤਨਾਂ ਦਾ ਵੀ ਪਤਾ ਕੀਤਾ। ਮੈਂ ਪਾਕਿਸਤਾਨ ਵਿਚ ਛਪੀਆਂ ਵਿਸ਼ੇ ਨਾਲ ਸੰਬੰਧਿਤ ਕਿੰਨੀਆਂ ਹੀ ਦੁਰਲੱਭ ਕਿਤਾਬਾਂ ਨੂੰ ਦਿੱਲੀ ਦੇ ਕੁਤਬ ਫ਼ਰੋਸਾਂ ਨੂੰ ਮੂੰਹ ਮੰਗੇ ਪੈਸੇ ਦੇ ਕੇ ਖ਼ਰੀਦਿਆ ਅਤੇ ਕਿਤਾਬਾਂ ਪੜ੍ਹਨ ਲਈ ਹੁਣ ਤੱਕ ਵੀ ਰੂਬਰੂਆਂ, ਕਵੀ ਦਰਬਾਰਾਂ, ਸਮਾਗਮਾਂ, ਰੇਡੀਉ ਅਤੇ ਟੈਲੀਵਿਯਨਾਂ 'ਤੇ ਆਪਣਾ ਕੀਮਤੀ ਸਮਾਂ ਬਰਬਾਦ ਨਹੀਂ ਕਰਦਾ।

**?ਹੋਰ ਸਿੱਖ ਇਤਿਹਾਸਕਾਰਾਂ ਅਤੇ ਸਿੱਖ ਸਿਧਾਂਤਕਾਰਾਂ (ਜਿਵੇਂ ਸਿਰਦਾਰ ਕਪੂਰ ਸਿੰਘ ਆਦਿ) ਤੋਂ ਤੁਸੀਂ ਆਪਣੀ ਇਤਿਹਾਸ ਦ੍ਰਿਸ਼ਟੀ ਵਿਚ ਮੂਲ ਅੰਤਰ ਕੀ ਸਮਝਦੇ ਹੋ?**

-ਬਾਬਾ ਜੀ! ਹਾਲੇ ਸਥਾਪਤ ਵਿਦਵਾਨਾਂ ਦੀ ਹਉਮੈ ਨੂੰ ਠੇਸ ਪਹੁੰਚਾਉਣੀ ਨਹੀਂ ਚਾਹੁੰਦਾ। ਮਹਾ ਕਾਵਿ ਦੀਆਂ ਚਾਰ ਜਿਲਦਾਂ ਵਿਚਲੀਆਂ ਲੰਮੀਆਂ ਭੂਮਿਕਾਵਾਂ ਵਿਚ ਮੇਰੀ ਇਤਿਹਾਸਕ ਦ੍ਰਿਸ਼ਟੀ ਅੰਤਮ ਰੂਪ ਵਿਚ ਸਪਸ਼ਟ ਹੋ ਜਾਵੇਗੀ, ਪਰ ਏਥੇ ਦਾਨਿਸ਼ਵਰਾਂ ਲਈ ਇਹੋ ਇਸ਼ਾਰਾ ਕਾਫ਼ੀ ਹੈ ਕਿ ਬਹੁਤੇ ਸਿੱਖ ਇਤਿਹਾਸਕਾਰ, ਸਿਧਾਂਤਕਾਰ ਅਤੇ ਗੁਰਬਾਣੀ ਦੇ ਅੱਖਰੀ ਖੋਜੀ (ਮਸੌਦਾ-ਪ੍ਰੇਮੀ) ਸੰਤੋਖਜ਼ਨਕ ਹੱਦ ਤਕ ਰਚਨਾਤਮਕ ਸ਼ਿੱਦਤ ਅਤੇ ਪਾਰਦਰਸ਼ੀ ਕਲਪਨਾ ਦੇ ਸੁਆਮੀ ਨਹੀਂ। ਉਹ ਇਤਿਹਾਸਕ ਸੱਚ ਢੂੰਡਦਿਆਂ ਨੇੜੇ ਦਾ ਸਵੈ ਵਿਰੋਧ ਵਿਖਾਕੇ ਹੀ ਤੱਥਾਂ ਨੂੰ ਰੱਦਣ ਅਤੇ ਸਥਾਪਤ ਕਰਨ ਦੀ ਵਿਧੀ ਵਰਤਦੇ ਹਨ। ਤੱਥਾਂ ਨੂੰ ਜਾਣਨਾ ਜ਼ਰੂਰੀ ਤਾਂ ਹੁੰਦਾ ਹੈ, ਪਰ ਤੱਥ ਕਿਹੜੀਆਂ ਹਾਲਤਾਂ ਵਿਚ ਬਣੇ ਇਹ ਜਾਣਨਾ ਵੀ ਜ਼ਰੂਰੀ ਹੁੰਦਾ ਹੈ।

ਮੈਂ ਇਤਿਹਾਸਕ ਤੱਥਾਂ ਦਾ ਗੰਭੀਰ ਵਿਦਿਆਰਥੀ ਹਾਂ, ਪਰ ਮੈਂ ਤੱਥਾਂ ਦੇ ਨਾਲ ਅਨੁਭਵ ਦੇ ਹੋਰ ਸੋਮਿਆਂ ਦੀ ਮਦਦ ਵੀ ਲੈਂਦਾ ਹਾਂ। ਮੈਂ ਤੱਥਾਂ ਨੂੰ ਵਾਚਕੇ ਦ੍ਰਿਸ਼ਟਾ ਦੀ ਸ਼ਕਤੀ ਵੀ ਵਰਤਦਾ ਹਾਂ ਅਤੇ ਐਸੀ ਪਾਰਦਰਸ਼ੀ ਕਲਪਨਾ ਵਰਤਦਾ ਹਾਂ, ਜਿਸਦੇ ਪਿਛੋਕੜ ਵਿਚ ਹਕੀਕਤ ਹਮੇਸ਼ਾ ਖੜ੍ਹੀ ਰਹਿੰਦੀ ਹੈ। ਸ਼ਾਇਦ ਇਸੇ ਦ੍ਰਿਸ਼ਟੀਕੋਣ ਤੋਂ ਮੈਨੂੰ ਲਿਖੀ ਇਕ ਚਿੱਠੀ ਵਿਚ ਡਾ. ਹਰਿਭਜਨ ਸਿੰਘ ਨੇ ਸਹਿਜੇ ਰਚਿਓ ਖਾਲਸਾ ਨੂੰ ਮਹਾ ਕਾਵਿ ਵਰਗੀ ਕੋਈ ਵੰਨਗੀ ਕਿਹਾ ਸੀ। ਮੇਰੇ ਇਤਿਹਾਸ ਵਾਚਣ ਦੇ ਢੰਗਾਂ ਵਿਚ ਫ਼ਰਕ ਹੈ ਜਿਹੜੇ ਬਹੁ ਪਾਸਾਰੀ ਹਨ। ਸੋ ਮੇਰੇ ਅਤੇ ਪਰੰਪਰਾਗਤ ਇਤਿਹਾਸਕਾਰਾਂ/ਸਿਧਾਂਤਕਾਰਾਂ ਵਿਚ ਇਹੋ ਫ਼ਰਕ ਹੈ ਕਿ ਮੈਂ ਉਨ੍ਹਾਂ ਦੇ ਸੁੰਗੜੇ ਅਤੇ ਇਕ ਦਿਸ਼ਾਵੀ ਤੱਥਾਂ ਨੂੰ ਵਿਸ਼ਾਲ ਵਿਜ਼ਨ ਵਿਚ ਰਖਕੇ ਪੇਸ਼ ਕਰਦਾ ਅਤੇ ਪੜਤਾਲਦਾ ਹਾਂ।

**?ਪਿਛਲੇ ਕੁਝ ਸਮੇਂ ਵਿਚ ਤੁਹਾਡੇ ਮਹਾ ਕਾਵਿ 'ਇਲਾਹੀ ਨਦਰ ਦੇ ਪੈਂਡੇ' ਬਾਰੇ ਬਹੁਤ ਚਰਚਾ ਹੋਇਆ ਹੈ, ਤੁਸੀਂ ਇਸ ਚਰਚਾ ਨਾਲ ਕਿੰਨੇ ਕੁ ਸੰਤੁਸ਼ਟ ਹੋ?**

-ਮਹਾ ਕਾਵਿ ਬਾਰੇ ਗੱਲ ਚਲਦੀ ਰਹਿੰਦੀ ਹੈ, ਪਰ ਇਕ ਗੱਲ ਪੱਕੀ ਹੈ। ਮੈਨੂੰ ਉੱਤਰ ਆਧੁਨਿਕ ਮਿਆਰਾਂ ਦੀ ਮਦਦ ਨਾਲ ਨਹੀਂ ਸਮਝਿਆ ਜਾ ਸਕਦਾ। ਸਾਹਿਤ ਵਿਚ ਜਜ਼ਬ ਨਾ ਹੋਇਆ ਕੋਈ ਵੀ ਪਹਿਲਾਂ ਕਲਪਿਆ ਸਿਧਾਂਤ ਕਿਸੇ ਵੀ ਅਤਿ ਮੌਲਿਕ ਸਾਹਿਤ ਦੀ ਸਹੀ ਜਾਣਕਾਰੀ ਨਹੀਂ ਦੇ ਸਕਦਾ। ਮਹਾ ਕਾਵਿ ਉਤੇ ਨੂਰ ਸਾਹਿਬ ਨੇ ਇਕ ਪ੍ਰਸੰਸਾਤਮਕ ਪਰ ਸੀਮਤ ਜਿਹਾ ਰੀਵਿਊ ਕੀਤਾ ਸੀ ਅਤੇ ਪੰਜਾਬੀ ਅਖ਼ਬਾਰਾਂ ਵਿਚ ਖ਼ਾਸੀ ਸਿਫ਼ਤ ਹੋਈ ਸੀ। ਸਿਰਮੌਰ ਆਲੋਚਕਾਂ ਦੇ ਆਪਣੇ ਰੁਝੇਵੇਂ ਹਨ, ਡਾ. ਹਰਿਭਜਨ ਸਿੰਘ ਪੂਰੇ ਸਿਹਤਮੰਦ ਨਹੀਂ, ਦਾਨਿਸ਼ਵਰਾਂ ਵਿਚ ਹਮੇਸ਼ਾ ਵਾਂਗ ਧੜੇਬੰਦੀ ਹੈ, ਪਰ ਫੇਰ ਵੀ ਮੇਰੀਆਂ ਪਹਿਲੀਆਂ ਕਿਤਾਬਾਂ ਵਾਂਗ ਮਹਾ ਕਾਵਿਦਾ ਪਰਦੇਸਾਂ ਵਿਚ ਸੁਆਗਤ ਹੋ ਰਿਹਾ ਹੈ। ਮੇਰੇ ਪ੍ਰਕਾਸ਼ਕ ਸਿੰਘ ਬ੍ਰਦਰਜ਼ ਮੇਰੇ ਉੱਤੇ ਖੁਸ਼ ਹਨ ਅਤੇ ਮੈਨੂੰ ਰੱਜਵਾਂ ਪਿਆਰ ਦਿੰਦੇ ਹਨ। ਹਾਲੇ ਮੇਰੇ ਲਈ ਇਹੋ ਕਾਫ਼ੀ ਹੈ।

**?ਇਲਾਹੀ ਨਦਰ ਦੇ ਪੈਂਡੇ ਦਾ ਡਿਜ਼ਾਇਨ ਤੇ ਕਲਪਨਾ ਦੀ ਉਡਾਣ ਹੋਰ ਮਹਾ ਕਾਵਿ ਦੇ ਲੇਖਕਾਂ ਤੋਂ ਬਿਲਕੁਲ ਵੱਖਰੀ ਹੈ, ਇਸਨੂੰ ਕਿਵੇਂ ਪਰਿਭਾਸ਼ਤ ਕਰੋਗੇ?**

-ਮੈਂ ਮਹਾ ਕਾਵਿ ਵਿਚ ਨਿਹਕਲੰਕ ਕਾਵਿ ਅਨੁਭੂਤੀ ਨੂੰ ਪ੍ਰਮੁੱਖ ਥਾਂ ਦਿੰਦਾ ਹਾਂ। ਦੂਜੇ ਪਾਸੇ, ਮੇਰੇ ਲਈ ਸਮੁੱਚਾ ਬ੍ਰਹਿਮੰਡ ਦੀ ਹਯਾਤੀ ਹੈ ਜਿਸਦੇ ਕੇਂਦਰ ਵਿਚ ਮਨੁੱਖ ਦੀਆਂ ਦੈਵੀ ਸ਼ਾਨ ਵਲ ਵਧਦੀਆਂ ਮੰਜ਼ਿਲਾਂ ਹਨ। ਸੋ ਚੰਨ, ਸੂਰਜ, ਤਾਰੇ, ਅਸਮਾਨ, ਥਲ, ਸਾਗਰ ਤੇ ਧਰਤੀ ਦਾ ਹਰ ਰੂਪ ਅਤੇ ਵਿਸ਼ੇਸ਼ ਕਰਕੇ ਖਲੋਤੀ ਸੁੰਨ ਤੋਂ ਅਗੰਮ ਦੂਰੀਆਂ ਤਕ ਤੇਜ਼ ਹਰਕਤ ਕਰ ਰਿਹਾ ਕਾਲ ਇਸਦੇ ਨਾਲ ਹੀ ਮਨੁੱਖ ਅਤੇ ਹੋਰ ਜੀਵਾਂ ਦਾ



ਚਰਨਜੀਤ ਸਿੰਘ ਪੰਨੂੰ ਦੀ ਪੁਸਤਕ ਰਿਲੀਜ਼ ਕਰਦੇ ਹੋਏ ਹਰਿੰਦਰ ਸਿੰਘ ਮਹਿਬੂਬ

***ਮੈਂ ਪੰਜਾਬੀ ਦੇ ਕਿੰਨੇ ਹੀ ਗਲਪਕਾਰਾਂ ਅਤੇ ਨਵੇਂ ਕਵੀਆਂ ਦਾ ਆਸ਼ਿਕ ਹਾਂ ਜਿਵੇਂ ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਲਵੰਤ ਗਾਰਗੀ, ਕੰਵਲ ਜੀ, ਗੁਰਦਿਆਲ ਸਿੰਘ, ਨੇਕੀ ਜੀ ਅਤੇ ਡਾ. ਜਗਤਾਰ ਜੀ, ਪਰ ਤੁਸੀਂ ਗ਼ਰੀਬ ਆਦਮੀ ਉਤੇ ਮਹਾਨ ਸਾਹਿਤ ਚੁਣਨ ਦੀ ਸ਼ੁਰਤ ਲਗਾ ਦਿੱਤੀ ਹੈ। ਇੰਝ ਤੁਸੀਂ ਮੇਰੀ ਸੀਮਾ ਨਿਸ਼ਚਿਤ ਕਰ ਦਿੱਤੀ ਹੈ। ਸੋ, ਮਹਾਨਤਮ ਸਾਹਿਤ ਦੀ ਦ੍ਰਿਸ਼ਟੀ ਤੋਂ ਵਾਰਿਸਸ਼ਾਹ, ਪੂਰਨ ਸਿੰਘ, ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਜੀ ਅਤੇ ਡਾ. ਹਰਿਭਜਨ ਸਿੰਘ ਮੈਨੂੰ ਸੁਤੰਤਰ ਰੂਪ ਵਿਚ ਮੋਂਹਦੇ ਹਨ। (ਬਾਈਬਲ, ਕੁਰਾਨ ਅਤੇ ਗੁਰਬਾਣੀ ਨੂੰ ਕਵਿਤਾ ਵਿਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ)। ਭਾਈ ਵੀਰ ਸਿੰਘ ਦਾ ਰਾਣਾ ਸੂਰਤ ਸਿੰਘ ਮਹਾਨਤਮ ਸਾਹਿਤ ਅਤੇ ਪਹਿਲਾਂ ਗਿਣੇ ਪੰਜਾਬੀ ਦੇ ਉੱਤਮ ਸਾਹਿਤਕਾਰਾਂ ਦੇ ਵਿਚਕਾਰ ਜਿਹੇ ਖੜ੍ਹਾ ਹੈ।***

ਲੰਮਾ ਇਤਿਹਾਸ ਇਹ ਸਭ ਮੇਰੇ ਮਹਾਕਾਵਿ ਦੇ ਪਾਤਰ ਜਾਂ ਸਦਾ ਹਾਜ਼ਰੀ ਦਿੰਦੇ ਅੰਸ਼ ਹਨ। ਮੈਂ ਮਨੁੱਖ ਅਤੇ ਪੂਰਨ ਦੈਵੀ ਮਨੁੱਖ ਨੂੰ ਉਸ ਦੇ ਹਜ਼ਾਰਾਂ ਅਹਿਸਾਸਾਂ ਸਮੇਤ ਇਨ੍ਹਾਂ ਦਾ ਮੁੱਖ ਪਾਤਰ ਬਣਾਕੇ ਸੰਗੀਤਕ ਇਕਸੁਰਤਾ ਵਾਲੇ ਡਿਜ਼ਾਇਨ ਵਿਚ ਬੰਨ੍ਹਦਾ ਹਾਂ। ਸੋ ਮਹਾ ਕਾਵਿ ਦੀ ਕਾਵਿ-ਉਡਾਣ ਅਤੇ ਡਿਜ਼ਾਇਨ ਦਾ ਨਿਆਰਾ ਹੋਣਾ ਕੁਦਰਤੀ ਜਿਹੀ ਗੱਲ ਹੈ। ਇਸ ਕਿਸਮ ਦੀ ਕਾਵਿ ਅਨੁਭੂਤੀ ਅਤੇ ਸੰਗੀਤਕ ਇਕਸੁਰਤਾ ਡਾ. ਹਰਿਭਜਨ ਸਿੰਘ ਵਿਚ ਚੋਖੀ ਮਾਤਰਾ ਵਿਚ ਅਤੇ ਡਾ. ਨੇਕੀ ਵਿਚ ਉਸ ਨਾਲੋਂ ਕਾਫ਼ੀ ਘੱਟ ਮਾਤਰਾ ਵਿਚ ਪਰ ਫੇਰ ਵੀ ਸੰਤੋਖਜਨਕ ਹੱਦ ਤਕ ਮਿਲਦੇ ਹਨ। ਅੰਮ੍ਰਿਤਾ ਜੀ ਦਾ ਕਾਵਿ ਮਨੁੱਖੀ ਅਹਿਸਾਸਾਂ ਦੀ ਸ਼ਿੱਦਤ ਅਤੇ ਪੌਰਾਣਿਕ ਅੰਤਰ ਦ੍ਰਿਸ਼ਟੀ ਦੀ ਗਹਿਰਾਈ ਵਿਚੋਂ ਜਨਮਦਾ ਹੈ। ਇਨ੍ਹਾਂ ਤਿੰਨਾਂ ਕਵੀਆਂ ਵਿਚ ਮਹਾ ਕਾਵਿ ਲਿਖਣ ਦੀ ਸ਼ਕਤੀ ਨੇ ਵੱਖਰੇ-ਵੱਖਰੇ ਰੂਪ ਧਾਰਨ ਕਰ ਲਏ ਹਨ, ਪਰ ਮੈਂ ਨਿਰਾਲੇ ਰੂਪ ਰੰਗ ਵਾਲਾ ਮਹਾ ਕਾਵਿ ਲਿਖਣ ਦੇ ਰਾਹ ਤੇ ਪੈ ਗਿਆ ਹਾਂ।

**?ਮੈਨੂੰ ਇਹ ਪਤਾ ਚੱਲਿਆ ਹੈ ਕਿ ਤੁਸੀਂ ਇਸ ਮਹਾ ਕਾਵਿ ਨੂੰ ਚਾਰ ਭਾਗਾਂ 'ਚ ਮੁਕੰਮਲ ਕਰਨਾ ਚਾਹੁੰਦੇ ਹੋ ਅਤੇ ਹੁਣ ਚੌਥਾ ਭਾਗ ਲਿਖ ਰਹੇ ਹੋ ਜਿਸਨੂੰ ਦੂਜੇ ਤੀਜੇ ਭਾਗ ਤੋਂ ਪਹਿਲਾਂ ਛਾਪਣਾ ਚਾਹੁੰਦੇ ਹੋ-ਜਿਸਦਾ ਸੰਬੰਧ ਗੁਰੂ ਗੋਬਿੰਦ ਸਿੰਘ ਨਾਲ ਹੈ। ਇਹ ਚੌਥਾ ਭਾਗ ਭਲਾ ਪਹਿਲਾਂ ਕਿਉਂ ਪ੍ਰਕਾਸ਼ਿਤ ਕਰਨਾ ਚਾਹੁੰਦੇ ਹੋ? (ਮਹਾਕਾਵਿ ਦਾ ਇਹ ਹਿੱਸਾ ਪ੍ਰਕਾਸ਼ਿਤ ਹੋ ਚੁੱਕਾ ਹੈ-ਸੰਪਾਦਕ)**

-ਤੁਸਾਂ ਠੀਕ ਸੁਣਿਆ ਹੈ। ਮੈਂ ਪਹਿਲਾਂ 'ਇਲਾਹੀ ਨਦਰ ਦੇ ਪੈਂਡੇ' ਦਾ ਚੌਥਾ ਭਾਗ ਹੀ ਲਿਖ ਰਿਹਾ ਹਾਂ। ਮੈਂ ਇਸਦਾ ਕਾਰਨ ਇਕ ਸੱਚੇ ਦ੍ਰਿਸ਼ਟਾਂਤ ਰਾਹੀਂ ਸਮਝਾਉਂਦਾ ਹਾਂ। ਜਦੋਂ ਵਿਸ਼ਵ ਕੱਪ ਫੁੱਟਬਾਲ ਦੇ ਇਕ ਫਾਈਨਲ ਮੈਚ ਵਿਚ ਮੈਰਾਡੋਨਾ ਨੇ ਜਰਮਨੀ ਸਿਰ ਤੀਸਰਾ ਜੇਤੂ ਗੋਲ ਕਿਸੇ ਹੋਰ ਖ਼ਿਡਾਰੀ ਤੋਂ ਕਰਵਾਇਆ, ਤਾਂ ਇਕ ਖੇਡ ਮਾਹਿਰ ਨੇ ਉਸ ਤੋਂ ਪੁੱਛਿਆ, 'ਸਹੀ ਪੋਜ਼ੀਸ਼ਨ ਵਿਚ ਹੋਣ ਦੇ ਬਾਵਜੂਦ ਤੁਸੀਂ ਇਹ ਗੋਲ ਪਾਸ ਦੇਕੇ ਕਿਉਂ ਕਰਵਾਇਆ?' ਮੈਰਾਡੋਨਾ ਨੇ ਉਤਰ ਦਿੱਤਾ, ''ਮੈਂ ਇਹ ਗੋਲ 99% ਕਰ ਸਕਦਾ ਸੀ, ਪਾਸ ਦੇ ਕੇ ਗੋਲ 101% ਹੁੰਦਾ ਸੀ।' ਸੋ ਗੁਰੂ ਗੋਬਿੰਦ ਸਿੰਘ ਉਤੇ ਪਹਿਲਾਂ ਮਹਾ ਕਾਵਿ ਲਿਖਕੇ ਸਾਹਿਤ ਦੇ ਮੈਦਾਨ ਵਿਚ ਮੈਂ ਆਪਣੀਆਂ ਅਤੇ ਪੰਥ ਦੀਆਂ ਹਾਰਾਂ ਵਿਰੁਧ (ਸਾਹਿਤਕਾਰਾਂ ਵਿਰੁਧ ਨਹੀਂ) 99 ਪ੍ਰਤੀਸ਼ਤ ਦੀ ਥਾਂ 101 ਪ੍ਰਤੀਸ਼ਤ ਜੇਤੂ ਗੋਲ ਕਰਨਾ ਚਾਹੁੰਦਾ ਹਾਂ। ਦੋ ਜਿਲਦਾ ਤਰਤੀਬ ਵਿਚ ਲਿਖਣ ਨਾਲ ਜੇਤੂ ਗੋਲ ਕਰਨ ਦੇ ਮੌਕੇ 95 ਪ੍ਰਤੀਸ਼ਤ ਹੀ ਹਨ। ਚੌਥੀ ਜਿਲਦ ਲਿਖਕੇ ਆਪਣੇ ਪਰਮ ਮਿੱਤਰ ਫ਼ਕੀਰ ਸਿੰਘ ਅਤੇ ਜਸਵੰਤ ਸਿੰਘ ਕੰਵਲ ਦੇ ਦਿਲ ਜਿੱਤਣ ਲਈ ਵੀ ਮੈਂ ਤ੍ਰਿਖਾਵੰਤ ਹਾਂ। ਸਮਰਪਣ ਰਾਹੀਂ ਦੋ ਵਿਸ਼ੇਸ਼ ਮਹਾਂ ਪੁਰਸ਼ਾਂ ਦੇ ਪੰਥ ਨੂੰ ਕੀਤੇ ਪਿਆਰ ਦਾ ਕਰਜ਼ਾ ਉਤਾਰਨ ਲਈ ਵੀ ਮੈਂ ਕਾਹਲਾ ਹਾਂ। ਨਾਲੇ ਮੇਰੀ ਕੋਮਲ ਭੈਣੇ! ਜ਼ਿੰਦਗੀ ਦਾ ਕੀ ਵਿਸਾਹ? ਵਕਤ ਦਾ ਫ਼ਾਇਦਾ ਉਠਾ ਲਵਾਂ। ਚੌਥਾ ਭਾਗ ਭਾਵੇਂ ਪਹਿਲੇ ਭਾਗ ਨੂੰ ਸੰਪੂਰਣਤਾ ਤਾਂ ਨਹੀਂ, ਪਰ ਸੁਹਾਣੀ ਦਿੱਖ ਜ਼ਰੂਰ ਪ੍ਰਦਾਨ ਕਰੇਗਾ।

**?ਤੁਸੀਂ ਆਪਣੇ ਇਸ ਕੰਮ ਦੇ ਨਾਲ ਨਾਲ ਹੋਰ ਕੀ ਕੁਝ ਲਿਖਣ ਬਾਰੇ ਸੋਚਦੇ ਹੋ?**

-ਮੈਨੂੰ ਜਪੁਜੀ ਦੀ ਇਕੱਲੀ ਇਕੱਲੀ ਪਉੜੀ ਨਾਲ ਆਪਣੀ ਅੰਮ੍ਰਿਤ ਵੇਲੇ ਦੀ ਦੋਸਤੀ ਦਾ ਰਹੱਸ ਬਿਆਨ ਕਰਨ ਦੀ ਲੋਚਾ ਹੈ। ਮੈਂ 'ਮਹਾਰਾਜਾ ਦਲੀਪ ਸਿੰਘ ਦੀ ਪੁਕਾਰ' (ਲੰਮੀ ਕਾਵਿ ਮਨੋਬਚਨੀ) ਲਿਖਣੀ ਚਾਹੁੰਦਾ ਹਾਂ। ਸੱਸੀ ਅਤੇ ਸੋਹਣੀ ਦਾ ਹੁਸਨ ਬਿਆਨ ਕਰਨ ਦੀ ਤੜਪ ਹਾਲੇ ਬਾਕੀ ਹੈ। ਸਿੰਧ ਅਤੇ ਬਿਆਸ ਦਰਿਆ ਦੇ ਸੁਪਨੇ ਦੱਸਣ ਦੀ ਤਮੰਨਾ ਹੈ। ਮਹਾਂ ਕਾਵਿ ਦੀਆਂ ਚਾਰ ਵੰਨਸੁਵੰਨੀਆਂ ਜਿਲਦਾਂ ਲਿਖਣ ਪਿਛੋਂ ਵੀ ਨਾਰ-ਹੁਸਨ ਦੇ ਸਰੋਦੀ ਕਾਵਿ ਦੀ ਤ੍ਰਿਖਾ ਰਹੇਗੀ। ਪਰ ਭੈਣੇ! ਬੰਦੇ ਨੂੰ ਸਾਹ ਤਾਂ ਗਿਣਵੇਂ ਮਿਲੇ ਹੁੰਦੇ ਹਨ। ਜੇ ਤੇਰੀ ਅਰਦਾਸ ਵਿਚ ਤਾਕਤ ਹੈ, ਤਾਂ ਮੈਨੂੰ ਉਮਰ ਦਾ ਵਰਦਾਨ ਦੇ ਦੇ। ਬਹੁਤ ਕੁਝ ਕਰਕੇ ਵਿਖਾ ਦਿਆਂਗਾ।

**?ਤੁਹਾਡੀਆਂ ਲਿਖਤਾਂ ਤੋਂ ਭਲੀ ਭਾਂਤ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਤੁਸੀਂ ਦੁਨੀਆ ਦੇ ਮਹਾਨ ਸਾਹਿਤ 'ਚੋਂ ਬਹੁਤ ਕੁਝ ਪੜ੍ਹਿਆ ਹੈ, ਤੁਸੀਂ ਮਹਾਨ ਸਾਹਿਤ ਨੂੰ ਕਿਵੇਂ ਪਰਿਭਾਸ਼ਿਤ ਕਰਦੇ ਹੋ ਤੇ ਕਿਨ੍ਹਾਂ ਲੇਖਕਾਂ ਨੂੰ ਵਧ ਪਰਿਮਾਣਿਕ ਸਵੀਕਾਰ ਕਰਦੇ ਹੋ?**

-ਮਹਾਨ ਸਾਹਿਤ ਉਹੀ ਹੈ ਜੋ ਕਿਸੇ ਵੀ ਸਾਹਿਤਕ ਵਿਧੀ ਜਾਂ ਅਹਿਸਾਸਾਂ ਦੀ ਕਿਸੇ ਸਿਰਜਣਾ-ਤਰਤੀਬ ਰਾਹੀਂ ਮਾਨਵ ਚੇਤਨਾ ਦੀ ਵਿਸ਼ਾਲਤਾ, ਤਾਜ਼ਗੀ ਅਤੇ ਸਕੂਨ ਨੂੰ ਨਿਰੰਤਰ ਵਧਾਉਂਦਾ ਹੈ ਅਤੇ ਇਸਨੂੰ ਸਦੀਵੀ ਰੂਪ ਵਿਚ ਹਯਾਤੀ ਦੇ ਅਮਰ ਸੋਮਿਆਂ ਦੀ ਦੱਸ ਪਾਉਂਦਾ ਹੈ। ਕਿੰਨੀ ਵੀ ਅੱਗ ਬਲੇ, ਕਿੰਨੇ ਵੀ ਝੱਖੜ ਝੁੱਲਣ ਅਤੇ ਕਿੰਨੇ ਵੀ ਥਲ ਸਮੁੰਦਰ ਪਾਰ ਕਰਨੇ ਪੈਣ, ਪਰ ਇਹ ਸਭ ਕੁਝ ਨੂੰ ਮਿਲਦਿਆਂ ਹਰੀ ਕਚੂਰ ਅਤੇ ਅੰਮ੍ਰਿਤੀ ਫਲ ਵਾਲੀ ਸ਼ਾਖ ਦਾ ਇਕਰਾਰ ਕਾਇਮ ਰਹੇ-ਬਸ ਇਹੋ ਮਹਾਨ ਸਾਹਿਤ ਹੈ। ਵਨੀਤਾ! ਸਾਹਿਤ ਦੀ ਖ਼ੂਬਸੂਰਤੀ ਮੇਰੇ ਸਾਹਮਣਿਉਂ ਤਿੰਨ ਚਾਰ ਸੌ ਸਾਲ ਪਹਿਲਾਂ ਦੇ ਨਿਰਮਲ ਪਾਣੀਆਂ ਵਾਲੇ ਪੰਜ ਦਰਿਆਵਾਂ (ਸਿੰਧ ਸਮੇਤ ਛੇ) ਵਾਂਗ ਵਗਦੀ ਹੈ। ਮਹਾਨ ਸਾਹਿਤ ਬਹੁਤ ਡੂੰਘਾ, ਵੰਨਸੁਵੰਨਾ ਤੇ ਵਿਸ਼ਾਲ ਹੈ। ਕਿਵੇਂ ਦੱਸਾਂ ਇਸਦੇ ਕਿਹੜੇ ਰੂਪ ਦੀ ਰਮਜ਼ ਬਹੁਤ ਸੁਹਾਵਣੀ ਹੈ? ਫਿਰ ਵੀ ਕਹਾਂਗਾ ਕਿ ਦਾਂਤੇ, ਰੂਮੀ, ਸ਼ੈਕਸਪੀਅਰ, ਮਿਲਟਨ, ਵਰਡਜ਼ਵਰਥ, ਵਿਕਟਰ ਹਿਊਗੋ, ਵਾਲਟ ਵਿਟਮੈਨ, ਚੈਖੋਵ ਤੁਰਗਨੇਵ, ਪਾਸਤਰਨਾਕ, ਨਈਮੀ (ਮੀਰਦਾਦ ਦੀ ਕਿਤਾਬ), ਖ਼ਲੀਲ ਜਿਬਰਾਨ, ਟੈਗੋਰ, ਓ ਨੀਲ ਅਤੇ ਪੂਰਨ ਸਿੰਘ ਨੂੰ ਭੁੱਲਣ ਨੂੰ ਜੀਅ ਨਹੀਂ ਕਰਦਾ। ਟਾਲਸਟਾਏ ਦੇ ਨਾਵਲਾਂ ਵਿਚ ਬਹੁਤ ਸਾਰੇ ਅਲਸਾਏ/ਖਲੋਤੇ ਤੱਤ ਹਨ, ਸੋ ਮਾਨਵਤਾ ਉਸ ਰਿਸ਼ੀ ਤੋਂ ਇਕ ਦਿਨ ਬੋਰ ਹੋ ਜਾਵੇਗੀ।

**?ਪੰਜਾਬੀ ਸਾਹਿਤ ਵਿਚੋਂ ਤੁਹਾਨੂੰ ਇਸੇ ਦ੍ਰਿਸ਼ਟੀ ਨਾਲ ਸਭ ਤੋਂ ਵਧ ਕੀ ਕੀ ਪ੍ਰਭਾਵਿਤ ਕਰਦਾ ਹੈ?**

-ਮੈਂ ਪੰਜਾਬੀ ਦੇ ਕਿੰਨੇ ਹੀ ਗਲਪਕਾਰਾਂ ਅਤੇ ਨਵੇਂ ਕਵੀਆਂ ਦਾ ਆਸ਼ਿਕ ਹਾਂ ਜਿਵੇਂ ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਲਵੰਤ ਗਾਰਗੀ, ਕੰਵਲ ਜੀ, ਗੁਰਦਿਆਲ ਸਿੰਘ, ਨੇਕੀ ਜੀ ਅਤੇ ਡਾ. ਜਗਤਾਰ ਜੀ, ਪਰ ਤੁਸੀਂ ਗ਼ਰੀਬ ਆਦਮੀ ਉਤੇ ਮਹਾਨ ਸਾਹਿਤ ਚੁਣਨ ਦੀ ਸ਼ਰਤ ਲਗਾ ਦਿੱਤੀ ਹੈ। ਇੰਝ ਤੁਸੀਂ ਮੇਰੀ ਸੀਮਾ ਨਿਸ਼ਚਿਤ ਕਰ ਦਿੱਤੀ ਹੈ। ਸੋ ਮਹਾਨਤਮ ਸਾਹਿਤ ਦੀ ਦ੍ਰਿਸ਼ਟੀ ਤੋਂ ਵਾਰਿਸਸ਼ਾਹ, ਪੂਰਨ ਸਿੰਘ, ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਜੀ ਅਤੇ ਡਾ. ਹਰਿਭਜਨ ਸਿੰਘ ਮੈਨੂੰ ਸੁਤੰਤਰ ਰੂਪ ਵਿਚ ਮੋਂਹਦੇ ਹਨ। (ਬਾਈਬਲ, ਕੁਰਆਨ ਅਤੇ ਗੁਰਬਾਣੀ ਨੂੰ ਕਵਿਤਾ ਵਿਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ)। ਭਾਈ ਵੀਰ ਸਿੰਘ ਦਾ ਰਾਣਾ ਸੂਰਤ ਸਿੰਘ ਮਹਾਨਤਮ ਸਾਹਿਤ ਅਤੇ ਪਹਿਲਾਂ ਗਿਣੇ ਪੰਜਾਬੀ ਦੇ ਉੱਤਮ ਸਾਹਿਤਕਾਰਾਂ ਦੇ ਵਿਚਕਾਰ ਜਿਹੇ ਖੜ੍ਹਾ ਹੈ।

**?ਕਈ ਵਾਰ ਕੁਝ ਲੇਖਕਾਂ ਵਲੋਂ ਆਖਿਆ ਜਾਂਦਾ ਹੈ ਕਿ ਤੁਹਾਡਾ ਸੁਭਾਅ ਪੂਰਨ ਸਿੰਘ ਨਾਲ ਵਧੇਰੇ ਮਿਲਦਾ ਹੈ, ਤੁਹਾਡਾ ਕੀ ਖਿਆਲ ਹੈ?**

-ਆਪਣੇ ਸੁਭਾਅ ਬਾਰੇ ਦੱਸਣਾ ਬਹੁਤ ਔਖਾ ਹੁੰਦਾ ਹੈ, ਖੰਡੇ ਦੀ ਧਾਰ ਉਤੇ ਤੁਰਨਾ ਹੁੰਦਾ ਹੈ ਪਰ ਫੇਰ ਵੀ ਕਹਾਂਗਾ ਕਿ ਮੈਂ ਬੁਲ੍ਹੇ ਸ਼ਾਹ ਅਤੇ ਪੂਰਨ ਸਿੰਘ ਦਾ ਮੁਕਾਬਲਾ ਨਹੀਂ ਕਰ ਸਕਦਾ, ਮੈਂ ਆਤਮਕ ਤੌਰ 'ਤੇ ਉਨ੍ਹਾਂ ਜੇਡਾ ਨਹੀਂ, ਉਨ੍ਹਾਂ ਵਰਗੇ ਉਹੀ ਸਨ। ਨਾ ਮੈਂ ਮੁਹੰਮਦ ਅਲੀ (ਮੁੱਕੇਬਾਜ਼), ਗਾਮਾ (ਪਹਿਲਵਾਨ) ਅਤੇ ਮਲਕਾ-ਏ-ਤਰੰਨੁਮ ਨੂਰ ਜਹਾਨ ਜਿੰਨਾ ਫ਼ਰਾਖ਼ਦਿਲ ਅਤੇ ਅਲਬੇਲਾ ਹਾਂ। (ਖਿਡਾਰੀ, ਫ਼ਕੀਰ ਅਤੇ ਲੇਖਕ ਦੀ ਮਹਾਨਤਾ ਨੂੰ ਵੱਖ ਵੱਖ ਨਹੀਂ ਕੀਤਾ ਜਾ ਸਕਦਾ।) ਮੇਰੀ ਚੇਤਨਾ ਦਾ ਸਹੀ ਰੂਪ ਮੇਰੇ ਤਿੰਨ ਦੋਸਤ ਪ੍ਰੋ. ਜੱਸਾ ਸਿੰਘ (ਏ.ਐਸ.ਕਾਲਜ ਖੰਨਾ) ਡਾ. ਗੁਰਤਰਨ ਸਿੰਘ, ਫ਼ਕੀਰ ਸਿੰਘ, ਗੜ੍ਹਦੀਵਾਲਾ ਇਲਾਕੇ ਦੇ ਲੋਕ ਅਤੇ ਮੇਰੇ ਪੁਰਾਣੇ ਵਿਦਿਆਰਥੀ ਹੀ ਦੱਸ ਸਕਦੇ ਹਾਂ।

**?ਤੁਸੀਂ ਬਹੁਤ ਘੱਟ ਲੇਖਕਾਂ ਨੂੰ ਮਿਲਦੇ ਹੋ ਅਤੇ ਸਮਾਗਮਾਂ ਗੋਸ਼ਟੀਆਂ 'ਚ ਬਹੁਤ ਘੱਟ ਜਾਂਦੇ ਹੋ ਤੇ ਆਪਣੀ ਉਮਰ ਦਾ ਬਹੁਤ ਹਿੱਸਾ ਗੜ੍ਹਦੀਵਾਲਾ ਵਿਚ ਟਿਕੇ ਰਹੇ ਹੋ। ਰਿਟਾਇਰ ਹੋਣ ਬਾਅਦ ਵੀ ਇਥੇ ਹੋ-ਇਸਦਾ ਕੀ ਕਾਰਨ ਹੈ ਜਾਂ ਵਜ੍ਹਾ ਕੋਈ?**

-ਕਿਸੇ ਜ਼ਮਾਨੇ ਵਿਚ ਮੈਂ ਜੀਵਨ ਨੂੰ ਭਰੇ ਮੇਲੇ ਵਾਂਗ ਮਿਲਦਾ ਸਾਂ, ਮੇਰੀ ਤਬੀਅਤ ਪੁਰਾਣੇ ਵੇਲਿਆਂ ਦੇ ਸ਼ੁੱਧ ਦਰਿਆਵਾਂ ਵਾਂਗ ਛਲਕਦੀ ਸੀ, ਮੈਂ ਜੁਆਨੀ ਵਿਚ ਕਣਕ ਗੁੱਡਦੇ ਜੱਟਾਂ ਨੂੰ ਘੰਟਿਆਂਬੱਧੀ ਕਿਆਰਿਆਂ ਉਤੇ ਬੈਠ ਬੈਠ ਕਈ ਕਈ ਦਿਨਾਂ ਤੱਕ ਨਾਨਕ ਸਿੰਘ ਅਤੇ ਵਿਕਟਰ ਹਿਊਗੋ ਦੇ ਨਾਵਲਾਂ ਦੀਆਂ ਰਸੀਲੀਆਂ ਕਹਾਣੀਆਂ ਅਤੇ ਵਾਰ ਐਂਡ ਪੀਸ ਵਰਗੇ ਨਾਵਲਾਂ ਦੀ ਜਟਿਲ ਕਥਾ ਸੁਣਾਕੇ ਉਨ੍ਹਾਂ ਦੀ ਯਾਦ ਵਿਚ ਉਤਾਰ ਦਿੰਦਾ ਸਾਂ। ਆਪਣੇ ਪਿੰਡ ਝੂੰਦਾਂ (ਜ਼ਿਲ੍ਹਾ ਸੰਗਰੂਰ) ਵਿਖੇ ਸਾਲਾਂ ਬੱਧੀ ਮੈਂ ਆਪਣੇ ਅਜਿਹੇ ਸ਼ੌਕ ਜਾਰੀ ਰੱਖੇ। ਸਿੱਟੇ ਵਜੋਂ ਮੈਨੂੰ ਸਿੱਧੇ-ਸਾਦੇ ਲੋਕ ਬੇਤਹਾਸ਼ਾ ਪਿਆਰ ਕਰਦੇ ਸਨ। ਪਰ ਸਮੇਂ ਨਾਲ ਮੈਨੂੰ ਲੇਖਕਾਂ ਵਿਚ ਅਨੇਕਾਂ ਕਮਜ਼ੋਰੀਆਂ ਨਜ਼ਰ ਆਉਣ ਲੱਗੀਆਂ। ਮੈਂ ਪ੍ਰਿੰ. ਸੰਤ ਸਿੰਘ ਸੇਖੋਂ ਨਾਲ ਜੰਡਿਆਲਾ ਕਾਲਜ ਵਿਚ ਕੰਮ ਕੀਤਾ, ਪਰ ਮਹੀਨੇ ਪਿੱਛੋਂ ਹੀ ਉਨ੍ਹਾਂ ਨੂੰ ਬਾਬਾ ਬੋਹੜ ਕਲਪਣ ਦੀ ਥਾਂ ਲਘੂ ਮਾਨਵ ਸਮਝ ਕੇ ਤਿਆਗ ਦਿੱਤਾ। ਬਾਅਦ ਵਿਚ ਬਹੁਤ ਸਾਰੇ ਗ਼ਲਤ ਸਮਾਚਾਰਾਂ ਨਾਲ ਭਰੀ ਉਨ੍ਹਾਂ ਦੀ ਸੂਹਜਹੀਣ ਅਤੇ ਖੁਸ਼ਕ ਸਵੈ ਜੀਵਨੀ 'ਸਿਮਰਤੀਆਂ' (ਦੋ ਭਾਗ) ਨੇ ਇਹ ਗੱਲ ਸਾਬਤ ਵੀ ਕਰ ਦਿੱਤੀ।

ਮੈਂ ਕੁਝ ਬਜ਼ੁਰਗ ਸਾਹਿਤਕਾਰਾਂ ਨੂੰ ਇਕ-ਪਾਸੜ ਪਿਆਰ ਕਰੀ ਜਾ ਰਿਹਾ ਹਾਂ। ਮਿਸਾਲ ਲਈ ਮੈਂ ਜਦੋਂ ਵੀ ਪੰਜਾ ਸਾਹਿਬ ਵਲੀ ਕੰਧਾਰੀ ਦੀ ਪਹਾੜੀ ਉਤੇ ਚੜ੍ਹਦਾ ਹਾਂ ਅਤੇ ਉਥੋਂ ਦੇ ਪੁਰਾਣੇ ਰੇਲ ਸਟੇਸ਼ਨ ਉੱਤੇ ਉਤਰਦਾ ਹਾਂ, ਤਾਂ ਮੇਰੇ ਸਾਹਮਣੇ ਦੁੱਗਲ ਸਾਹਿਬ ਦੀ ਕਹਾਣੀ ਕਰਾਮਾਤ ਦੇ ਅਰਥ ਸਜੀਵ ਹੋ ਉੱਠਦੇ ਹਨ ਅਤੇ ਹਕੀਕਤ ਕਾਲ ਦੀਆਂ ਡੂੰਘ ਡੂੰਘਾਣਾ ਵਿਚੋਂ ਆਪਣਾ ਮੌਲਿਕ ਰੂਪ ਲੈ ਕੇ ਉਭਰਦੀ ਹੈ। ਕੀ ਇਹ ਪਿਆਰ ਨਹੀਂ? ਮੈਂ ਨੇੜੇ ਫ਼ਾਸਲੇ ਉਤੇ ਵਸਦੇ ਮੋਹਨ, ਕੇਸਰ ਅਤੇ ਡਾ. ਹਰਚਰਨ ਸਿੰਘ ਵਰਗੇ ਨਿਰਛਲ, ਭੈਣ ਦਲੀਪ ਵਰਗੀਆਂ ਸੁਹਿਰਦ, ਡਾ. ਗੁਰਚਰਨ ਸਿੰਘ (ਸੀ ਐਚ ਡੀ) ਵਰਗੇ ਨਿਸ਼ੰਗ ਅਤੇ ਗੁਲਜ਼ਾਰ ਸੰਧੂ ਵਰਗੇ ਜਿੰਦਾ ਦਿਲ ਸਾਹਿਤਕਾਰਾਂ ਨੂੰ ਜਾਤੀ ਤੌਰ ਉਤੇ ਮਿਲਦਾ ਰਹਿੰਦਾ ਹਾਂ। ਮੈਂ ਗੜ੍ਹਦੀਵਾਲ ਵਿਚ ਬਹੁਤ ਸਾਲ ਗੁਜ਼ਾਰੇ। ਏਥੋਂ ਦੇ ਅੰਬਾਂ ਦੇ ਸੰਘਣੇ ਬਾਗ, ਏਥੋਂ ਦੀ ਮਿੱਠੀ ਬੋਲੀ, ਪੋਠੋਹਾਰਨਾਂ ਜਿੰਨੀਆਂ ਹੀ ਸੋਹਣੀਆਂ ਏਥੋਂ ਦੀਆਂ ਮੁਟਿਆਰਾਂ, ਇਸਦੀਆਂ ਪੁਰਾਤਨ ਡੰਡੀਆਂ, ਨੇੜੇ ਇਸਦੀਆਂ ਧੌਲਧਾਰ ਦੀਆਂ ਬਰਫਾਂ, ਸਦਾ ਵਗਦੀਆਂ ਨਿਰਮਲ ਕੂਲ੍ਹਾਂ, ਗੁਆਂਢੀ ਹਰੇ ਪਹਾੜ ਅਤੇ ਅਤਿ ਹਰਿਆਲੀ ਧਰਤੀ-ਗੱਲ ਕੀ ਪਹਿਲੇ ਪੰਦਰ੍ਹਾਂ ਸਾਲ ਸਵ. ਡਾ. ਐਮ.ਐਸ. ਰੰਧਾਵਾ (ਸਾਡੇ ਕਾਲਜ ਦੇ ਪੈਟਰਨ) ਦੇ ਇਸ ਦੇਸ਼ ਨੇ ਮੈਨੂੰ ਬੰਨ੍ਹੀ ਰੱਖਿਆ। ਇਸਦੇ ਹੁਸਨ ਵਿਚੋਂ ਹਾਰਡੀ ਦੇ ਨਾਵਲਾਂ ਦੀ ਪਿੱਠਭੂਮੀ ਝਲਕਦੀ ਸੀ। ਮੇਰਾ ਯਕੀਨ ਹੈ ਪਿਛਲੇ ਸੌ ਸਾਲ ਇਸ ਖਿੱਤੇ ਵਿਚ ਸੂ (ਜੂਡ) ਅਤੇ ਟੈੱਸ ਦੀ ਅਦੁੱਤੀ ਮਿਠਾਸ ਅਤੇ ਪਾਰੇ ਵਾਂਗ ਤੜਪਦੇ ਵਲਵਲੇ ਵਾਲੀਆਂ ਨਾਰਾਂ ਕਿਸੇ ਹਾਰਡੀ ਨੂੰ ਉਡੀਕਦੀਆਂ ਮਿੱਟੀ ਵਿਚ ਮਿੱਟੀ ਹੋ ਗਈਆਂ। ਇਸ ਖਿੱਤੇ ਨੇ ਮੈਨੂੰ ਮਹਾਨ ਦੋਸਤ, ਇਕਾਂਤ ਅਤੇ ਲਿਖਣ ਦਾ ਵਕਤ ਦਿੱਤਾ। ਕਦੇ ਮੈਨੂੰ ਏਥੋਂ ਦੇ ਲੋਕਾਂ, ਮੇਰੇ ਸਾਥੀ ਪ੍ਰੋਫੈਸਰਾਂ ਅਤੇ ਮੇਰੇ ਵਿਦਿਆਰਥੀਆਂ ਨੇ ਪੀਰਾਂ ਵਰਗਾ ਸਤਿਕਾਰ ਦਿੱਤਾ ਸੀ, ਪਰ ਹੁਣ ਸਭ ਕੁਝ ਬਦਲ ਗਿਆ ਹੈ।

ਫ਼ਕੀਰ ਅਤੇ ਦੋ ਹੋਰ ਦੋਸਤਾਂ ਨੂੰ ਛੱਡ ਕੇ ਬਾਕੀ ਸਭ ਦੋਸਤ ਕਠੋਰ ਦੁਨੀਆਦਾਰ ਬਣ ਗਏ ਹਨ, ਬਾਗ ਕੱਟੇ ਗਏ ਹਨ, ਚੁਫੇਰੇ ਧੂੰਆਂ ਹੀ ਧੂੰਆਂ ਅਤੇ ਸ਼ੋਰ ਹੈ, ਚੋਆਂ ਨੇ ਪਿੰਡ ਉਜਾੜ ਦਿੱਤੇ ਹਨ, ਸਭ ਪਰੀ-ਚਿਹਰਾ ਪਤਲੀਆਂ ਨਾਰਾਂ ਨੂੰ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦਾ ਪੈਸਾ ਖਿੱਚਕੇ ਲੈ ਗਿਆ ਹੈ, ਹਰ ਪਾਸੇ ਵੀਰਾਨੀ ਹੈ, ਨਵੇਂ ਵਿਦਿਆਰਥੀ ਮੈਨੂੰ ਜਾਣਦੇ ਨਹੀਂ, ਕਾਲਜ ਦੇ ਪ੍ਰੋਫੈਸਰ ਗ੍ਰੇਡਾਂ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਕਰਦੇ, ਮੇਰਾ ਮਹਾ ਕਾਵਿ ਮੇਰੇ ਆਪਣੇ ਕਾਲਜ ਦੀ ਲਾਇਬ੍ਰੇਰੀ ਵਿਚ ਵੀ ਨਹੀਂ ਅਤੇ ਕਾਲਜ ਦਾ ਪ੍ਰਿੰਸੀਪਲ ਮੇਰੀ ਨਿਗੂਣੀ, ਸਿਰਫ ਪਾਣੀ ਦੇ ਬੁਲਬੁਲੇ ਜਿੰਨੀ ਪ੍ਰਸਿੱਧਤਾ ਤੋਂ ਵੀ ਚਿੜ੍ਹਦਾ ਹੈ। ਸੋ ਮੈਂ ਗੜ੍ਹਦੀਵਾਲਾ ਨੂੰ ਆਉਣ ਵਾਲੇ ਦੋ ਸਾਲਾਂ ਵਿਚ ਛੱਡ ਦਿਆਂਗਾ।

**(ਮਹਿਬੂਬ ਹੋਰਾਂ ਨੇ ਆਪਣੇ ਅੰਤ ਵੇਲੇ ਤੱਕ ਗੜ੍ਹਦੀਵਾਲ ਛੱਡਿਆ ਨਹੀਂ ਸੀ-ਸੰਪਾਦਕ)**

#

## *ਹਰਿੰਦਰ ਸਿੰਘ ਮਹਿਬੂਬ ਦੀ ਸ਼ਾਇਰੀ*

# ਸਾਡੀ ਖੇਡ ਨੂੰ ਚਾਲੂ ਰੱਖਣ ਲਈ ਤੇਰੇ ਦੀਵੇ ਅੰਬਰੀਂ ਬਲ ਪੈਂਦੇ

***ਹਰਿੰਦਰ ਸਿੰਘ ਮਹਿਬੂਬ ਦੀ ਸ਼ਾਇਰੀ ਬਾਰੇ ਸੱਚ ਹੀ ਕਿਹਾ ਜਾਂਦਾ ਹੈ ਕਿ ਇਸ ਵਿਚੋਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀ ਆਭਾ ਨਜ਼ਰ ਆਉਂਦੀ ਹੈ। ਮਹਿਬੂਬ ਦੇ ਵੱਡ ਆਕਾਰੀ ਕਾਵਿ ਸੰਗ੍ਰਹਿ "ਝਨ੍ਹਾਂ ਦੀ ਰਾਤ" ਬਾਰੇ ਇਹ ਰਿਵੀਊ ਮਹਿਬੂਬ ਦੇ ਮਿੱਤਰ ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ ਨੇ ਕੁਝ ਸਮਾਂ ਪਹਿਲਾਂ ਲਿਖਿਆ ਸੀ। ਇਹ ਰਿਵੀਊ ਮਹਿਬੂਬ ਦੀ ਸ਼ਾਇਰੀ ਨੂੰ ਸਮਝਣ ਲਈ ਬਹੁਤ ਸਹਾਈ ਹੁੰਦਾ ਹੈ। ਪਾਠਕਾਂ ਦੀ ਦਿਲਚਸਪੀ ਲਈ ਅਸੀਂ ਇਹ ਰਿਵੀਊ ਇਥੇ ਛਾਪ ਰਹੇ ਹਾਂ। -ਸੰਪਾਦਕ***

**ਅਮਰਜੀਤ ਸਿੰਘ ਪਰਾਗ***

ਹਰਿੰਦਰ ਸਿੰਘ ਮਹਿਬੂਬ ਲਟ ਲਟ ਬਲਦੀ ਸਿਰਜਨਾਤਮਕ ਪ੍ਰਤਿਭਾ ਅਤੇ ਅੰਤਰਦ੍ਰਿਸ਼ਟੀ ਦਾ ਮਾਲਕ ਸੀ। ਉਸ ਦਾ ਆਪਣਾ ਵਿਲੱਖਣ ਮੁਹਾਵਰਾ, ਜਾਨਦਾਰ ਸ਼ੈਲੀ ਅਤੇ ਮੌਲਿਕ ਕਾਵਿ-ਸਿਧਾਂਤ ਸੀ ਜੋ ਪੰਜਾਬੀ ਕਾਵਿ-ਸ਼ਾਸਤਰ ਨੂੰ ਡੂੰਘੀ ਤਰ੍ਹਾਂ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦਾ ਸੀ। ਉਂਜ ਮਹਿਬੂਬ ਨੂੰ ਭਾਈ ਵੀਰ ਸਿੰਘ, ਪੂਰਨ ਸਿੰਘ ਅਤੇ ਪ੍ਰੀਤਮ ਸਿੰਘ ਸਫੀਰ ਦੀ ਪਰੰਪਰਾ ਦੇ ਪੈਰਾਮੀਟਰ ਵਿਚ ਰੱਖ ਕੇ ਵੇਖਣਾ ਵਧੇਰੇ ਸਾਰਥਕ ਹੋਵੇਗਾ। ਉਪਰੋਕਤ ਤਿੰਨੇ ਕਵੀ ਸਿੱਖ ਧਰਮ ਦੇ ਸਮੂਹਕ ਅਨੁਭਵ ਵਿਚੋਂ ਆਪਣੀ ਕਵਿਤਾ ਦਾ ਸਰੋਕਾਰ ਤਲਾਸ਼ਦੇ ਹਨ। ਮਹਿਬੂਬ ਵੀ ਇਹੋ ਕੁਝ ਕਰਦਾ ਹੈ। ਕਾਵਿ ਉਦੇਸ਼ ਦੀ ਸਾਂਝ ਦੇ ਬਾਵਜੂਦ ਇਨ੍ਹਾਂ ਵਿਚੋਂ ਕੋਈ ਕਵੀ ਵੀ ਕਿਸੇ ਨੂੰ ਮਾਡਲ ਨਹੀਂ ਬਣਾਉਂਦਾ। ਮਹਿਬੂਬ ਲਈ ਵੀ ਤਿੰਨਾਂ ਵਿਚੋਂ ਕੋਈ ਉਸਦੀ ਸ਼ਾਇਰੀ ਦਾ ਮਾਡਲ ਨਹੀਂ, ਭਾਵੇਂ ਉਸਦੀ ਕਵਿਤਾ ਵਿਚਲਾ ਪੰਜਾਬ ਪੂਰਨ ਸਿੰਘ ਦੇ ਪੰਜਾਬ ਦਾ ਹਮਸ਼ਕਲ ਹੈ। ਪੂਰਨ ਸਿੰਘ ਸਗਲਸ੍ਰਿਸ਼ਟ ਨੂੰ ਆਪਣੀ ਪਿਆਰ ਗਲਵੱਕੜੀ ਵਿਚ ਲੈਣ ਵਾਲੇ ਵੇਦਾਂਤਕ ਵੇਗ ਦੀ ਸੁਰ ਵਿਚ ਬੋਲਦਾ ਹੈ ਤਾਂ ਮਹਿਬੂਬ ਬੁੱਲ੍ਹੇ ਸ਼ਾਹ ਵਾਲੀ ਸੂਫੀਆਨਾ ਧਮਾਲ ਵਿਚ ਸ਼ਾਮਲ ਜਾਪਦਾ ਹੈ। ਸਫੀਰ ਲਈ ਅਨੰਦਪੁਰ ਦਾ ਵਾਲੀ ਸਦਾ ਅੰਗ-ਸੰਗ ਹੈ ਤੇ 'ਹਲਤ ਪਲਤ ਰਾਹ ਦੱਸਦਾ' ਹੈ। ਮਹਿਬੂਬ ਉਸ ਤੋਂ ਵਿਛੜਨ ਦੀ ਬਿਹਬਲਤਾ ਦਾ ਦਰਦ ਅਨੁਭਵ ਕਰ ਰਿਹਾ ਹੈ। ਭਾਈ ਵੀਰ ਸਿੰਘ ਸਿੱਖ ਸੰਜਮ ਵਿਚ ਵਿਚਰਦੇ ਹੋਏ ਸਿੱਖੀ ਦੀ ਪਹਿਲ ਤਾਜ਼ਗੀ ਦੀ ਸਿੱਖ ਅਨੁਭਵ ਵਿਚ ਪੁਨਰ ਸੁਰਜੀਤੀ ਲਈ ਤਾਂਘਦਾ ਹੈ। ਸਰੋਕਾਰਾਂ ਦੀ ਸਾਂਝ ਦੇ ਬਾਵਜੂਦ ਇਹ ਚਾਰੇ ਸ਼ਾਇਰ ਆਪਣੀ ਜ਼ੋਰਦਾਰ ਮੌਲਿਕਤਾ ਕਰਕੇ ਵਿਲੱਖਣ ਪਹਿਚਾਣ ਵਾਲੇ ਲੇਖਕ ਹਨ।

ਮਹਿਬੂਬ ਦਾ ਮਹਾਨ ਕਵਿਤਾ ਅਤੇ 'ਅਪਹੁੰਚ ਵਿਸ਼ਵ' ਦੇ ਅਟੁੱਟ ਰਿਸ਼ਤੇ ਦਾ ਸਿਧਾਂਤ ਭਾਈ ਸਾਹਿਬ ਦੇ 'ਰੂਪ-ਅਰੂਪ' ਅਤੇ ਗੁਰਬਾਣੀ ਦੇ 'ਬਲਿਹਾਰੀ ਕੁਦਰਤ ਵਸਿਆ' ਦੇ ਵਿਚਾਰ ਦਾ ਵਿਸਤਾਰ ਕਿਹਾ ਜਾ ਸਕਦਾ ਹੈ। ਕਿਸੇ ਅਪਹੁੰਚ ਵਿਸ਼ਵ ਦਾ ਮਟਕ ਚਾਨਣਾ ਮਹਿਬੂਬ ਦੀ ਕਵਿਤਾ ਦੀ ਵਿਆਪਕ ਵਿਵਿਧਤਾ ਨੂੰ ਸੂਤਰਬਧ ਕਰਦਾ ਜਾਪਦਾ ਹੈ। ਉਸ ਦੀ ਸ਼ਾਇਰੀ ਵਿਚਲੇ ਧਰਤਚਿਤ੍ਰ, ਮਾਨਵਚਿਤ੍ਰ ਅਤੇ ਪੈਗੰਬਰੀ ਜਲਵੇ ਕਿਸੇ ਮਹਾਂਬਿੰਬ ਵਿਚ ਬੱਝ ਕੇ ਗਤੀਸ਼ੀਲ ਹੁੰਦੇ ਹਨ। ਜੰਡ ਹੇਠ ਸੁੱਤਾ ਪਿਆ ਮਿਰਜ਼ਾ ਅਤੇ ਖਿਦਰਾਣੇ ਦੀ ਢਾਬ 'ਤੇ ਜ਼ਖ਼ਮੀ ਮਹਾਂ ਸਿੰਘ ਵਿਚ ਇਕ ਅਦ੍ਰਿਸ਼ਟ ਸਾਂਝ ਹੈ। ਜਿਵੇਂ ਲੱਖਾਂ ਕੋਹਾਂ ਦੀ ਦੂਰੀ ਉਪਰ ਆਪਣੇ-ਆਪਣੇ ਗ੍ਰਹਿ ਪੰਧ ਉਪਰ ਘੁੰਮ ਰਹੇ ਅਸੰਖਾਂ ਤਾਰੇ ਵੱਡੇ ਨੇਮ ਅਧੀਨ ਇਕ ਦੂਜੇ ਨਾਲ ਅਦ੍ਰਿਸ਼ਟ ਰਿਸ਼ਤੇ ਵਿਚ ਬੱਝੇ ਹੁੰਦੇ ਹਨ। ਜਿਵੇਂ ਅਸੰਖ ਭਗਤ ਗੁਣ ਗਿਆਨ ਵਿਚਾਰ ਤੋਂ ਲੈ ਕੇ 'ਅਸੰਖ ਚੋਰ ਹਰਾਮ ਖੋਰ' ਇਕ ਮਹਾਂਲੀਲ੍ਹਾ ਦਾ ਅੰਗ ਹਨ।

ਮਹਿਬੂਬ ਦੀ ਕਵਿਤਾ ਆਪਣਾ ਉੱਚਾ ਤਰਕ ਤਿੰਨ ਸੋਮਿਆਂ ਤੋਂ ਪ੍ਰਾਪਤ ਕਰਦੀ ਹੈ। (1) ਧਰਮ ਦਾ ਸਮੂਹਕ ਅਨੁਭਵ (2) ਵਿਅਕਤੀਗਤ ਇਸ਼ਕ ਦੀ ਸ਼ਿੱਦਤ ਅਤੇ (3) ਭਰਪੂਰ ਕੁਦਰਤ। 'ਝਨ੍ਹਾਂ ਦੀ ਰਾਤ' ਨਾਂ ਦੇ 828 ਪੰਨਿਆਂ ਵਾਲੇ ਵੱਡਆਕਾਰੀ ਕਾਵਿ-ਗ੍ਰੰਥ ਵਿਚੋਂ ਮਹਿਬੂਬ ਦੀ ਕਵਿਤਾ ਦੇ ਸਰੋਕਾਰ ਅਤੇ ਕਾਵਿ ਕਲਾ ਦੇ ਸਾਰੇ ਪਹਿਲੂ ਭਲੀ-ਭਾਂਤ ਉਜਾਗਰ ਹੁੰਦੇ ਹਨ। ਪਰੰਤੂ ਇਸ ਜਾਨਦਾਰ ਕਵਿਤਾ ਦੇ ਛਪਣ ਤੋਂ ਦਸ ਸਾਲ ਬਾਅਦ ਵੀ ਅਜੇ ਇਸ ਦਾ ਉਹ ਗੰਭੀਰ ਨੋਟਿਸ ਨਹੀਂ ਲਿਆ ਗਿਆ, ਜਿਸ ਦੀ ਇਹ ਸੱਚਮੁੱਚ ਹੱਕਦਾਰ ਹੈ। ਕੇਵਲ ਆਖ਼ਰੀ ਕਿਤਾਬ ਦੀ ਆਖ਼ਰੀ ਕਵਿਤਾ ਨੀਂਦ ਦਾ ਕਤਲ ਅਤੇ ਸ਼ਹੀਦ ਦਾ ਗਜ਼ਬ ਨੂੰ ਲੈ ਕੇ ਗ਼ੈਰ ਸਾਹਿਤਕ ਵਿਵਾਦ ਛਿੜਿਆ ਰਿਹਾ ਹੈ। ਇਕ ਤਰ੍ਹਾਂ ਨਾਲ ਜਿਸ ਦੁਖਾਂਤ ਨਾਲ ਕਵਿਤਾ ਸੰਬੰਧਤ ਸੀ, ਸਮੁੱਚੀ ਝਨ੍ਹਾਂ ਦੀ ਰਾਤ ਹੀ ਉਸ ਦੁਖਾਂਤ ਵਿਚੋਂ ਪੈਦਾ ਹੋਏ ਪ੍ਰਤੀਕਰਮ ਦਾ ਸ਼ਿਕਾਰ ਹੋ ਗਈ। ਇਕ ਹੋਰ ਕਾਰਨ ਇਸ ਕਾਵਿ ਦਾ ਪੰਜਾਬੀ ਕਵਿਤਾ ਦੀਆਂ ਪ੍ਰਚੱਲਿਤ ਲਹਿਰਾਂ ਨਾਲੋਂ ਵਿਲੱਖਣ ਹੋਣਾ ਹੈ। ਇਨ੍ਹਾਂ ਲਹਿਰਾਂ ਜਾਂ ਧੜਿਆਂ ਨਾਲ ਸਬੰਧਤ ਆਲੋਚਕ ਅਤੇ ਸਾਹਿਤਕ ਨੇਤਾ ਵੱਖਰੀ ਅਤੇ ਵਿਲੱਖਣ ਸਾਹਿਤਕ ਰਚਨਾ ਪ੍ਰਤੀ ਜਾਂ ਤਾਂ ਵਿਰੋਧ ਭਾਵ ਪਾਲ ਲੈਂਦੇ ਹਨ ਜਾਂ ਫਿਰ ਚੁੱਪ ਧਾਰ ਲੈਣੀ ਹੀ ਉਚਿਤ ਮੰਨਦੇ ਹਨ। ਬੀਤੇ ਦਹਾਕੇ ਵਿਚ ਕੇਵਲ ਹਰਭਜਨ ਸਿੰਘ ਹੁੰਦਲ ਹੁਰਾਂ ਨੇ ਹੀ ਝਨਾਂ ਦੀ ਰਾਤ ਬਾਰੇ ਵਿਸਥਾਰ ਸਹਿਤ ਕੁਝ ਕਹਿਣ ਦਾ ਯਤਨ ਕੀਤਾ ਹੈ। ਹੁੰਦਲ ਹੁਰਾਂ ਨੇ ਮਾਰਕਸਵਾਦੀ ਪੈਂਤੜੇ ਤੋਂ ਮਹਿਬੂਬ ਦੀ ਸ਼ਾਇਰੀ ਬਾਰੇ ਕਈ ਕਿੰਤੂ ਕੀਤੇ ਹਨ। ਪਰੰਤੂ ਉਨ੍ਹਾਂ ਨੇ ਇਸਦੇ ਅਨੇਕਾਂ ਕਾਵਿ ਗੁਣਾਂ ਦੀ ਪ੍ਰਸ਼ੰਸਾ ਵੀ ਕੀਤੀ ਹੈ। ਹੁੰਦਲ ਹੁਰਾਂ ਨੂੰ ਵੱਡਾ ਇਤਰਾਜ਼ ਇਸ ਕਵਿਤਾ ਦਾ ਸਮਾਜਕ, ਯਥਾਰਥ ਦੀ ਥਾਂ ਅਪਹੁੰਚ-ਵਿਸ਼ਵ ਵਲ ਮੂੰਹ ਕਰਕੇ ਤੁਰਨ ਉਪਰ ਹੈ। ਉਨ੍ਹਾਂ ਨੂੰ ਦੂਜਾ ਇਤਰਾਜ਼ ਮਹਿਬੂਬ ਵਲੋਂ ਸਿੱਖ ਪੰਥ ਨੂੰ ਹੋਰ ਧਰਮਾਂ ਨਾਲੋਂ ਉੱਤਮ ਦਰਸਾਉਣ 'ਤੇ ਹੈ, ਜਿਸ ਨੂੰ ਉਹ ਸ਼ਾਵਨਵਾਦ ਦੀ ਸੰਗਿਆ ਦਿੰਦੇ ਹਨ। ਫਿਰ ਵੀ ਉਨ੍ਹਾਂ ਨੇ ਮਹਿਬੂਬ ਦੀ ਕਵਿਤਾ ਦੀ ਹੈਰਾਨ ਕਰਨ ਵਾਲੀ ਵਿਸ਼ਾਲਤਾ, ਪੰਜਾਬ ਦੇ ਧਰਤ ਦ੍ਰਿਸ਼ਾਂ ਦੇ ਖੂਬਸੂਰਤ ਚਿਤ੍ਰਣ ਅਤੇ ਸਮੁੱਚੇ ਪੰਜਾਬ ਨੂੰ ਆਪਣੇ ਕਲਾਵੇ ਵਿਚ ਲੈਂਦੇ ਪਿਆਰ ਦੀ ਪ੍ਰਸ਼ੰਸਾ ਕਰਦੇ ਹੋਏ ਹਰਿੰਦਰ ਸਿੰਘ ਮਹਿਬੂਬ ਨੂੰ 'ਮੁਹੱਬਤ ਅਤੇ ਇਨਸਾਨੀ ਅਜ਼ਮਤ ਦੇ ਗੀਤ ਗਾਉਣ ਵਾਲਾ ਪਹਿਲਾ ਕਵੀ' ਕਿਹਾ ਹੈ।

ਅਸੀਂ ਮਹਿਬੂਬ ਹੁਰਾਂ ਦੇ ਪ੍ਰਤਿਭਾਵਾਨ ਸਮਕਾਲੀਆਂ ਨਾਲ ਸੰਪਰਕ ਕਰਕੇ ਝਨ੍ਹਾਂ ਦੀ ਰਾਤ ਬਾਰੇ ਉਨ੍ਹਾਂ ਦੇ ਵਿਚਾਰ ਜਾਨਣੇ ਲਾਭਕਾਰੀ ਸਮਝੇ। ਅਸੀਂ ਸੁਰਜੀਤ ਪਾਤਰ, ਗੁਰਭਗਤ ਸਿੰਘ ਅਤੇ ਹਰਦਿਲਜੀਤ ਸਿੰਘ 'ਲਾਲੀ ਸਾਹਿਬ' ਹੁਰਾਂ ਦੇ ਵਿਚਾਰ ਇਥੇ ਦੇ ਰਹੇ ਹਾਂ। ਇਨ੍ਹਾਂ ਸੱਜਣਾਂ ਦੀਆਂ ਟਿੱਪਣੀਆਂ ਤੋਂ ਵੀ ਮਹਿਬੂਬ ਹੁਰਾਂ ਦੀ ਸ਼ਾਇਰੀ ਦੇ ਉੱਚੇ ਮਿਆਰ, ਮੌਲਿਕ ਮੁਹਾਵਰੇ ਅਤੇ ਵਿਲੱਖਣ ਮੁਹਾਂਦਰੇ ਬਾਰੇ ਸਪੱਸ਼ਟ ਸੰਕੇਤ ਮਿਲਦੇ ਹਨ।

ਸੁਰਜੀਤ ਪਾਤਰ ਅਨੁਸਾਰ, "ਹਰਿੰਦਰ ਮਹਿਬੂਬ ਦੀ ਆਵਾਜ਼ ਵਿਚ ਜੋ ਬਿਹਬਲਤਾ ਹੈ, ਉਹ ਹੋਰ ਕਿਤੇ ਨਹੀਂ ਮਿਲਦੀ। ਉਸ ਦੀ ਆਵਾਜ਼ ਤਾਰਿਆਂ ਨਾਲ ਟਕਰਾ ਕੇ ਮੁੜਦੀ ਹੈ। ਕਹਿਰ ਅਤੇ ਮਿਹਰ ਦੇ ਦੋ ਕਿਨਾਰਿਆਂ ਵਿਚਕਾਰ ਜੋ ਆਸ਼ਾ ਨਿਰਾਸ਼ਾ ਦਾ ਥਲ ਵਿਛਿਆ ਹੈ, ਉਹ ਉਸ ਥਲ ਦਾ ਕਵੀ ਹੈ। ਉਹ ਮਹਾਂਉਦਾਸੀ ਦੀ ਰਾਤ ਵਿਚ ਕਿਸੇ ਆਤਮਕ ਸਹਾਰੇ ਦੀ ਓਟ ਵਿਚ ਦੀਵੇ ਬਾਲਦਾ ਹੈ। ਉਹ ਭਾਸ਼ਾ ਨੂੰ ਸਾਜ਼ ਅਤੇ ਰਾਗ ਵਾਂਗ ਵਜਾਉਂਦਾ ਹੈ। ਉਹ ਭਾਸ਼ਾ ਨੂੰ ਮੀਂਹ ਵਾਂਗ ਵਰ੍ਹਾਉਂਦਾ ਹੈ। ਉਹ ਲੰਘ ਗਏ ਉਨ੍ਹਾਂ ਵਾਲਿਆਂ ਲਈ ਗਾਉਂਦਾ ਹੈ ਅਤੇ ਇਸ ਯਕੀਨ 'ਤੇ ਗਾਉਂਦਾ ਹੈ ਕਿ ਉਹਨੂੰ ਮੋਏ ਤੇ ਵਿਛੜੇ, ਪੁਰਖੇ ਤੇ ਵਾਰਿਸ ਸੁਣਦੇ ਹਨ। ਪਰ ਕਦੀ ਕਦੀ ਮੈਂ ਉਸ ਨੂੰ ਹਮੇਸ਼ਾ ਲਈ ਬੰਦ ਬੱਜਰ ਦਰਾਂ ਅੱਗੇ ਅੱਥਰੂ ਕੇਰਦਿਆਂ ਵੀ ਵੇਖਦਾ ਹਾਂ। ਉਹ ਪੰਜਾਬ ਦੇ ਅਵਚੇਤਨ ਦੇ ਡੂੰਘੇ ਦਰਦ ਦਾ ਕਵੀ ਹੈ। ਉਹ ਮਹਾਨ ਯਾਦ ਦਾ, ਵਿਰਾਟ ਝਲਕ ਦਾ, ਇਲਾਹੀ ਫ਼ਰਿਆਦ ਦਾ ਤੇ 'ਹੂਅ' ਦਾ ਸ਼ਾਇਰ ਹੈ।"

ਪ੍ਰਸਿੱਧ ਵਿਦਵਾਨ ਅਤੇ ਲੇਖਕ ਡਾ. ਗੁਰਭਗਤ ਸਿੰਘ ਦੇ ਮਤਿ ਅਨੁਸਾਰ "ਮਹਿਬੂਬ ਦੀ ਕਵਿਤਾ ਦੋ-ਤਿੰਨ ਗੱਲਾਂ ਕਰਕੇ ਮਹੱਤਵਪੂਰਨ ਹੈ। (ੳ) ਉਸ ਨਾਲ ਪੰਜਾਬ ਦਾ ਵਿਲੱਖਣ ਚਿੰਤਨ ਅਤੇ ਵਿਲੱਖਣ ਸੋਚ ਵਾਪਸ ਪਰਤਦੀ ਹੈ ਜੋ ਕਾਫੀ ਦੇਰ ਤੋਂ ਪੰਜਾਬੀ ਕਵਿਤਾ ਵਿਚੋਂ ਮਨਫ਼ੀ ਪਾਈ ਗਈ ਹੈ। (ਅ) ਉਸ ਦੀ ਕਵਿਤਾ ਵਿਚ ਪੰਜਾਬੀਅਤ ਦਾ ਸੰਕਲਪ ਦੋਹਾਂ ਪੰਜਾਬਾਂ ਨਾਲ ਸਬੰਧਤ ਹੈ। ਪੰਜਾਬੀ ਕਵਿਤਾ ਕਾਫੀ ਦੇਰ ਤੋਂ ਇਨ੍ਹਾਂ ਨਾਲੋਂ ਟੁੱਟ ਰਹੀ ਹੈ। ਤਰੱਕੀਪਸੰਦ ਪੰਜਾਬੀ ਕਵਿਤਾ ਵਿਚ ਸੰਯੁਕਤ ਪੰਜਾਬੀਅਤ ਨੂੰ ਕਦੇ ਵੀ ਮੁੱਦਾ ਨਹੀਂ ਬਣਾਇਆ ਗਿਆ। (ੲ) ਮਹਿਬੂਬ ਨੇ ਗੁਰਬਾਣੀ, ਸੂਫੀ ਕਵਿਤਾ, ਲੋਕ ਸਾਹਿਤ, ਖਾਸ ਕਰਕੇ ਪੱਛਮੀ ਪੰਜਾਬ ਦੇ ਜਾਂਗਲੀ ਵਿਰਸੇ ਦੇ ਮਿਸ਼ਰਣ ਨਾਲ ਪੰਜਾਬੀ ਕਵਿਤਾ ਦਾ ਮਿਆਰੀ ਮੁਹਾਵਰਾ ਵਿਕਸਿਤ ਕੀਤਾ ਹੈ।"

ਇਨ੍ਹਾਂ ਆਰੰਭਕ ਟਿੱਪਣੀਆਂ ਪਿਛੋਂ ਅਸੀਂ ਝਨ੍ਹਾਂ ਦੀ ਰਾਤ ਦੀਆਂ ਸੱਤ ਕਾਵਿ-ਪੁਸਤਕਾਂ ਦੀ ਸੰਖੇਪ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗੇ:

1. ਵਣ-ਵੈਰਾਗ: ਇਸ ਕਿਤਾਬ ਵਿਚ ਕੁੱਲ 13 ਕਵਿਤਾਵਾਂ ਸ਼ਾਮਲ ਹਨ। ਇਹ 1960-61 ਵਿਚ ਲਿਖੀਆਂ ਗਈਆਂ ਹਨ। ਇਹ ਉਸਦੇ ਮੁਢਲੇ ਦੌਰ ਦੀ ਕਵਿਤਾ ਹੋਣ ਕਰਕੇ ਮਹਿਬੂਬ ਦੀ ਸ਼ਾਇਰੀ ਦੇ ਵਿਕਾਸ ਦੇ ਇਕ ਪੜਾਓ ਨੂੰ ਦਰਸਾਉਣ ਵਾਲੀ ਕਵਿਤਾ ਹੈ। ਇਸ ਸਮੇਂ ਦੌਰਾਨ ਉਸ ਨੇ ਸੈਂਕੜੇ ਹੋਰ ਕਵਿਤਾਵਾਂ ਵੀ ਲਿਖੀਆਂ। ਪਰੰਤੂ ਪੁਸਤਕ ਛਪਣ ਦੇ ਸਮੇਂ ਤੀਕ ਕਵੀ ਤਿੰਨ ਦਹਾਕਿਆਂ ਦੀਆਂ ਯੁਗਗਰਦੀਆਂ ਹੰਢਾ ਚੁੱਕਿਆ ਸੀ। ਇਸ ਲਈ ਇਸ ਸਮੇਂ ਲਿਖੀਆਂ ਇਕ ਸੌ ਦੇ ਕਰੀਬ ਕ੍ਰਾਂਤੀਕਾਰੀ ਕਵਿਤਾਵਾਂ ਉਸ ਨੇ ਰੱਦ ਕਰ ਦਿੱਤੀਆਂ। ਉਸ ਦੇ ਸ਼ਬਦਾਂ ਵਿਚ "ਇਹ ਕ੍ਰਾਂਤੀਕਾਰੀ ਕਵਿਤਾਵਾਂ ਸਮੇਂ ਦੀਆਂ ਲਹਿਰਾਂ ਦੀ ਮੱਲੋ-ਜ਼ੋਰੀ ਬਣਾਈ ਹਕੀਕਤ 'ਤੇ ਖੜ੍ਹੀਆਂ ਸਨ। ਜ਼ਰਾ ਸਿਆਣਾ ਹੋਣ 'ਤੇ ਮੈਨੂੰ ਸਮਝ ਪਈ ਕਿ ਸ਼੍ਰੇਣੀ ਸੰਘਰਸ਼ ਦੇ ਇਕਹਿਰੇ ਫਾਰਮੂਲੇ ਦੀ ਜ਼ਿੰਦਗੀ ਦੇ ਡੂੰਘੇ ਸੱਚ ਨਾਲ ਕਦੇ-ਕਦੇ ਅਸਲ ਸਾਂਝ ਹੁੰਦੀ ਹੈ।" ਇਨ੍ਹਾਂ ਕਵਿਤਾਵਾਂ ਦੀ ਗੈਰ-ਹਾਜ਼ਰੀ ਕਾਰਨ ਅਸੀਂ ਮਹਿਬੂਬ ਨੂੰ ਬਤੌਰ ਇਕ ਕ੍ਰਾਂਤੀਕਾਰੀ ਸ਼ਾਇਰ ਦੇ ਕਦੇ ਵੀ ਨਹੀਂ ਜਾਣ ਸਕਾਂਗੇ। ਇਹ ਇਕ ਸਾਹਿਤਕ ਹਾਦਸਾ ਹੀ ਮੰਨਿਆ ਜਾ ਸਕਦਾ ਹੈ।

ਵਣ-ਵੈਰਾਗ ਦੀ ਉਪਲਬਧ ਕਵਿਤਾ ਬਾਰੇ ਮਹਿਬੂਬ ਨੇ ਲਿਖਿਆ ਹੈ: "ਇਨ੍ਹਾਂ ਕਵਿਤਾਵਾਂ ਵਿਚ ਨਾਇਕ ਕਿਸੇ ਪਾਵਨ ਚਿਹਰੇ ਦੇ ਸੁਪਨੇ ਵਿਚੋਂ ਸਕੂਨ ਲੈ ਰਿਹਾ ਹੈ ਅਤੇ ਉਸ ਤੋਂ ਵਿਛੜ ਕੇ ਗੁਨਾਹਗਾਰ ਵਜੋਂ ਉਮਰ ਗੁਜ਼ਾਰਦਾ ਹੈ। ਉਸ ਦਾ ਦੈਵੀ ਦੀਦਾਰ ਤੋਂ ਵਿਛੜਨਾ ਮਨੁੱਖੀ ਹੋਂਦ ਦੀ ਮੂਰਛਾ ਹੈ। ਜੀਵਨ ਦੀ ਚੰਨ-ਚਾਨਣੀ ਵਿਚ ਇਕ ਸੰਘਣਾ ਵਣ ਸੁੱਤਾ ਹੈ:ਜਿਸ ਵਿਚ ਯੁੱਗਾਂ ਦੇ ਗੁਨਾਹਗਾਰ ਮੂਰਛਤ ਪਏ ਹਨ। ਕਈਆਂ ਦੀ ਮੂਰਛਾ ਹੁਸਨ ਦੀ ਸੱਦ ਨੇ ਤੋੜੀ ਹੈ। ਉਹ ਲਾਸ਼ ਨਾ ਰਹੇ, ਉਹ ਮਸੀਹਾ ਬਣ ਗਏ।" ਵਿਛੜਨਾ ਸਿਦਕ ਦੇ ਗੁਆਚ ਜਾਣ ਦੀ ਦਾਸਤਾਨ ਹੈ:

ਰੈਣ ਬਸੇਰਾ ਦਰਦ ਘਨੇਰਾ
ਦੁੱਖ ਮੰਜ਼ਿਲ ਦੇ ਕਿੰਨੇ
ਮਿੱਤਰ ਪਿਆਰੇ ਤੇ ਮਰ ਜਾਣਾ
ਜਿਸ ਨਗਰੀ ਵਿਚ ਸੁੱਤੇ। (ਸੁੱਤੀ ਨਾਰ)

ਕੁਦਰਤ, ਨਾਰੀ ਸੁੰਦਰਤਾ ਅਤੇ ਮੁਹੱਬਤ ਦੀ ਸ਼ਿੱਦਤ ਇਕ ਸੁਹਜ ਸੰਤੁਲਨ ਵਿਚ ਬੱਝ ਕੇ ਮਾਨੋ ਜ਼ਿੰਦਗੀ ਦੀ ਆਰਤੀ ਉਤਾਰ ਰਹੇ ਹਨ:

ਜਦ ਤੇਰਾ ਹਵਾ ਨੂੰ ਨਾਂ ਦੱਸੀਏ
ਉਹਦੀ ਗੋਦੀ ਤਰੇਲ ਦੇ ਫਲ ਪੈਂਦੇ।
ਸਾਡੀ ਖੇਡ ਨੂੰ ਚਾਲੂ ਰੱਖਣ ਲਈ
ਤੇਰੇ ਦੀਵੇ ਅੰਬਰੀਂ ਬਲ ਪੈਂਦੇ।
(ਕਿਸੇ ਜਾਂਗਲੀ ਨਾਰ ਨੂੰ)

ਇਸ ਦੌਰ ਦੀ ਕਵਿਤਾ ਉਪਰ ਕੋਈ ਸਿਧਾਂਤ ਭਾਰੂ ਨਹੀਂ ਪਰ ਲੋਕ ਗੀਤਾਂ ਦੀਆਂ ਤਰਬਾਂ, ਕੁਦਰਤ ਦਾ ਹੁਸਨ ਅਤੇ ਮੁਹੱਬਤ ਦਾ ਪਾਕ ਜਲਵਾ ਸਹਿਜ ਤੋਰ ਵਿਚ ਸ਼ਾਂਤ ਦਰਿਆ ਵਾਂਗ ਟੁਰਦੇ ਦਿਖਾਈ ਦਿੰਦੇ ਹਨ। ਬਿੰਬਾਂ ਦੇ ਵਿਲੱਖਣ ਸੰਯੋਗਾਂ ਤੋਂ ਮਿੱਥਾਂ ਸਿਰਜਣਾ ਮਹਿਬੂਬ ਦੀ ਕਵਿਤਾ ਦਾ ਮੀਰੀ ਗੁਣ ਹੈ। ਇਹ ਲੱਛਣ ਵਣ-ਵੈਰਾਗ ਤੋਂ ਹੀ ਹਾਜ਼ਰ ਹੈ:

ਲੂ ਮੈਲੀ ਦੇ ਅੰਦਰਾਂ ਚਿੱਟੇ ਪੰਖ ਲੁਕੋ,
ਇਕੋ ਪਲ ਵਿਚ ਗਿਆ ਸੀ ਪੰਖੀ ਬੁੱਢਾ ਹੋ।
(ਰੂਹਾਂ ਦਾ ਪਹੁ ਫੁਟਾਲਾ)

2. ਰੁੱਤਾਂ ਦੇ ਭੇਦ ਭਰੇ ਖ਼ਤ: ਇਸ ਪੁਸਤਕ ਵਿਚ ਇਕ ਲੰਮੀ ਕਵਿਤਾ ਦੇ ਕੁਝ ਅੰਸ਼ ਸ਼ਾਮਲ ਕੀਤੇ ਗਏ ਹਨ। ਭਾਵੇਂ ਇਹ ਇਕ ਸਵੈ-ਸਿਰਜੀ ਮਿੱਥ ਹੈ, ਫਿਰ ਵੀ ਇਸ ਵਿਚ ਅਨੇਕਾਂ ਮਿੱਥਾਂ ਦੇ ਮੁਹਾਂਦਰੇ ਵੇਖੇ ਜਾ ਸਕਦੇ ਹਨ। "ਰੁੱਤਾਂ ਵੈਰਾਗਿਆ ਮਨ ਹਨ, ਜਿਹੜਾ ਆਪਣੇ ਅੰਦਰ ਰੰਗ ਪੈਦਾ ਕਰਨ ਵਾਲੇ ਨੂੰ ਢੂੰਡ ਰਿਹਾ ਹੈ। ਉਸ ਦੀ ਤਲਬ ਦੂਰ ਦਿਸਹੱਦਿਆਂ ਤੀਕ ਥਿਰਕ ਰਹੀ ਹੈ। ਉਸਦੇ ਚਲੇ ਜਾਣ ਕਾਰਨ ਦੇਸ ਉਜੜ ਰਿਹਾ ਹੈ। ਉਸਦੀ ਆਮਦ ਹੀ ਸੁਪਨਿਆਂ ਦੇ ਸਵਰਗ ਨੂੰ ਅਸਲੀਅਤ ਦੀ ਸ਼ਾਨ ਬਖਸ਼ੇਗੀ। ਸਰੀਰ ਅਤੇ ਰੂਹ ਦਾ ਮਿਲਨ ਜ਼ਿੰਦਗੀ ਵਿਚ ਸੁਹਜ ਦੇ ਨਵੇਂ ਕਪਾਟ ਖੋਲ੍ਹੇਗਾ ਅਤੇ ਕਦਮਾਂ ਨੂੰ ਨਵੇਂ ਸੰਘਰਸ਼ ਲਈ ਬੇਤਾਬ ਕਰੇਗਾ।

ਓਸ ਮਾਸ ਵਿਚ ਜਗਦਾ ਚਾਨਣ,
ਸੂਰਜਾਂ ਵਿਚੋਂ ਰਲਦਾ
ਓਸ ਮਾਸ ਦਾ ਲੂੰਬਾ ਅੱਜ ਤਕ
ਬਾਹਾਂ ਦੇ ਵਿਚ ਬਲਦਾ। (ਪੰਨਾ 86)

ਕਵਿਤਾ ਦੀ ਡੂੰਘੀ ਦ੍ਰਿਸ਼ਟੀ ਨੂੰ ਚਿਰਜੀਵਤਾ ਪਰਦਾਨ ਕਰਨ ਲਈ ਮਿੱਥ ਬਹੁਤ ਸਹਾਈ ਹੋ ਸਕਦੀ ਹੈ। ਅਜਿਹੀ ਸਹਾਇਤਾ ਹੀ ਮਹਿਬੂਬ ਇਸ ਕਾਵਿ ਲਈ ਮਿੱਥ ਦੀ ਵਰਤੋਂ ਤੋਂ ਪ੍ਰਾਪਤ ਕਰਦਾ ਹੈ। ਮਿੱਥ ਦੇ ਦੂਰ ਦਿਸਹੱਦਿਆਂ ਵਿਚੋਂ ਤਹਿਜ਼ੀਬਾਂ ਦੇ ਸੈਂਕੜੇ ਇਤਿਹਾਸਕ ਪੈਂਡੇ ਲੱਭੇ ਜਾ ਸਕਦੇ ਹਨ। ਮਹਿਬੂਬ ਮਿੱਥਾਂ ਦੇ ਕਿਸੇ ਹਿੱਸੇ ਨੂੰ ਕਾਵਿ-ਮਈ ਵਿਸਥਾਰ ਦਿੰਦੇ ਸਮੇਂ ਉਨ੍ਹਾਂ ਦੀਆਂ ਸਮੁੱਚੀਆਂ ਦਿਸ਼ਾਵਾਂ ਅਤੇ ਗਹਿਰਾਈਆਂ ਨੂੰ ਧਿਆਨ ਵਿਚ ਰੱਖ ਕੇ ਚਲਦਾ ਹੈ। ਇਸੇ ਲਈ ਪੂਰਨ, ਹੀਰ, ਮਿਰਜ਼ਾ, ਸੋਹਣੀ ਆਦਿਕ ਦੀਆਂ ਮਿੱਥਾਂ ਨੂੰ ਮਹਿਬੂਬ ਕਿਸੇ ਤਰ੍ਹਾਂ ਵੀ ਕਰੂਪ ਨਹੀਂ ਹੋਣ ਦਿੰਦਾ।

3. ਪਿਆਰੇ ਦਾ ਦੇਸ਼: ਇਹ ਕਿਤਾਬ ਇਸ ਸੰਗ੍ਰਹਿ ਦੀ ਸਭ ਤੋਂ ਵੱਡ-ਆਕਾਰੀ, ਬਹੁਰੰਗੀ ਅਤੇ ਸਭ ਤੋਂ ਮੁੱਲਵਾਨ ਕਾਵਿ ਪੁਸਤਕ ਹੈ। ਇਹ ਮਹਿਬੂਬ ਦੇ ਪਹਿਲੇ ਦੌਰ ਦੀ ਸਭ ਤੋਂ ਸੋਹਜ-ਮਈ ਕਵਿਤਾ ਹੈ। ਇਸ ਪੁਸਤਕ ਦੀ ਕਵਿਤਾ ਵਿਚ ਸਮੁੱਚੇ ਪੰਜਾਬ ਦਾ ਅਤੀਤ ਅਤੇ ਵਰਤਮਾਨ, ਵੇਖੇ-ਅਣਵੇਖੇ ਪਾਤਰ, ਧਰਤਦ੍ਰਿਸ਼, ਮਿਲਾਪ-ਬ੍ਰਿਹਾ, ਪੰਜ ਦਰਿਆਵਾਂ ਦੀ ਸਾਰੀ ਧਰਤੀ, ਕੁਦਰਤ, ਇਤਿਹਾਸ-ਮਿਥਿਹਾਸ, ਪੀਰ, ਵਲੀ, ਸ਼ਹੀਦ, ਗਾਜ਼ੀ ਕਾਫਰ, ਕਲੰਦਰ ਤੇ ਆਸ਼ਕ ਸਭ ਇਕ ਮਹਾਂਤਾਲ ਵਿਚ ਝੁੰਮਰ ਪਾਉਂਦੇ ਹੋਏ ਪ੍ਰਕਾਸ਼ਮਾਨ ਹੁੰਦੇ ਹਨ। ਸਭ ਦਾ ਰਿਸ਼ਤਾ ਕਿਸੇ ਅਬੋਲ ਬਿੰਬ ਨਾਲ ਹੈ। ਇਹ ਪੰਜਾਬ ਪੂਰਨ ਸਿੰਘ ਦਾ ਪੰਜਾਬ ਵੀ ਹੈ ਤੇ ਧਨੀ ਰਾਮ ਚਾਤ੍ਰਿਕ ਦਾ ਵੀ। ਗੁਰੂ ਨਾਨਕ ਦੇਵ ਦਾ ਪੰਜਾਬ ਵੀ ਹੈ ਤੇ ਵਾਰਿਸ ਸ਼ਾਹ ਦਾ ਵੀ, ਸ਼ਹੀਦ ਭਗਤ ਸਿੰਘ ਦਾ ਪੰਜਾਬ ਵੀ ਹੈ ਤੇ ਗੁਰੂ ਗੋਰਖ ਨਾਥ ਦਾ ਵੀ। ਇਸ ਉੱਪਰ ਮਿਟ ਜਾਣ ਦਾ ਭੈਅ ਤਾਰੀ ਹੈ ਤਾਂ ਸਦੀਵੀ ਵਰਦਾਨ ਦਾ ਕੌਲ ਵੀ। ਮਹਿਬੂਬ ਦੀ ਸ਼ਾਇਰੀ ਵਿਚ ਇਸ ਪੁਸਤਕ ਦਾ ਉਹੀ ਸਥਾਨ ਹੈ, ਜੋ ਅਲਾਮਾ ਇਕਬਾਲ ਦੀ ਸ਼ਾਇਰੀ ਵਿਚ ਬਾਂਗੇ-ਦੱਰਾ ਦਾ। ਇਕਬਾਲ ਵਾਂਗ ਮਹਿਬੂਬ ਵੀ ਇਸ ਕਵਿਤਾ ਨਾਲ ਆਪਣੀ ਸ਼ਾਇਰੀ ਦੇ ਇਕ ਦੌਰ ਦੀ ਅੰਤਿਮ ਸਿਖਰ ਨੂੰ ਛੂੰਹਦਾ ਹੈ।

ਪਿਆਰੇ ਦੇ ਦੇਸ਼ ਦਾ ਮਹਿਬੂਬ ਸੂਫੀਆਂ ਦੀ ਧਮਾਲ ਵਿਚ ਸ਼ਾਮਲ ਹੋ ਕੇ ਸਮਾਜ ਅਤੇ ਮਜ਼ਹਬ ਦੇ ਹਰ ਬੰਧਨ ਨੂੰ ਬੁੱਲ੍ਹੇ ਸ਼ਾਹ ਵਾਲੀ ਬੇਪ੍ਰਵਾਹ ਸ਼ਿੱਦਤ ਨਾਲ ਮਸਮਾਰ ਕਰਦਾ ਹੈ।

ਲਾਂਭੇ ਰੱਖ ਮਜ਼੍ਹਬਾਂ ਨੂੰ ਬੋਲੀਆਂ,
ਅਸੀਂ ਮੌਜੀ ਝਨਾਵਾਂ ਦੇ ਹਾਰ ਵੇ। (ਸ਼ਿੰਗਾਰ)
ਅਸਾਂ ਇਲਮ, ਸ਼ਰ੍ਹਾ ਤੇ ਵਫ਼ਾ ਦੀਆਂ
ਗੱਲਾਂ ਸ਼ੌਕ ਦੇ ਮੁਲਕਾਂ 'ਚ ਛੱਡੀਆਂ ਵੇ।
(ਯਾਰ ਦੇ ਧਿਆਨ ਵਿਚ)

ਇਸ ਸਮੇਂ ਕਵੀ ਲਈ ਮਨੁੱਖ-ਸਿਰਜੇ ਬੰਧਨ ਹੀ ਨਹੀਂ ਸਗੋਂ ਧਰਤ-ਆਕਾਸ਼ ਦੀਆਂ ਹੱਦਾਂ ਵੀ ਦਮ ਘੁਟਦੀਆਂ ਜਾਪਦੀਆਂ ਹਨ :

ਇਸ ਚਰਖ ਜ਼ਿਮੀ ਨੂੰ ਤੋੜ ਦਿਓ,
ਮੈਨੂੰ ਖੇਡਣ ਲਈ ਕੁਝ ਹੋਰ ਦਿਓ,
ਇਸ ਥਲ ਵਿਚ ਨਹੀਂ ਜਨੂਨ ਰਿਹਾ,
ਜ਼ਰਾ ਸ਼ਾਹ ਅਸਵਾਰ ਤਾਂ ਹੋਰ ਦਿਓ।
ਹਰ ਰਣ ਦੀ ਆਪਣੀ ਵਾਜ ਹੈ ਇਹ
ਜੋ ਤੁਰਦਾ ਉਸ ਨੂੰ ਤੋਰ ਦਿਓ।
ਇਹ ਕੁਫਰ ਅੱਲਾ ਦਾ ਸਿਰ ਤੋੜੂ,
ਇਹ ਕੂਕ ਅੰਬਰ ਤੋਂ ਮੋੜ ਦਿਓ।
(ਕਾਫਰਾਂ ਦਾ ਗੀਤ)

ਇਸ ਕਵਿਤਾ ਵਿਚ ਸੂਫੀਆਂ ਵਾਲੀ ਬੇ-ਓੜਕ ਮੁਹੱਬਤ, ਫ਼ਨਾਹ ਫਿਲਾ ਦੀ ਅਣਬੁਝ ਤਲਬ, ਪਹਿਲੀ ਘਾਟੀ ਹੀ ਲਾ ਮਕਾਨ 'ਤੇ ਤੰਬੂ ਗੱਡ ਦੇਣ ਵਾਲਾ ਸ਼ੌਕ ਹੜ੍ਹ ਵਿਚ ਆਏ ਝਨ੍ਹਾਂ ਦੀਆਂ ਕਾਂਗਾਂ ਵਾਂਗ ਸੂਕਦਾ ਹੈ:

ਮੈਨੂੰ ਦੁਸ਼ਮਣ ਕੋਈ ਫ਼ਕੀਰ ਦਿਸੇ
ਧਾਹ ਮਿਲਦਾ ਰਣ 'ਚੋਂ ਵੀਰ ਦਿਸੇ
ਕੂੜੇ ਚੌੜੇ ਥਲਾਂ 'ਚ ਪਉੜ ਪਿਆ
ਉੱਠ ਕਾਬਾ ਸ਼ਰ੍ਹਾ ਦਾ ਦੌੜ ਪਿਆ
ਉਹ ਡਾਢਾ ਸਾਈਂ ਚੌੜ ਪਿਆ
ਤੇਰਾ ਵਾਅਦਾ ਹਰਾ ਕਚੂਰ ਪਿਆ।
(ਸੂਫੀਆਂ ਦਾ ਗੀਤ)

ਪਿਆਰੇ ਦੇ ਦੇਸ਼ ਵਿਚ ਅਨੇਕਾਂ ਹੀ ਖੂਬਸੂਰਤ ਗੀਤ ਵੀ ਸ਼ਾਮਲ ਹਨ। ਖ਼ਿਆਲਾਂ ਦੇ ਸੰਘਣੇਪਣ ਕਰਕੇ ਇਹ ਗੀਤ ਅਕਸਰ ਵੱਡਾ ਆਕਾਰ ਪ੍ਰਾਪਤ ਕਰ ਜਾਂਦੇ ਹਨ। ਇਨ੍ਹਾਂ ਗੀਤਾਂ ਬਾਰੇ ਡਾ. ਕਮਲਜੀਤ ਸਿੰਘ ਲਿਖਦੇ ਹਨ, "ਇਹ ਗੀਤ ਜ਼ਿੰਦਗੀ ਦੀ ਅਸੀਮ ਨਿਰਾਰਥਕਤਾ ਦੀ ਕਠੋਰ ਜਕੜ ਨੂੰ ਤੋੜਨ ਲਈ ਪ੍ਰਯਤਨਸ਼ੀਲ ਹਨ। ਔਰਤ ਦੇ ਹੁਸਨ-ਜਲਵੇ ਉਦਰੇਵਾਂ ਤੇ ਮਿਲਨ ਦਾ ਬੇਪਨਾਹ ਚਾਅ ਮਹਿਬੂਬ ਦੇ ਗੀਤਾਂ ਵਿਚ ਪੇਸ਼ ਹੋ ਕੇ ਪੰਜਾਬੀ ਜੀਵਨ ਦੀ ਸਮੂਹਿਕ ਹੋਂਦ ਦੇ ਮਿਟਣ ਦੇ ਭੈਅ ਦਾ ਸਰੋਦੀ ਬਿੰਬ ਸਿਰਜਦੇ ਹਨ।...ਇਨ੍ਹਾਂ ਗੀਤਾਂ ਦੀ ਲੁਪਤ ਸਾਰ ਵਜੋਂ ਅਪਮਾਨ ਦੀ ਚੀਸ, ਅਨ੍ਹਿਆਂ ਵਿਰੁਧ ਨਪੀੜੇ ਲੋਕਾਂ ਦੀ ਚੀਖ਼, ਜ਼ਖ਼ਮੀ ਰੂਹ ਵਿਚੋਂ ਉਭਰਦੀ ਜਿੱਤ ਦੀ ਆਵਾਜ਼ ਤੇ ਸੋਨ-ਭਵਿੱਖ ਦੀ ਉਮੀਦ ਦੇ ਨਾਅਰੇ ਇਨ੍ਹਾਂ ਗੀਤਾਂ ਦੀ ਗੂੰਜ ਹਨ।"

(ਪੰਜਾਬੀ ਗੀਤ ਕਾਵਿ:ਪ੍ਰਕਾਰਜ ਤੇ ਰੂਪ ਪੰਨਾ 130-131)

4. ਆਖ਼ਰੀ ਸ਼ਾਮ: ਪਿਆਰੇ ਦਾ ਦੇਸ਼ ਜਿੰਨਾ ਪਿਆਰਾ ਹੈ, ਉਸ ਤੋਂ ਵਿਛੜਨ ਦਾ ਦੁੱਖ ਓਨਾ ਹੀ ਡੂੰਘਾ ਹੋਣਾ ਕੁਦਰਤੀ ਹੈ। ਆਖ਼ਰੀ ਸ਼ਾਮ ਦੀਆਂ ਕਵਿਤਾਵਾਂ ਬੇਵਤਨੀ ਦੇ ਖਿਨ ਦਾ ਵਿਸਤਾਰ ਹਨ। ਅਤਿ ਪਿਆਰੀ ਵਸਤ ਦੇ ਗੁਆਚਣ ਦਾ ਹੋਕਾ, ਮਾਂ-ਪਿਓ ਦੇ ਦੇਸ਼ ਦਾ ਜਬਰੀ ਖੋਹਿਆ ਜਾਣਾ ਕੌਮ ਦੀ ਰੂਹਾਨੀਅਤ ਦਾ ਬਰਬਾਦ ਹੋਣਾ:

ਵੇਦ ਕੁਰਾਨ ਗ੍ਰੰਥ ਤੇ ਦਰਵੇਸ਼ ਨੂੰ ਸ਼ਿਕਵਾ
ਰਿਹਾ ਬੁਝਦਾ ਦੀਵਾ ਜਦੋਂ ਮੈਂ ਰੋਂਵਦੀ ਰਹੀ ਆਂ।
(ਝਨ੍ਹਾਂ ਦੇ ਪਿਛਲੇ ਮੇਲਿਆਂ ਵਿਚ)
ਨਫੇ ਤੇ ਘਾਟ ਦੀ ਤੁੰਦ ਹਵਾੜ ਵਿਚ ਹੌਂਕਦੇ
ਪੰਜਾਬ ਦੇ ਮੈਲੇ ਬਾਜ਼ਾਰਾਂ ਵਿਚ ਬੱਕੀਆਂ
ਪੁੱਤਰਾਂ ਦਾ ਦੁੱਧ ਵੇਚ ਕੇ ਆਈਆਂ
ਰਾਵੀ ਦੇ ਪੱਤਣਾਂ 'ਤੇ ਪੈਰਾਂ ਨੂੰ ਧੋਂਦੀਆਂ
ਪੈਰਾਂ ਨੂੰ ਧੋਂਦੀਆਂ ਕੁਰਲਾਉਂਦੀਆਂ ਮਾਵਾਂ।
(ਰਾਵੀ ਦੀ ਹੇਕ)

ਇਸ ਕਿਤਾਬ ਦੀਆਂ ਅਨੇਕਾਂ ਕਵਿਤਾਵਾਂ ਸਿੱਖ ਕੌਮ ਦੀ ਦੁਖਾਂਤਕ ਹੋਣੀ ਨਾਲ ਸੰਬੰਧਤ ਹਨ:

ਸਭਰਾਵਾਂ ਦੀ ਜੂਹ ਵਿਚ ਜਦ ਸੰਝਾਂ ਪਈਆਂ
ਮੋਏ ਪੁੱਤ ਪੰਜਾਬਣਾਂ ਬਹਿ ਰੋਵਣ ਗਈਆਂ
ਹਿੱਕੋ ਦਿਹਾੜਾ ਸਿਦਕ ਦਾ ਕੱਚ ਵਾਂਗ ਗੁਆਇਆ
ਮਨ ਪਰਦੇਸੀ ਜੇ ਥੀਏ ਸਭ ਦੇਸ ਪਰਾਇਆ।

ਕੌਮ ਦੇ ਦੁਖਾਂਤ ਦੇ ਇਤਿਹਾਸ ਦੀ ਚੀਸ ਦੇ ਨਾਲ ਸ਼ਹਾਦਤ ਦਾ ਅਜਿੱਤ ਜ਼ਜ਼ਬਾ ਉਭਰਦਾ ਹੈ ਜੋ ਮਾਹੀ ਦੇ ਮੁੜ ਆਉਣ ਦੀ ਉਮੀਦ ਨੂੰ ਹਸ਼ਰ ਦੀ ਘੜੀ ਦੀ ਸ਼ਿਦਤ ਤੀਕ ਲੈ ਜਾਂਦਾ ਹੈ:

ਕਿਉਂ ਲੱਗਿਓਂ ਮੁਨਕਰ ਹੋਵਨ ਤੂੰ,
ਅਜੇ ਜਾਮਨ ਲੱਖ ਹਜ਼ਾਰ ਮਿਰੇ।
ਉੱਡਦਾ ਰਹੇਗਾ ਧਰਤ ਤੇ ਤੇਰਾ ਬਾਜ਼ ਅਖੀਰੀ
ਭਸਮ ਹੋਏ ਅਸਮਾਨ ਮੈਂ ਸਭ ਚੀਖ ਕੇ ਵੱਲਾਂ।
(ਸਿਦਕ ਦੇ ਮੋੜ ਤੇ)

5. ਝਨ੍ਹਾਂ ਦੀ ਰਾਤ: ਇਹ ਪੁਸਤਕ ਭਾਵੇਂ ਲਿਖਣ ਕਾਲ ਦੇ ਪੱਖੋਂ ਇਸ ਸੰਗ੍ਰਹਿ ਦੀ ਪੰਜਵੀਂ ਪੁਸਤਕ ਹੈ ਪਰ ਕਾਵਿ-ਅਨੁਭਵ ਦੇ ਪੈਂਡੇ ਦਾ ਮਨਚਿਤ੍ਰ ਦੇਖੀਏ, ਤਾਂ ਇਹ ਕਵਿਤਾ ਪਿਆਰੇ ਦੇ ਦੇਸ਼ ਦਾ ਹੀ ਵਿਸਤਾਰ ਹੈ। ਕਵੀ ਦੇ ਆਪਣੇ ਸ਼ਬਦਾਂ ਵਿਚ ਝਨ੍ਹਾਂ ਦੀ ਰਾਤ ਹੁਸਨ ਦੀ ਮੁਕੰਮਲ ਪਛਾਣ ਦੀ ਅਵਸਥਾ ਹੈ, "ਜਿਹੜੀ ਆਸ਼ਿਕਾਂ, ਕਵੀਆਂ, ਰਣਾਂ ਦੇ ਸ਼ਾਹ ਅਸਵਾਰਾਂ, ਸੰਤਾਂ, ਸ਼ਹੀਦਾਂ ਸਭ ਦੇ ਹਿੱਸੇ ਆਉਂਦੀ ਹੈ। ਮੌਤ ਦੀ ਮੰਝਧਾਰ ਵਿਚ ਪਹੁੰਚ ਕੇ ਆਪਣੀ ਫ਼ਤਿਹ ਦਾ ਅਤਿ ਅਲਬੇਲਾ ਰੂਪ ਵੇਖਣਾ ਹੀ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।"

ਭਾਰੀ ਚਰਖ ਟੁੱਟਣ ਦੇ ਪਿਛੋਂ ਗੋਰਾਂ ਦਾ ਪਰਛਾਵਾਂ,
ਰੁਲੀਆਂ ਧੂੜਾਂ ਤੇ ਵੀ ਵੱਗਣ ਇਕਰਾਰਾਂ ਦੀਆਂ ਵਾਵਾਂ।
(ਬਿਆਸ ਦੇ ਕੰਢਿਆਂ 'ਤੇ)

ਅਸੀਂ ਪਿਆਰੇ ਦੇ ਦੇਸ਼ ਨੂੰ ਮਹਿਬੂਬ ਦੀ ਸ਼ਾਇਰੀ ਦੇ ਵਿਕਾਸ ਵਿਚ ਉਹੀ ਸਥਾਨ ਦਿੱਤਾ ਹੈ ਜੋ ਬਾਂਗੇ-ਦੱਰਾ ਦਾ ਇਕਬਾਲ ਦੀ ਸ਼ਾਇਰੀ ਵਿਚ ਹੈ। ਇਹ ਇਕ ਵਿਕਾਸ ਪੜਾਅ ਦੀ ਅੰਤਿਮ ਸਿਖਰ ਹੈ। ਇਸ ਤੋਂ ਅੱਗੇ ਇਸ ਰਾਹ ਉਪਰ ਤੁਰ ਕੇ ਕਿਤੇ ਨਹੀਂ ਪਹੁੰਚਿਆ ਜਾ ਸਕਦਾ। ਜਾਂ ਤਾਂ ਕਵੀ ਇਸੇ ਅਨੁਭਵ ਦੀ ਨਿਸਤੇਜ ਦੁਹਰਾਈ ਕਰੇਗਾ-ਪੰਜਾਬੀ ਦੇ ਕਈ ਸਮਰੱਥ ਕਵੀਆਂ ਨੇ ਇਕ ਖਾਸ ਸਿਖਰ 'ਤੇ ਪਹੁੰਚ ਕੇ ਆਪਣੇ ਆਪ ਨੂੰ ਦੁਹਰਾਇਆ ਹੈ ਜਾਂ ਫਿਰ ਉਸਦੀ ਪ੍ਰਤਿਭਾ ਨਵਾਂ ਦੇਸ਼ ਕਾਲ ਤਲਾਸ਼ ਕਰੇਗੀ। ਅਜਿਹਾ ਦੇਸ਼ ਕਾਲ ਉਪਲਬਧ ਵੀ ਹੋ ਸਕਦਾ ਹੈ ਅਤੇ ਸਵੈਸਿਰਜਤ ਵੀ ਜਾਂ ਦੋਹਾਂ ਦਾ ਮਿਸ਼ਰਣ ਵੀ ਹੋ ਸਕਦਾ ਹੈ। ਜਿਵੇਂ ਇਕਬਾਲ ਨੂੰ ਇਸਲਾਮ ਅਤੇ ਮੁਸਲਮਾਨ ਕੌਮ ਦੇ ਇਤਿਹਾਸ ਅਤੇ ਵਰਤਮਾਨ ਸਰੋਕਾਰਾਂ ਵਿਚੋਂ ਆਪਣੀ ਸ਼ਾਇਰਾਨਾ ਪ੍ਰਤਿਭਾ ਲਈ ਨਵੀਂ ਕਰਮ ਭੂਮੀ ਲੱਭੀ, ਉਂਜ ਹੀ ਹਰਿੰਦਰ ਮਹਿਬੂਬ ਨੂੰ ਸਿੱਖ ਧਰਮ ਤੇ ਪੰਥ ਦੇ ਇਤਿਹਾਸ ਵਿਚੋਂ ਅਜਿਹਾ ਦੇਸ ਕਾਲ ਉਪਲਬਧ ਹੋਇਆ। ਖਾਸ ਕਰਕੇ ਕਲਗੀਧਰ ਦੀ ਚਮਤਕਾਰੀ

*(ਅਗਲੇ ਸਫੇ 'ਤੇ ਜਾਰੀ)*

# ਗ਼ਦਰ ਲਹਿਰ ਵਿਚ ਮਲਵਈ ਪੰਜਾਬੀਆਂ ਦੀ ਭੂਮਿਕਾ

**ਮਾਲਵੇ ਦੇ ਰੰਗ**

**ਪ੍ਰੋ. ਮਾਲਵਿੰਦਰ ਸਿੰਘ ਵੜੈਚ**

ਦੇਸ਼ ਨੂੰ ਪੂਰਨ ਆਜ਼ਾਦੀ ਤੇ ਬਰਾਬਰੀ ਦਾ ਰਾਹ ਦਿਖਾਉਣ ਲਈ ਪਹਿਲੀ ਪਾਰਟੀ ਕਿਹੜੀ ਹੈ? ''ਗਦਰ ਪਾਰਟੀ'', ਜਿਹੜੀ 1913 ਨੂੰ ਅਮਰੀਕਾ ਵਿਚ ਹਿੰਦੀ ਮਿਹਨਤਕਸ਼ਾਂ, ਹਿੰਦੀ ਜਲਾਵਤਨ ਦੇਸ਼ ਭਗਤਾਂ ਤੇ ਹਿੰਦੀ ਵਿਦਿਆਰਥੀਆਂ ਦੀ ਮਿਲਵੀਂ ਕੋਸ਼ਿਸ਼ ਦੇ ਸਿੱਟੇ ਵਜੋਂ ਹੋਂਦ ਵਿਚ ਆਈ, ਜਿਸ ਨੇ ਗੁਲਾਮੀ ਖ਼ਿਲਾਫ ਤੇ ਆਜ਼ਾਦੀ ਦੇ ਹੱਕ ਵਿਚ ਝੰਡਾ ਚੁੱਕਿਆ ਤੇ ਸੈਂਕੜੇ ਸ਼ਹੀਦਾਂ ਦੀ ਕੁਰਬਾਨੀ ਦਿੱਤੀ। ਸੈਂਕੜੇ ਦੇਸ਼ ਭਗਤ ਕਾਲੇ ਪਾਣੀ ਦੇ ਕੁੰਭੀ ਨਰਕ ਵਿਚ ਉਮਰਾਂ ਲਈ ਸੁੱਟੇ ਗਏ। ਗਦਰ ਪਾਰਟੀ ਨੂੰ ਪੂਰਨ ਕਾਮਯਾਬੀ ਤੇ ਨਾ ਹੋਈ, ਪਰ ਪਾਰਟੀ ਨੇ ਗੁਲਾਮੀ ਦੇ ਅਸਰ ਨਾਲ ਨਿਢਾਲ ਹੋਈ ਹਿੰਦੁਸਤਾਨੀ ਜਨਤਾ ਦੇ ਖੂਨ ਵਿਚ ਆਜ਼ਾਦੀ ਦੀ ਨਵੀਂ ਰੂਹ ਫੂਕ ਦਿੱਤੀ, ਜਿਸ ਦਾ ਸਿੱਟਾ ਸਾਡੇ ਸਾਹਮਣੇ ਹੈ-ਤਾਰੀਖ਼ ਵਿਚ ਵਰਤਮਾਨ ਤੇ ਆਉਣ ਵਾਲੀਆਂ ਨਸਲਾਂ ਲਈ ਆਜ਼ਾਦੀ ਦੇ ਕਾਂਡ ਦਾ ਵਾਧਾ ਕਰ ਦਿੱਤਾ ਹੈ।

ਬੇਸ਼ੱਕ ਪਾਰਟੀ ਮੁੱਖ ਤੌਰ 'ਤੇ ਪੰਜਾਬੀ ਮਾਲਵੇ, ਮਾਝੇ, ਦੁਆਬੇ, ਪੁਆਧੀਏ, ਲਾਹੌਰੀਏ, ਸਿੱਖਾਂ ਦੀ ਹੀ ਸੀ ਅਤੇ ਸਟਾਕਟਨ ਤੇ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਇਸ ਦੇ ਮੁੱਖ ਕੇਂਦਰ ਸੀ, ਪਰ ਫਿਰ ਵੀ ਧੁਰ ਅੰਦਰੋਂ ਇਹ ਧਰਮ ਨਿਰਪੇਖ ਹੀ ਸੀ, ਜਿਸ ਅੰਦਰ ਧਾਰਮਿਕ ਭੇਦਭਾਵ ਦੀ ਕਣੀ ਕੋਈ ਥਾਂ ਨਹੀਂ ਸੀ, ਉਸ ਰੁਤਿਵਾਦ ਦੇ ਦੌਰ ਵਿਚ ਵੀ ਸਾਰੇ ਇਕੋ ਲੰਗਰ ਤੋਂ ਅੰਨ-ਪਾਣੀ ਛਕਦੇ ਸਨ। ਯੁੱਧ ਦਾ ਜੈਕਾਰਾ ਸੀ, 'ਵੰਦੇ ਮਾਤਰਮ' 'ਮਾਤਾ ਤੇਰੀ ਜੈ ਜੈ ਕਾਰ' ਮਾਤਾ ਦੀ ਪ੍ਰਤੀਕ ਸੀ, ਭਾਰਤ ਮਾਤਾ। ਇਹ ਨਾਅਰਾ ਬੰਕਮਚੰਦਰ ਚੈਟਰਜੀ ਦੇ ਪ੍ਰਸਿੱਧ ਨਾਵਲ ਆਨੰਦ ਮੱਠ 'ਚੋਂ ਲਿਆ ਗਿਆ ਸੀ। ਯੁਗਾਂਤਰ ਆਸ਼ਰਮ ਦਾ ਪਿਛੋਕੜ ਵੀ ਬੰਗਾਲੀ ਹੀ ਸੀ, ਕਿਉਂ ਜੋ ਭਾਰਤ ਵਿਚ ਆਧੁਨਿਕ ਇਨਕਲਾਬੀ ਲਹਿਰਾਂ ਦੀ ਸ਼ੁਰੂਆਤ ਬੰਗਾਲ ਵਿਚ ਹੀ 1907 ਦੌਰਾਨ ਹੁੰਦੀ ਹੈ।

ਗਦਰੀਆਂ ਦੀਆਂ ਤਿਆਰੀਆਂ ਬਹੁਮੁਖੀ ਤੇ ਚਹੁਮੁਖੀ ਸਨ, ਜਿਨ੍ਹਾਂ ਦਾ ਪਸਾਰਾ ਦੇਸ਼ ਦੇ ਉੱਤਰ ਪੱਛਮੀ ਪ੍ਰਾਂਤ ਤੋਂ ਲੈ ਕੇ ਘੱਟੋ-ਘੱਟ ਬਨਾਰਸ ਤੱਕ ਜ਼ਰੂਰ ਸੀ। ਇਸ ਉਪਰਾਲੇ ਹਿੱਤ ਉਨ੍ਹਾਂ ਨੇ ਕੌਮ ਦੇ ਉਨ੍ਹਾਂ ਸਾਰੇ ਸਰੋਤਾਂ ਨੂੰ ਸੂਤਰਬੱਧ ਕਰਨ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਤੋਂ ਆਜ਼ਾਦੀ ਸੰਘਰਸ਼ ਵਿਚ ਹਿੱਸਾ ਲੈਣ ਜਾਂ ਘੱਟੋ-ਘੱਟ ਅਸਿੱਧੀ ਹਮਾਇਤ ਦੀ ਆਸ ਸੀ। ਲਾਹੌਰ ਸਾਜ਼ਿਸ਼ ਕੇਸ ਦੇ ਫੈਸਲੇ ਵਿਚ 17 ਅਜਿਹੀਆਂ ਗਤੀਵਿਧੀਆਂ ਦੀ ਨਿਸ਼ਾਨਦੇਹੀ ਕੀਤੀ ਗਈ ਸੀ, ਜਿਨ੍ਹਾਂ ਵਿਚੋਂ ਕੁਝ ਕੁ ਇਹ ਸਨ।

(ੳ) ਮਾਲਵੇ ਦੇ ਵਿਦਿਆਰਥੀਆਂ ਦਾ ਕੰਮ-ਇਸ ਦਾ ਮੁੱਖ ਕੇਂਦਰ ਮਾਲਵੇ ਇਲਾਕੇ ਦੇ ਜ਼ਿਲ੍ਹਾ ਲੁਧਿਆਣਾ ਦੇ ਖ਼ਾਲਸਾ ਹਾਈ ਸਕੂਲ ਅਤੇ ਇਸਲਾਮੀਆ ਹਾਈ ਸਕੂਲ ਤੇ ਇਨ੍ਹਾਂ ਦੇ ਬੋਰਡਿੰਗ ਹਾਊਸ ਗਦਰੀਆਂ ਦੇ ਅੱਡੇ ਟਿਕਾਣੇ ਸਨ। ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਪੜ੍ਹ ਰਹੇ ਵਿਦਿਆਰਥੀ ਕਰਤਾਰ ਸਿੰਘ ਸਰਾਭੇ ਦੇ ਹਾਣੀ ਤੇ ਵਾਕਫਕਾਰ ਸਨ।

ਵਾਅਦਾ ਮੁਆਫ਼ ਊਧਮ ਸਿੰਘ ਹਾਂਸ ਦੇ ਅਦਾਲਤੀ ਬਿਆਨ ਅਨੁਸਾਰ ਉਹ ਸੱਜਣ ਸਿੰਘ (ਨਾਰੰਗਵਾਲ ਲੁਧਿਆਣਾ, ਜਿਨ੍ਹਾਂ ਨੂੰ ਟ੍ਰਿਬਿਊਨਲ ਨੇ ਦੂਜਾ ਸਰਾਭਾ ਕਿਹਾ ਹੈ) ਵਾਅਦਾ ਮੁਆਫ ਅਨੋਖ ਸਿੰਘ, ਜਿਹੜੇ ਖਾਲਸਾ ਹਾਈ ਸਕੂਲ ਦੇ ਵਿਦਿਆਰਥੀ ਸਨ, ਜਨਵਰੀ 1915 ਵਿਚ ਮਿਲੇ, ਜਿਨ੍ਹਾਂ ਨੂੰ ਉਹ ਪਹਿਲਾਂ ਤੋਂ ਜਾਣਦਾ ਸੀ। ਉਪਰੋਕਤ ਗਵਾਹ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਊਧਮ ਸਿੰਘ ਇਸਲਾਮੀਆ ਸਕੂਲ ਦੇ ਬੋਰਡਿੰਗ ਵਿਚ ਲੈ ਗਿਆ ਉਥੇ (ਵਾਅਦਾ ਮੁਆਫ) ਸੁੱਚਾ ਸਿੰਘ, ਡਾ. ਮਥਰਾ ਸਿੰਘ, ਕਰਤਾਰ ਸਿੰਘ ਸਰਾਭਾ ਤੇ ਹੋਰ (ਗਦਰੀ) ਵੀ ਮਿਲੇ।

(ਵਾਅਦਾ ਮੁਆਫ) ਅਨੋਖ ਸਿੰਘ ਅਨੁਸਾਰ 1914 ਵਿਚ ਉਹ ਤੇ ਸੱਜਣ ਸਿੰਘ, ਖਾਲਸਾ ਹਾਈ ਸਕੂਲ ਵਿਚ ਪੜ੍ਹਾਈ ਦੌਰਾਨ ਇਕੱਠੇ ਰਹਿ ਰਹੇ ਸਨ ਤੇ ਦੋਵੇਂ ਇਕੋ ਹੋਟਲ ਤੋਂ ਖਾਣਾ ਖਾਂਦੇ ਸੀ। ਜਨਵਰੀ 1915 ਦੇ ਸ਼ੁਰੂ ਵਿਚ ਇਸਲਾਮੀਆ ਹਾਈ ਸਕੂਲ ਦਾ ਵਿਦਿਆਰਥੀ ਕਿਰਪਾਲ ਸਿੰਘ, (ਬੋਪਾਰਾਏ, ਲੁਧਿਆਣਾ), ਜੋ ਉਮਰ ਕੈਦ ਕੱਟ ਕੇ ਮਾਲਵੇ ਦੇ ਹੀ ਗੁਰੂਸਰ ਸੁਧਾਰ ਖ਼ਾਲਸਾ ਹਾਈ ਸਕੂਲ ਦੇ ਹੈਡਮਾਸਟਰ ਰਹੇ ਸਨ, ਨੇ 'ਗਦਰ ਦੀ ਗੂੰਜ' ਪੜ੍ਹਾਈ ਪ੍ਰਭਾਵ ਹੇਠਾਂ ਸਕੂਲ ਛੱਡ ਦਿੱਤਾ, ਪਿੱਛੋਂ ਕਿਰਪਾਲ ਸਿੰਘ ਬਾਬਾ ਨਿਧਾਨ ਸਿੰਘ (ਚੂੰਘਾਂ, ਫਿਰੋਜ਼ਪੁਰ) ਨੂੰ ਨਾਲ ਲੈ ਕੇ ਆਇਆ ਤੇ ਹੋਰ ਗਦਰੀਆਂ ਨੂੰ ਵੀ ਮਿਲਾਇਆ।



ਹੋਰ ਗਤੀਵਿਧੀਆਂ ਤੋਂ ਇਲਾਵਾ ਇਸ ਸਕੂਲ ਦੇ ਵਿਦਿਆਰਥੀਆਂ ਨੇ ਸਾਈਕਲੋਸਟਾਈਲ ਮਸ਼ੀਨ ਦੇ ਸਟੈਨਸਿਲ ਤਿਆਰ ਕਰਕੇ 'ਗਦਰ' ਤੇ 'ਗਦਰ ਗੂੰਜਾਂ' ਦੇ ਪਰਚੇ ਛਾਪ ਕੇ ਵੰਡਣ ਦਾ ਕਾਰਜ ਨਿਭਾਇਆ ਸੀ।

ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਕਿਰਪਾਲ ਸਿੰਘ ਤੇ ਖੜਕ ਸਿੰਘ (ਦੋਵੇਂ ਪਿੰਡ ਬੋਪਾਰਾਏ, ਲੁਧਿਆਣਾ) ਨੂੰ ਸਜ਼ਾ ਸੁਣਾਈ ਗਈ। ਪਹਿਲੇ ਨੂੰ ਉਮਰ ਕੈਦ ਕਾਲੇ ਪਾਣੀ ਅਤੇ ਦੂਜੇ ਨੂੰ ਚਾਰ ਸਾਲ ਸਖ਼ਤ ਕੈਦ। ਕਿਰਪਾਲ ਸਿੰਘ ਨੂੰ ਛੋਟੀ ਉਮਰ ਅਤੇ ਵਿਦਿਆਰਥੀ ਹੋਣ ਦੇ ਬਾਵਜੂਦ ਅੰਡੇਮਾਨ-ਕਾਲੇ ਪਾਣੀ ਭੇਜ ਦਿੱਤਾ ਗਿਆ। ਤੀਜੇ ਪੂਰਨ ਸਿੰਘ (ਈਸੇਵਾਲ, ਲੁਧਿਆਣਾ) ਨੂੰ ਵੀ ਚਾਰ ਸਾਲ ਸਖ਼ਤ ਕੈਦ ਸੁਣਾਈ ਗਈ।

ਦੂਜੇ ਲਾਹੌਰ ਸਾਜ਼ਿਸ਼ ਕੇਸ ਵਿਚ ਸੱਜਣ ਸਿੰਘ (ਨਾਰੰਗਵਾਲ, ਲੁਧਿਆਣਾ) ਨੂੰ ਉਮਰ ਕੈਦ ਕਾਲਾ ਪਾਣੀ ਦੀ ਸਜ਼ਾ ਸੁਣਾਈ ਗਈ। ਇਨ੍ਹਾਂ ਦੀ ਡਿਊਟੀ ਰਾਸ ਬਿਹਾਰੀ ਬੋਸ ਨਾਲ ਲਾਈ ਹੋਈ ਸੀ ਤੇ ਇਸ ਨੌਜਵਾਨ ਨੇ ਸਭ ਤੋਂ ਪਹਿਲਾਂ (ਮੁਖ਼ਬਰ) ਕ੍ਰਿਪਾਲ ਸਿੰਘ ਤੇ ਸ਼ੱਕ ਕੀਤਾ ਸੀ ਤੇ ਇਹਦੀ ਹੀ ਡਿਊਟੀ ਲਾਈ ਗਈ ਸੀ ਕਿ ਇਸ ਗੱਦਾਰ ਨੂੰ ਦਦੇਹਰ (ਅੰਮ੍ਰਿਤਸਰ) ਲਿਜਾ ਕੇ ਮਰਵਾ ਦੇਵੇ, ਪਰ ਗੱਦਾਰ ਪਹਿਲਾਂ ਹੀ ਭਾਂਪ ਕੇ ਖਿਸਕ ਗਿਆ। ਇਹ ਸੱਜਣ ਸਿੰਘ ਹੀ ਸੀ, ਜਿਸ ਨੇ 23 ਨੰਬਰ ਰਸਾਲੇ ਦੀ ਲਾਹੌਰ ਮੀਆਂ ਮੀਰ ਛਾਉਣੀ ਸਥਿਤ ਪਲਟਣ ਦੇ ਗਦਰੀਆਂ ਨਾਲ ਸੰਪਰਕ ਰੱਖਿਆ ਸੀ। 19 ਫਰਵਰੀ ਨੂੰ ਲਾਹੌਰ ਪਾਰਟੀ ਦੇ ਹੈੱਡਕੁਆਰਟਰ ਦੀ ਪੁਲਿਸ ਤਲਾਸ਼ੀ ਲੈ ਰਹੀ ਸੀ ਤਾਂ ਇਸਨੂੰ ਰਾਸ ਬਿਹਾਰੀ ਬੋਸ ਘੋੜਾ-ਬੱਘੀ 'ਤੇ ਸਵਾਰ ਉਸ ਮਕਾਨ ਵਲ ਨੂੰ ਜਾਂਦਾ ਦਿਸ ਪਿਆ, ਇਸ ਨੇ ਇਸ਼ਾਰੇ ਨਾਲ ਉਹਨੂੰ ਉਧਰ ਜਾਣੋਂ ਵਰਜ ਦਿੱਤਾ ਤੇ ਫਿਰ ਰਾਸ ਬਿਹਾਰੀ ਬੋਸ ਉਸੇ ਰਾਤ ਗੱਡੀ ਫੜ ਕੇ ਲਾਹੌਰੋਂ ਬਚ ਨਿਕਲਣ ਵਿਚ ਸਫਲ ਹੋਇਆ ਸੀ।

(ਅ) ਪਿੰਡਾਂ ਵਿਚ ਪ੍ਰਚਾਰ: ਪਿੰਡਾਂ ਵਿਚ ਪ੍ਰਚਾਰ ਪਾਰਟੀ ਦਾ ਅਹਿਮ ਮੁੱਦਾ ਸੀ। ਲਾਹੌਰ ਸਾਜ਼ਿਸ਼ ਕੇਸ ਦੇ ਜੱਜਾਂ ਅਨੁਸਾਰ ਇਸ ਮੰਤਵ ਪਾਰਟੀ ਦਾ ਮਾਲਵੇ ਵਿਚ ਕੇਂਦਰ ਬਿੰਦੂ ਪਿੰਡ ਢੁੱਡੀਕੇ (ਉਦੋਂ ਜ਼ਿਲ੍ਹਾ ਫਿਰੋਜ਼ਪੁਰ, ਹੁਣ ਮੋਗਾ) ਦੁਆਬੇ ਵਿਚ ਸੰਗੋਵਾਲ (ਜਲੰਧਰ) ਤੇ ਮਾਝੇ ਵਿਚ ਸੁਰਸਿੰਘ (ਉਦੋਂ ਲਾਹੌਰ ਹੁਣ ਅੰਮ੍ਰਿਤਸਰ) ਸਨ।

ਮਾਲਵੇ ਦੇ ਗੜ੍ਹ ਢੁੱਡੀਕੇ ਦੇ ਗਦਰੀ: ਢੁੱਡੀਕੇ ਤੇ ਆਸਪਾਸ ਦੇ ਪਿੰਡਾਂ ਦੇ ਗਦਰੀਆਂ ਦੀ ਪਾਰਟੀ ਦੀਆਂ ਕਾਰਵਾਈਆਂ ਵਿਚ ਵੱਡੀ ਭੂਮਿਕਾ ਸੀ। ਇਨ੍ਹਾਂ ਵਿਚੋਂ ਬਹੁਤਿਆਂ ਤੇ ਦੂਜੇ ਕੇਸ ਵਿਚ ਮੁਕੱਦਮਾ ਚੱਲਿਆ।

ਸ਼ਹੀਦ-1. ਸ਼ਹੀਦ ਉੱਤਮ ਸਿੰਘ (ਹਾਂਸ, ਲੁਧਿਆਣਾ), 2 ਸ਼ਹੀਦ ਈਸ਼ਰ ਸਿੰਘ ਢੁੱਡੀਕੇ, 3. ਸ਼ਹੀਦ ਰੂੜ ਸਿੰਘ ਤਲਵੰਡੀ ਦੋਸਾਂਝ ਢੁੱਡੀਕੇ।

ਉਮਰ ਕੈਦ-1. ਪਾਖਰ ਸਿੰਘ (ਢੁੱਡੀਕੇ), ਰੂੜ ਸਿੰਘ (ਚੂਹੜਚੱਕ), 3. ਪਾਲਾ ਸਿੰਘ (ਜਥੇਦਾਰ ਢੁੱਡੀਕੇ), 4 ਅਰਜਨ ਸਿੰਘ (ਜਗਰਾਉਂ)।

ਘੱਟ ਸਜ਼ਾਵਾਂ ਵਾਲੇ-1. ਪਾਲਾ ਸਿੰਘ (ਵੱਡਾ ਢੁਡੀਕੇ), 2. ਮਾਸਟਰ ਫੇਰਾ ਸਿੰਘ (ਕੋਟ ਸਰਦਾਰ ਝੰਡਾ ਸਿੰਘ, ਸਿਆਲਕੋਟ), 3. ਸ਼ਾਮ ਸਿੰਘ (ਢੁੱਡੀਕੇ), 4. ਮਹਿੰਦਰ ਸਿੰਘ (ਢੁੱਡੀਕੇ)।

ਮਾਲਵੇ ਇਲਾਕੇ ਦੇ ਢੁੱਡੀਕੇ ਨੇੜੇ ਰਜਬਾਹ ਦੇ ਪੁਲ 'ਤੇ ਹੋਈਆਂ ਖੁਫੀਆ ਮੀਟਿੰਗਾਂ-19 ਫਰਵਰੀ 1915 ਦੀ ਗਦਰ ਪਲਾਨ ਫੇਲ੍ਹ ਹੋਣ ਪਿੱਛੋਂ ਵੀ ਗਦਰੀਆਂ ਨੇ ਹੌਂਸਲੇ ਨਹੀਂ ਹਾਰੇ ਤੇ ਨਵੇਂ ਸਿਰਿਉਂ ਜਥੇਬੰਦ ਹੋਣ ਦੇ ਉਪਰਾਲੇ ਕੀਤੇ, ਕਿਉਂਕਿ ਲਾਹੌਰ ਵਾਲਾ ਪਾਰਟੀ ਹੈੱਡਕੁਆਰਟਰ ਖਿੰਡ ਪੁੰਡ ਚੁੱਕਾ ਸੀ, ਨਵੇਂ ਕੇਂਦਰ ਪਿੰਡਾਂ ਵਿਚ ਥਾਪੇ ਗਏ। ਜੂਨ 1915 ਦੌਰਾਨ ਕਪੂਰਥਲਾ ਫੌਜੀ ਪਲਟਨ ਦਾ ਅਸਲਾ ਲੁੱਟਣ ਦੀ ਸਕੀਮ ਉਸ ਰਜਬਾਹੇ ਦੇ ਪੁਲ 'ਤੇ ਬਣਾਈ ਗਈ ਸੀ, ਜਿਸ ਸਥਾਨ 'ਤੇ ਬਾਬਾ ਪਾਲਾ ਸਿੰਘ (ਜਥੇਦਾਰ) ਦੀ ਨਿਸ਼ਾਨਦੇਹੀ ਉਪਰੰਤ ਛੋਟੀ ਜਿਹੀ ਯਾਦਗਾਰ ਵੀ ਬਣੀ ਹੋਈ ਹੈ।

ਢੁੱਡੀਕੇ ਪਿੰਡ ਦੇ ਹੀ ਬਚਨ ਸਿੰਘ (ਵਾਅਦਾ ਮੁਆਫ) ਦੇ ਅਦਾਲਤੀ ਬਿਆਨ ਅਨੁਸਾਰ ਪਾਖਰ ਸਿੰਘ ਨੇ ਉਸਨੂੰ ਅਤੇ ਰੂੜ ਸਿੰਘ (ਤਲਵੰਡੀ, ਦੁਸਾਂਝ) ਨੂੰ ਈਸ਼ਰ ਸਿੰਘ (ਢੁੱਡੀਕੇ) ਤੇ ਬੰਤਾ ਸਿੰਘ (ਸੰਗੋਵਾਲ, ਜਲੰਧਰ) ਨਾਲ ਕਪੂਰਥਲਾ ਜਾ ਕੇ ਉਥੋਂ ਅਸਲਾਖਾਨਾ ਲੁੱਟਣ ਵਾਲੀ ਪਾਰਟੀ ਵਿਚ ਸ਼ਾਮਲ ਹੋਣ ਲਈ ਕਿਹਾ। ਇਹੀ ਮਾਮਲਾ ਪਾਲਾ ਸਿੰਘ (ਵੱਡਾ), ਪਾਲਾ ਸਿੰਘ (ਜਥੇਦਾਰ) ਤੇ ਪਾਖਰ ਸਿੰਘ ਨਾਲ ਵੀ ਵਿਚਾਰਿਆ ਗਿਆ ਤੇ ਇਨ੍ਹਾਂ ਨੂੰ ਦੱਸਿਆ ਗਿਆ ਕਿ ਇਨ੍ਹਾਂ ਨੂੰ 18-19 ਬੰਦੇ ਉਥੇ (ਕਪੂਰਥਲਾ) ਪਹਿਲਾਂ, ਮਿਥੇ ਸਮੇਂ ਸਥਾਨ 'ਤੇ ਮਿਲਣਗੇ, ਪਰ ਕੁਝ ਕਾਰਨਾਂ ਕਰਕੇ ਇਹ ਹਮਲਾ ਨਾ ਕੀਤਾ ਜਾ ਸਕਿਆ।

ਜਥਾ ਭਾਈ ਰਣਧੀਰ ਸਿੰਘ ਨਾਰੰਗਵਾਲ, ਲੁਧਿਆਣਾ (ਮਾਲਵਾ) ਦੂਜੇ ਕੇਸ ਦੇ ਵਾਅਦਾ ਮੁਆਫ ਭਗਤ ਸਿੰਘ (ਲੁਧਿਆਣਾ) ਦੇ ਬਿਆਨ ਅਨੁਸਾਰ ਦਿੱਲੀ ਰਕਾਬਗੰਜ ਗੁਰਦੁਆਰੇ ਦੀ ਕੰਧ ਢਾਹੁਣ ਦੇ ਮਾਮਲੇ ਪਿੱਛੋਂ ਭਾਈ ਰਣਧੀਰ ਸਿੰਘ ਨੇ ਏਸ ਕੁਰਬਾਨੀ ਨੂੰ ਵੱਡੀ ਕਾਰਵਾਈ ਮੰਨਦਿਆਂ ਉਸ ਨੂੰ ਕਿਹਾ ਕਿ ਉਹ ਆਪਣੀ ਭਾਸ਼ਣ ਯੋਗਤਾ ਰਾਹੀਂ ਲੋਕਾਈ ਨੂੰ ਸਰਕਾਰ ਵਿਰੁਧ ਭੜਕਾਉਂਦੇ ਹੋਏ ਅੰਗਰੇਜ਼ ਰਾਜ ਦਾ ਮਲੀਆਮੇਟ ਕਰਨ ਦੀ ਪ੍ਰੇਰਨਾ ਦੇਵੇ ਤਾਂ ਫਿਰ ਉਸਨੇ ਭਾਸ਼ਣਾਂ ਰਾਹੀਂ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਸਰਕਾਰ ਸਾਡੇ ਧਰਮ ਸਥਾਨ ਤਬਾਹ ਕਰ ਰਹੀ ਹੈ ਅਤੇ ਸਾਨੂੰ ਬਦਲੇ ਵਜੋਂ ਥਾਣਿਆਂ ਆਦਿ 'ਤੇ ਹੱਲਾ ਬੋਲ ਕੇ ਹਥਿਆਰ ਪ੍ਰਾਪਤ ਕਰਕੇ 'ਗਦਰ' ਅਖ਼ਬਾਰ ਦੇ ਆਸ਼ੇ 'ਤੇ ਚੱਲਣਾ ਚਾਹੀਦਾ ਹੈ। ਕਾਮਾਗਾਟਾ ਮਾਰੂ ਦੀ ਵਾਪਸੀ 'ਤੇ (ਭਾਈ) ਰਣਧੀਰ ਸਿੰਘ ਨੇ ਦੱਸਿਆ ਕਿ ਮੁਸਾਫਰਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਅਤੇ ਜਬਰ ਜ਼ੁਲਮ ਵਧਦਾ ਜਾ ਰਿਹੈ। ਨਾਲ ਹੀ ਇਹ ਝੂਠਾ ਪ੍ਰਚਾਰ ਕਰਨ ਲਈ ਵੀ ਕਿਹਾ ਕਿ ਜੰਗ ਦੇ ਮੈਦਾਨ ਵਿਚ ਜਿੱਥੇ ਹਿੰਦੁਸਤਾਨੀ ਲੋਕਾਂ ਨੂੰ ਸਭ ਤੋਂ ਮੂਹਰੇ ਮੌਤ ਦੇ ਮੂੰਹ ਵਿਚ ਝੋਕਿਆ ਜਾ ਰਿਹੈ, ਉਥੇ ਗੋਰੇ ਫੌਜੀਆਂ ਨੂੰ ਰੱਖ ਕੇ ਬਚਾਇਆ ਜਾ ਰਿਹਾ ਹੈ। ਨਾਲੇ ਮੈਨੂੰ ਬਾਹਰੋਂ ਪਰਤ ਰਹੇ ਗਦਰੀਆਂ ਦੇ ਵਾਪਸ ਪਹੁੰਚਣ ਤੇ ਗਦਰ ਲਈ ਤਿਆਰ ਰਹਿਣ ਲਈ ਕਿਹਾ।'

ਦੂਜੇ ਕੇਸ ਦੇ ਫੈਸਲੇ ਅਨੁਸਾਰ ਨਾਲ ਦੇ ਪਿੰਡ ਗੁੱਜਰਵਾਲ ਵਿਖੇ ਫਰਵਰੀ 1915 ਦੇ ਸ਼ੁਰੂ ਵਿਚ ਕੀਤੇ ਗਏ ਅਖੰਡ ਪਾਠ ਦੌਰਾਨ (ਭਾਈ) ਰਣਧੀਰ ਸਿੰਘ ਨੇ ਕਈ ਗਦਰੀਆਂ ਨੂੰ ਉਥੇ ਪਹੁੰਚਣ ਲਈ ਕਹਿ ਭੇਜਿਆ, ਜਿੱਥੇ ਰਾਤੀਂ ਛੱਤ ਉਪਰ ਖੁਫੀਆ ਮੀਟਿੰਗ ਕੀਤੀ ਗਈ, ਜਿਸ ਵਿਚ ਭਾਈ ਸਾਹਿਬ ਤੋਂ ਇਲਾਵਾ ਲਾਲ ਸਿੰਘ (ਨਾਰੰਗਵਾਲ), ਅਤਰ ਸਿੰਘ (ਚਕਵਾਲ, ਜਿਹਲਮ), ਇੰਦਰ ਸਿੰਘ (ਪਟਿਆਲਾ), ਕਰਮ ਸਿੰਘ (ਕੋਟਲਾ-ਅਜਨੇਰ, ਲੁਧਿਆਣਾ), ਗਾਧਾ ਸਿੰਘ (ਕਚਰਭੰਨ, ਫਿਰੋਜ਼ਪੁਰ) ਉੱਤਮ ਸਿੰਘ (ਹਾਂਸ, ਲੁਧਿਆਣਾ) ਮਸਤਾਨ ਸਿੰਘ (ਨਾਰੰਗਵਾਲ), ਹਰਨਾਮ ਸਿੰਘ (ਗੁੱਜਰਵਾਲ) ਤੇ ਜਗਤ ਸਿੰਘ (ਗੁੱਜਰਵਾਲ) ਸ਼ਾਮਲ ਹੋਏ। ਮਿਥੀ ਸਕੀਮ ਅਨੁਸਾਰ ਭਾਈ ਸਾਹਿਬ ਦਾ ਜਥਾ ਕੀਰਤਨੀ ਸਰੂਪ ਵਿਚ ਢੋਲਕ, ਹਾਰਮੋਨੀਅਮ ਲੈ ਕੇ ਮੁੱਲਾਂਪੁਰ ਦਾਖਾ ਤੋਂ ਗੱਡੀ 'ਤੇ ਸਵਾਰ ਹੋ ਕੇ ਸ਼ਾਮੀਂ ਮਿੱਥੀ ਜਗ੍ਹਾ 'ਤੇ ਫਿਰੋਜ਼ਪੁਰ ਛਾਉਣੀ ਦੇ ਅਸਲਾਖਾਨੇ 'ਤੇ ਕੀਤੇ ਜਾਣ ਵਾਲੇ ਹੱਲੇ ਵਿਚ ਸ਼ਾਮਲ ਹੋਣ ਦੇ ਮਕਸਦ ਨਾਲ ਪਹੁੰਚਿਆ, ਜੋ ਹਾਲਾਤ ਨੇ ਨੇਪਰੇ ਨਾ ਚੜ੍ਹਨ ਦਿੱਤਾ।

(ੲ) ਫੌਜਾਂ ਵਿਚ ਕੰਮ: ਕੁੱਲ ਮਿਲਾ ਕੇ, ਜਿਹੜੀ ਗਦਰੀਆਂ ਦੀ ਕਾਰਵਾਈ ਨੇ ਸਰਕਾਰ ਨੂੰ ਬੌਖਲਾ ਕੇ ਰੱਖ ਦਿੱਤਾ, ਉਹ ਸੀ ਫੌਜੀਆਂ ਨੂੰ ਗਦਰ ਲਈ ਤਿਆਰ ਕਰਨ ਦੇ ਉਪਰਾਲੇ ਤੇ ਇਸ ਵਿਚ ਫੌਜੀਆਂ ਵਲੋਂ ਮਿਲਿਆ ਹੁੰਗਾਰਾ। ਇਨ੍ਹਾਂ ਵਿਚ ਤਿੰਨ ਪ੍ਰਮੁੱਖ ਛਾਉਣੀਆਂ ਹਿੰਦੁਸਤਾਨ ਅੰਦਰ ਤੇ ਇਕ ਸਿੰਘਾਪੁਰ ਵਿਚ ਸੀ।

1. ਮੀਆਂ ਮੀਰ ਲਾਹੌਰ: 23 ਨੰਬਰ ਰਸਾਲਾ ਗਦਰੀਆਂ ਦਾ ਅੱਡਾ ਸੀ। ਦਿਲਚਸਪ ਗੱਲ ਇਹ ਹੈ ਕਿ ਇਹ ਪਲਟਣ ਲਾਹੌਰ ਵਿਚ ਹੀ ਹੋਣ ਕਰਕੇ ਗਦਰੀਆਂ ਦਾ ਇੱਥੇ ਕਾਫੀ ਆਉਣ ਜਾਣ ਸੀ ਤੇ ਇਕ ਵਾਰੀ ਇਸ ਪਲਟਣ ਦੇ ਕੁਝ (ਗਦਰੀ) ਘੋੜਸਵਾਰ ਅੰਮ੍ਰਿਤਸਰ ਜ਼ਿਲੇ ਵਿਚ ਝਾੜ ਸਾਹਿਬ ਦੀ ਕਾਰਵਾਈ ਲਈ ਵੀ ਗਏ ਸੀ। ਇਹ 27 ਨਵੰਬਰ 1914 ਦਾ ਵਾਕਿਆ ਹੈ। 19 ਫਰਵਰੀ ਦੇ ਗਦਰ ਲਈ ਪਲਟਨ ਦੇ ਘੱਟੋ-ਘੱਟ 50-60 ਫੌਜੀ ਗਦਰ ਵਿਚ ਸਿੱਧੇ ਤੌਰ 'ਤੇ ਸ਼ਾਮਲ ਹੋਣ ਲਈ ਤਿਆਰ ਸਨ, ਪਰ ਅਚਨਚੇਤ 18 ਫਰਵਰੀ ਸ਼ਾਮੀਂ 7 ਵਜੇ ਸਾਰੀ ਪਲਟਣ ਨੂੰ ਫਾਲ ਇਨ ਕਰਕੇ ਅਸਲਾਖਾਨੇ 'ਤੇ ਅੰਗਰੇਜ਼ੀ ਫੌਜ ਦਾ ਪਹਿਰਾ ਲਗਾ ਦਿੱਤਾ ਗਿਆ। ਪਲਟਨ ਦੇ ਗਦਰੀ ਆਗੂ ਦਫੇਦਾਰ ਲਛਮਣ ਸਿੰਘ ਨੇ ਇਕ ਸਾਥੀ 19 ਫਰਵਰੀ ਸ਼ਾਮ ਨੂੰ ਪਹਿਲਾਂ ਮਿਥੇ ਵਕਤ-ਸਥਾਨ 'ਤੇ ਭੇਜਿਆ ਕਿ ਉਥੇ ਪਹੁੰਚਣ ਵਾਲੇ ਗਦਰੀਆਂ ਨੂੰ ਸੁਚੇਤ ਕਰ ਦੇਣ। ਅਸਲ ਵਿਚ ਸਾਰੀ ਖੇਡ ਹੀ ਚੌਪਟ ਹੋ ਚੁੱਕੀ ਸੀ। ਖ਼ੈਰ! ਤਫਤੀਸ਼ ਦੌਰਾਨ ਇਹ ਪਤਾ ਲੱਗਾ ਕਿ ਇਨ੍ਹਾਂ ਗਦਰੀਆਂ ਨੇ ਬੰਬ ਵੀ ਤਿਆਰ ਕੀਤੇ ਹੋਏ ਸੀ।

ਇਹ ਸਾਰਾ ਕੁਝ ਵਾਪਰਦਾ ਰਿਹਾ, ਪਰ ਸਰਕਾਰ ਨੂੰ ਇਸ ਬਾਰੇ ਕੁਝ ਵੀ ਸੂਹ ਨਹੀਂ ਸੀ। ਆਖ਼ਰ ਭਾਂਡਾ ਭੱਜਿਆ 12 ਮਈ 1915 ਨੂੰ ਜਦੋਂ ਇਸ ਪਲਟਣ ਨੂੰ ਜੰਗ ਵਿਚ ਭੇਜਿਆ ਜਾ ਰਿਹਾ ਸੀ, ਮੱਧ ਪ੍ਰਦੇਸ਼ ਵਿਚ ਹਰਪਾਲਪੁਰ ਰੇਲਵੇ ਸਟੇਸ਼ਨ ਤੋਂ ਸਾਮਾਨ ਉਤਾਰਿਆ ਜਾ ਰਿਹਾ ਸੀ ਤੇ ਪਲਟਣ ਦੇ ਨਾਲ ਹੀ ਨੌਗਾਂਗ ਜਾਣਾ ਸੀ।

ਜਦੋਂ ਸਾਮਾਨ ਗੱਡੀ 'ਚੋਂ ਲਾਹ ਕੇ ਰੇਹੜੇ 'ਤੇ ਰੱਖਿਆ ਜਾ ਰਿਹਾ ਸੀ ਤਾਂ ਪੂਰਨ ਸਿੰਘ ਦੇ ਸੰਦੂਕ ਵਿਚ ਰੱਖਿਆ ਬੰਬ ਫਟ ਗਿਆ, ਜਿਸ ਨਾਲ 5 ਫੌਜੀ ਜ਼ਖ਼ਮੀ ਹੋ ਗਏ। ਤਫ਼ਤੀਸ਼ਾਂ ਹੋਈਆਂ, ਡਗਸ਼ਈ (ਹਿਮਾਚਲ) ਵਿਖੇ ਕੋਰਟ ਮਾਰਸ਼ਲ ਕਰਕੇ ਪਹਿਲਾਂ 18 ਫੌਜੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਪਰ ਪਿੱਛੋਂ ਛੇਆਂ ਨੂੰ ਸਜ਼ਾ ਘਟਾ ਕੇ ਉਮਰ ਕੈਦ ਕਾਲੇ ਪਾਣੀ ਵਿਚ ਬਦਲ ਦਿੱਤੀ ਗਈ। 12 ਗਦਰੀਆਂ ਨੂੰ 3-9-1915 ਨੂੰ ਅੰਬਾਲਾ ਸੈਂਟਰਲ ਜੇਲ੍ਹ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ ਤੇ ਬਾਕੀ ਗਦਰੀਆਂ ਵਾਂਗ ਚੁੱਪ ਚਾਪ ਜੇਲ੍ਹ ਵਿਚ ਹੀ ਅੰਤਿਮ ਸਸਕਾਰ ਕਰ ਦਿੱਤਾ ਗਿਆ।

26 ਪੰਜਾਬ ਰਜਮੈਂਟ ਫਿਰੋਜ਼ਪੁਰ (ਮਾਲਵਾ): ਇਹ ਪਲਟਣ ਜਦੋਂ 1913-14 ਦੌਰਾਨ ਹਾਂਗਕਾਂਗ ਵਿਚ ਸੀ ਤਾਂ ਇਹਦੇ ਕਾਫੀ ਸਾਰੇ ਸਿਪਾਹੀ ਉਥੋਂ ਦੇ ਗੁਰਦੁਆਰੇ ਜਾਂਦੇ ਤੇ ਉਥੇ ਗਿਆਨੀ ਭਗਵਾਨ ਸਿੰਘ, ਜੋ ਉਥੇ ਗ੍ਰੰਥੀ ਸਨ, ਦੇ ਜੋਸ਼ੀਲੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਗਦਰ ਲਹਿਰ ਦੇ ਹਮਦਰਦ ਬਣਨ ਲੱਗ ਪਏ। ਇਸ ਲਈ ਪਲਟਨ ਨੂੰ ਵਾਪਸ ਹਿੰਦੁਸਤਾਨ ਪਹਿਲਾਂ ਕਰਾਚੀ ਤੇ ਅੰਤ ਫਿਰੋਜ਼ਪੁਰ ਭੇਜ ਦਿੱਤਾ ਗਿਆ।

# ਮਹਿਬੂਬ ਦੀ ਸ਼ਾਇਰੀ

ਜੀਵਨ ਲੀਲ੍ਹਾ ਅਤੇ ਸਿੱਖ ਸ਼ਹੀਦ ਦੀ ਮਿੱਠੀ ਅਤੇ ਸਹਿਜ ਦ੍ਰਿੜ੍ਹਤਾ ਮਹਿਬੂਬ ਲਈ ਅਖੁੱਟ ਪ੍ਰੇਰਨਾ-ਸਰੋਤ ਬਣਦੀ ਹੈ। ਉਸਦੇ ਅੰਦਰ ਬੇਪੱਤ ਹੋਈ ਕੌਮ ਦੇ ਦੱਬੇ ਹੌਕੇ ਹਨ। ਉਸਦੇ ਅੱਥਰੂਆਂ ਵਿਚ ਦੈਵੀ ਨਜ਼ਰਾਂ ਨਾਲ ਦਗਾ ਕਮਾਉਂਦਿਆਂ ਉਨ੍ਹਾਂ ਸਾਜ਼ਿਸ਼ਾਂ ਦੇ ਭੇਦ ਹਨ, ਜਿਨ੍ਹਾਂ ਨੂੰ ਸ਼ੈਤਾਨ ਹਕੂਮਤਾਂ ਨੇ ਸੱਚੇ ਧਰਮ ਨੂੰ ਕੋਹਣ ਲਈ ਵਰਤਿਆ ਹੈ।''

ਆਖਰੀ ਸ਼ਾਮ ਤੋਂ ਕੁਰਲਾਉਂਦੇ ਕਾਫਲੇ ਤੀਕ ਮਹਿਬੂਬ ਦੀ ਕਵਿਤਾ ਇਕ ਸੰਕ੍ਰਾਂਤੀ ਦੀ ਅਵਸਥਾ ਵਿਚੋਂ ਲੰਘਦੀ ਹੈ। ਇਕ ਪਾਸੇ ਜਾਂਗਲੀ ਛੋਹਰ ਦੀਆਂ ਢੋਕਾਂ ਦੀ ਸਿਹਤਮੰਦ ਸਾਦਗੀ, ਕੁਦਰਤ ਦੇ ਮੌਲਿਕ ਨਜ਼ਾਰੇ, ਸੋਹਣੀ ਦੀ ਆਖਰੀ ਫ਼ਤਿਹ, ਸੂਫੀਆਂ ਦੇ ਗੀਤ, ਰਾਵੀ ਦੀ ਹੇਕ, ਆਦਿ ਪਿਆਰੇ ਦੇ ਦੇਸ਼ ਵਾਲੇ, ਰੰਗ ਦਾ ਹੀ ਵਿਸਥਾਰ ਹੈ। ਦੂਜੇ ਪਾਸੇ ਵੱਖਰਾ ਰਾਹ, ਮਨ ਪਰਦੇਸੀ ਜੇ ਥੀਏ, ਪੈਗ਼ੰਬਰ ਦਾ ਸਫ਼ਰ, ਭਰਿਆ ਹੋਇਆ ਉਦਾਸ ਮੇਲਾ, ਸਿੱਖ ਸ਼ਹੀਦ ਦੀ ਅਰਦਾਸ ਅਤੇ ਕੁਰਲਾਉਂਦੇ ਕਾਫਲੇ ਦੇ ਪੰਜਵੇਂ ਸਰਗ ਦੀ ਕਵਿਤਾ ਨਵੇਂ ਨਿਸ਼ਾਨਿਆਂ ਦੀ ਨਿਸ਼ਾਨਦੇਹੀ ਕਰਦੀ ਹੈ:

ਗੁਰੂ ਪੀਰਾਂ ਦੇ ਖ਼ਿਆਲ ਬਿਨਾਂ ਹਰ
ਬਣਦੀ ਕੌਮ ਬਿਗਾਨੀ
ਬਾਜ਼ ਵਾਂਗ ਹੋਰ ਥਾਂ ਉਡਦੀ
ਜਜ਼ਬੇ ਜਿਹੀ ਨਿਸ਼ਾਨੀ
ਗੁਰੂ ਪੀਰ ਦਾ ਨੇਮ ਜਾ ਲੋਕੀ
ਕੌਹ ਸੁੱਟਣ ਵਿਚ ਖਾਕਾਂ
ਬੂਟ ਬਿਰਖ ਉਸ ਦੇਸ਼ ਦੇ ਬਣਦੇ
ਵਾਂਗ ਦੁਰੇਡੇ ਸਾਕਾਂ।

7. ਸ਼ਹੀਦ ਦੀ ਅਰਦਾਸ: ਪਿਆਰੇ ਦੇ ਦੇਸ਼ ਦੇ ਨਜ਼ਾਰੇ ਜੋ ਕਦੇ ਕਵੀ ਨੂੰ ਹੁਸਨ ਦੀ ਮੁਕੰਮਲ ਪਹਿਚਾਣ ਕਰਵਾਉਂਦੇ ਸਨ, ਹੁਣ ਗੁਰੂ ਪੀਰ ਦੇ ਨੇਮ ਦੇ ਕੋਹੇ ਜਾਣ ਕਰਕੇ ਦੁਰੇਡੇ ਸਾਕਾਂ ਵਾਂਗ ਓਪਰੇ ਭਾਸਣ ਲੱਗ ਪਏ ਹਨ। ਹੁਣ ਕਵੀ ਦੇ ਸੀਨੇ ਦੀ ਖ਼ਾਮੋਸ਼ੀ ਵਿਚ ਪਲਦੀ ਅਥਾਹ ਵੇਦਨਾ ਅਤੇ ਬੇਪਤੀ ਦਾ ਅਕਹਿ, ਅਹਿਸਾਸ, ਉਸਦੀ ਕਾਵਿ ਅਨੁਭੂਤੀ ਦੀ ਮੁੱਖ ਪਹਿਚਾਣ ਬਣ ਗਿਆ ਹੈ। ਭਗਤ ਸਿੰਘ ਵਰਗੇ ਸ਼ਹੀਦ ਉਸ ਦੀ ਯਾਦ ਵਿਚੋਂ ਅਲੋਪ ਹੋ ਗਏ ਹਨ। ਸਿੱਖ ਸ਼ਹੀਦ ਉਸ ਲਈ ਸ਼ਹੀਦੀ ਦਾ ਟਕਸਾਲੀ ਰੂਪ ਬਣ ਗਏ ਹਨ, ਜਿਨ੍ਹਾਂ ਦਾ 'ਚਿੰਤਨ ਧਰਤੀ ਦੀ ਖ਼ੂਬਸੂਰਤੀ ਤੋਂ ਸ਼ੁਰੂ ਹੋ ਕੇ ਮੌਤ ਨੂੰ ਸਰ ਕਰਦਾ ਹੋਇਆ ਉਪਰ ਪ੍ਰਾਕਿਰਤਕ ਮੰਡਲਾਂ ਤਕ ਪਹੁੰਚਦਾ ਹੈ।'' ਸੁੱਤੀਆਂ ਕੌਮਾਂ ਨੂੰ ਕੋਹਣ ਲਈ ਘਾਤ ਲਾਈ ਬੈਠੀ ਬੇਪੀਰ ਨਜ਼ਰ ਅਤੇ ਕੌਮ ਦੀ ਪੱਤ ਲੁੱਟਣ ਦੇ ਹਾਦਸੇ ਉਸਨੂੰ ਬੇਚੈਨ ਕਰਦੇ ਹਨ:

ਕਿਸੇ ਲੱਥੜੀ ਪੱਗ ਤੇ ਪੱਤ ਵਾਲੇ,
ਸਾਂਭ ਜਿਗਰ ਤੇ ਰੱਖੇ ਦੀਵਾਨਿਆਂ ਨੇ,
ਚੁਭਿਆ ਰਹੇਗਾ ਜ਼ਿੰਦ ਵਿਚ ਕੋਟ ਬਰਸਾਂ
ਤਾਹਨਾ ਮਾਰਿਆ ਜਿਹੜਾ ਬੇਗਾਨਿਆਂ ਨੇ।
ਅੱਜ ਰਾਤ ਬੇਦਾਵੇ ਦੇ ਸਫ਼ਰ ਮੁੱਕੇ।
ਅੰਬਰ ਲੱਭ ਲਏ ਨਵੇਂ ਨਿਸ਼ਾਨਿਆਂ ਨੇ।
(ਸ਼ਹੀਦ ਦੀ ਅਰਦਾਸ)

ਇਨ੍ਹਾਂ ਸਾਰੇ ਹਾਦਸਿਆਂ ਅਤੇ ਕੌਮ ਦੀ ਪਹਿਲ ਤਾਜ਼ਗੀ ਦੇ ਸੁੱਕਣ ਦਾ ਗਵਾਹ ਬਣ ਕੇ ਕਵੀ ਸੁੱਕੀ ਨਦੀ ਦੇ ਮਰ ਚੁੱਕੇ ਮਾਂਝੀ ਦੀ ਕਬਰ ਦੇ ਰੁਖੜੇ ਵਾਂਗ ਖੜ੍ਹਾ ਹੈ। ਅਕਾਲ ਤਖ਼ਤ ਦੀ ਤਬਾਹੀ ਵਾਲੇ ਸਾਕੇ ਨੇ ਕਵੀ ਨੂੰ ਧੁਰ ਅੰਦਰ ਤੀਕ ਵਲੂੰਧਰ ਦਿੱਤਾ ਹੈ:

ਮੈਂ ਅਰਦਾਸ ਕਰਾਂ ਕਿਸ ਥਾਂ 'ਤੇ
ਬਲੇ ਪਿਆ ਜੱਗ ਸਾਰਾ,
ਵਾਟ ਮੇਰੀ ਸਦੀਆਂ ਦੀ ਹੋਈ,
ਤਖ਼ਤ ਅਕਾਲ ਤੇ ਖੰਡਰ।

ਸ਼ਹੀਦ ਦੀ ਅਰਦਾਸ, ਕੁਰਲਾਉਂਦੇ ਕਾਫਲੇ ਅਤੇ ਰੁੱਤਾਂ ਦੇ ਭੇਦ ਭਰੇ ਖ਼ਤ ਵਾਂਗ ਹੀ ਲੰਮੀ ਕਵਿਤਾ ਹੈ। ਮਹਿਬੂਬ ਦੇ ਕਾਵਿ ਸਿਧਾਂਤ ਅਨੁਸਾਰ ਕਿਸੇ ਕਵੀ ਦੀਆਂ ਲੰਮੀਆਂ ਕਵਿਤਾਵਾਂ ਉਸਦੇ ਲਿਖੇ ਜਾ ਚੁੱਕੇ ਜਾਂ ਲਿਖੇ ਜਾਣ ਵਾਲੇ ਉਤਕ੍ਰਿਸ਼ਟ ਮਹਾਂਕਾਵਿ ਦੀਆਂ ਆਵਾਜ਼ਾਂ ਹੁੰਦੀਆਂ ਹਨ। ਲੰਮੀ ਕਵਿਤਾ ਲਿਖਣ ਸਮੇਂ ਕਵੀ ਜੀਵਨ ਦ੍ਰਿਸ਼ਾਂ ਦੀ ਲੰਮੀ ਪਾਲ ਦੇ ਸਨਮੁੱਖ ਹੁੰਦਾ ਹੈ। ਉਹ ਕੌਮਾਂ ਦੇ ਇਤਿਹਾਸਕ ਕਾਰਨਾਮਿਆਂ ਨੂੰ ਕਾਵਿ-ਬੋਲਾਂ ਵਿਚ ਉਤਾਰਨ ਦਾ ਯਤਨ ਕਰਦਾ ਹੈ। ਮਹਿਬੂਬ ਦੀਆਂ ਸ਼ਹੀਦ ਦੀ ਅਰਦਾਸ ਅਤੇ ਕੁਰਲਾਉਂਦੇ ਕਾਫਲੇ, ਉਸਦੇ ਮਹਾਕਾਵਿ ਇਲਾਹੀ ਨਦਰ ਦੇ ਪੈਂਡੇ ਦਾ ਪੂਰਬ-ਆਭਾਸ ਹਨ। ਫਿਰ ਵੀ ਝਨ੍ਹਾਂ ਦੀ ਰਾਤ ਦੇ ਆਧਾਰ ਉਪਰ ਹੀ ਉਸਦੀ ਕਵਿਤਾ ਵਿਚੋਂ ਮਹਾਨ ਕਵਿਤਾ ਦੇ ਨੈਣ ਨਕਸ਼ ਸਪੱਸ਼ਟ ਵਿਖਾਈ ਦਿੰਦੇ ਹਨ।

ਹਰਿੰਦਰ ਸਿੰਘ ਮਹਿਬੂਬ ਮਹਾਂਕਾਵਿਕ ਦ੍ਰਿਸ਼ਟੀ ਵਾਲਾ ਕਵੀ ਹੈ, ਧਰਮਾਂ ਦੇ ਕਾਰਵਾਂ, ਕੌਮਾਂ ਦੇ ਇਤਿਹਾਸਕ ਹਾਦਸੇ, ਜਾਨਦਾਰ ਅਤੇ ਮੌਲਿਕ ਪ੍ਰਤਿਭਾ ਵਾਲੇ ਬੱਚਿਆਂ ਦੇ ਕਾਰਨਾਮੇ, ਪੈਗੰਬਰਾਂ ਦੀ ਚਮਤਕਾਰੀ ਜੀਵਨ ਲੀਲ੍ਹਾ, ਭਰਪੂਰ ਕੁਦਰਤ ਦਾ ਅਸਗਾਹ, ਬੇਪਰਵਾਹ ਅਤੇ ਮਾਸੂਮ ਹੁਸਨ, ਸਾਧਾਰਨ ਲੋਕਾਂ ਦਾ ਧਰਤੀ ਵਰਗਾ ਸਬਰ, ਇਸ਼ਕ ਦੀ ਸ਼ਿੱਦਤ, ਮਹਾਪੁਰਖਾਂ ਦੀ ਬਜ਼ੁਰਗੀ, ਸਾਜ਼ਿਸ਼ਾਂ ਦਾ ਸ਼ਿਕਾਰ ਹੋਈਆਂ ਕੌਮਾਂ ਦੀ ਵੇਦਨਾ ਉਸ ਦੀ ਕਾਵਿ ਚੇਤਨਾ ਦੀ ਅੱਖ ਅੱਗੇ ਇਕ ਮਹਾਂਦ੍ਰਿਸ਼ ਵਾਂਗ ਪ੍ਰਕਾਸ਼ਮਾਨ ਰਹਿੰਦੇ ਹਨ। ਇਸੇ ਲਈ ਉਸ ਦੀਆਂ ਕਾਵਿ ਪੰਕਤੀਆਂ ਵਿਰਾਮ ਚਿੰਨ੍ਹਾਂ ਦੇ ਅਨੁਸ਼ਾਸਨ ਨੂੰ ਨਹੀਂ ਨਿਭਾ ਸਕਦੀਆਂ। ਉਨ੍ਹਾਂ ਨੂੰ ਗ਼ਜ਼ਲਾਂ, ਸ਼ਿਅਰਾਂ ਵਿਚਲੇ ਮੁਕੰਮਲ ਖ਼ਿਆਲਾਂ ਦੇ ਮਣਕਿਆਂ ਵਾਂਗ ਪੋਟਿਆਂ ਵਿਚ ਨਹੀਂ ਫੜਿਆ ਜਾ ਸਕਦਾ।

ਮਹਿਬੂਬ ਦੀ ਸ਼ਾਇਰੀ ਇਸ ਸੰਖੇਪ ਜਾਣ ਪਛਾਣ ਨੂੰ ਅਸੀਂ ਮੁਹੱਬਤ, ਸਾਹਿਤ ਅਤੇ ਸੱਭਿਆਚਾਰ ਦੀ ਸ਼ਾਨ ਦੇ ਮੀਰੋ-ਮਹਿਫ਼ਲ ਸ. ਹਰਦਿਲਜੀਤ ਸਿੰਘ ਸਿੱਧੂ ਉਰਫ ਲਾਲੀ ਬਾਬਾ ਦੇ ਬੋਲਾਂ ਨਾਲ ਸੰਤੋਖ ਰਹੇ ਹਾਂ, ''ਸਾਡੀ ਰਾਤ ਸਤਲੁਜ ਦੀ ਰਾਤ ਹੈ। ਦਰਿਆ ਉਹ ਵੀ ਹਨ ਜਿਥੇ ਫੁੱਲ ਪੈਂਦੇ ਹਨ ਬੱਚਿਆਂ ਦੇ। ਦਰਿਆ ਦਾ ਪਾਣੀ ਪਵਿੱਤਰ ਹੈ। ਬਾਬੇ ਦੀ ਡੁਬਕੀ ਜਪੁਜੀ ਸਾਹਿਬ ਦੀ ਸਿਰਜਣਾ। ਜਲਾਵਤਨੀ। ਚੱਲ ਫਿਰ ਕਿਤੇ ਹੋਰ ਚੱਲੀਏ ਮਰਦਾਨਿਆਂ।''

''ਜਿਸ ਨੂੰ ਤਸੀਹੇ ਮਿਲਦੇ ਹਨ, ਉਹੀ ਇਨਸਾਨ ਤੱਤੀ ਤਵੀ 'ਤੇ ਬੈਠ ਕੇ ਸੁਖਮਨੀ ਰਚਦੇ ਹਨ। ਮਹਿਬੂਬ ਇਨ੍ਹਾਂ ਦਰਿਆਵਾਂ ਦਾ ਜਾਨਸ਼ੀਨ ਹੈ। ਰਾਤ ਕਾਲੀ ਹੈ, ਹਨ੍ਹੇਰੀ ਹੈ, ਇਸ ਪਾਰ ਵਾਲੇ ਤਾਂ ਖ਼ੁਸ਼ਬੂ ਲੈ ਆਏ ਹਨ। ਉਹ ਤਾਂ ਕਬਰਾਂ ਦੀ ਮਿੱਟੀ ਵੀ ਨਹੀਂ ਲੈ ਜਾ ਸਕੇ। ਸ਼ਾਇਰ ਮਹਿਬੂਬ ਦੇ ਤਾਂ ਸਭ ਨੂੰ ਜੋੜਨ ਦੇ ਉਪਰਾਲੇ ਹਨ। ਸ਼ਾਇਰ ਤਾਂ ਪੁੰਨ ਦਾ ਕੰਮ ਕਰਦਾ ਹੈ। ਸ਼ਾਇਰ ਤਾਂ ਜੋਗੀ ਹੁੰਦਾ ਹੈ। ਉਸਦਾ ਕੀ ਮੁਕਾਮ ਹੁੰਦਾ ਹੈ? ਜੋ ਕੂਏ ਯਾਰ ਸੇ ਨਿਕਲੇ ਤੋ ਸੂਏ-ਦਾਰ ਚਲੇ!''

* ਫੋਨ:01675-240718

# ਗਾਇਕਾ, ਜਿਸਨੇ ਇੰਦੌਰ ਰਿਆਸਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ

ਯੇਹ ਚਰਾਗ ਜਲ ਰਹੇ ਹੈਂ, ਯੇਹ ਚਰਾਗ ਵੀ ਬੁਝਾ ਦੇ
ਮੇਰੇ ਔਰ ਹੈਂ, ਇਰਾਦੇ, ਮੇਰੇ ਔਰ ਹੈਂ ਇਰਾਦੇ!

ਕੋਈ ਸ਼ੁੱਧ ਖ਼ਿਆਲ ਜਾਂ ਠੁਮਰੀ ਗਾਉਣ ਪਿੱਛੋਂ ਜਦ ਕਦੇ ਵੀ ਉਹ ਕੋਈ ਏਹੋ ਜਿਹੀ ਹਲਕੀ ਫੁਲਕੀ ਚੀਜ਼ ਪੇਸ਼ ਕਰਦੀ ਤਾਂ ਇਕ ਰੰਗ ਬੰਨ੍ਹ ਦਿੰਦੀ ਸੀ। ਅੰਮ੍ਰਿਤਸਰ ਦੀ ਇਹ ਮਝੈਲਣ ਗੁਣਵੰਤ ਗਾਇਕਾ, ਲੰਮ ਸਲੰਮਾ ਕੱਦ, ਗੋਰਾ ਨਿਛੋਹ ਰੰਗ, ਮ੍ਰਿਗ-ਨੈਣੀ ਅੱਖਾਂ, ਮਾਰ ਦੇਣ ਵਾਲੀ ਮੁਸਕਾਨ, ਜਿਸਦੀ ਆਵਾਜ਼ ਵਿਚ ਲੋਹੜੇ ਦਾ ਦਰਦ ਸੀ ਅਤੇ ਅਭਿਨੈ ਵਿਚ ਆਖਰਾਂ ਦਾ ਆਕਰਸ਼ਨ, ਜਦੋਂ ਏਹੋ ਜਿਹੇ ਸ਼ਿਅਰ ਅਦਾ ਕਰਦੀ ਤਾਂ ਉਸਦਾ ਲਾਲ ਸੁਰਖ ਗੁਲਾਨਾਰੀ ਚਿਹਰਾ ਅਜਿਹੇ ਚੰਗਿਆੜੇ ਛੱਡਦਾ ਜਿਸ ਨਾਲ ਸਰੋਤੇ ਬੇਤਾਬ ਹੋ ਜਾਂਦੇ ਸਨ। ਸੱਚ ਜਾਣਿਆ ਜੇ, ਉਸਦਾ ਅਜਿਹਾ ਗਾਣਾ ਸੁਣ ਕੇ ਜੀਂਦੇ ਤੜਫ ਅਤੇ ਮੁਰਦੇ ਫੜਕ ਉਠਦੇ ਸਨ। ਪਾਕਿਸਤਾਨ ਦੀ ਅਜੋਕੀ ਪ੍ਰਸਿੱਧ ਗਾਇਕਾ,

**ਬਲਬੀਰ ਕੰਵਲ**

ਫਰੀਦਾ ਖਾਨਮ ਦੀ ਵੱਡੀ ਭੈਣ ਮੁਖਤਾਰ ਬੇਗਮ ਉਰਫ 'ਦਾਰੀ' (1911-1982), ਜਿਸਦੀ ਉਹ ਮਸੇਰ ਲੱਗਦੀ ਸੀ ਅਤੇ ਜਿਹੜੀ ਉਸ ਨਾਲੋਂ ਕੁਝ ਸਾਲ ਛੋਟੀ ਸੀ, ਦੇ ਦੱਸਣ ਅਨੁਸਾਰ, ਗੁਰੂ ਕੀ ਨਗਰੀ ਦੀਆਂ ਉਨ੍ਹਾਂ ਵਕਤਾਂ ਦੀਆਂ ਗਾਉਣ ਵਾਲੀਆਂ ਵਿਚੋਂ ਉਹ ਸਭ ਤੋਂ ਸਰਵੋਤਮ ਸੀ ਜਿਸ ਕਰਕੇ ਉਸਦੀ ਹਾਜ਼ਰੀ ਵਿਚ ਕਿਸੇ ਵੀ ਮਹਿਫ਼ਲ ਵਿਚ ਗਾਉਣ ਤੋਂ ਪਹਿਲਾਂ ਸਾਨੂੰ ਸੌ ਰੁਪਿਆ ਨਜ਼ਰ ਪੇਸ਼ ਕਰਕੇ ਗਾਉਣ ਦੀ ਇਜਾਜ਼ਤ ਲੈਣੀ ਪੈਂਦੀ ਸੀ। ਜੱਦੀ-ਪੁਸ਼ਤੀ ਤੌਰ 'ਤੇ ਉਹ ਸਿੱਖ ਰਾਜ ਦੀ ਪ੍ਰਸਿੱਧ ਗਾਇਤਰੀ ਮੋਰਾਂ ਸਰਕਾਰ ਦੀ ਪੜਪੋਤੀ ਸੀ।

ਫਨ 'ਚ ਕਮਾਲ ਅਤੇ ਹੁਸਨ ਜਮਾਲ ਦੀ ਇਸ ਰਾਣੀ ਦਾ ਜਨਮ ਉਨ੍ਹੀਵੀਂ ਸਦੀ ਦੇ ਕਿਧਰੇ ਅਖ਼ੀਰਲੇ ਸਾਲਾਂ ਵਿਚ ਹੋਇਆ। ਸੰਗੀਤ ਦੀ ਵਿੱਦਿਆ ਉਸ ਨੇ ਆਪਣੀ ਅੰਮੀ ਵਜ਼ੀਰ ਬੇਗ਼ਮ ਕੋਲੋਂ ਪ੍ਰਾਪਤ ਕੀਤੀ, ਜਿਹੜੀ ਕਿ ਨਵਾਬ ਵਾਜਦ ਅਲੀ ਸ਼ਾਹ ਲਖਨਊ ਵਾਲੇ ਦੀ ਦਰਬਾਰੀ ਗਾਇਕਾ ਸੀ। ਅਜੇ ਉਹ ਨੰਨ੍ਹੀ ਉਮਰ ਵਿਚ ਹੀ ਸੀ ਕਿ ਬਹੁਤ ਖ਼ੂਬਸੂਰਤ ਗਾਉਣ ਲੱਗ ਪਈ। ਉਸਦੀ ਪ੍ਰਸਿੱਧੀ ਸੁਣ ਕੇ ਇਕ ਵੇਰ ਇੰਦੌਰ ਦੇ ਮਹਾਰਾਜਾ ਤੁਕਾਜੀ ਰਾਓ ਹੋਲਕਰ ਨੇ ਉਸਨੂੰ ਆਪਣੀ ਰਿਆਸਤ ਵਿਚ ਤਲਬ ਕੀਤਾ ਅਤੇ ਉਸਦੇ ਗਾਇਨ ਤੋਂ ਬੇਹੱਦ ਮੁਤਾਸਰ ਹੋਇਆ। ਇਹ ਬੇਬੀ ਜਿਹੜੀ ਇਕ ਦਾਅਵਤ ਤੇ ਗਾਉਣ ਲਈ ਕੁਝ ਦਿਨਾਂ ਵਾਸਤੇ ਉਥੇ ਗਈ ਸੀ, ਹੁਣ ਇਕ ਤਰ੍ਹਾਂ ਨਾਲ ਉਸ ਮਹਿਲ ਵਿਚ ਆ ਕੇ ਫਸ ਗਈ ਸੀ। ਉਹ ਸੋਨ-ਪਿੰਜਰਾ ਹੀ ਕੁਝ ਅਜਿਹੀ ਸੀ ਜਿਸ ਵਿਚੋਂ ਨਿਕਲਣਾ ਬੜਾ ਮੁਸ਼ਕਲ ਸੀ। ਉਸ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਸਨ ਏਥੋਂ ਤੱਕ ਕਿ ਉਸਨੂੰ ਆਪਣੇ ਅੰਮੀ-ਅੱਬੂ ਨੂੰ ਮਿਲਣ ਲਈ ਅੰਮ੍ਰਿਤਸਰ ਆਉਣ 'ਤੇ ਵੀ ਰੋਕ-ਟੋਕ ਹੁੰਦੀ ਸੀ। ਜਦੋਂ ਉਹ ਉਥੇ ਗਈ ਸੀ, ਉਸਦੀ ਉਮਰ ਬਾਰਾਂ ਸਾਲ ਸੀ ਅਤੇ ਤਨਖਾਹ ਸੱਠ ਰੁਪਏ ਮਹੀਨਾ, ਪਰ ਹੁਣ ਪੰਜਾਂ ਸਾਲਾਂ ਦਾ ਸਮਾਂ ਬੀਤਣ ਨਾਲ ਬੜਾ ਕੁਝ ਬਦਲ ਚੁੱਕਾ ਸੀ। ਉਹ ਮਹੱਲਸਰਾ ਵਿਚ ਬੈਠੀ ਹੋਰਨਾਂ ਅਨੇਕਾਂ ਰਾਣੀਆਂ, ਰਖੇਲਾਂ 'ਚੋਂ ਇਕ, ਮੁਮਤਾਜ਼ ਦਰਜਾ ਪ੍ਰਾਪਤ ਕਰ ਚੁੱਕੀ ਸੀ। ਮਾਅਸ਼ਾ ਅੱਲਾ, ਹੁਣ ਉਸਦਾ ਹੁਸਨ ਵੀ ਨਿਖਰ ਆਇਆ ਸੀ ਜਿਸ 'ਤੇ ਮਹਾਰਾਜਾ ਮਰ ਮਰ ਜਾਂਦਾ ਸੀ। ਸਮੇਂ ਦੇ ਫੇਰ ਨਾਲ ਰਿਆਸਤ ਵਿਚ ਉਸਦਾ ਅਸਰ ਰਸੂਖ ਹੀ ਐਨਾ ਵਧ ਚੁੱਕਾ ਸੀ ਕਿ ਉਸ ਦੇ ਮੂੰਹ ਵਿਚੋਂ ਕੱਢਿਆ ਹੋਇਆ ਕੋਈ ਵੀ ਸ਼ਬਦ ਕਾਨੂੰਨ ਹੁੰਦਾ ਸੀ। ਜਿਸ ਕਿਸੇ ਨੂੰ ਵੀ ਮਹਾਰਾਜੇ ਤੱਕ ਕੋਈ ਖਾਸ ਕੰਮ ਹੁੰਦਾ, ਉਹ ਪਹਿਲਾਂ ਸਿੱਧਾ ਇਸ ਨੂੰ ਸੋਨੇ ਚਾਂਦੀ ਅਤੇ ਹੀਰੇ ਜਵਾਹਰਾਂ ਦੇ ਵੱਡੇ ਮਹਿੰਗੇ ਮਹਿੰਗੇ ਤੋਹਫਿਆਂ ਸਮੇਤ ਇਸਦੇ ਹਾਜ਼ਰੀ ਭਰ ਕੇ ਆਪਣਾ ਕੰਮ ਪੱਕਾ ਕਰਦਾ।

ਅਸਲ ਵਿਚ ਹੁਣ ਤੱਕ ਹਜ਼ਰਤਿ-ਇਸ਼ਕ ਆਪਣਾ ਕਾਰਾ ਕਰ ਚੁੱਕਾ ਸੀ ਜਿਸ ਕਰਕੇ ਮਹਾਰਾਜ ਅਕਸਰ ਉਸਨੂੰ ਧਰਮ ਬਦਲ ਕੇ ਵਿਆਹ ਕਰਨ 'ਤੇ ਮਜਬੂਰ ਕਰਦਾ ਰਹਿੰਦਾ ਸੀ। ਪਰ ਧਰਮ ਦੀ ਅਦਲਾ ਬਦਲੀ ਕਰਨੀ ਹਰ ਬੰਦੇ ਲਈ ਐਨੀ ਆਸਾਨ ਨਹੀਂ ਹੁੰਦੀ। ਓੜਕ ਮਹਾਰਾਜਾ ਉਸਨੂੰ ਰਾਣੀ ਕਮਲਾ ਬਾਈ ਦੇ ਨਾਂ ਥੱਲੇ ਯੂਰਪ ਦੇ ਦੌਰੇ 'ਤੇ ਆਪਣੇ ਨਾਲ ਲੰਡਨ ਲੈ ਆਇਆ। ਏਥੇ ਉਹ ਇੰਗਲਿਸਤਾਨ ਦੇ ਸ਼ਾਹੀ ਖਾਨਦਾਨ ਵਲੋਂ ਬੁਕਿੰਘਮ ਮਹੱਲ ਵਿਚ ਦਿੱਤੇ ਗਏ ਨਿਉਂਦੇ ਛਕਦੇ ਰਹੇ, ਪਰ ਸਰਕਾਰ ਦੀਆਂ ਖੁਫ਼ੀਆ ਏਜੰਸੀਆਂ ਨੂੰ ਇਸ ਦੀ ਭਿਣਕ ਪੈ ਗਈ ਸੀ ਕਿ ਦਾਲ ਵਿਚ ਕੁਝ ਕਾਲਾ ਕਾਲਾ ਹੈ।

ਕੁਦਰਤ ਦੀ ਲੀਲਾ ਬੜੀ ਨਿਆਰੀ ਹੈ। ਉਨ੍ਹੀਂ ਦਿਨੀਂ ਜਦੋਂ ਮੁਮਤਾਜ਼ ਲੰਡਨ ਆਈ ਹੋਈ ਸੀ, ਉਸਦੀ ਸਕੀ, ਬੜੀ ਨੇੜਲੀ ਰਿਸ਼ਤੇਦਾਰ ਮਹਾਰਾਜਾ ਦਲੀਪ ਸਿੰਘ ਦੀ ਛੋਟੀ ਧੀ ਸ਼ਹਿਜ਼ਾਦੀ ਸੋਫੀਆ (1876-1948) ਆਪਣੇ ਮਹੱਲ ਵਿਚ ਇੰਡੀਆ ਤੋਂ ਆਏ ਪਤਵੰਤੇ ਵਿਅਕਤੀਆਂ, ਰਾਜ ਕੁਮਾਰਾਂ, ਕਲਾਕਾਰਾਂ ਆਦਿ ਨੂੰ (ਪਹਿਲੀਆਂ 'ਚ ਇੰਗਲਿਸਤਾਨ ਆਉਣਾ ਮਾੜੇ ਧੀੜੇ ਬੰਦਿਆਂ ਦੇ ਵੱਸ ਦਾ ਰੋਗ ਨਹੀਂ ਸੀ) ਦਾਅਵਤ ਦੇ ਕੇ ਬੜੀ ਖੁਸ਼ ਰਹਿੰਦੀ ਸੀ। ਇੰਜ ਕਹਿ ਲਓ ਕਿ ਰਜਵਾੜਿਆਂ ਆਦਿ ਦੇ ਧੀ ਪੁੱਤ ਜਾਂ ਬੁੱਧੀਜੀਵੀ ਕਲਾਕਾਰ ਇਨ੍ਹਾਂ ਦੇ ਆ ਕੇ, ਜ਼ਿਆਰਤ ਕਰਕੇ, ਹਾਜ਼ਰੀ ਭਰਕੇ ਆਪਣੇ ਆਪ ਨੂੰ ਧੰਨਭਾਗਾ ਸਮਝਦੇ ਸਨ। ਉਹ ਆਪ ਭਾਵੇਂ ਪਿਆਨੋ ਵਜਾਉਣ ਦੀ ਬੜੀ ਸ਼ੌਕੀਨ ਸੀ ਪਰ, ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਰਸੀਆ ਹੋਣ ਕਰਕੇ ਉਹ ਦੇਸੋਂ ਆਏ ਕਲਾਕਾਰਾਂ ਨੂੰ ਵੀ ਸੁਣਦੀ। ਏਥੋਂ ਤੱਕ ਕਿ ਮਹਾਰਾਜਾ ਬੜੋਦਾ ਦੀ ਇਕ ਮਨਜ਼ੂਰਿ-ਨਜ਼ਰ ਅਤੀਆ ਬੇਗ਼ਮ ਫੈਜ਼ੀ ਰਹੀਮੀ, ਉਸ ਦੀਆਂ ਦੋਵੇਂ ਕਲਾਸੀਕਲ ਸਿੰਗਰ ਭੈਣਾਂ-ਨਾਜ਼ਲੀ ਅਤੇ ਜ਼ਾਹਰਾ ਬੇਗਮ ਅਤੇ ਅਤੀਆ ਦਾ ਪੇਂਟਰ ਪਤੀ ਸੈਮੁਅਲ ਫੈਜ਼ੀ ਰਹੀਮੀ ਇਨ੍ਹਾਂ ਦੇ ਘਰ ਆਮ ਆਉਂਦੇ ਜਾਂਦੇ ਸਨ। ਯਾਦ ਰਹੇ ਇਹ ਉਹ ਹੀ ਅਤੀਆ ਬੇਗ਼ਮ ਸੀ, ਹਿੰਦੁਸਤਾਨ ਦੀ ਪਹਿਲੀ ਲੇਡੀ ਜਿਸਦੀ ਇਕ ਕਿਤਾਬ (ਇੰਡੀਆ ਮਿਊਜ਼ਿਕ) ਲੰਡਨ ਦੇ ਇਕ ਪ੍ਰਸਿੱਧ ਛਾਪਕ ਮਾਰਚੈਂਟ ਐਂਡ ਕੰਪਨੀ, ਰੀਜੈਂਟ ਸਟਰੀਟ ਵਾਲਿਆਂ ਨੇ 1914 ਵਿਚ ਛਾਪੀ ਸੀ। ਅਤੀਆ ਅਤੇ ਅਲਾਮਾ ਇਕਬਾਲ ਦਾ ਮੁਆਸ਼ਕਾ ਆਮ ਪ੍ਰਸਿੱਧ ਹੈ। ਉਨ੍ਹਾਂ ਦੇ ਪ੍ਰਸਿੱਧ ਪਰਿਵਾਰ ਦੀਆਂ 1935-1937 ਦੌਰਾਨ ਲਾਹੀਆਂ ਗਈਆਂ ਕੁਝ ਯਾਦਗਾਰੀ ਤਸਵੀਰਾਂ ਲੰਡਨ ਵਿਚ ਹਾਲੇ ਵੀ ਉਪਲਬਧ ਹਨ, ਜਿਨ੍ਹਾਂ ਵਿਚ ਸੋਫ਼ੀਆ ਬੜੇ ਠਾਠ ਨਾਲ ਉਨ੍ਹਾਂ ਦੇ ਗੱਭੇ ਸੁਸ਼ੋਭਿਤ ਹੈ। ਇਸ ਤਰ੍ਹਾਂ ਨਾਲ ਜੇਕਰ ਸੋਫ਼ੀਆ ਨਾਜ਼ਲੀ ਜਾਂ ਅਤੀਆ ਬੇਗ਼ਮ ਵਰਗੀਆਂ ਨੂੰ ਆਪਣੇ ਘਰ ਸੱਦ ਕੇ ਸੁਣਦੀ ਸੀ ਤਾਂ ਫਿਰ ਇਹ ਕਿਵੇਂ ਹੋ ਸਕਦਾ ਸੀ ਕਿ ਉਹ ਐਡੀ ਦੂਰੋਂ ਸੱਤ ਸਮੁੰਦਰੋਂ ਪਾਰ ਆਈ (ਉਦੋਂ ਹਵਾਈ ਉਡਾਨਾਂ ਦੀ ਅਣਹੋਂਦ ਵਿਚ ਸਮੁੰਦਰੀ ਜਹਾਜ਼ਾਂ ਰਾਹੀਂ ਸਫਰ ਕਰਨਾ ਪੈਂਦਾ ਸੀ) ਆਪਣੀ ਸਕੀ ਮੁਮਤਾਜ਼ ਨੂੰ ਆਪਣੇ ਗਲੇ ਨਾ ਲਾਉਂਦੀ? ਹਾਂ, ਇਹ ਗੱਲ ਉਂਜ ਜੁਦੀ ਹੈ ਕਿ ਉਨ੍ਹਾਂ ਦੇ ਆਪਸ ਵਿਚੀਂ ਹੋਏ ਮੇਲ ਜਾਂ ਨਾ-ਮੇਲ ਬਾਰੇ ਹਾਲੇ ਤੱਕ ਅਸੀਂ ਕੁਝ ਪੱਕ ਨਹੀਂ ਆਖ ਸਕਦੇ।

ਮੁਮਤਾਜ਼-ਮਹਾਰਾਜੇ ਦੀ ਜੋੜੀ, ਸੋਫੀਆ ਨੂੰ ਮਿਲ ਕੇ ਆਈ ਜਾਂ ਨਾ? ਕੁਝ ਮਹੀਨੇ ਇਨ੍ਹਾਂ ਦੇਸ਼ਾਂ ਦਾ ਮਾਹੌਲ ਅਤੇ ਰੰਗ ਤਮਾਸ਼ੇ ਮਾਣ ਕੇ ਉਹ ਭਾਰਤ ਵਾਪਸ ਪਰਤ ਆਈ। ਗਰਮੀਆਂ ਦੀ ਰੁੱਤ ਸੀ। ਮਹਾਰਾਜੇ ਨੇ ਪ੍ਰੋਗਰਾਮ ਬਣਾਇਆ ਕਿ ਕਿਸੇ ਪਹਾੜੀ ਸਟੇਸ਼ਨ 'ਤੇ ਜਾ ਕੇ ਇਸ ਇਸ਼ਕ ਬੇਮੁਰਾਦ ਨੂੰ ਅੱਗੇ ਤੋਰਿਆ ਜਾਵੇ। ਮਸੂਰੀ ਦੀ ਚੋਣ ਹੋਈ। ਮਹਾਰਾਜੇ ਨੇ ਐਵੇਂ ਮਹਾਤੜਾਂ ਵਾਂਗ ਕਿਸੇ ਆਮ ਗੱਡੀ 'ਚ ਤਾਂ ਨਹੀਂ ਨਾ ਸੀ ਸਫ਼ਰ ਕਰਨਾ। ਖ਼ਾਸ ਗੱਡੀ, ਖਾਸ ਡੱਬੇ ਸ਼ਾਹੀ ਜਲੌ, ਸ਼ਾਹੀ ਠਾਠ ਬਾਠ ਸਭ ਕੁਝ ਰਿਹਾ ਇਕ ਪਾਸੇ, ਓਧਰ ਉਮਰਾਂ ਦਾ ਬੇਓੜਕਾ ਫ਼ਰਕ ਹੋਣ ਕਰਕੇ, ਮੁਮਤਾਜ਼ ਇਸ ਘਟਨਾ ਵਿਚ ਫਸੀ ਫਾਥੀ ਹੋਈ, ਅੰਦਰੋ ਅੰਦਰ ਬੁਰੀ ਤਰ੍ਹਾਂ ਗਲ ਸੜ ਰਹੀ ਸੀ। ਦੁਨੀਆਂ ਭਰ ਵਿਚ ਮਾਂ ਤੋਂ ਹੋਰ ਵੱਡਾ ਕੋਈ ਦਰਦੀ ਨਹੀਂ ਹੁੰਦਾ। ਫਿਰ ਖਾਸ ਕਰਕੇ ਮਾਵਾਂ-ਧੀਆਂ ਦਾ ਰਿਸ਼ਤਾ। ਮੰਮੋ ਨੇ ਆਪਣੀ ਮਾਂ ਨੂੰ ਆਪਣਾ ਦੋ ਟੁੱਕ ਫ਼ੈਸਲਾ ਸੁਣਾ ਦਿੱਤਾ ਕਿ ਹੁਣ ਭਾਵੇਂ ਜੋ ਮਰਜ਼ੀ ਹੋ ਜਾਏ, ਇਸ ਚੁੰਗਲ 'ਚੋਂ ਛੁੱਟਣਾ ਹੀ ਛੁੱਟਣਾ ਹੈ। ਉਹ ਆਪਣੀ ਮਾਂ ਨਾਲ, ਸਮੇਤ ਆਪਣੀਆਂ ਕੁਝ ਖਾਸ ਸਖੀਆਂ ਅਤੇ ਨੌਕਰਾਣੀਆਂ ਦੇ ਇਕ ਵਿਸ਼ੇਸ਼ ਡੱਬੇ ਵਿਚ ਬੈਠੀ। ਮਾਵਾਂ-ਧੀਆਂ ਨੇ ਗੋਂਦ ਗੁੰਦੀ ਕਿ ਗੱਡੀ ਜਦ ਹੀ ਦਿੱਲੀ ਪੁੱਜੇ, ਹਜ਼ਰਤ ਖੁਆਜ਼ਾ ਨਜ਼ਾਮਉਦੀਨ ਔਲੀਆ ਦੀ ਦਰਗਾਹ 'ਤੇ ਹਾਜ਼ਰੀ ਭਰਨ ਜਾਣ ਦਾ ਬਹਾਨਾ ਬਣਾ ਕੇ, ਇਕ ਦਮ ਉਥੋਂ ਫਰਾਰ ਹੋਇਆ ਜਾਵੇ। ਸੋ ਗਿਣੀ ਮਿਥੀ ਚਾਲ ਅਨੁਸਾਰ ਐਨ ਇਸੇ ਤਰ੍ਹਾਂ ਹੀ ਕੀਤਾ ਗਿਆ। ਦੋਵੇਂ ਮਾਵਾਂ-ਧੀਆਂ ਆਪਣੇ ਸ਼ਹਿਰ ਅੰਮ੍ਰਿਤਸਰ ਪੁੱਜ ਗਈਆਂ। ਮਹਾਰਾਜੇ ਨੂੰ ਇਸ ਹਕੀਕਤ ਦਾ ਕਿੰਨਾ ਚਿਰ ਕੋਈ ਪਤਾ ਨਾ ਲੱਗਾ, ਪਰ ਜਦ ਹੀ ਉਸਨੇ ਇਹ ਜਾਤਾ ਕਿ ਮੁਮਤਾਜ ਤਾਂ ਕਿਧਰੇ ਅਲੋਪ ਹੋ ਚੁੱਕੀ ਹੈ, ਉਸਨੂੰ ਅੱਗ ਲੱਗ ਗਈ। ਸੋ ਛੁੱਟੀਆਂ ਮਨਾਉਣ ਮਸੂਰੀ ਜਾਣ ਦੀ ਬਜਾਏ ਓਥੋਂ ਹੀ ਸਿੱਧਾ ਉਹ ਇੰਦੌਰ ਵਾਪਸ ਪਰਤ ਆਇਆ ਅਤੇ ਉਨ੍ਹਾਂ ਸਭ ਅਹਿਲਕਾਰਾਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਜਿਨ੍ਹਾਂ 'ਤੇ ਰਾਣੀ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਲੱਗੀ ਹੋਈ ਸੀ। ਕੁਝ ਸਮਾਂ ਪਾ ਕੇ ਮੁਮਤਾਜ਼ ਬੰਬਈ ਆ ਗਈ ਜਿੱਥੇ ਉਸਦੀ ਮੁਲਾਕਾਤ ਬੰਬਈ ਦੇ ਉਸ ਸਮੇਂ ਦੇ ਮੇਅਰ ਬਾਉਲੇ ਨਾਲ ਹੋ ਗਈ। ਉਹ ਉਸਨੂੰ ਦੇਖਦਿਆਂ ਸਾਰ ਹੀ ਬਾਉਲਾ, ਬਉਰਾ, ਦੀਵਾਨਾ ਹੋ ਗਿਆ। ਉਸਦੀ ਉਹ ਰਖੇਲ ਬਣ ਗਈ। ਦੱਸਿਆ ਜਾਂਦਾ ਹੈ ਕਿ ਉਹ ਉਨ੍ਹਾਂ ਭਲੇ ਸਮਿਆਂ ਦਾ ਇਕ ਬੇਹੱਦ ਧਨਾਢ ਵਿਅਕਤੀ ਸੀ ਜਿਸਦੀ ਜਾਇਦਾਦ ਉਦੋਂ ਬਤਾਲੀ ਲੱਖ ਰੁਪਏ ਤੋਂ ਵੀ ਵੱਧ ਸੀ ਜਿਸ ਵਿਚੋਂ ਉਸਨੇ ਇਕ ਲੱਖ ਰੁਪਿਆ ਮੁਮਤਾਜ਼ ਦੇ ਨਾਂ ਲੁਆ ਦਿੱਤਾ ਸੀ। ਬਾਉਲੇ ਨੂੰ ਮੁਮਤਾਜ਼ ਬਾਰੇ ਮਹਾਰਾਜਾ ਇੰਦੌਰ ਨਾਲ ਸਬੰਧਤ ਕਿਸੇ ਵੀ ਘਟਨਾ ਦਾ ਕੋਈ ਪਤਾ ਨਹੀਂ ਸੀ।

ਓਧਰ ਮਹਾਰਾਜੇ ਦੀ ਨੀਂਦ ਹਰਾਮ ਹੋਈ ਪਈ ਸੀ। ਉਸਦੇ ਕੁਝ ਕਰਮਚਾਰੀ, ਸਮੇਤ ਡੀ.ਆਈ.ਜੀ. ਪੁਲਿਸ ਇੰਦੌਰ ਇਹ ਸੋਚ ਰਹੇ ਸਨ ਕਿ ਕਿਸੇ ਵੀ ਤਰ੍ਹਾਂ ਜੇਕਰ ਅਸੀਂ ਮੁਮਤਾਜ਼ ਨੂੰ ਦੁਬਾਰਾ ਮਹਾਰਾਜੇ ਕੋਲ ਲੈ ਆਈਏ ਤਾਂ ਅਸੀਂ ਵੀ ਵੱਡੇ ਵੱਡੇ ਇਨਾਮ ਅਤੇ ਜਗੀਰਾਂ ਆਦਿ ਪ੍ਰਾਪਤ ਕਰ ਸਕਦੇ ਹਾਂ। ਏਹੋ ਜਿਹੇ ਸਾਰੇ ਹਾਲਾਤ ਤੋਂ ਅਣਭੋਲ ਬਾਉਲਾ ਮੁਮਤਾਜ਼ ਨੂੰ ਨਿੱਤ ਦਿਹਾੜੇ ਸ਼ਾਮਾਂ ਨੂੰ ਹੈਂਗਿੰਗ ਗਾਰਡਨ ਸੈਰ ਕਰਨ ਲਈ ਲਿਆਉਂਦਾ। ਮਹਾਰਾਜੇ ਦੇ ਕੁਝ ਖਾਸ ਬੰਦੇ ਉਨ੍ਹਾਂ ਦੋਹਾਂ ਦਾ ਪਿੱਛਾ ਕਰਦੇ ਅਤੇ ਮੌਕੇ ਦੀ ਤਾੜ ਵਿਚ ਰਹਿੰਦੇ। ਉਨ੍ਹਾਂ ਕਰਮਚਾਰੀਆਂ ਵਿਚ ਇੰਦੌਰ ਦਾ ਆਈ.ਜੀ. ਪੁਲਿਸ ਵੀ ਸੀ ਅਤੇ ਰਿਆਸਤ ਦੀਆਂ ਦੋ ਤਿੰਨ ਕਾਰਾਂ ਬਾਗ ਦੇ ਬਾਹਰ ਗੇਟਾਂ 'ਤੇ ਕਿਸੇ ਵੀ ਵੇਲੇ ਵੇਖੀਆਂ ਜਾ ਸਕਦੀਆਂ ਸਨ। ਇਕ ਸ਼ਾਮ ਨੂੰ ਬਾਉਲਾ ਮੁਮਤਾਜ਼ ਨੂੰ ਨਾਲ ਲੈ ਕੇ ਜਦੋਂ ਬਾਗ ਨੂੰ ਆਇਆ ਤਾਂ ਮਹਾਰਾਜੇ ਦੇ ਬੰਦਿਆਂ ਨੇ ਉਸਦੀ ਕਾਰ ਰੋਕ ਲਈ ਅਤੇ ਮੰਮੋ ਨੂੰ ਜਬਰਦਸਤੀ ਅਗਵਾ ਕਰਨਾ ਚਾਹਿਆ। ਇਹ ਗੱਲ ਬਾਉਲਾ ਕਿਵੇਂ ਜ਼ਰ ਸਕਦਾ ਸੀ-ਫਟਾਫਟ ਉਸਨੇ ਆਪਣਾ ਪਿਸਤੌਲ ਕੱਢਿਆ ਅਤੇ ਫਾਇਰ ਕਰ ਦਿੱਤਾ। ਮਹਾਰਾਜੇ ਦੇ ਆਦਮੀਆਂ ਨੇ ਹੋਰ ਕੋਈ ਚਾਰਾ ਚੱਲਦਾ ਨਾ ਦੇਖ ਕੇ ਬਾਉਲੇ ਨੂੰ ਗੋਲੀ ਮਾਰ ਕੇ ਥਾਹੇਂ ਮਾਰ ਦਿੱਤਾ ਅਤੇ ਜਦੋਂ ਉਹ ਮੁਮਤਾਜ਼ ਨੂੰ ਕਾਰ ਵਿਚ ਬਿਠਾ ਕੇ ਓਥੋਂ ਫਰਾਰ ਹੋਣ ਲੱਗੇ ਤਾਂ ਅਚਾਨਕ ਦੋ ਅੰਗਰੇਜ਼ ਫੌਜੀ ਅਫਸਰ ਓਥੇ ਆ ਨਿਕਲੇ ਜਿਨ੍ਹਾਂ ਨੇ ਮੁਲਜ਼ਮਾਂ ਨੂੰ ਰੰਗੇ ਹੱਥੀਂ ਫੜ ਲਿਆ। ਨਤੀਜੇ ਵਜੋਂ ਇੰਦੌਰ ਸਰਕਾਰ ਦੇ ਅਫਸਰ ਸੀਖਾਂ ਪਿੱਛੇ ਡੱਕ ਦਿੱਤੇ ਗਏ। ਇਸ ਬਹੁਚਰਚਿਤ ਕਤਲ ਕੇਸ ਦੀ ਧੂਮ ਸਾਰੇ ਦੇਸ਼ ਵਿਚ ਤਾਂ ਕੀ, ਵਿਦੇਸ਼ਾਂ ਤੱਕ ਵੀ ਮਚੀ। ਮੁਕੱਦਮਾ ਚੱਲਿਆ। ਕੇਸ ਦੀ ਪੈਰਵੀ ਲਈ ਦੇਸ਼ ਭਰ ਦੇ ਉਘੇ ਵਕੀਲ ਮੁਸਲਮਾਨ ਨੇਤਾ ਮੁਹੰਮਦ ਅਲੀ ਜਿਨਾਹ ਨੂੰ ਕੀਤਾ ਗਿਆ, ਜਿਸਨੇ ਉਦੋਂ ਇਕ ਲੱਖ ਰੁਪਿਆ ਵਸੂਲ ਕੀਤਾ। ਕੇਸ ਜਿੱਤਿਆ ਗਿਆ। ਰਿਆਸਤੀ ਗੁੰਡਿਆਂ ਨੂੰ ਫਾਂਸੀ ਦੀ ਸਜ਼ਾ ਹੋਈ। ਇਸ ਨਾਲ ਮਹਾਰਾਜੇ ਦੀ ਬੜੀ ਬਦਨਾਮੀ ਹੋਈ। ਬਰਤਾਨਵੀ ਹਕੂਮਤ ਨੇ ਉਸਨੂੰ ਗੱਦੀ ਤੋਂ ਬਦਰ ਕਰ ਦਿੱਤਾ। ਇਸ ਬਾਰੇ ਉਦੋਂ ਬੜੇ ਕਿੱਸੇ ਕਹਾਣੀਆਂ ਛਪੇ।

*ਆਪਣਾ ਗੰਭੀਰ ਗਾਇਨ ਪੇਸ਼ ਕਰਨ ਪਿੱਛੋਂ, ਉਹ ਕੁਝ ਅਭਿਨੈ, ਕੁਝ ਨ੍ਰਿਤਕਾਰੀ ਦੇ ਅੰਦਾਜ਼ ਵਿਚ ਕੋਈ ਠੁਮਰੀ ਆਦਿ ਪੇਸ਼ ਕਰਨ ਦੇ ਰਉਂ ਵਿਚ ਸੀ। ਅਜੇ ਉਸਨੇ ਕੁਝ ਠੁਮਕੇ ਹੀ ਲਾਏ ਸਨ ਕਿ ਆਪਣੇ ਬਲੌਰੀ ਬਦਨ 'ਤੇ ਪਾਏ ਹੋਏ ਕੱਪੜਿਆਂ ਨੂੰ ਲਾਹੁਣ ਹਿੱਤ ਹੌਲੀ ਹੌਲੀ ਸਰਕਾਉਂਦੀ, ਰੱਬ ਜਾਣੇ ਮੁਜਰਾ ਕਰਕੇ ਉਹ ਕਿਹੜੀ ਕਿਆਮਤ ਨੂੰ ਢਾਹੁਣ ਦੀ ਤਿਆਰੀ ਵਿਚ ਸੀ ਕਿ ਮਹਾਰਾਜਾ ਸਾਹਿਬ ਨੂੰ ਉਸਦੀਆਂ ਨੰਗੇਜ਼ ਮੁਦਰਾਵਾਂ, ਹਰਕਤਾਂ ਅਤੇ ਇਰਾਦਿਆਂ 'ਤੇ ਗੁੱਸਾ ਆ ਗਿਆ ਅਤੇ ਉਹ ਕੜਕ ਉਠੇ, 'ਮੰਮੋ ਬੰਦ ਕਰ ਇਹ ਬਕਵਾਸ। ਪਹਿਲਾਂ ਹੱਥ ਧੋ ਕੇ ਤੂੰ ਇੰਦੌਰ (ਰਿਆਸਤ) ਵਾਲੇ ਦੇ ਪਿੱਛੇ ਪਈ ਹੋਈ ਸੈਂ, ਤੇ ਹੁਣ ਤੇਰੀ ਤਿਆਰੀ ਮੇਰੇ...।'' ਮਹਾਰਾਜਾ ਨੇ ਓਸੇ ਵੇਲੇ ਹੀ ਹੁਕਮ ਸਾਦਰ ਕਰ ਦਿੱਤਾ ਕਿ ਜਿੰਨੀ ਛੇਤੀ ਹੋ ਸਕੇ ਮੁਮਤਾਜ਼ ਨੂੰ ਉਸਦੀ ਫ਼ੀਸ ਵਗੈਰਾ ਦੇ ਕੇ ਰਿਆਸਤ 'ਚੋਂ ਦਰ ਬਦਰ ਕਰ ਦਿੱਤਾ ਜਾਵੇ।*

ਇਸ ਕੇਸ ਦੀ ਚਰਚਾ ਨੇ ਬੜਾ ਤੂਲ ਫੜਿਆ। ਮਹਾਰਾਜਾ ਅਮਰੀਕਾ ਚਲਾ ਗਿਆ ਅਤੇ ਓਥੇ ਜਾ ਕੇ ਉਸਨੇ ਇਕ ਅੰਗਰੇਜ਼ ਐਕਟਰੈਸ ਨਾਂਸੀ ਮਿੱਲਰ ਨੂੰ ਫਸਾ ਲਿਆ। ਉਨ੍ਹਾਂ ਦੋਹਾਂ ਨੇ ਫਿਰ ਸ਼ਾਦੀ ਕਰ ਲਈ। ਉਸ ਬਾਰੇ ਵੀ ਲੋਕਾਂ ਜਾਂ ਮੀਡੀਏ ਦੀਆਂ ਭਿੰਨ ਭਿੰਨ ਰਾਵਾਂ ਸਨ। ਓਥੋਂ ਦੇ ਇਕ ਅਖਬਾਰ ਨੇ ਇਸ ਘਟਨਾ ਨੂੰ ਕਿਸ ਤਰ੍ਹਾਂ ਲਿਆ ਜਾਂ 'ਕਵਰ' ਕੀਤਾ ਉਸਦਾ ਹੂ-ਬ-ਹੂ ਹਵਾਲਾ ਅਸੀਂ ਹੇਠ ਦੇ ਰਹੇ ਹਾਂ।

"ਉਪਰ ਦਿੱਤੇ ਸਭ ਕਾਸੇ ਦਾ ਕਿੱਸਾ ਕੋਤਾ ਜਾਂ ਨਿਚੋੜ ਇਹ ਕਿ ਕੀ ਹੋਇਆ ਜੇਕਰ ਨਾਂਸੀ ਨੇ ਇਕ ਰਾਜਕੁਮਾਰ ਨਾਲ ਵਿਆਹ ਕਰਵਾ ਲਿਆ ਜਿਸ ਕੋਲ ਦਸ ਹਜ਼ਾਰ ਨੌਕਰ, ਤਿੰਨ ਸੌ ਹਾਥੀਆਂ ਦਾ ਝੁੰਡ ਅਤੇ ਹਜ਼ਾਰਾਂ ਹੀਰਿਆਂ ਜਵਾਹਰਾਂ ਨਾਲ ਜੜਨ ਵਾਲੇ ਸਿਲਕੀ ਸੂਟ ਸਾੜ੍ਹੀਆਂ ਹਨ, ਪਰ ਉਸਨੇ ਆਪਣਾ ਨਾਂ ਅਤੇ ਧਰਮ ਤਾਂ ਗੁਆ ਲਿਆ ਨਾ? ਐਨਾ ਹੀ ਨਹੀਂ, ਉਹ ਰਾਜਕੁਮਾਰ ਬਦਨਾਮ, ਬਦਕਾਰ ਅਤੇ ਬੁੱਤਪ੍ਰਸਤ ਵੀ ਹੈ।"

ਖ਼ੈਰ, ਮਹਾਰਾਜੇ ਨੇ ਪੈਸੇ ਦੇ ਜ਼ੋਰ ਨਾਲ ਆਪਣਾ ਕੰਮ ਤਾਂ ਇੰਜ ਸਾਰ ਲਿਆ, ਪਰ ਓਧਰ ਤਸਵੀਰ ਦਾ ਦੂਜਾ ਪਾਸਾ ਬੜਾ ਕੁਝ ਹੋਰ ਤਰ੍ਹਾਂ ਦਾ ਸੀ। ਬਾਉਲੇ ਦੀ ਮੌਤ ਪਿੱਛੋਂ, ਮੰਮੋ ਨਾਲ ਕੀ ਬੀਤਿਆ, ਉਸਦੇ ਦਰਦ ਦੀ ਇਕ ਬੜੀ ਲੰਮੀ ਚੌੜੀ ਦਾਸਤਾਨ ਹੈ। ਬਾਉਲੇ ਨਾਲ ਦੋਸਤੀ ਦੌਰਾਨ ਉਸਦੇ ਪੇਟੋਂ ਇਕ ਬੱਚੀ ਨੇ ਜਨਮ ਲਿਆ ਸੀ ਜਿਸ ਦਾ ਨਾਂ ਸ਼ਾਅਦਤ ਬੇਗਮ ਰੱਖਿਆ ਗਿਆ ਸੀ। ਉਸਦੀ ਮੌਤ ਪਿੱਛੋਂ ਆਪਣੀ ਧੀ ਨੂੰ ਗਲ ਲਾ ਕੇ ਉਹ ਦੁਬਾਰਾ ਅੰਮ੍ਰਿਤਸਰ ਆ ਗਈ ਸੀ।

ਮੰਮੋ ਦੀ ਹੁਣ ਅਸਲ ਜ਼ਰੂਰਤ ਕਿਸੇ ਅਜਿਹੇ ਜੁਆਨ, ਸਡੌਲ ਵਿਅਕਤੀ ਦੀ ਸੀ ਜਿਹੜਾ ਨਿਰਾ ਪੂਰਾ ਵੈਲੀ ਨਸ਼ਈ (ਇੰਦੌਰ ਵਾਲਾ ਮਹਾਰਾਜਾ ਸੁਬਹ ਸਵੇਰੇ ਜਿਹੜਾ ਨਾਸ਼ਤਾ ਕਰਦਾ ਸੀ, ਉਨ੍ਹੀਂ ਦਿਨੀਂ ਉਸ 'ਤੇ ਦੋ ਸੌ ਰੁਪਿਆ ਖਰਚ ਕਰ ਆਉਂਦਾ ਸੀ) ਨਾ ਹੋਵੇ, ਉਸਦੇ ਰਿਸਦੇ ਜ਼ਖਮਾਂ 'ਤੇ ਮਲ੍ਹਮ ਪੱਟੀ ਕਰੇ, ਉਸਨੂੰ ਸੱਚਾ ਪਿਆਰ ਦੇਵੇ। ਏਥੇ ਉਸਨੂੰ ਇਕ ਕਾਫੀ ਅਮੀਰ ਕਾਰੋਬਾਰੀ ਆਦਮੀ ਮਿਲ ਗਿਆ, ਜਿਸਦਾ ਨਾਂ ਸੀ ਅਬਦੁਲ ਰਹਿਮਾਨ। ਉਸਦੇ ਫੋਕੇ ਪਿਆਰ ਵਿਚ ਆ ਕੇ ਮੰਮੋ ਨੇ ਹੌਲੀਵੁੱਡ ਤੋਂ ਪੰਜ ਲੱਖ ਰੁਪਏ ਦੀ ਆਈ ਪੇਸ਼ਕਸ਼ ਨੂੰ ਵੀ ਲੱਤ ਮਾਰ ਦਿੱਤੀ ਅਤੇ ਉਸ ਨਾਲ ਨਿਕਾਹ ਪੜ੍ਹਾ ਲਿਆ। ਸੱਚੇ ਪਿਆਰ ਦਾ ਤਾਂ ਉਸਦਾ ਐਵੇਂ ਨਾਟਕ ਹੀ ਸੀ, ਅਸਲ ਵਿਚ ਉਸਦੀ ਅੱਖ ਉਹਦੇ ਰਿਆਸਤ 'ਚੋਂ ਲਿਆਂਦੇ ਹੀਰੇ ਜਵਾਹਰਾਂ 'ਤੇ ਸੀ, ਜਿਨ੍ਹਾਂ ਨੂੰ ਉਹ ਬਾਣੀਆ ਪੁੱਤ ਹੜੱਪਣਾ ਚਾਹੁੰਦਾ ਸੀ। ਮੰਮੋ ਹੁਣ ਤੱਕ ਘਾਟ ਘਾਟ ਦਾ ਪਾਣੀ ਪੀ ਚੁੱਕੀ ਸੀ, ਇਸ ਚੱਕਰ ਨੂੰ ਛੇਤੀ ਸਮਝ ਗਈ। ਇਸ ਤਰ੍ਹਾਂ ਉਹ ਸ਼ਾਦੀ ਵੀ ਰਾਸ ਨਾ ਆਈ। ਮੁੜ ਫਿਰ ਮੁਕੱਦਮੇਬਾਜ਼ੀ ਚੱਲੀ। ਕਦੇ ਰੁਸੇਵੇਂ, ਕਦੇ ਮਨੇਵੇਂ। ਓੜਕ ਅਬਦੁਲ ਵੀ ਉਸਨੂੰ ਭਰਪੂਰ ਜੁਆਨ ਨੂੰ ਛੱਡ ਕੇ, ਇਸ ਜੱਗ ਜਹਾਨ ਤੋਂ ਚਲਦਾ ਬਣਿਆ।

ਇਕ ਵੇਰ ਡਾ. ਰਾਜਾ ਮਰਗੇਂਦ੍ਰ ਸਿੰਘ ਵਾਲੀਏ ਰਿਆਸਤ ਪਟਿਆਲਾ ਨਾਲ ਮੇਰੀ ਮੁਲਾਕਾਤ ਸਮੇਂ ਪੰਜਾਬ ਦੀਆਂ ਵੱਡੀਆਂ ਵੱਡੀਆਂ ਬਾਈਆਂ ਦੀਆਂ ਗੱਲਾਂ ਚੱਲ ਪਈਆਂ। ਉਨ੍ਹਾਂ ਨੇ ਵੀਹਵੀਂ ਸਦੀ ਦੀ ਇਕ ਬਹੁਤ ਵੱਡੀ ਗਾਇਕਾ ਗੌਹਰ ਜਾਨ (1870ਈ. 1937), ਜਿਹੜੀ ਕਿ ਪਟਿਆਲਾ ਸੰਗੀਤ ਘਰਾਣੇ ਦੇ ਮੋਢੀ ਉਸਤਾਦ ਅਲੀ ਬਖ਼ਸ਼ ਜਰਨੈਲ ਸਾਹਿਬ ਦੀ ਸ਼ਾਗਿਰਦ ਸੀ ਅਤੇ ਜਿਹੜੀ ਇਕ ਵੇਰ ਪਟਿਆਲੇ ਵੀ ਆਈ ਸੀ, ਦੇ ਬੜੇ ਦਿਲਚਸਪ ਕਿੱਸੇ ਸੁਣਾਏ। ਜਦ ਹੀ ਉਨ੍ਹਾਂ ਨੂੰ ਮੈਂ ਉਨ੍ਹਾਂ ਦੇ ਚਾਚਾ ਰਾਜਾ ਰਣਬੀਰ ਸਿੰਘ ਜੀ ਦਾ ਉਸ ਨਾਲ ਵਾਪਰਿਆ ਇਕ ਕਿੱਸਾ ਸੁਣਾਇਆ ਤਾਂ ਸੁਣ ਕੇ ਬੜੇ ਖੁਸ਼ ਹੋਏ। ਪਰ ਮੈਂ ਮੰਮੋ 'ਤੇ 'ਫੋਕਸ' ਕਰਨਾ ਚਾਹੁੰਦਾ ਸੀ। ਸੋ ਉਨ੍ਹਾਂ ਹਸਦਿਆਂ ਹਸਦਿਆਂ ਉਸ ਬਾਰੇ ਇਹ ਗੱਲ ਸੁਣਾਈ।

ਇਕ ਵੇਰ ਪਿਤਾ ਜੀ (ਮਹਾਰਾਜਾ ਭੁਪਿੰਦਰ ਸਿੰਘ) ਨੇ ਚੈਲ ਵਿਖੇ ਇਕ ਬੜਾ ਵੱਡਾ ਸੰਗੀਤ ਸੰਮੇਲਨ ਕਰਨ ਦਾ ਪ੍ਰਬੰਧ ਕੀਤਾ। ਓਥੇ ਮੁਮਤਾਜ਼ ਨੂੰ ਸੱਦਿਆ ਗਿਆ। ਮਹਾਰਾਜਾ ਸਾਹਿਬ ਨੂੰ ਕੇਵਲ ਖੇਦ ਹੀ ਨਹੀਂ, ਇਸ ਗੱਲ ਦਾ ਗੁੱਸਾ ਵੀ ਸੀ ਕਿ ਉਸਨੇ ਮੇਰੇ ਯਾਰ ਮਹਾਰਾਜਾ ਇੰਦੌਰ ਨਾਲ ਅਜਿਹਾ ਦੁਰਵਿਵਹਾਰ ਕੀਤਾ ਜਿਸ ਕਰਕੇ ਉਸਦੀ ਰਾਜ ਗੱਦੀ ਵੀ ਖੁੱਸ ਗਈ। ਆਪਣਾ ਗੰਭੀਰ ਗਾਇਨ ਪੇਸ਼ ਕਰਨ ਪਿੱਛੋਂ, ਉਹ ਕੁਝ ਅਭਿਨੈ, ਕੁਝ ਨ੍ਰਿਤਕਾਰੀ ਦੇ ਅੰਦਾਜ਼ ਵਿਚ ਕੋਈ ਠੁਮਰੀ ਆਦਿ ਪੇਸ਼ ਕਰਨ ਦੇ ਰਉਂ ਵਿਚ ਸੀ। ਅਜੇ ਉਸਨੇ ਕੁਝ ਠੁਮਕੇ ਹੀ ਲਾਏ ਸਨ ਕਿ ਆਪਣੇ ਬਲੌਰੀ ਬਦਨ 'ਤੇ ਪਾਏ ਹੋਏ ਕੱਪੜਿਆਂ ਨੂੰ ਲਾਹੁਣ ਹਿੱਤ ਹੌਲੀ ਹੌਲੀ ਸਰਕਾਉਂਦੀ, ਰੱਬ ਜਾਣੇ ਮੁਜਰਾ ਕਰਕੇ ਉਹ ਕਿਹੜੀ ਕਿਆਮਤ ਨੂੰ ਢਾਹੁਣ ਦੀ ਤਿਆਰੀ ਵਿਚ ਸੀ ਕਿ ਮਹਾਰਾਜਾ ਸਾਹਿਬ ਨੂੰ ਉਸਦੀਆਂ ਨੰਗੇਜ਼ ਮੁਦਰਾਵਾਂ, ਹਰਕਤਾਂ ਅਤੇ ਇਰਾਦਿਆਂ 'ਤੇ ਗੁੱਸਾ ਆ ਗਿਆ ਅਤੇ ਉਹ ਕੜਕ ਉਠੇ, 'ਮੰਮੋ ਬੰਦ ਕਰ ਇਹ ਬਕਵਾਸ। ਪਹਿਲਾਂ ਹੱਥ ਧੋ ਕੇ ਤੂੰ ਇੰਦੌਰ (ਰਿਆਸਤ) ਵਾਲੇ ਦੇ ਪਿੱਛੇ ਪਈ ਹੋਈ ਸੈਂ, ਤੇ ਹੁਣ ਤੇਰੀ ਤਿਆਰੀ ਮੇਰੇ...।'' ਮਹਾਰਾਜਾ ਨੇ ਓਸੇ ਵੇਲੇ ਹੀ ਹੁਕਮ ਸਾਦਰ ਕਰ ਦਿੱਤਾ ਕਿ ਜਿੰਨੀ ਛੇਤੀ ਹੋ ਸਕੇ ਮੁਮਤਾਜ਼ ਨੂੰ ਉਸਦੀ ਫ਼ੀਸ ਵਗੈਰਾ ਦੇ ਕੇ ਰਿਆਸਤ 'ਚੋਂ ਦਰ ਬਦਰ ਕਰ ਦਿੱਤਾ ਜਾਵੇ। ਨਾਲ ਹੀ ਇਹ ਹੁਕਮ ਸੀ ਕਿ ਜਿਹੜਾ ਵੀ ਉਸਦਾ ਸਮਾਨ ਚੁੱਕਣ ਨਾਲ ਗਿਆ, ਉਸਨੂੰ ਗੋਲੀ ਨਾਲ ਉਡਾ ਦਿੱਤਾ ਜਾਵੇਗਾ। ਸੋ ਇਨ੍ਹਾਂ ਹਾਲਾਤ ਵਿਚ, ਓਥੋਂ ਉਹ ਵਿਚਾਰੀ ਆਪਣੇ ਸਾਮਾਨ ਨੂੰ ਖਿੱਚਦੀ ਧੂੰਹਦੀ, ਕੰਡਾਘਾਟ ਤੱਕ, ਜਿਹੜਾ ਓਥੋਂ ਤਕਰੀਬਨ ਉਨੀ ਮੀਲ ਦੀ ਵਿੱਥ 'ਤੇ ਹੈ, ਵਿਖੇ ਪੁੱਜੀ ਸੀ।

ਉਂਜ ਦੇਸ਼ ਦੀ ਵੰਡ ਤੋਂ ਪਹਿਲਾਂ ਮੰਮੋ ਦਾ ਪਰਿਵਾਰ ਗੁਰੂ ਕੀ ਨਗਰੀ ਵਿਖੇ ਘੁੱਗ ਵੱਸਦਾ ਸੀ। ਸ਼ਹਿਰ ਦੇ ਆਲੇ ਦੁਆਲੇ ਉਨ੍ਹਾਂ ਦੀ ਕਈ ਸੌ ਏਕੜ ਜ਼ਮੀਨ ਸੀ, ਚਾਰ-ਪੰਜ ਹਵੇਲੀਆਂ, ਕੋਠੀਆਂ ਸਨ, ਘੋੜੇ ਬੱਘੀਆਂ ਸਨ। ਅਜ ਕਲ੍ਹ ਦੇ ਮੀਡੀਏ 'ਚ ਅਟਾਰੀ ਨੇੜਲਾ ਪਿੰਡ ਪੁਲ ਕੰਜਰੀ ਜਿਹੜਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਸੁਣ ਪੜ੍ਹ ਰਹੇ ਹਾਂ ਕਿ ਉਸਦਾ ਪੁਰਾਣਾ ਨਾਂ ਬਦਲ ਕੇ ਹੁਣ ਪੁਲ ਮੋਰਾਂ ਰੱਖ ਦਿੱਤਾ ਗਿਆ ਹੈ-ਆਖਦੇ ਨੇ ਕਿ ਕਿਸੇ ਸਮੇਂ ਇਸਨੂੰ ਮੋਰਾਂ ਸਰਕਾਰ ਨੇ ਹੀ ਬਣਵਾਇਆ ਸੀ। ਪਾਕਿਸਤਾਨ ਬਣਿਆ ਤਾਂ ਕਰਮਾਂ ਮਾਰਿਆ ਇਨ੍ਹਾਂ ਦਾ ਸ਼ਾਹੀ ਪਰਿਵਾਰ ਏਥੋਂ ਹਿਜਰਤ ਕਰ ਕੇ ਲਾਹੌਰ ਚਲਾ ਗਿਆ ਅਤੇ ਪਹਿਲਾਂ ਓਥੇ ਟਕਸਾਲੀ ਦਰਵਾਜ਼ੇ ਫਿਰ ਦਿਆਲ ਸਿੰਘ ਲਾਇਬ੍ਰੇਰੀ ਦੇ ਸਾਹਮਣੇ ਨਿਸਬਤ ਰੋਡ 'ਤੇ ਰਹਿਣ ਲੱਗ ਪਿਆ। ਏਧਰ ਆ ਕੇ ਉਨ੍ਹਾਂ ਕੋਈ ਕਲੇਮ ਆਦਿ ਨਾ ਕੀਤਾ। ਬਸ ਜੋ ਕੁਝ ਮਿਲ ਗਿਆ, ਜਿਹੜਾ ਉਨ੍ਹਾਂ ਦੇ ਸ਼ਾਹਾਨਾ ਠਾਠ ਜਾਂ ਤਬੀਅਤ ਸਾਹਮਣੇ ਕੁਝ ਵੀ ਨਹੀਂ ਸੀ, ਉਸ 'ਤੇ ਹੀ ਕਿਫਾਇਤ ਕੀਤੀ। ਸਬਰ ਸੰਤੋਖ ਦੀ ਇੰਤਹਾਈ ਹੱਦ। ਖਬਰੇ ਇਸ ਜ਼ਿੰਦਗੀ ਦੇ ਸਭ ਰੰਗ ਤਮਾਸ਼ੇ ਵੇਖ ਕੇ ਉਨ੍ਹਾਂ ਦਾ ਦਿਲ ਭਰ ਚੁੱਕਾ ਸੀ। ਤਾਂ ਵੀ ਬੁੱਢੜੀ ਵਜ਼ੀਰ ਬੇਗ਼ਮ ਕੋਲ ਹਾਲੇ ਵੀ ਤਿੰਨ ਚਾਰ ਲੱਖ ਦੇ ਗਹਿਣੇ ਗੱਟੇ ਸਾਂਭੇ ਪਏ ਸਨ। ਕੁਝ ਹੀਰਿਆਂ ਨਾਲ ਜੜੀਆਂ ਮੁੰਦਰੀਆਂ ਅਤੇ ਕੀਮਤੀ ਹਾਰ ਵੀ ਸਨ ਜਿਹੜੇ ਮਾਵਾਂ-ਧੀਆਂ ਨੇ ਕਈ ਰਿਆਸਤਾਂ ਦੇ ਰਾਜਿਆਂ ਕੋਲੋਂ ਗਾਉਣ ਦੇ ਇਨਾਮ ਵਜੋਂ ਪ੍ਰਾਪਤ ਕੀਤੇ ਹੋਏ ਸਨ। ਵਜ਼ੀਰ ਬੇਗਮ, ਮੁਗਲਾਂ ਦੇ ਆਖਰੀ ਤਾਜਦਾਰ ਬਾਦਸ਼ਾਹ ਬਹਾਦਰ ਸ਼ਾਹ ਜਫਰ ਦੇ ਉਸਤਾਦ, ਕੁਤਬ ਬਖਤ ਉਰਫ ਤਾਨ ਰਸ ਖਾਂ ਦੀ ਸ਼ਾਗਿਰਦ ਸੀ, ਅਗਾਂਹ ਫਿਰ ਉਸਦੇ ਬੇਟੇ ਉਮਰਾਓ ਖਾਂ ਤੋਂ ਸਿੱਖਦੀ ਰਹੀ। ਅਜੇ ਬਚਪਨ ਵਿਚ ਹੀ ਸੀ ਕਿ ਮੰਮੋ ਵੀ ਉਸ ਸ਼ਾਹੀ ਗਵੱਈਏ, ਜਿਹੜਾ ਕਿ ਮਜ਼ਾਮੀਰੀ ਅੰਗ ਦਾ ਮੀਰ ਜਾਂ ਬਾਦਸ਼ਾਹ ਸੀ, ਕੋਲੋਂ ਸਿਖਦੀ ਰਹੀ ਸੀ। ਉਸਦੇ ਬੇਟੇ ਉਸਤਾਦ ਸਰਦਾਰ ਖਾਂ ਦਾ ਇਨ੍ਹਾਂ ਦੇ ਘਰ ਆਮ ਆਉਣਾ ਜਾਣਾ ਸੀ। ਦਿੱਲੀ ਰਹਿੰਦਿਆਂ ਬਤੌਰ ਸ਼ਾਹੀ ਗਵਈਏ, ਕੂਚਾ ਬੱਲੀ ਮਾਰਾਂ ਵਿਚ ਭਾਵੇਂ ਕਦੇ ਉਨ੍ਹਾਂ ਦੀ ਵੀ ਕਾਫੀ ਜਾਇਦਾਦ ਸੀ, ਪਰ ਹੁਣ ਉਹ ਵੀ ਨੰਗ-ਮਲੰਗ ਸੀ।

ਉਹ ਇਕ ਦੂਜੇ ਨੂੰ ਪਿਆਰ ਕਰਦੇ ਸਨ ਜਿਸ 'ਤੇ ਵਜ਼ੀਰਾਂ ਬੜੀ ਜਲਦੀ ਭੁੱਜਦੀ ਸੀ। ਉਹ ਨੂੰ ਹਰ ਵੇਲੇ ਇਹ ਡਰ ਰਹਿੰਦਾ ਸੀ ਕਿ ਘਰ ਦਾ ਸਾਰਾ ਗਹਿਣਾ ਗੱਟਾ ਲੱਦ ਕੇ, ਮੰਮੋ ਨੂੰ ਨਾਲ ਲੈ ਕੇ ਸਰਦਾਰ ਕਿਧਰੇ ਫਰਾਰ ਨਾ ਹੋ ਜਾਏ। ਓੜਕ ਇਕ ਦਿਨ ਏਸੇ ਤਰ੍ਹਾਂ ਹੀ ਹੋਇਆ ਜਿਸ 'ਤੇ ਵਜ਼ੀਰਾਂ ਦੇ ਸੱਤੀਂ ਕੱਪੜੀ ਅੱਗ ਲੱਗ ਗਈ। ਆਖ਼ਰ ਆਪਣੇ ਇਕ ਦੋ ਸੱਜਣ ਬੇਲੀਆਂ ਹਿਤੈਸ਼ੀਆਂ ਜਿਵੇਂ ਆਗਾ ਅਸ਼ਰਫ਼ ਅਤੇ ਖੁਰਸ਼ੀਦ ਉਰਫ ਉਸਤਾਦ ਬੋਦੀ ਦੇ ਸਮਝਾਉਣ 'ਤੇ ਉਹ ਉਨ੍ਹਾਂ ਦੇ ਨਿਕਾਹ ਲਈ ਮਸਾਂ ਰਜ਼ਾਮੰਦ ਹੋਈ ਸੀ। ਹੁਸਨਪਰੀ ਮੁਮਤਾਜ਼ ਦੇ ਉਪ ਨਾਮ ਮੰਮੋ ਬਾਰੇ ਭੁਲੇਖਾ ਵੀ ਕੱਢਦੇ ਚਲੀਏ। ਮਨੁੱਖੀ ਮਨ ਦੀ ਇਹ ਕਮਜ਼ੋਰੀ ਹੈ ਕਿ ਇਹ ਕਈ ਵੇਰ ਹਰ ਲਫ਼ਜ਼ ਦੇ ਮਾਅਨੇ ਆਪਣੇ ਹਿਸਾਬ ਨਾਲ ਕੱਢ ਕੇ ਆਪਣੇ ਰਾਂਝੇ ਨੂੰ ਖੁਸ਼ ਰੱਖਣ ਦੇ ਯਤਨ ਵਿਚ ਰਹਿੰਦਾ ਹੈ। ਤੁਸੀਂ ਵੀ ਕਿਧਰੇ ਇਸ ਨਾਂ ਨੂੰ ਧੱਕੇ ਨਾਲ ਐਵੇਂ ਔਰਤ ਦੇ ਪਰਦੇ ਵਾਲੇ ਭਾਰੇ ਭਰਕਮ ਅੰਗਾਂ ਨਾਲ ਨਾ ਜੋੜ ਲੈਣਾ।...

ਜਿਵੇਂ ਅਸੀਂ ਗੁਰਬਖਸ਼ ਕੌਰ ਦਾ ਨਾਂ ਬਖਸ਼ੋ ਰੱਖ ਲੈਂਦੇ ਹਾਂ ਜਾਂ ਨਿਰਮਲ ਕੌਰ ਦਾ ਨਿੰਬੋ, ਐਨ ਉਸੇ ਤਰ੍ਹਾਂ ਮੁਸਲਮਾਨ ਲੋਕ ਵੀ ਸ਼ਬਨਮ ਬੇਗਮ ਦਾ ਨਾਂਅ ਸ਼ੱਬੋ, ਸ਼ਮੀਮ ਦਾ ਸ਼ੰਮੋ ਅਤੇ ਮੁਮਤਾਜ ਦਾ ਛੁੱਟਕਾ ਲਾਡਲਾ ਨਾਂ ਮੰਮੋ ਰੱਖ ਲੈਂਦੇ ਹਨ। ਉਸਤਾਦ ਸਰਦਾਰ ਖਾਂ ਦਸੰਬਰ 1962 ਵਿਚ ਫੌਤ ਹੋ ਗਏ ਸਨ ਜਦਕਿ ਮੰਮੋ ਉਸਤੋਂ ਦਸ ਕੁ ਸਾਲ ਬਾਅਦ 1972 ਵਿਚ ਵਫ਼ਾਤ ਪਾ ਗਈ ਸੀ। ਮਰਨ ਉਪਰੰਤ ਉਸਨੂੰ ਬੀਬੀ ਪਾਕ ਦਾਮਨਾਂ ਦੇ ਕਬਰਸਤਾਨ ਵਿਚ ਦਫਨਾਇਆ ਗਿਆ ਸੀ।

# ਜਦੋਂ ਕਿਸੇ ਨੂੰ ਕੰਸ ਮਾਮਾ ਮਿਲ ਜਾਵੇ

**ਮੂੰਹ ਆਈ ਬਾਤ**



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856

ਕਮਾਨੋਂ ਨਿਕਲਿਆ ਤੀਰ ਤੇ ਜ਼ੁਬਾਨੋਂ ਨਿਕਲਿਆ ਬੋਲ ਕਦੇ ਵਾਪਿਸ ਨਹੀਂ ਆਉਂਦੇ, ਜਦੋਂ ਦਿਨ ਦਿਹਾੜੇ ਹੋ ਰਹੀ ਲੁੱਟ ਨੂੰ ਅੱਖਾਂ ਸਾਹਮਣੇ ਵੇਖਦੇ ਹੋਈਏ, ਤਾਂ ਸਮਝ ਲਈਏ ਕਿ ਉੱਲੂਆਂ ਨੂੰ ਸਾਡੇ ਸਿਰਨਾਵੇਂ ਮਿਲ ਗਏ ਹਨ। ਜਦੋਂ ਅੰਨ੍ਹਿਆਂ ਵਿਚ ਕਾਣਾ ਪ੍ਰਧਾਨ ਬਣ ਜਾਵੇ ਤਾਂ ਸਮਝ ਲਓ ਅਕਲ ਦਾ ਕਾਲ ਪੈ ਗਿਆ ਹੈ। ਘਰੋਂ ਬਾਹਰ ਲਿਜਾ ਰਹੀ ਕੀੜੀ ਦੇ ਮੂੰਹ ਵਿਚ ਦਾਣੇ ਤੋਂ ਅਨੁਮਾਨ ਲੱਗ ਜਾਂਦਾ ਹੈ ਕਿ ਘਰ ਦੀ ਬਰਕਤ ਨੂੰ ਸੰਨ੍ਹ ਲੱਗ ਚੁੱਕੀ ਹੈ। ਬਨੇਰੇ 'ਤੇ ਬੈਠਾ ਕਾਂ ਪ੍ਰਾਹੁਣੇ ਆਉਣ ਦਾ ਸੰਕੇਤ ਨਹੀਂ ਦਿੰਦਾ। ਉਹ ਤਾਂ ਵਿਹੜੇ ਵਿਚ ਪੱਕਦੇ ਪਕਵਾਨ ਦੀ ਖੁਸ਼ਬੋ ਨਾਲ ਖੀਵਾ ਹੋ ਰਿਹਾ ਹੁੰਦਾ ਹੈ। ਤੁਹਾਡੀ ਨਾਮੌਜੂਦਗੀ ਵਿਚ ਉਸਨੇ ਇਕ ਚੁੰਝ ਨਾਲ ਸਭ ਕੁਝ ਬੇਕਾਰ ਕਰ ਦੇਣਾ ਹੁੰਦਾ ਹੈ। ਇਕ ਕੰਸ ਮਾਮਾ ਮਿਹਣਿਆਂ ਰੂਪੀ ਚੁੰਝ ਨਾਲ ਆਪਣੇ ਭਾਣਜੇ ਦੀ ਸਾਰੀ ਜ਼ਿੰਦਗੀ ਕਿਵੇਂ ਬੇਕਾਰ ਕਰਦਾ ਹੈ। ਲਓ ਅੱਗੇ ਪੜ੍ਹੋ:


ਮੈਂ ਜਿੰਨਾ ਸਫਰ ਤੋਂ ਡਰਦਾ ਸੀ, ਉਸਤੋਂ ਵਧ ਸਫਰ ਮੈਨੂੰ ਤੈਅ ਕਰਨਾ ਪਿਆ। ਮੈਨੂੰ ਬਾਹਰ ਦੇ ਚੱਕਰਾਂ ਨੇ ਏਜੰਟਾਂ ਦੇ ਧੱਕੇ ਚਾੜ੍ਹ ਦਿੱਤਾ। ਏਜੰਟਾਂ ਦੀ ਮਿਹਰਬਾਨੀ ਨਾਲ ਮੈਨੂੰ ਚੰਡੀਗੜ੍ਹ ਤੇ ਦਿੱਲੀ ਬਾਹਰਲਾ ਘਰ (ਹਵੇਲੀ) ਜਾਪਣ ਲੱਗੀ। ਰਾਤ ਨੂੰ ਦਸ ਵਜੇ ਲੁਧਿਆਣੇ ਤੋਂ ਦਿੱਲੀ ਵਾਲੀ ਬੱਸ ਫੜਨੀ, ਸਵੇਰੇ ਤੜਕੇ ਦਿੱਲੀ ਪਹੁੰਚ ਕੇ ਏਜੰਟਾਂ ਨੂੰ ਲੱਭਦੇ ਰਹਿਣਾ। ਰਾਤ ਨੂੰ ਫਿਰ ਦਿੱਲੀਓਂ ਲੁਧਿਆਣੇ ਵਾਲੀ ਬੱਸ ਫੜ ਲੈਣੀ ਇਹ ਕੰਮ ਇਕ ਸਾਲ ਚੱਲਦਾ ਰਿਹਾ। ਕਿਸਮਤ ਨੇ ਸਾਥ ਦਿੱਤਾ ਕਿ ਇੰਡੀਆ ਨੂੰ ਛੱਡ ਬਾਹਰ ਆ ਗਏ।

ਲੁਧਿਆਣੇ ਤੇ ਦਿੱਲੀ ਦੇ ਸਫਰ ਨੇ ਮੈਨੂੰ ਬਹੁਤ ਕੁਝ ਸਿਖਾਇਆ। ਜਿਸ ਬੱਸ ਰਾਹੀਂ ਮੈਂ ਦਿੱਲੀ ਜਾਂਦਾ ਸੀ, ਉਹ ਤੇਈ ਨੰਬਰ ਕਾਊਂਟਰ ਤੋਂ ਰਾਤ ਦੇ ਦਸ ਵਜੇ ਰੋਜ਼ ਚੱਲਦੀ ਸੀ। ਉਸਦਾ ਡਰਾਈਵਰ ਸਿੰਘ ਪੂਰਾ ਤਿਆਰ-ਬਰ-ਤਿਆਰ ਖਾਲਸਾ ਸੀ। ਕੰਡਕਟਰ ਵੀ ਕੇਸਾਧਾਰੀ ਸੀ ਪਰ ਅੰਮ੍ਰਿਤਪਾਨ ਨਹੀਂ ਸੀ ਕੀਤਾ ਹੋਇਆ। ਮੈਂ ਪਹਿਲੇ ਦਿਨ ਦੋਵਾਂ ਨੂੰ ਵੇਖ ਬੱਸ ਚੜ੍ਹ ਗਿਆ। ਸੋਚਿਆ ਬਾਬਿਆਂ ਨਾਲ ਟਾਈਮ ਪਾਸ ਵਧੀਆ ਹੋਵੇਗਾ। ਲੁਧਿਆਣਾ ਪਾਰ ਕਰਨ ਉਪਰੰਤ ਡਰਾਈਵਰ ਨੇ ਢਾਡੀ ਗੁਰਬਖਸ਼ ਸਿੰਘ ਅਲਬੇਲੇ ਦੀ ਨਵੀਂ ਆਈ ਕੈਸਿਟ 'ਮਾਂ ਦਾ ਦਿਲ' ਲਾ ਦਿੱਤੀ। ਸਵਾਰੀਆਂ ਦੀ ਅਦਲਾ-ਬਦਲੀ ਹੁੰਦੀ ਗਈ, ਮੇਰਾ ਦਿਲ ਖਾਲਸਾ ਜੀ ਨਾਲ ਜੁਬਾਨ ਸਾਂਝੀ ਕਰਨ ਨੂੰ ਕੀਤਾ। ਪਰ ਮੈਂ ਡਰ ਗਿਆ ਉਹ ਮੁੜ-ਮੁੜ ਕੇ ਗਲ ਵਿਚ ਪਾਏ ਹਜ਼ੂਰੀਏ ਨਾਲ ਆਪਣੀ ਮੁੱਛ ਨੂੰ ਉਤਾਂਹ ਨੂੰ ਚੁੱਕਦਾ ਸੀ। ਮੈਨੂੰ ਵੇਖਣ ਨੂੰ ਉਹ ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਦੇ ਖਾਨਦਾਨ ਵਿਚੋਂ ਲਗਦਾ ਸੀ। ਮੈਂ ਡਰਦਾ ਹੋਇਆ ਬੁਲਾ ਨਾ ਸਕਿਆ।

ਪਿੱਪਲੀ ਸ਼ਹਿਰ ਕੋਲ ਇਕ ਢਾਬੇ ਉੱਤੇ ਖਾਲਸੇ ਨੇ ਬੱਸ ਰੋਕ ਦਿੱਤੀ। ਹੁਕਮ ਹੋਇਆ ਕਿ ਬੱਸ ਵੀਹ ਮਿੰਟ ਰੁਕੇਗੀ ਜੋ ਕੁਝ ਖਾਣਾ ਹੈ ਖਾ ਲਵੋ। ਸਾਰੀਆਂ ਸਵਾਰੀਆਂ ਉੱਤਰ ਰਹੀਆਂ ਸਨ। ਮੈਂ ਖਾਲਸਾ ਜੀ ਦਾ ਇੰਤਜ਼ਾਰ ਕਰ ਰਿਹਾ ਸੀ ਜੋ ਆਪਣੇ ਉੱਪਰ ਲੱਗੇ ਹੋਏ ਬੌਕਸ ਵਿਚੋਂ ਕੁਝ ਕੱਢ ਰਿਹਾ ਸੀ। ਮੈਂ ਖਾਲਸਾ ਜੀ ਦੀ ਪੈੜ ਨੱਪਦਾ ਗਿਆ। ਖਾਲਸਾ ਜੀ ਨੇ ਬਾਹਰ ਟੂਟੀ ਤੋਂ ਹੱਥ ਸੋਧੇ ਤੇ ਕਾਊਂਟਰ 'ਤੇ ਪਹੁੰਚ ਗਿਆ। ਢਾਬੇ ਵਾਲੇ ਖਾਲਸਾ ਜੀ ਨੂੰ ਵੇਖ ਕੇ ਦੂਣੇ ਹੋ ਗਏ ਜਿਵੇਂ ਕੋਈ ਮੰਤਰੀ ਆਇਆ ਹੋਵੇ। ਖਾਲਸਾ ਜੀ ਤੇ ਕੰਡਕਟਰ ਅੰਦਰ ਬਣੇ ਰੂਮ ਵਿਚ ਚਲੇ ਗਏ ਮੈਂ ਟੂਟੀ ਤੇ ਖੜ੍ਹਾ ਰਿਹਾ।

ਮੈਂ ਵੀ ਟੂਟੀ ਤੋਂ ਹੱਥ ਧੋਣ ਲਈ ਰੁਕਿਆ। ਕੀ ਵੇਖਿਆ, ਇਕ ਪੰਦਰਾਂ ਕੁ ਸਾਲ ਦਾ ਮੁੰਡਾ ਤੇ ਮਸਾਂ ਬਾਰਾਂ ਕੁ ਸਾਲ ਦੀ ਕੁੜੀ ਦੋਵੇਂ ਟੂਟੀ ਤੇ ਲੱਗੇ ਭਾਂਡਿਆਂ ਦੇ ਢੇਰ ਨੂੰ ਮਾਂਜ ਰਹੇ ਸਨ। ਮੁੰਡਾ ਆਖ ਰਿਹਾ ਸੀ ਕਿ ਭੈਣੇ ਤੂੰ ਛੋਟੇ ਭਾਂਡੇ ਮਾਂਜ ਦੇ ਤੇ ਮੈਂ ਵੱਡੇ ਭਾਂਡੇ ਮਾਂਜਦਾ ਹਾਂ। ਇਹ ਵਾਰਤਾ ਜਦੋਂ ਮੇਰੇ ਕੰਨੀ ਪਈ, ਮੇਰੀ ਦੋਵਾਂ ਨੂੰ ਵੇਖ ਕੇ ਧਾਹ ਨਿਕਲ ਗਈ। ਨਵੰਬਰ ਦਾ ਪਹਿਲਾ ਹਫਤਾ ਟਾਈਮ ਤੜਕੇ ਦੇ ਤਕਰੀਬਨ ਦੋ ਵੱਜ ਰਹੇ ਸਨ। ਉਨ੍ਹਾਂ ਦੇ ਤਨ 'ਤੇ ਚਮੜੀ ਢੱਕਣ ਜੋਗੇ ਕੱਪੜੇ ਸਨ। ਵੇਖਣ ਨੂੰ ਕਿਸੇ ਭਲੇ ਘਰ ਦੇ ਲੱਗਦੇ ਸਨ।

ਮੈਂ ਢਾਬੇ ਦੇ ਅੰਦਰ ਜਾਣ ਨਾਲੋਂ ਉਨ੍ਹਾਂ ਦੇ ਕੋਲ ਬੈਠ ਗਿਆ। ਮੇਰੇ ਬਹੁਤ ਜਿਆਦਾ ਜ਼ੋਰ ਪਾਉਣ 'ਤੇ ਉਸ ਮੁੰਡੇ ਨੇ ਦੱਸਿਆ ਕਿ ਸਾਡਾ ਪਿੰਡ ਮੋਗੇ ਦੇ ਕੋਲ ਹੈ। ਮੈਂ ਤੇ ਮੇਰੀ ਭੈਣ ਛੋਟੇ-ਛੋਟੇ ਸਾਂ ਕਿ ਇਕ ਦਿਨ ਬਾਪੂ ਖੇਤ ਪਾਣੀ ਲਾਉਣ ਗਿਆ ਤਾਂ ਰਾਤ ਨੂੰ ਉਸ ਨੂੰ ਕਿਸੇ ਨੇ ਗੋਲੀਆਂ ਮਾਰ ਕੇ ਸੂਏ ਦੇ ਪੁੱਲ ਤੇ ਸੁੱਟ ਦਿੱਤਾ। ਅੱਜ ਤੱਕ ਪਤਾ ਨਹੀਂ ਲੱਗਿਆ ਕਿ ਇਹ ਕੰਮ ਖਾੜਕੂਆਂ ਨੇ ਕੀਤਾ ਸੀ ਜਾਂ ਪੁਲਿਸ ਨੇ! ਮੇਰੀ ਮਾਂ ਬਾਪੂ ਦੀ ਮੌਤ ਤੋਂ ਬਾਅਦ ਪਾਗਲ ਹੋ ਕੇ ਮਰ ਗਈ। ਸਾਡਾ ਸਾਰਾ ਘਰ ਉਜੜ ਗਿਆ। ਇਹ ਢਾਬੇ ਵਾਲਾ ਮੇਰਾ ਸਕਾ ਮਾਮਾ ਹੈ। ਇਹ ਸਾਨੂੰ ਇਥੇ ਲੈ ਆਇਆ। ਹੁਣ ਮੈਂ ਤੇ ਮੇਰੀ ਭੈਣ ਦੋਵੇਂ ਰੋਜ ਸੋਲਾਂ-ਸੋਲਾਂ ਘੰਟੇ ਕੰਮ ਕਰਦੇ ਹਾਂ। ਤੇ ਪਿਛੇ ਥੱਲੇ ਹੀ ਸੌਂ ਜਾਂਦੇ ਹਾਂ। ਜੇ ਕੰਮ ਨਹੀਂ ਕਰਦੇ ਤਾਂ ਸਾਨੂੰ ਬਹੁਤ ਕੁੱਟਦਾ ਹੈ। ਮੁੰਡੇ ਦੀ ਵਾਰਤਾ ਨੇ ਮੇਰਾ ਅੰਦਰ ਹਿਲਾ ਦਿੱਤਾ।



ਜਦੋਂ ਮੈਂ ਢਾਬੇ 'ਤੇ ਜਾ ਕੇ ਉਸ ਮਾਮੇ ਦੇ ਦਰਸ਼ਨ ਕੀਤੇ, ਉਹ ਮੈਨੂੰ ਵੇਖਣ ਨੂੰ ਬੱਸ ਡਰਾਈਵਰ ਖਾਲਸਾ ਜੀ ਦਾ ਵੱਡਾ ਭਰਾ ਲੱਗਿਆ। ਖਾਣੇ ਦੀ ਭੁੱਖ ਮਰ ਚੁੱਕੀ ਸੀ। ਪਰ ਮੈਂ ਢਾਬੇ ਤੇ ਲੱਗੀ ਰੇਟ ਲਿਸਟ ਪੜ੍ਹਨੋਂ ਨਾ ਰੁੱਕ ਸਕਿਆ। ਲੁਧਿਆਣੇ ਸ਼ਹਿਰ ਨਾਲੋਂ ਖਾਣੇ ਦੇ ਦੁੱਗਣੇ ਰੇਟ ਸਨ। ਖਾਲਸਾ ਜੀ ਸੌਂਫ ਤੇ ਮਿਸ਼ਰੀ ਦੇ ਸਾਂਝੇ ਮਿਸ਼ਰਣ ਦਾ ਫੱਕਾ ਮਾਰ ਕੇ ਆਪਣੀਆਂ ਕੁੰਢੀਆਂ ਮੁੱਛਾਂ ਨੂੰ ਹੋਰ ਤਾਅ ਦੇਂਦਾ ਆ ਰਿਹਾ ਸੀ।

ਸਾਰੀਆਂ ਸਵਾਰੀਆਂ ਢਾਬੇ ਵਾਲੇ ਸਰਦਾਰ ਨਾਲ ਖਾਣੇ ਦੇ ਵੱਧ ਰੇਟ ਪਿਛੇ ਲੜ੍ਹਨ ਲੱਗ ਜਾ ਰਹੀਆਂ ਸਨ। ਮੈਨੂੰ ਖਾਲਸਾ ਜੀ ਵੀ ਕਿਸੇ ਲੀਡਰ ਨਾਲੋਂ ਘੱਟ ਨਹੀਂ ਸੀ ਲੱਗ ਰਿਹਾ। ਲੀਡਰ ਜੋ ਭੋਲੀ ਭਾਲੀ ਜਨਤਾ ਦੇ ਮੋਢੀ ਬਣਕੇ ਆਪਣੀ ਕੌਮ ਦੀ ਖੱਲ ਕੇਂਦਰ ਸਰਕਾਰ ਤੋਂ ਲੁਹਾਈ ਜਾਂਦੇ ਨੇ ਜਾਂ ਪੰਜਾਬ ਸਰਕਾਰ ਤੋਂ, ਇਸ ਖਾਲਸਾ ਜੀ ਨੇ ਵੀ ਲੀਡਰਾਂ ਵਾਲਾ ਰੋਲ ਨਿਭਾ ਕੇ ਸਾਰੀਆਂ ਸਵਾਰੀਆਂ ਦੀ ਅੰਦਰ ਵਾੜ ਕੇ ਖੱਲ ਲੁਹਾਈ ਸੀ। ਹੁਣ ਮੇਰਾ ਦਿਲ ਉਸ ਨਾਲ ਜੁਬਾਨ ਸਾਂਝੀ ਕਰਨ ਨੂੰ ਨਹੀਂ ਸੀ ਕਰਦਾ। ਉਸ ਨਾਲ ਕ੍ਰਿਪਾਨ ਟਕਰਾਉਣ ਨੂੰ ਦਿਲ ਕਰਦਾ ਸੀ। ਆਪਣੇ ਮੁਫਤ ਦੇ ਖਾਣੇ ਲਈ ਸਵਾਰੀਆਂ ਨਾਲ ਉਸ ਨੇ ਧੋਖਾ ਕੀਤਾ ਸੀ। ਗੁਰੂ ਦਾ ਖਾਲਸਾ ਇਸ ਤਰ੍ਹਾਂ ਨਹੀਂ ਕਰਦਾ। ਮੈਂ ਨਾ ਚਾਹੁੰਦਿਆਂ ਵੀ ਉਸੇ ਖਾਲਸੇ ਦੀ ਬੱਸ 'ਚ ਬੈਠਦਾ ਕਿਉਂਕਿ ਇਹ ਉਸੇ ਢਾਬੇ 'ਤੇ ਪੱਕੀ ਰੁਕਦੀ ਸੀ। ਮੈਂ ਉਨ੍ਹਾਂ ਦੋਹਾਂ ਭੈਣ-ਭਰਾਵਾਂ ਨੂੰ ਮਿਲਣ ਦੀ ਤਾਂਘ ਵਿਚ ਖਾਲਸੇ ਦੀ ਬੱਸ ਫੜਦਾ। ਖਾਲਸਾ ਜੀ ਲੱਗਦਾ ਕਠੋਰ ਦਿਲ ਸੀ, ਉਹ ਕੰਸ ਮਾਮੇ ਦੀ ਜੇਲ੍ਹ ਵਿਚੋਂ ਉਨ੍ਹਾਂ ਮਾਸੂਮਾਂ ਨੂੰ ਆਜ਼ਾਦ ਕਿਉਂ ਨਹੀਂ ਸੀ ਕਰਵਾਉਂਦਾ। ਖਾਲਸਾ ਜੀ ਤਾਂ ਇਕੱਲਾ ਇਕੱਲਾ ਮੁਗਲਾਂ ਨਾਲ ਲੜ ਕੇ ਲੋਕਾਂ ਦੀਆਂ ਧੀਆਂ ਨੂੰਹਾਂ ਨੂੰ ਆਜ਼ਾਦ ਕਰਵਾ ਲੈਂਦਾ ਸੀ। ਮੇਰੀ ਉਨ੍ਹਾਂ ਦੋਵਾਂ ਨਾਲ ਬਹੁਤ ਨੇੜਤਾ ਹੋ ਗਈ। ਇਕ ਵਾਰੀ ਮੈਂ ਮਾਤਾ ਜੀ ਤੋਂ ਖੋਏ ਦੀਆਂ ਪਿੰਨੀਆਂ ਬਣਵਾ ਕੇ ਉਨ੍ਹਾਂ ਨੂੰ ਦੇ ਕੇ ਆਇਆ ਸੀ।

ਉਹ ਦੋਵੇਂ ਮੈਨੂੰ ਆਪਣੇ-ਆਪਣੇ ਲੱਗਦੇ। ਉਨ੍ਹਾਂ ਨੂੰ ਵੀ ਮੈਨੂੰ ਮਿਲਣ ਦੀ ਤਾਂਘ ਰਹਿੰਦੀ। ਜਿੰਨਾ ਮੈਨੂੰ ਏਜੰਟਾਂ ਦੇ ਗੇੜਿਆਂ ਦਾ ਦੁੱਖ ਹੁੰਦਾ ਉਸਤੋਂ ਜ਼ਿਆਦਾ ਉਨ੍ਹਾਂ ਦੋਵਾਂ ਨੂੰ ਮਿਲ ਕੇ ਖੁਸ਼ੀ ਮਿਲਦੀ। ਮੇਰੇ ਘਰ ਦੇ ਹਾਲਾਤ ਵੀ ਕੋਈ ਜ਼ਿਆਦਾ ਵਧੀਆ ਨਹੀਂ ਸਨ ਕਿ ਮੈਂ ਉਨ੍ਹਾਂ ਨੂੰ ਆਪਣੇ ਘਰ ਲੈ ਆਉਂਦਾ। ਦੂਜੇ ਬਾਹਰ ਦੇ ਚੱਕਰਾਂ ਵਿਚ ਕੀ ਪਤਾ ਕਦੋਂ ਇੰਡੀਆ ਛੱਡਣਾ ਪੈ ਜਾਣਾ ਸੀ।

ਕਈ ਵਾਰ ਉਹ ਟੂਟੀ 'ਤੇ ਬੈਠੇ ਪਾਣੀ ਨਾਲ ਹੀ ਖੇਡ ਕੇ ਆਪਣਾ ਮਨ ਪਰਚਾ ਲੈਂਦੇ। ਇਕ ਦੂਜੇ ਦੇ ਉੱਪਰ ਪਾਣੀ ਪਾਉਂਦੇ, ਜਦੋਂ ਢਾਬੇ ਅੰਦਰੋਂ ਵੇਟਰ ਹੋਰ ਭਾਂਡੇ ਲਿਆ ਕੇ ਰੱਖ ਦਿੰਦੇ ਤਾਂ ਉਹ ਵੇਟਰਾਂ ਨੂੰ ਬੜੀ ਤਿਰਛੀ ਨਜ਼ਰ ਨਾਲ ਵੇਖਦੇ। ਮੇਰਾ ਦਿਲ ਕਰਨਾ ਕਿ ਮੈਂ ਉਨ੍ਹਾਂ ਦੀ ਭਾਂਡੇ ਮਾਂਜਣ ਵਿਚ ਮਦਦ ਕਰਵਾਵਾਂ। ਪਰ ਖਾਲਸਾ ਜੀ ਦਾ ਟਾਈਮ ਹੀ ਵੀਹ ਮਿੰਟ ਹੁੰਦਾ। ਜਿਸ ਦਿਨ ਮੈਂ ਘਰੋਂ ਬਾਹਰ ਵਾਸਤੇ ਤੁਰਿਆ। ਉਸ ਦਿਨ ਅਸੀਂ ਤਿੰਨ ਜਣਿਆਂ ਨੇ ਜਹਾਜ਼ ਚੜ੍ਹਨ ਵਾਸਤੇ ਪਿੰਡੋਂ ਹੀ ਟਾਟਾ ਸੂਮੋ ਕਰ ਲਈ। ਬਾਹਰ ਦਾ ਬਹੁਤ ਚਾਅ ਸੀ। ਦੁੱਖ ਘਰਦਿਆਂ ਨੂੰ ਵਿਛੜਨ ਨਾਲੋਂ ਉਨ੍ਹਾਂ ਦੋਵਾਂ ਨਾਲੋਂ ਵਿਛੜਨ ਦਾ ਜ਼ਿਆਦਾ ਸੀ। ਸੂਮੋ ਵਾਲੇ ਨੂੰ ਮੈਂ ਸਪੈਸ਼ਲ ਉਸ ਢਾਬੇ ਤੇ ਖੜਨ ਵਾਸਤੇ ਕਿਹਾ, ਸੂਮੋ ਵਾਲਾ ਆਖੇ ਕਿ ਇਸ ਢਾਬੇ ਦਾ ਖਾਣਾ ਬਹੁਤ ਮਹਿੰਗਾ ਹੈ। ਮੈਂ ਕਿਹਾ ਮੈਂ ਖਾਣਾ ਨਹੀਂ ਖਾਣਾ, ਕਿਸੇ ਨੂੰ ਮਿਲਣਾ ਹੈ। ਸ਼ਾਮ ਦੇ ਛੇ ਕੁ ਵੱਜ ਰਹੇ ਸਨ। ਉਹ ਦੋਵੇਂ ਉਸੇ ਟੂਟੀ 'ਤੇ ਬੈਠੇ ਸਨ। ਦੋਵਾਂ ਨੂੰ ਘੁੱਟ ਕੇ ਮਿਲਿਆ। ਉਨ੍ਹਾਂ ਨੂੰ ਰੋਂਦਿਆਂ ਛੱਡ ਕੇ ਖੁਦ ਰੋਂਦਾ ਹੋਇਆ ਸੂਮੋ ਵਿਚ ਬੈਠ ਗਿਆ। ਨਾਲਦਿਆਂ ਨੇ ਮੇਰਾ ਮਜ਼ਾਕ ਉਡਾਇਆ, ਕਹਿੰਦੇ ਇਹ ਕੰਮ ਤਾਂ ਤੂੰ ਕਿਸੇ ਢਾਬੇ 'ਤੇ ਵੀ ਕਰ ਸਕਦਾ ਸੀ। ਤੈਨੂੰ ਹਰ ਇਕ ਢਾਬੇ 'ਤੇ ਅਜਿਹੇ ਬੱਚੇ ਭਾਂਡੇ ਮਾਂਜਦੇ ਮਿਲ ਜਾਣਗੇ। ਪਰ ਮੈਂ ਉਨ੍ਹਾਂ ਨੂੰ ਕੁਝ ਨਾ ਦੱਸਿਆ। ਉਨ੍ਹਾਂ ਬੱਚਿਆਂ ਨਾਲ ਕੀਤੀਆਂ ਉਹ ਆਖਰੀ ਗੱਲਾਂ ਮੇਰੀ ਕਲਮ ਲਿੱਖਣ ਤੋਂ ਅਸਮਰੱਥ ਹੈ।

ਗੱਡੀ ਵਿਚ ਮੈਂ ਭੈਣ ਤੇ ਵੀਰ ਦੇ ਪਿਆਰ ਦੇ ਪਵਿੱਤਰ ਤਿਉਹਾਰ ਰੱਖੜੀ ਬਾਰੇ ਸੋਚਣ ਲੱਗਿਆ। ਢਾਬੇ ਵਾਲੇ ਸਰਦਾਰ ਨੇ ਵੀ ਆਪਣੀ ਭੈਣ ਤੋਂ ਰੱਖੜੀ ਬੰਨਾਈ ਹੋਵੇਗੀ। ਉਸ ਨਾਲੋਂ ਉਸਦੇ ਹਰ ਇਕ ਦੁੱਖ-ਸੁੱਖ ਵਿਚ ਸ਼ਰੀਕ ਹੋਣ ਲਈ ਵਾਅਦੇ ਕੀਤੇ ਹੋਣਗੇ। ਭੈਣਾਂ ਨੂੰ ਵੀ ਵੀਰਾਂ 'ਤੇ ਬੜਾ ਮਾਣ ਹੁੰਦਾ ਹੈ। ਪਰ ਇਸ ਵੀਰ ਨੇ ਤਾਂ ਆਪਣੀ ਭੈਣ ਦੇ ਤੁਰ ਜਾਣ ਪਿੱਛੋਂ ਆਪਣੇ ਭਾਣਜੇ ਤੇ ਭਾਣਜੀ ਤੋਂ ਭਾਂਡੇ ਮਜਾਉਣੇ ਸ਼ੁਰੂ ਕਰ ਦਿੱਤੇ, ਜਦੋਂਕਿ ਇਹ ਛੋਟੀ ਉਮਰ ਖੇਡਣ, ਕੁੱਦਣ ਤੇ ਪੜ੍ਹਨ ਦੀ ਹੁੰਦੀ ਹੈ। ਹੁਣ ਵੀ ਮੈਨੂੰ ਉਹ ਬਹੁਤ ਯਾਦ ਆਉਂਦੇ ਹਨ। ਹੁਣ ਦੋਵੇਂ ਹੀ ਜਵਾਨ ਹੋ ਗਏ ਹੋਣਗੇ। ਸ਼ਾਇਦ ਕੰਸ ਮਾਮੇ ਦੀ ਜੇਲ੍ਹ ਵਿਚੋਂ ਆਜ਼ਾਦ ਹੋ ਗਏ ਹੋਣ। ਪਰਮਾਤਮਾ ਅੱਗੇ ਦੁਆ ਕਰਦਾ ਹਾਂ ਕਿ ਜਦੋਂ ਕਦੇ ਇੰਡੀਆ ਜਾਵਾਂ ਉਨ੍ਹਾਂ ਦੋਵਾਂ ਨੂੰ ਜ਼ਰੂਰ ਮਿਲਾਂ।

ਹੁਣ ਵੀ ਜੀ.ਟੀ. ਰੋਡਾਂ ਤੇ ਸ਼ਹਿਰਾਂ ਦੇ ਹੋਟਲਾਂ ਅਤੇ ਛੋਟੀਆਂ ਛੋਟੀਆਂ ਚਾਹ ਦੀਆਂ ਰੇੜੀਆਂ ਤੇ ਛੋਟੇ ਛੋਟੇ ਬੱਚੇ ਤੁਹਾਨੂੰ ਭਾਂਡੇ ਮਾਂਜਦੇ ਜ਼ਰੂਰ ਦਿਖਾਈ ਦੇਣਗੇ। ਉਨ੍ਹਾਂ ਦੇ ਮਾਸੂਮ ਚਿਹਰਿਆਂ ਵਿਚੋਂ ਤੁਹਾਨੂੰ ਰੱਬ ਦੇ ਰੂਪ ਦੀ ਝਲਕ ਦਿਖਾਈ ਦੇਵੇਗੀ।

ਅਮਰੀਕਾ ਵਿਚ ਵੀ ਇਕ ਕੰਸ ਮਾਮੇ ਨੂੰ ਮਿਲਣ ਦਾ ਮੌਕਾ ਮਿਲਿਆ। ਉਸਨੇ ਆਪਣੇ ਭਾਣਜੇ ਨੂੰ ਪਿੰਡੋਂ ਮੰਗਾ ਕੇ ਉਸ ਦੀ ਸਾਰੀ ਜ਼ਿੰਦਗੀ ਹੀ ਤਬਾਹ ਕਰ ਦਿੱਤੀ। ਪਾਲੀ ਨਾਂ ਦਾ ਇਹ ਸੱਜਣ ਮਿੱਤਰ ਮਾਮੇ ਦੇ ਸੱਦੇ ਤੇ ਅਮਰੀਕਾ ਆ ਗਿਆ। ਮਾਮੇ ਕੋਲ ਆਪਣਾ ਲਿਕਰ ਸਟੋਰ ਸੀ। ਉਸਨੇ ਪਾਲੀ ਨੂੰ ਸਟੋਰ ਦਾ ਕੰਮ ਸਿਖਾ ਕੇ ਆਪਣੇ ਸਟੋਰ 'ਤੇ ਹੀ ਕੰਮ ਦੇ ਦਿੱਤਾ। ਰਹਿਣ ਸਹਿਣ ਦਾ ਪ੍ਰਬੰਧ ਸਟੋਰ ਦੇ ਉਪਰ ਬਣੇ ਕਮਰੇ ਵਿਚ ਕਰ ਦਿੱਤਾ। ਪੂਰੇ ਪੰਜ ਸਾਲ ਕੰਮ ਕਰਵਾਇਆ। ਜਦੋਂ ਪਾਲੀ ਨੇ ਮਾਮੇ ਤੋਂ ਪੈਸੇ ਮੰਗੇ ਤਾਂ ਮਾਮੇ ਨੇ ਜਾਣ ਕੇ ਲੜਾਈ ਸ਼ੁਰੂ ਕਰ ਲਈ। ਪੰਜਾਂ ਸਾਲਾਂ ਵਿਚ ਨਾ ਕੋਈ ਪੈਸਾ ਦਿੱਤਾ ਨਾ ਪੇਪਰ ਬਣਾ ਕੇ ਦਿੱਤੇ।

ਪਾਲੀ ਨੇ ਮਾਮੇ ਤੋਂ ਗਰੀਨ ਕਾਰਡ ਬਣਾਉਣ ਲਈ ਢੰਗ ਤਰੀਕੇ ਪੁੱਛੇ ਪਰ ਮਾਮਾ ਸਿਟੀਜ਼ਨ ਦਾ ਟੌਪ ਪਹਿਨੀ ਪਾਲੀ ਨੂੰ ਕੋਈ ਰਾਹ ਨਾ ਦਿੰਦਾ। ਲੜਦਾ-ਲੜਦਾ ਪਾਲੀ ਨੂੰ ਮਿਹਣੇ ਵੀ ਮਾਰਦਾ ਕਿ ਗਰੀਨ ਕਾਰਡ ਬਣਾਉਣਾ ਤੇਰੇ ਵਰਗਿਆਂ ਦੇ ਵੱਸ ਨਹੀਂ। ਇਕ ਦਿਨ ਪਾਲੀ ਨੇ ਮਾਮੇ ਨੂੰ ਫਤਿਹ ਬੁਲਾ ਦਿੱਤੀ ਅਤੇ ਆਪ ਰਿਫਊਜੀ ਕੇਸ ਕਰ ਦਿੱਤਾ, ਜੋ ਪੰਜ ਸਾਲ ਚੱਲਿਆ, ਪਰ ਪਾਸ ਨਾ ਹੋਇਆ। ਇਕ ਗੋਰੀ ਲੱਭ ਕੇ ਵਿਆਹ ਕੀਤਾ ਪਿੱਛੇ ਛੱਡੀ ਰਾਜ ਕੌਰ ਕੁੱਖੋਂ ਖਾਲੀ ਬੈਠੀ ਪਾਲੀ ਦੀ ਉਡੀਕ ਕਰਦੀ ਰਹਿੰਦੀ। ਅਠਾਰਾਂ ਸਾਲ ਪਾਲੀ ਨੇ ਰਾਜ ਕੌਰ ਤੋਂ ਵੱਖਰੇ ਕੱਟੇ, ਏਜੰਟਾਂ ਰਾਹੀਂ ਰਾਜ ਕੌਰ ਨੂੰ ਇਥੇ ਮੰਗਾ ਕੇ ਗੋਰੀ ਤੋਂ ਚੋਰੀ ਆਪਣੇ ਦੋਸਤ ਦੇ ਪਰਿਵਾਰ ਕੋਲ ਛੱਡ ਦਿੱਤਾ। ਚਲਾਕ ਗੋਰੀ ਨੇ ਪਾਲੀ ਨੂੰ ਗਰੀਨ ਕਾਰਡ ਦੇ ਦਰਸ਼ਨ ਨਾ ਕਰਵਾਏ। ਪਾਲੀ ਦਾ ਧਨ ਤੇ ਤਨ ਨਿਚੋੜ ਕੇ ਰੱਖ ਦਿੱਤਾ। ਪਿੱਛੇ ਪਿੰਡ ਪਾਲੀ ਦੇ ਦਾਦਾ-ਦਾਦੀ, ਮਾਤਾ-ਪਿਤਾ ਪਾਲੀ ਨੂੰ ਸੱਦਦੇ ਸੱਦਦੇ ਖੁਦ ਰੱਬ ਦਾ ਸੱਦਾ ਮਨਜ਼ੂਰ ਕਰ ਗਏ।

ਰਾਜ ਕੌਰ ਨੂੰ ਬੱਚੇ ਲਈ ਡਾਕਟਰਾਂ ਨੂੰ ਵਿਖਾਇਆ, ਡਾਕਟਰਾਂ ਦਸਿਆ ਕਿ ਰਾਜ ਕੌਰ ਮਾਂ ਨਹੀਂ ਬਣ ਸਕਦੀ। ਦੋਵੇਂ ਕੰਧਾਂ ਵਿਚ ਸਿਰ ਮਾਰਦੇ ਕਿ ਜਿਨ੍ਹਾਂ ਨੇ ਜੱਗ ਵਿਖਾਇਆ ਉਹ ਵੀ ਨਾ ਮਿਲੇ। ਜਿਨ੍ਹਾਂ ਨਾਲ ਜੱਗ 'ਤੇ ਨਾਮ ਰਹਿਣਾ ਸੀ ਉਨ੍ਹਾਂ ਵਲੋਂ ਵੀ ਜਵਾਬ ਮਿਲ ਗਿਆ। ਪਾਲੀ ਹੁਣ ਪੰਜਾਹਾਂ ਤੋਂ ਟੱਪ ਗਿਆ। ਸਰੀਰ ਕੰਮ ਤੋਂ ਜਵਾਬ ਦੇਣ ਲੱਗ ਗਿਆ। ਪਰ ਪਾਲੀ ਇੱਥੇ ਰਹਿ ਕੇ ਮਾਮੇ ਦਾ ਮਾਰਿਆ ਮੇਹਣਾ ਪੂਰਾ ਕਰਨਾ ਚਾਹੁੰਦਾ ਹੈ। ਪਿੰਡ ਵੀ ਪਾਲੀ ਨੇ ਕੁਝ ਨਹੀਂ ਬਣਾਇਆ। ਗੋਰੀ ਤੇ ਵਕੀਲ ਹੀ ਪਾਲੀ ਨੂੰ ਲੁੱਟ ਕੇ ਖਾ ਗਏ। ਪਾਲੀ ਦੀ ਖੂਨ ਪਸੀਨੇ ਦੀ ਕਮਾਈ ਗੋਰੀ ਫੜ ਲੈਂਦੀ ਹੈ। ਪਾਲੀ ਸੋਚਦਾ ਕਦੇ ਤਾਂ ਗੋਰੀ ਦੇ ਮਨ ਮਿਹਰ ਪਊ।

ਪਾਲੀ ਦੀ ਇਸ ਦੁੱਖਾਂ ਭਰੀ ਜ਼ਿੰਦਗੀ ਦੀ ਵਾਰਤਾ ਸੁਣ ਮੈਨੂੰ ਉਹ ਢਾਬੇ ਵਾਲਾ ਕੰਸ ਮਾਮਾ ਯਾਦ ਆ ਜਾਂਦਾ ਹੈ ਜਿਸਨੇ ਦੋ ਮਾਸੂਮਾਂ ਦਾ ਬਚਪਨ ਤਬਾਹ ਕੀਤਾ ਸੀ ਤੇ ਇਸ ਕੰਸ ਮਾਮੇ ਨੇ ਪਾਲੀ ਦੀ ਜਵਾਨੀ ਨੂੰ ਤਬਾਹ ਕਰਕੇ ਸਾਰੀ ਜ਼ਿੰਦਗੀ ਹੀ ਤਬਾਹ ਕਰ ਦਿੱਤੀ। ਸ਼ਾਇਦ ਇਨ੍ਹਾਂ ਮਾਮਿਆਂ ਨੇ ਆਪਣੀਆਂ ਭੈਣਾਂ ਨਾਲ ਰੱਖੜੀ ਵੇਲੇ ਇਹ ਵਾਅਦੇ ਕੀਤੇ ਹੋਣੇ ਕਿ ਭੈਣੋਂ ਤੁਸੀਂ ਕੀਰਤਪੁਰ ਪਹੁੰਚੋ, ਅਸੀਂ ਤੁਹਾਡੀ ਔਲਾਦ ਨੂੰ ਜਿਉਂਦੇ ਜੀਅ ਨਰਕ ਵਿਖਾ ਦੇਵਾਂਗੇ। ਪਰਮਾਤਮਾ ਅੱਗੇ ਅਰਦਾਸ ਕਰੀਏ ਕਿ ਕਿਸੇ ਨੂੰ ਵੀ ਕਦੇ ਕੰਸ ਮਾਮਾ ਨਾ ਮਿਲੇ।

## ਕੀ ਸੱਚੀ ਇਤਿਹਾਸ ਦੁਹਰਾ ਹੁੰਦਾ?

*(ਸਫਾ 31 ਦੀ ਬਾਕੀ)*

ਲਾਓ। ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਗ੍ਰੰਥ ਨੂੰ ਸ਼ਰੀਕ ਬਣਾ ਕੇ ਪੇਸ਼ ਕਰਨ ਲੱਗੇ ਹੋਏ ਆ ਤੇ ਹੁਣ ਉਹ ਬਾਹਰਲੇ ਬੁੱਧੀਜੀਵੀ ਕਿਸ ਗੱਲੋਂ ਚੁੱਪ ਬੈਠੇ ਆ ਜਿਹੜੇ ਪੂਰਾ ਸਾਲ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੇ ਨਾਟਕ ਤੇ ਫਿਲਮਾਂ ਬਣਾ ਕੇ ਦਿਖਾ ਰਹੇ ਸੀ। ਕਿਉਂ ਨਹੀਂ ਠੋਕ ਕੇ ਕਹਿੰਦੇ ਕਿ ਜਥੇਦਾਰੋ ਤੇ ਪ੍ਰਧਾਨੋ ਤੁਸੀਂ ਗਲਤ ਹੋ। ਕੀ ਇਹ ਨਾਟਕ ਤੇ ਫਿਲਮਾਂ ਬੱਸ ਮਨੋਰੰਜਨ ਹੀ ਸੀ ਜਾਂ ਆਪਣੀ ਮਸ਼ਹੂਰੀ, ਜੋ ਆਪਣੀ ਜ਼ਮੀਰ ਕਹੇ ਉਵੇਂ ਕਹਿ ਦਿਉ।

ਜੋ ਬੇਗਮਪੁਰਾ ਬਾਬਾ ਰਵਿਦਾਸ ਜੀ ਨੇ ਚਿਤਵਿਆ ਸੀ ਉਹ ਵਸਾਉਣ ਲਈ ਗੁਰੂ ਨਾਨਕ ਨੂੰ ਦਸ ਜਾਮਿਆ ਵਿਚ ਆਉਣਾ ਪਿਆ, ਕਿਤੇ ਆਪਣੇ ਆਪ ਨੂੰ ਜਿੰਦਾ ਅੱਗ 'ਤੇ ਸੜਵਾਉਣਾ ਪਿਆ, ਕਿਤੇ ਸਿਰ ਕਟਵਾਣਾ ਪਿਆ ਤੇ ਦਸਵੇਂ ਜਾਮੇ ਵਿਚ ਤਾਂ ਆਪਣੇ ਹੀ ਮਾਸੂਮ ਪੁੱਤਰਾਂ ਦੀ ਸ਼ਹਾਦਤ ਵੀ ਏਸੇ ਬੇਗਮਪੁਰੇ ਲਈ ਦਿੱਤੀ ਤੇ ਚਮਕੌਰ ਦੀ ਗੜ੍ਹੀ ਦੀ ਉਹ ਰਾਤ ਕਿਸੇ ਵੀ ਸਿੱਖ ਹਿਰਦੇ ਵਿਚੋਂ ਮਨਫੀ ਨਹੀਂ ਹੋਈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰੂਪ ਜਾਣ ਕੇ ਬੇਗਮਪੁਰੇ ਦੀ ਨੀਂਹ ਪੱਕੀ ਕਰਨ ਲਈ ਭਾਈ ਸੰਗਤ ਸਿੰਘ ਨੂੰ ਆਪਣਾ ਲਿਬਾਸ ਤੇ ਕਲਗੀ ਦੇ ਕੇ ਸ਼ਹਾਦਤ ਲਈ ਭੇਜਿਆ। ਬੇਗਮਪੁਰਾ ਸਿਰ ਜੋੜ ਕੇ ਬੈਠ ਸੋਚ ਸਮਝ ਕੇ ਵਸਾਉਣਾ ਪੈਣਾ ਨਾ ਕਿ ਨੱਚ-ਟੱਪ ਗਾ ਕੇ। ਜਿਹੜੇ ਬੇਗਮਪੁਰੇ ਦੇ ਰਾਹ 'ਚ ਰੋੜੇ ਹਨ ਉਹ ਇਹੋ ਤਾਂ ਚਾਹੁੰਦੇ ਆ ਕਿ ਕਿਤੇ ਸਿਰ ਨਾ ਜੁੜ ਜਾਣ ਜੇ ਆਪਣਾ ਵਰਤਾਰਾ ਇਦਾਂ ਦਾ ਹੀ ਰਿਹਾ ਤਾਂ ਲੱਗਦਾ ਕਿ ਇਤਿਹਾਸ ਸ਼ਾਇਦ ਦੁਹਰਾ ਹੀ ਨਾ ਹੋ ਜਾਵੇ।

# ਸੁਖਾਵਾਂ ਸਲੀਕਾ

**ਮਾਸਟਰ ਨਿਰਮਲ ਸਿੰਘ ਲਾਲੀ**

ਸਭ ਤੋਂ ਵਧੀਆ ਸੁਖਾਵਾਂ ਸਲੀਕਾ ਇਹ ਹੈ ਕਿ ਹਰ ਮਨੁੱਖ ਆਪਣੇ ਕਿਰਦਾਰ ਨੂੰ ਉੱਚਾ ਤੇ ਸੁੱਚਾ ਰੱਖੇ। ਜਿਵੇਂ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ, 'ਸਚਹੁ ਓਰੈ ਸਭ ਕੋ ਉਪਰ ਸਚੁ ਆਚਾਰੁ'। ਅੰਗਰੇਜ਼ੀ ਦੇ ਪ੍ਰਸਿੱਧ ਲੇਖਕ ਕੈਂਸਰ ਦਾ ਕਹਿਣਾ ਹੈ ਕਿ 'ਇਫ ਵੈਲਥ ਇਜ ਲੌਸਟ, ਨਥਿੰਗ ਇਜ ਲੌਸਟ, ਇਫ ਹੈਲਥ ਇਜ਼ ਲੌਸਟ, ਸਮਥਿੰਗ ਇਜ ਲੌਸਟ, ਇਫ ਕਰੈਕਟਰ ਇਜ ਲੌਸਟ, ਐਵਰੀਥਿੰਗ ਇਜ਼ ਲੌਸਟ।' (ਮਤਲਬ ਜੇ ਧੰਨ ਗਵਾਚੇ ਤਾਂ ਕੁਝ ਨਹੀਂ ਗਵਾਚਾ, ਜੇ ਸਿਹਤ ਗਵਾਚੇ ਤਾਂ ਕੁਝ ਗਵਾਚਾ ਹੈ ਪਰ ਜੇ ਬੰਦੇ ਦਾ ਕਿਰਦਾਰ ਗਵਾਚ ਜਾਏ ਤਾਂ ਸਮਝੋ ਸਭ ਕੁਝ ਗਵਾਚ ਗਿਆ।)

ਗੁਰੂ ਸਾਹਿਬ ਨੇ ਵੀ ਸ਼ੁਭ ਕਰਮਾਂ ਉਪਰ ਜ਼ੋਰ ਦਿੱਤਾ ਹੈ। ਸ਼ੁਭ ਕਰਮਾਂ ਤੇ ਹੋਣੇ ਨੇ ਨਿਬੇੜੇ, ਜਾਤ ਕਿਸੇ ਪੁੱਛਣੀ ਨਹੀਂ। ਸਿੱਖ ਧਰਮ ਦਾ ਇਹ ਮੁੱਢਲਾ ਸਿਧਾਂਤ ਹੈ-ਕਿਰਤ ਕਰਨੀ, ਨਾਮ ਜਪੁਣਾ ਤੇ ਵੰਡ ਛਕਣਾ। ਵੰਡ ਛਕਣ ਤੇ ਕਿਰਤ ਕਰਨ ਦੇ ਸਿਧਾਂਤ ਨੂੰ ਸਮਝਣ ਦੀ ਲੋੜ ਹੈ। ਰੋਜ਼ਾਨਾ ਜੀਵਨ ਵਿਚ ਉਸਦੇ ਧਾਰਨੀ ਹੋਣਾ ਜ਼ਰੂਰੀ ਹੈ। ਦੁਜਿਆਂ ਨਾਲ ਅਜਿਹਾ ਵਤੀਰਾ ਕਰੋ ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਹਰ ਮਨੁੱਖ ਸਹਿਨਸ਼ੀਲਤਾ, ਨਿਮਰਤਾ, ਹਮਦਰਦੀ, ਦਯਾ, ਪਿਆਰ, ਸਤਿਕਾਰ ਆਦਿ ਦਾ ਦੈਵੀ ਗੁਣ ਧਾਰਨ ਕਰੇ। ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤੁ। ਈਰਖਾ ਤੇ ਖੁਦਗਰਜੀ ਦਾ ਤਿਆਗ ਕਰੇ ਅਤੇ ਚੰਗਾ ਵਤੀਰਾ ਕਰੇ। ਰਫਤਾਰ, ਗੁਫਤਾਰ ਅਤੇ ਦਸਤਾਰ ਤੁਹਾਡੀ ਚੰਗੀ ਸ਼ਖਸੀਅਤ ਦੇ ਅੰਗ ਹਨ। ਮਨੁੱਖ ਵੱਡਿਆਂ ਦਾ ਸਤਿਕਾਰ ਤੇ ਛੋਟਿਆਂ ਨਾਲ ਪਿਆਰ ਕਰੇ। ਮਨੁੱਖ ਆਪਣੇ ਫਰਜ਼ ਨੂੰ ਸਮਝੇ ਤੇ ਉਸਦੀ ਪਾਲਣਾ ਕਰੇ। ਫਰਜ਼ ਅਤੇ ਅਧਿਕਾਰ ਦੋਨੋਂ ਹੀ ਬਰਾਬਰ ਬਰਾਬਰ ਚਲਦੇ ਹਨ। ਫਰਜ਼ ਤੋਂ ਬਿਨਾ ਕੋਈ ਸਮਾਜ ਉਨਤੀ ਨਹੀਂ ਕਰ ਸਕਦਾ ਅਤੇ ਨਾ ਹੀ ਸੁਖਾਵਾਂ ਜੀਵਨ ਹੋ ਸਕਦਾ ਹੈ। ਕੁਝ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਜਿਹੜੀ ਪਦਵੀ ਉੱਤੇ ਮਨੁੱਖ ਬੈਠਾ ਹੈ ਉਸਦੇ ਕੀ ਫਰਜ਼ ਹਨ, ਉਸਦੀ ਪਾਲਣਾ ਕਰਨੀ ਤਾਂ ਦੂਰ ਦੀ ਗੱਲ। ਸਮਾਜ ਦੇ ਹਰ ਖੇਤਰ ਵਿਚ ਜੋ ਕੁਝ ਵੀ ਬੁਰਾ ਹੋ ਰਿਹਾ ਹੈ ਭਾਵ ਭ੍ਰਿਸ਼ਟਾਚਾਰ, ਅਤਿਆਚਾਰ ਅਤੇ ਅਮਾਨਵੀ ਕਦਰਾਂ-ਕੀਮਤਾਂ ਫਰਜ਼ ਦੀ ਕੁਤਾਹੀ ਇਹ ਸਭ ਕੁਝ ਮੂਰਖਤਾ, ਅਗਿਆਨ, ਦੁਸ਼ਟਤਾ ਤੇ ਵਹਿਸ਼ੀਪੁਣੇ ਕਰਕੇ ਹੀ ਹੋ ਰਿਹਾ ਹੈ। ਮਨੁੱਖ ਹੱਕ, ਸੱਚ ਤੇ ਇਨਸਾਫ ਦੇ ਮਾਰਗ 'ਤੇ ਚਲਣ ਦਾ ਯਤਨ ਕਰੇ। ਨਿਰਧਨ, ਮਜਲੂਮ ਤੇ ਲੋੜਵੰਦਾਂ ਦੀ ਸਹਾਇਤਾ ਕਰੇ, ਦੂਜੇ ਦਾ ਹੱਕ ਨਾ ਮਾਰੇ, ਕਿਉਂਕਿ ਹੱਕ ਪਰਾਇਆ ਨਾਨਕਾ, ਉਸ ਸੂਅਰ ਉਸ ਗਾਇ। ਕਹਿਣ ਦਾ ਭਾਵ ਇਹ ਹੈ ਕਿ ਮਨੁੱਖ ਗੁਰਬਾਣੀ ਦੇ ਉਪਦੇਸ਼ ਤੇ ਸਿਧਾਂਤਾਂ ਦਾ ਧਾਰਨੀ ਬਣੇ। ਗੁਰਘਰ ਗੁਰਬਾਣੀ ਸੁਣਨੀ ਤੇ ਪੜ੍ਹਨੀ ਹੀ ਕਾਫੀ ਨਹੀਂ ਹੈ ਸਗੋਂ ਗੁਰਬਾਣੀ ਦੇ ਅਨੁਸਾਰ ਜੀਵਨ ਗੁਜ਼ਾਰਨਾ ਵੀ ਜ਼ਰੂਰੀ ਹੈ। ਇਸ ਤੋਂ ਅੱਗੇ ਕੁਝ ਕਹਿਣ ਤੇ ਲਿਖਣ ਨੂੰ ਨਹੀਂ ਰਹਿ ਜਾਂਦਾ। ਪਰ ਫਿਰ ਵੀ ਕੋਈ ਮਨੁੱਖ ਵੀ ਸੰਪੂਰਨ ਨਹੀਂ। ਸੰਪੂਰਨ ਤਾਂ ਸਿਰਫ ਉਹ ਵਾਹਿਗੁਰੂ ਹੈ, ਪਰਮਾਤਮਾ ਹੀ ਹੈ।

# ਔਰਤ ਦਾ ਸਮਾਜਿਕ ਰੁਤਬਾ ਉਚਾ ਚੁੱਕਣ ਦੀ ਕਹਾਣੀ 'ਸੁਖਮਨੀ'



ਪੰਜਾਬੀ ਸੰਗੀਤ ਜਗਤ ਵਿਚ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਗਾਇਕ ਗੁਰਦਾਸ ਮਾਨ ਅਤੇ ਉਨ੍ਹਾਂ ਦੇ ਬੇਟੇ ਗੁਰਇੱਕ ਮਾਨ ਵਲੋਂ ਨਿਰਮਿਤ ਉਨ੍ਹਾਂ ਦੇ ਨਿੱਜੀ ਬੈਨਰ 'ਲੋਕ ਸੰਗੀਤ ਪ੍ਰਾਈਵੇਟ ਲਿਮਟਿਡ' ਹੇਠ ਵੱਡੇ ਬਜਟ ਦੀ ਪੰਜਾਬੀ ਫ਼ਿਲਮ 'ਸੁਖਮਨੀ' ਨੂੰ ਪੂਰੇ ਭਾਰਤ ਵਿਚ ਰਿਲੀਜ਼ ਕੀਤਾ ਗਿਆ ਹੈ। ਇਸ ਫ਼ਿਲਮ 'ਚ ਗੁਰਦਾਸ ਮਾਨ, ਅਦਾਕਾਰਾ ਜੂਹੀ ਚਾਵਲਾ ਤੋਂ ਇਲਾਵਾ ਦਿਵਿਆ ਦੱਤਾ, ਅਨੂਪ ਸੋਨੀ ਤੇ ਹਾਸਰਸ ਕਲਾਕਾਰ ਭਗਵੰਤ ਮਾਨ ਆਦਿ ਦੀਆਂ ਮੁੱਖ ਭੂਮਿਕਾਵਾਂ ਹਨ। ਇਸ ਪੰਜਾਬੀ ਫ਼ਿਲਮ ਨੂੰ ਬਤੌਰ ਨਿਰਦੇਸ਼ਕਾ ਗੁਰਦਾਸ ਮਾਨ ਦੀ ਪਤਨੀ ਮਨਜੀਤ ਮਾਨ ਨੇ ਨਿਰਦੇਸ਼ਤ ਕੀਤਾ ਹੈ।

ਫ਼ਿਲਮ ਦੀ ਕਹਾਣੀ ਮੇਜਰ ਕੁਲਦੀਪ ਸਿੰਘ ਦੀ ਜ਼ਿੰਦਗੀ 'ਤੇ ਆਧਾਰਤ ਹੈ, ਜੋ ਫੌਜ ਦਾ ਇਕ ਅਣਖੀਲਾ ਅਫ਼ਸਰ ਹੈ। ਉਹ ਸਮਾਜ ਵਲੋਂ ਠੁਕਰਾਈ ਬੇਇੱਜ਼ਤ ਕੀਤੀ ਔਰਤ ਨੂੰ ਸਮਾਜ ਵਿਚ ਮਾਣ-ਸਨਮਾਨ ਦਿਵਾਉਣ ਲਈ ਤਨਦੇਹੀ ਨਾਲ ਸੰਘਰਸ਼ ਕਰਦਾ ਹੈ ਕਿਉਂਕਿ ਕਸ਼ਮੀਰ ਵਾਦੀ ਵਿਚ ਅਤਿਵਾਦੀਆਂ ਵਲੋਂ ਇਕ ਮੰਦਭਾਗੇ ਦਿਨ ਜੰਮੂ ਕਸ਼ਮੀਰ ਦੀਆਂ ਘਾਟੀਆਂ ਵਿਚ ਉਸ ਦੀ ਪਤਨੀ ਅਤੇ ਬੇਟੀ ਸੁਖਮਨੀ ਦਾ ਕਤਲ ਕਰ ਦਿੱਤਾ ਜਾਂਦਾ ਹੈ, ਜਿਸ ਕਰਕੇ ਮੇਜਰ ਕੁਲਦੀਪ ਸਿੰਘ ਦੀ ਜ਼ਿੰਦਗੀ ਵਿਚ ਦੁੱਖਾਂ ਦਾ ਪਹਾੜ ਟੁੱਟ ਜਾਂਦਾ ਹੈ। ਉਦਾਸੀ ਤੇ ਤਣਾਅ ਵਾਲੀ ਜ਼ਿੰਦਗੀ ਜਿਊਣ ਦੀ ਬਜਾਏ ਉਹ ਵਾਪਸ ਫੌਜ ਵਿਚ ਜਾਣ ਦਾ ਫੈਸਲਾ ਕਰ ਲੈਂਦਾ ਹੈ। ਫੌਜ ਵਿਚ ਜਾ ਕੇ ਉਹ ਆਪਣੇ ਪਰਿਵਾਰ ਦਾ ਬਦਲਾ ਲੈਣ ਲਈ ਮੁੜ ਕਮਰਕੱਸਾ ਕੱਸ ਲੈਂਦਾ ਹੈ। ਉਹ ਉਸ ਵੇਲੇ ਆਪਣੇ ਆਪ ਨੂੰ ਬਹੁਤ ਹੀ ਟੁੱਟਾ ਹੋਇਆ ਵਿਅਕਤੀ ਸਮਝਦਾ ਹੈ ਜਦੋਂ ਉਹ ਅਤਿਵਾਦੀਆਂ ਹੱਥੋਂ ਇਕ ਬੇਗੁਨਾਹ ਮਾਸੂਮ ਲੜਕੀ ਦੀ ਜ਼ਿੰਦਗੀ ਬਚਾਉਣ ਤੋਂ ਅਸਮਰਥ ਰਹਿੰਦਾ ਹੈ।

ਸੁਖਮਨੀ ਸੰਬੰਧੀ ਗੱਲ ਕਰਦਿਆਂ ਗੁਰਦਾਸ ਮਾਨ ਨੇ ਦੱਸਿਆ ਕਿ ਇਸ ਫ਼ਿਲਮ ਨਾਲ ਜੂਹੀ ਚਾਵਲਾ ਨਾਲ ਮੇਰੀ ਹੈਟ੍ਰਿਕ ਮੁਕੰਮਲ ਹੋ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਮੇਰੀ ਇਹ ਫ਼ਿਲਮ ਮੇਰੇ ਦੋ ਮਰਹੂਮ ਦੋਸਤਾਂ ਸੂਰਜ ਤੇ ਮਨੋਜ ਨੂੰ ਸਮਰਪਿਤ ਹੈ, ਜਿਨ੍ਹਾਂ ਨੂੰ ਮੈਂ ਗਵਾ ਚੁੱਕਾ ਹਾਂ। ਮੈਨੂੰ ਆਸ ਹੀ ਨਹੀਂ, ਬਲਕਿ ਯਕੀਨ ਹੈ ਕਿ ਮੇਰੀ ਇਹ ਫ਼ਿਲਮ ਲੋਕ ਦਿਲਾਂ 'ਤੇ ਵਿਲੱਖਣ ਪ੍ਰਭਾਵ ਛੱਡੇਗੀ।

ਇਸ ਫ਼ਿਲਮ ਨਾਲ ਪਹਿਲੀ ਵਾਰ ਬਤੌਰ ਨਿਰਦੇਸ਼ਕਾ 'ਸੁਖਮਨੀ' ਨੂੰ ਨਿਰਦੇਸ਼ਤ ਕਰਨ ਵਾਲੀ ਮਨਜੀਤ ਮਾਨ ਨੇ ਦੱਸਿਆ ਕਿ ਬਹੁਤ ਸਾਰੇ ਅਜਿਹੇ ਸੁਪਨੇ ਹੁੰਦੇ ਹਨ, ਜਿਨ੍ਹਾਂ 'ਚ ਕੁਝ ਪੂਰੇ ਹੁੰਦੇ ਹਨ ਅਤੇ ਕੁਝ ਅਧੂਰੇ ਤੇ ਚੰਦ ਸੁਪਨੇ ਅਜਿਹੇ ਵੀ ਹੁੰਦੇ ਹਨ, ਜੋ ਕਈ ਸਾਲਾਂ ਬਾਅਦ ਸਾਕਾਰ ਹੁੰਦੇ ਹਨ। ਬਤੌਰ ਨਿਰਦੇਸ਼ਕਾ ਮੇਰਾ ਜਨਤਾ ਦੀ ਕਚਹਿਰੀ ਵਿਚ ਜਾਣਾ ਮੇਰੇ ਲਈ ਬਹੁਤ ਵੱਡਾ ਚੈਲੰਜ ਸੀ, ਪਰ ਇਸਦੇ ਸੰਗੀਤ ਨੂੰ ਮਣਾਂਮੂੰਹੀ ਪਿਆਰ ਮਿਲ ਰਿਹਾ ਹੈ, ਜਿਸ ਤੋਂ ਫ਼ਿਲਮ ਦੇ ਹਿੱਟ ਹੋਣ ਦਾ ਕਿਆਸ ਹੈ।

ਇਸ ਫ਼ਿਲਮ ਦਾ ਸੰਗੀਤ ਜੈਦੇਵ ਵਲੋਂ ਦਿੱਤਾ ਗਿਆ। ਗੁਰਦਾਸ ਮਾਨ ਦੇ ਲਿਖੇ ਗੀਤਾਂ ਨੂੰ ਗੁਰਦਾਸ ਮਾਨ ਤੋਂ ਇਲਾਵਾ ਅਰਵਿੰਦਰ ਸਿੰਘ, ਸ਼ਰੇਆ ਘੋਸ਼ਾਲ ਅਤੇ ਸਿਮਰਜੀਤ ਕੁਮਾਰ ਨੇ ਗਾਇਆ ਹੈ। ਫ਼ਿਲਮ 'ਚ ਪਹਿਲੀ ਵਾਰੀ ਬਤੌਰ ਗਾਇਕਾ ਅਭਿਨੇਤਰੀ ਜੂਹੀ ਚਾਵਲਾ ਨੇ ਦੋ ਗੀਤਾਂ ਨੂੰ ਆਵਾਜ਼ ਦਿੱਤੀ ਹੈ।



**ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਗੁਰਦਾਸ ਮਾਨ ਤੇ ਮਨਜੀਤ ਮਾਨ।**

## ਮੁਕਾਬਲੇ ਦੇ ਯੁਗ 'ਚ ਮਨਭਾਉਂਦੀਆਂ ਹੀਰੋਇਨਾਂ



ਮੁਕਾਬਲੇ ਦੇ ਇਸ ਯੁੱਗ 'ਚ ਹਰ ਪਾਸੇ ਮੁਕਾਬਲੇਬਾਜ਼ੀ ਚੱਲ ਰਹੀ ਹੈ। ਬਾਲੀਵੁੱਡ ਵੀ ਇਸ ਤੋਂ ਬਚਿਆ ਹੋਇਆ ਨਹੀਂ। ਹੀਰੋਇਨਾਂ ਦਾ ਆਪਸੀ ਮੁਕਾਬਲਾ ਚੱਲਦਾ ਰਹਿੰਦਾ ਹੈ ਅਤੇ ਦੂਜੇ ਪਾਸੇ ਨਿਰਮਾਤਾ-ਨਿਰਦੇਸ਼ਕਾਂ ਅਤੇ ਦਰਸ਼ਕਾਂ ਦੀ ਰਾਏ ਵੀ ਇਨ੍ਹਾਂ ਬਾਰੇ ਬਦਲਦੀ ਰਹਿੰਦੀ ਹੈ। ਪਿਛਲੀ ਵਾਰ ਜਦੋਂ ਅਸੀਂ ਹੀਰੋਇਨਾਂ ਦਾ ਸਰਵੇਖਣ ਪ੍ਰਕਾਸ਼ਿਤ ਕੀਤਾ ਸੀ ਤਾਂ ਬਾਲੀਵੁੱਡ ਸੁੰਦਰੀ ਪ੍ਰਿਯੰਕਾ ਉਸ ਵੇਲੇ ਦਰਸ਼ਕਾਂ 'ਚ ਸਭ ਤੋਂ ਵਧ ਹਰਮਨਪਿਆਰੀ ਸੀ ਪਰ ਹੁਣ ਇਨ੍ਹਾਂ ਸੁੰਦਰੀਆਂ 'ਚੋਂ ਸਭ ਤੋਂ ਵਧੇਰੇ ਸੈਕਸੀ ਅਤੇ ਖ਼ੂਬਸੂਰਤ ਅਦਾਵਾਂ ਵਾਲੀ ਹੀਰੋਇਨ ਕੈਟਰੀਨਾ ਕੈਫ ਨੂੰ ਮੰਨਿਆ ਗਿਆ ਹੈ। ਪਿਛਲੇ ਸਾਲ ਕਰੀਨਾ ਕਪੂਰ ਕਾਫੀ ਪਿੱਛੇ ਰਹਿ ਗਈ ਸੀ ਪਰ ਬਿਪਾਸ਼ਾ ਬਸੂ ਅੱਗੇ ਆ ਗਈ ਸੀ, ਪਰ ਹੁਣ ਹੀਰੋਇਨ ਕਰੀਨਾ ਕਪੂਰ ਲੋਕਾਂ ਦੀ ਦੋ ਨੰਬਰ ਦੀ ਪਸੰਦ ਬਣ ਕੇ ਉੱਭਰੀ ਹੈ।

ਜੇ ਪ੍ਰਿਯੰਕਾ ਚੋਪੜਾ ਦੀ ਖ਼ੂਬਸੂਰਤੀ ਅਤੇ ਸੈਕਸੀ ਅਦਾਵਾਂ ਦੀ ਗੱਲ ਕਰੀਏ ਤਾਂ ਉਸਦੀ ਮਾਈਕਰੋ ਮਿੰਨੀ ਡਰੈਸ ਦਾ ਅਸਰ ਹੁਣ ਦਰਸ਼ਕਾਂ 'ਚੋਂ ਗਾਇਬ ਹੋ ਗਿਆ ਹੈ ਅਤੇ ਉਸਦੀ ਥਾਂ 'ਤੇ ਲੋਕਾਂ ਦੀ ਮਨਭਾਉਂਦੀ ਹੀਰੋਇਨ ਬਣ ਗਈ ਹੈ ਕੈਟਰੀਨਾ ਕੈਫ। ਪ੍ਰਿਯੰਕਾ ਦਾ ਹਰਮਨਪਿਆਰਤਾ ਦਾ ਗ੍ਰਾਫ ਪਹਿਲੇ ਨੰਬਰ ਤੋਂ ਖਿਸਕ ਕੇ ਤੀਜੇ ਨੰਬਰ 'ਤੇ ਪਹੁੰਚ ਗਿਆ ਹੈ। ਬਿਪਾਸ਼ਾ ਬਸੂ ਵੀ ਆਪਣਾ ਜਾਦੂ ਦਰਸ਼ਕਾਂ 'ਚੋਂ ਗੁਆ ਚੁੱਕੀ ਹੈ ਅਤੇ ਲੋਕਾਂ ਦੀ ਪਸੰਦ ਦੀ ਸੂਚੀ 'ਚ ਚੌਥੇ ਨੰਬਰ 'ਤੇ ਪਹੁੰਚ ਗਈ ਹੈ।

ਲੰਬੀਆਂ ਬਾਹਾਂ ਅਤੇ ਗੱਲ੍ਹਾਂ 'ਚ ਟੋਇਆਂ ਵਾਲੀ ਸੁੰਦਰੀ ਦੀਪਿਕਾ ਪਾਦੂਕੋਣ ਇਕ ਹੋਰ ਲਵ ਅਪੀਲ ਵਾਲੀ ਸੁੰਦਰੀ ਬਣ ਕੇ ਬਾਲੀਵੁੱਡ 'ਚ ਉੱਭਰੀ ਹੈ ਅਤੇ ਸਿੰਗਲ ਹੀਰੋਇਨ ਵਜੋਂ ਕਾਮਯਾਬੀ ਪ੍ਰਾਪਤ ਕਰ ਰਹੀ ਹੈ। ਆਖਿਰ ਉਹ ਕਿਹੜੀਆਂ ਗੱਲਾਂ ਹਨ, ਜਿਨ੍ਹਾਂ ਕਰਕੇ ਇਹ ਹੀਰੋਇਨਾਂ ਲੋਕਾਂ ਦੀ ਪਸੰਦ ਬਣ ਜਾਂਦੀਆਂ ਹਨ। 'ਦਿ ਜ਼ੂਮ' ਨੇ ਸਾਲ ਦੇ ਸਭ ਤੋਂ ਵਧੇਰੇ 50 ਮਨਭਾਉਂਦੇ ਲੋਕਾਂ ਨੂੰ ਚੁਣਿਆ ਹੈ, ਜਿਨ੍ਹਾਂ 'ਚ ਕੈਟਰੀਨਾ ਕੈਫ ਲੋਕਾਂ ਦੀ ਪਸੰਦ 'ਤੇ ਪਹਿਲੇ ਨੰਬਰ 'ਤੇ ਆਈ ਹੈ।

ਪ੍ਰਿਯੰਕਾ ਚੋਪੜਾ, ਜਿਸਨੇ ਪਿਛਲੇ ਸਾਲ ਸਭ ਤੋਂ ਮਨਭਾਉਂਦੀ ਹੀਰੋਇਨ ਦਾ ਟਾਈਟਲ ਜਿੱਤਿਆ ਸੀ, ਹੁਣ ਤੀਜ਼ੇ ਨੰਬਰ 'ਤੇ ਚਲੀ ਗਈ ਹੈ। ਪ੍ਰਿਯੰਕਾ ਚੋਪੜਾ ਦਾ ਉਦੋਂ ਲੋਕਾਂ ਦੀ ਪਸੰਦ ਬਣਨ ਦਾ ਕਾਰਨ ਸਨ ਉਸ ਦੀਆਂ ਦੋ ਫਿਲਮਾਂ 'ਫੈਸ਼ਨ' ਅਤੇ 'ਦੋਸਤਾਨਾ'। 'ਫੈਸ਼ਨ' 'ਚ ਉਸ ਵਲੋਂ ਪਾਏ ਗਏ ਖ਼ੂਬਸੂਰਤ ਲਿਬਾਸ ਅਤੇ ਆਪਣੇ ਰੋਲ ਕਰਕੇ ਉਹ ਲੋਕਾਂ ਦੀ ਪਸੰਦ ਬਣ ਗਈ। 'ਦੋਸਤਾਨਾ' 'ਚ ਜਦੋਂ ਉਹ ਸਵਿਮ ਸੂਟ ਸੁੰਦਰੀ ਬਣ ਕੇ ਪੇਸ਼ ਹੋਈ ਤਾਂ ਲੋਕਾਂ ਵਿਚ ਉਸਦੀ ਹਰਮਨਪਿਆਰਤਾ ਹੋਰ ਵਧ ਗਈ ਪਰ ਉਸਦਾ ਇਹ ਜਾਦੂ ਬਹੁਤੀ ਦੇਰ ਤਕ ਕਾਮਯਾਬ ਨਹੀਂ ਰਹਿ ਸਕਿਆ। ਕੈਟਰੀਨਾ ਕੈਫ ਦੀ ਚੌੜੀ ਮੁਸਕਾਨ ਅਤੇ ਉਸਦੀਆਂ ਤਿੰਨ ਫਿਲਮਾਂ 'ਅਜਬ ਪ੍ਰੇਮ ਕੀ ਗਜ਼ਬ ਕਹਾਨੀ', 'ਦੇ ਦਨਾਦਨ' ਅਤੇ 'ਬਲਿਊ' ਦੀਆਂ ਭੂਮਿਕਾਵਾਂ ਦਰਸ਼ਕਾਂ ਅਤੇ ਨਿਰਦੇਸ਼ਕਾਂ ਨੂੰ ਪਸੰਦ ਆਈਆਂ ਤਾਂ ਉਹ ਪ੍ਰਿਯੰਕਾ ਚੋਪੜਾ ਨੂੰ ਟੱਪ ਕੇ ਪਹਿਲੇ ਨੰਬਰ 'ਤੇ ਪਹੁੰਚ ਚੁੱਕੀ ਹੈ। ਉਸ ਦੀਆਂ ਸੈਕਸੀ ਮਿੰਨੀ ਸਕਰਟਸ ਅਤੇ ਠੰਡੇ ਸੁਭਾਅ ਨੇ ਉਸਨੂੰ ਗਲੋਬਲ ਪ੍ਰਸਿੱਧੀ ਦਿਤੀ ਹੈ ਅਤੇ ਉਹ ਜਦੋਂ ਕੈਟਵਾਕ ਕਰਦੀ ਹੈ ਤਾਂ ਲੋਕਾਂ ਦੀ 'ਜਾਨ' ਹੀ ਕੱਢ ਲੈਂਦੀ ਹੈ। ਉਸ ਦੀਆਂ ਅੱਖਾਂ, ਉਸਦਾ ਅੰਗ-ਅੰਗ ਜਿਵੇਂ ਗੱਲਾਂ ਕਰਦਾ ਹੋਵੇ। ਜਦੋਂ ਕੈਟਰੀਨਾ ਨੂੰ ਦੱਸਿਆ ਗਿਆ ਕਿ ਉਹ ਅੱਜਕਲ ਮਨਭਾਉਂਦੀਆਂ ਹੀਰੋਇਨਾਂ ਦੀ ਸੂਚੀ ਵਿਚ ਸਭ ਤੋਂ ਉਪਰ ਹੈ ਤਾਂ ਉਹ ਖਿੜਖਿੜਾ ਕੇ ਹੱਸੀ, "ਇਹ ਜਾਣ ਕੇ ਬੜੀ ਪ੍ਰਸੰਨਤਾ ਹੋਈ ਹੈ ਅਤੇ ਉਦੋਂ ਹੋਰ ਵੀ ਖ਼ੁਸ਼ੀ ਹੁੰਦੀ ਹੈ ਜਦੋਂ ਮੀਡੀਆ ਵਾਲੇ ਲੋਕ ਅਜਿਹੀ ਚੋਣ ਕਰਦੇ ਹਨ। ਮੈਨੂੰ ਇੰਟਰਨੈਟ 'ਤੇ ਵੀ ਸਭ ਤੋਂ ਵੱਧ ਪਾਪੂਲਰ ਹੀਰੋਇਨ ਐਲਾਨਿਆ ਗਿਆ ਹੈ। ਭਾਰਤ ਦੀ ਸਭ ਤੋਂ ਵਧੇਰੇ ਪਸੰਦ ਕੀਤੀ ਜਾਣ ਵਾਲੀ ਹੀਰੋਇਨ।"


ਕੈਟਰੀਨਾ ਕੈਫ, ਕਰੀਨਾ ਕਪੂਰ ਅਤੇ ਪ੍ਰਿਯੰਕਾ ਚੋਪੜਾ ਪਿੱਛੋਂ ਮਨਭਾਉਂਦੀਆਂ ਹੀਰੋਇਨਾਂ ਚ ਚੌਥਾ ਨੰਬਰ ਬਿਪਾਸ਼ਾ ਬਸੂ ਅਤੇ ਇਸ ਮਗਰੋਂ ਦੀਪਿਕਾ ਪਾਦੂਕੋਣ, ਲਾਰਾ ਦੱਤਾ ਅਤੇ ਐਸ਼ਵਰਿਆ ਰਾਏ ਸ਼ਾਮਲ ਹਨ। 'ਦਿ ਜ਼ੂਮ-50 ਸਭ ਤੋਂ ਵਧੇਰੇ ਮਨਭਾਉਂਦੇ' ਦੀ ਚੋਣ ਇਕ ਖਾਸ ਜਿਊਰੀ ਦੁਆਰਾ ਕੀਤੀ ਜਾਂਦੀ ਹੈ ਜੋ ਐਸ.ਐਮ.ਐਸ. ਪੋਲਿੰਗ, ਆਨਲਾਈਨ ਵੋਟਿੰਗ ਰਾਹੀਂ ਕਿਸੇ ਸ਼ਖਸੀਅਤ ਦੀ ਪ੍ਰਸਿੱਧੀ ਦਾ ਪਤਾ ਲਗਾਉਂਦੇ ਹਨ ਅਤੇ ਗ੍ਰੇਡਿੰਗ ਕਰਦੇ ਹਨ। 50 ਅਜਿਹੀਆਂ ਔਰਤਾਂ ਦੀ ਸੂਚੀ ਤਿਆਰ ਕੀਤੀ ਜਾਂਦੀ ਹੈ, ਜਿਨ੍ਹਾਂ ਨੂੰ ਲੋਕਾਂ ਵਿਚ ਸਭ ਤੋਂ ਵਧੇਰੇ ਪਾਪੂਲਰ ਸਮਝਿਆ ਜਾਂਦਾ ਹੈ।



## ਬਾਲੀਵੁਡ ਦੀਆਂ ਵਪਾਰਕ ਫ਼ਿਲਮਾਂ ਨੇ ਅਮਰੀਸ਼ ਪੁਰੀ ਦੇ ਅੰਦਰਲਾ ਕਲਾਕਾਰ ਮਾਰ ਦਿੱਤਾ

ਭਾਰਤੀ ਸਿਨੇਮਾ ਦੇ ਇਤਿਹਾਸ ਵਿਚ ਅਮਰ ਖਲਨਾਇਕਾਂ 'ਚੋਂ ਇਕ ਸਵਰਗੀ ਅਮਰੀਸ਼ ਪੁਰੀ 1950 ਦੇ ਦਹਾਕੇ ਵਿਚ ਹੀਰੋ ਬਣਨ ਦਾ ਸੁਪਨਾ ਲੈ ਕੇ ਮੁੰਬਈ ਆਇਆ ਸੀ ਪਰ ਨਿਰਾਸ਼ ਹੋ ਕੇ ਰੰਗਮੰਚ ਦੀ ਦੁਨੀਆਂ ਵਿਚ ਚਲਾ ਗਿਆ। ਉਸ ਦੇ ਨਾਟਕਾਂ ਨੂੰ ਦੇਖਣ ਲਈ ਸਵ. ਇੰਦਰਾ ਗਾਂਧੀ ਅਤੇ ਅਟਲ ਬਿਹਾਰੀ ਵਾਜਪਾਈ ਵਰਗੇ ਲੋਕ ਆਉਂਦੇ ਸਨ।

ਪਦਮ ਵਿਭੂਸ਼ਣ ਰੰਗਕਰਮੀ ਅਬਰਾਹਮ ਇਲਕਾਜ਼ੀ ਨਾਲ 1961 ਵਿਚ ਇਤਿਹਾਸਕ ਮੁਲਾਕਾਤ ਨੇ ਉਸ ਦੇ ਜੀਵਨ ਦੀ ਦਿਸ਼ਾ ਬਦਲ ਦਿੱਤੀ ਅਤੇ ਉਹ ਬਾਅਦ ਵਿਚ ਭਾਰਤੀ ਰੰਗਮੰਚ ਦਾ ਉੱਘਾ ਕਲਾਕਾਰ ਬਣ ਗਿਆ। ਉਸ ਪਿੱਛੋਂ ਬਿਹਤਰ ਰੋਜ਼ੀ-ਰੋਟੀ ਲਈ ਫਿਲਮੀ ਦੁਨੀਆਂ ਵਿਚ ਫਿਰ ਆਇਆ ਅਤੇ ਗੱਬਰ ਤੋਂ ਬਾਅਦ ਦੂਜਾ ਸਭ ਤੋਂ ਸਫਲ ਖਲਨਾਇਕ ਕਿਰਦਾਰ 'ਮੋਗੈਂਬੋ' ਦੇ ਰੂਪ ਵਿਚ ਹਰਮਨ ਪਿਆਰਾ ਹੋ ਗਿਆ। ਉਸ ਦਾ ਵੱਡਾ ਭਰਾ ਮਦਨਪੁਰੀ ਫਿਲਮਾਂ ਵਿਚ ਸਥਾਪਿਤ ਕਲਾਕਾਰ ਸੀ ਪਰ ਉਸ ਨੇ ਅਮਰੀਸ਼ ਪੁਰੀ ਨੂੰ ਸਾਫ-ਸਾਫ ਕਹਿ ਦਿੱਤਾ ਸੀ ਕਿ ਉਹ ਅੱਗੇ ਵਧਾਉਣ ਵਿਚ ਮਦਦ ਨਹੀਂ ਕਰੇਗਾ ਬਲਕਿ ਉਸਨੂੰ ਖ਼ੁਦ ਹੀ ਆਪਣੀ ਕਿਸਮਤ ਅਤੇ ਪ੍ਰਤਿਭਾ ਨਾਲ ਬਾਲੀਵੁੱਡ ਵਿਚ ਜਗ੍ਹਾ ਬਣਾਉਣੀ ਪਵੇਗੀ। ਅਮਰੀਸ਼ ਪੁਰੀ ਨੇ ਕਲਾ ਅਤੇ ਕਮਰਸ਼ੀਅਲ ਫ਼ਿਲਮਾਂ ਦੋਹਾਂ 'ਚ ਹੀ ਸਫਲਤਾ ਦੇ ਰਿਕਾਰਡ ਕਾਇਮ ਕੀਤੇ ਅਤੇ 316 ਫਿਲਮਾਂ ਵਿਚ ਭੂਮਿਕਾ ਨਿਭਾਈ।



ਅਮਰੀਸ਼ ਪੁਰੀ ਦੀ ਆਤਮਕਥਾ 'ਜੀਵਨ ਇਕ ਰੰਗਮੰਚ' ਉਸ ਦੀ ਮੌਤ ਤੋਂ 5 ਸਾਲ ਬਾਅਦ ਹਿੰਦੀ ਵਿਚ ਰਿਲੀਜ਼ ਹੋ ਕੇ ਵਿਸ਼ਵ ਪੁਸਤਕ ਮੇਲੇ ਵਿਚ ਆਈ ਜਿਸਦੀ ਘੁੰਡ ਚੁਕਾਈ ਐਕਟਰ ਇਰਫਾਨ ਨੇ ਕੀਤੀ। ਅਮਰੀਸ਼ ਪੁਰੀ ਨੇ ਆਪਣੀ ਆਤਮਕਥਾ ਵਿਚ ਲਿਖਿਆ ਹੈ: ਉਹ ਸਾਲ 1961 ਅਕਤੂਬਰ ਦਾ ਮਹੀਨਾ ਸੀ ਅਤੇ ਐਮ.ਪੀ. ਮੇਘਨਾਨੀ ਨਾਇਕ ਮੇਰੇ ਸਾਥੀ ਕਲਾਕਾਰ ਭਾਰਤੀ ਰੰਗਮੰਚ ਦੇ ਪਿਤਾਮਾ ਅਬਰਾਹਮ ਅਲਕਾਜ਼ੀ ਨਾਲ ਮੇਰੀ ਇਤਿਹਾਸਕ ਮੁਲਾਕਾਤ ਕਰਾਉਣ ਵਿਚ ਸਹਾਇਕ ਬਣੇ। ਦਸੰਬਰ 1961 ਵਿਚ ਉਨ੍ਹਾਂ ਮੈਨੂੰ 'ਅੰਧਾਯੁਗ' ਵਿਚ ਧ੍ਰਿਤਰਾਸ਼ਟਰ ਦੀ ਭੂਮਿਕਾ ਦਿੱਤੀ। ਇਸ ਤੋਂ ਪਹਿਲਾਂ ਮਦਨ ਭਾਈ ਦੀ ਚਿਤਾਵਨੀ ਕਿ ਫਿਲਮਾਂ ਵਿਚ ਕੰਮ ਕਰਨ ਦਾ ਮੌਕਾ ਮਿਲਣਾ ਆਸਾਨ ਨਹੀਂ ਹੈ, ਪਿੱਛੋਂ ਮੈਂ ਐਕਟਿੰਗ ਕਰਨ ਦੀ ਇੱਛਾ ਛੱਡ ਹੀ ਦਿੱਤੀ ਸੀ।

ਵਾਣੀ ਪ੍ਰਕਾਸ਼ਨ ਵਲੋਂ ਪ੍ਰਕਾਸ਼ਿਤ ਆਤਮਕਥਾ ਅਨੁਸਾਰ 1973 'ਚ ਇੰਦਰਾ ਗਾਂਧੀ ਗਿਰੀਸ਼ ਕਰਨਾਰਡ ਦੇ ਨਾਟਕ 'ਹਮਵਤਨ' ਦੇਖਣ ਆਏ। ਉਨ੍ਹਾਂ ਕੋਲ ਸਿਰਫ 40 ਮਿੰਟ ਦਾ ਸਮਾਂ ਸੀ ਪਰ ਉਹ ਇੰਨਾ ਪ੍ਰਭਾਵਿਤ ਹੋਈ ਕਿ ਨਾਟਕ ਪੂਰਾ ਖਤਮ ਹੋਣ ਪਿੱਛੋਂ ਹੀ ਗਈ ਅਤੇ ਅਗਲੇ ਦਿਨ ਉਨ੍ਹਾਂ ਨਾਟਕ ਮੰਡਲੀ ਨੂੰ ਨਾਸ਼ਤੇ 'ਤੇ ਬੁਲਾਇਆ। 1990 ਵਿਚ ਤਾਂ ਦੋ-ਤਿੰਨ ਵਾਰ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੀ ਅਮਰੀਸ਼ ਪੁਰੀ ਦੇ ਨਾਟਕ ਦੇਖਣ ਆਏ ਸਨ।

ਅਮਰੀਸ਼ ਪੁਰੀ ਆਪਣੀ ਸਫਲਤਾ ਦੀ ਕੁੰਜੀ ਲਈ ਪ੍ਰੇਮਨਾਥ ਨੂੰ ਜੀਵਨ ਭਰ ਯਾਦ ਕਰਦਾ ਰਿਹਾ। ਪ੍ਰਿਥਵੀ ਰਾਜ ਕਪੂਰ, ਕੁੰਦਨ ਲਾਲ ਸਹਿਗਲ, ਅਸ਼ੋਕ ਕੁਮਾਰ, ਮੀਨਾ ਕੁਮਾਰੀ, ਵਹੀਦਾ ਰਹਿਮਾਨ ਤੇ ਨੂਤਨ ਨੂੰ ਬੜੇ ਆਦਰ ਨਾਲ ਯਾਦ ਕਰਦਾ ਸੀ ਅਤੇ ਸਤਿਆਦੇਵ ਦਵੇ ਨੂੰ ਉਸਨੇ ਆਪਣਾ ਗੁਰੂ ਬਣਾਇਆ ਹੋਇਆ ਸੀ।

UNITED SIKHS
Recognize the Human Race as One



ਰਾਸ਼ਟਰਪਤੀ ਬਰਾਕ ਓਬਾਮਾ ਯੂਨਾਈਟਿਡ ਸਿੱਖਸ ਵਲੋਂ ਹੇਤੀ ਵਿਚ ਅਰੰਭੇ ਰਾਹਤ ਕਾਰਜਾਂ ਦੀ ਸ਼ਲਾਘਾ ਕਰਦੇ ਹੋਏ

UNITED SIKHS
Recognize the Human Race as One







# "ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੋ"

ਆਪ ਸਮੂਹ ਸਿੱਖ ਸੰਗਤਾਂ ਭਲੀਭਾਂਤ ਜਾਣੂ ਹੋ ਕਿ ਹੇਤੀ ਵਿਚ ਆਈ ਕੁਦਰਤੀ ਕਰੋਪੀ ਨੇ ਕਿਵੇਂ ਸਮੁਚੇ ਸੰਸਾਰ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਅਜਿਹੀ ਔਖੀ ਘੜੀ ਵਿਚ ਯੂਨਾਈਟਿਡ ਸਿੱਖਸ ਜਥੇਬੰਦੀ ਨੇ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦੇ ਸਿਧਾਂਤ ਅਤੇ ਦਸ਼ਮੇਸ਼ ਪਿਤਾ ਦੇ ਅਨਿਨ ਸਿੱਖ ਭਾਈ ਕਨੱਈਆ ਜੀ ਦੀ ਬਿਨਾ ਭਿੰਨ-ਭੇਦ ਦੇ ਮਨੁੱਖਤਾ ਦੀ ਸੇਵਾ ਦੇ ਆਸ਼ੇ ਅਨੁਸਾਰ ਹੇਤੀ ਵਿਚ ਰਾਹਤ ਕਾਰਜ ਅਰੰਭੇ ਜਿਹੜੇ ਕਿ ਅਜੇ ਵੀ ਨਿਰੰਤਰ ਜਾਰੀ ਹਨ। ਇਹ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨੇ 4 ਫਰਵਰੀ, 2010 ਨੂੰ ਵਾਈਟ ਹਾਊਸ ਵਿਚਲੇ ਪ੍ਰਭਾਵਸ਼ਾਲੀ ਇਕੱਠ ਵਿਚ ਯੂਨਾਈਟਿਡ ਸਿੱਖਸ ਵਲੋਂ ਹੇਤੀ ਵਿਚ ਕੀਤੇ ਜਾ ਰਹੇ ਰਾਹਤ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ।

ਸਿੱਖ ਸਿਧਾਂਤਾਂ ਨੂੰ ਪ੍ਰਣਾਈ ਹੋਈ ਅਤੇ ਯੂਨਾਈਟਿਡ ਨੇਸ਼ਨਜ਼ ਤੋਂ ਮਾਨਤਾਪ੍ਰਾਪਤ ਸੰਸਥਾ ਯੂਨਾਈਟਿਡ ਸਿੱਖਸ ਤੁਹਾਨੂੰ ਹੇਤੀ ਵਿਚ ਚੱਲ ਰਹੇ ਰਾਹਤ ਕਾਰਜਾਂ (ਜਿਵੇਂ ਲੰਗਰ ਦੀ ਸੇਵਾ, ਡਾਕਟਰੀ ਸਹਾਇਤਾ) ਵਿਚ ਮਨੁੱਖਤਾ ਦੇ ਭਲੇ ਲਈ ਵੱਧ ਚੜ੍ਹ ਕੇ ਯੋਗਦਾਨ ਪਾਉਣ ਲਈ ਨਿਮਰਤਾ ਸਹਿਤ ਬੇਨਤੀ ਕਰਦੀ ਹੈ।

ਆਪ ਸਾਰਿਆਂ ਨੇ ਪਹਿਲਾਂ ਵੀ ਸੁਨਾਮੀ, ਕਟਰੀਨਾ, ਪਾਕਿਸਤਾਨ ਵਿਚ ਆਏ ਭੁਚਾਲ ਅਤੇ ਮਨੁਖੀ ਤ੍ਰਾਸਦੀ ਦੌਰਾਨ ਚੱਲੇ ਰਾਹਤ ਕਾਰਜਾਂ ਵਿਚ ਸਾਨੂੰ ਸਹਿਯੋਗ ਦਿੱਤਾ ਸੀ। ਹੁਣ ਵੀ ਤੁਸੀਂ ਸਾਡਾ ਸਾਥ ਦੇ ਰਹੇ ਹੋ। ਰੋਜ਼ਾਨਾ 5 ਹਜ਼ਾਰ ਲੋਕਾਂ ਦੇ ਲਈ ਲੰਗਰ ਅਤੇ ਡਾਕਟਰੀ ਸਹਾਇਤਾ ਲੰਮੇ ਸਮੇਂ ਤੱਕ ਚਲਦਾ ਰੱਖਣ ਲਈ ਆਪ ਸਭ ਦੇ ਸਹਿਯੋਗ ਦੀ ਆਸ ਕਰਦੇ ਹਾਂ।

ਅਸੀਂ ਸਮੂਹ ਸਾਧ ਸੰਗਤ, ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸਮਾਜ ਸੇਵੀ ਸੰਸਥਾਵਾਂ, ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਅਤੇ ਰੇਡੀਓ ਟਾਕ ਸ਼ੋਅ ਮੇਜ਼ਬਾਨਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਪੂਰੀ ਤਨਦੇਹੀ ਨਾਲ ਸਾਡਾ ਸਾਥ ਦਿੱਤਾ।

ਇਸ ਦੇ ਨਾਲ ਹੀ ਜਿਨ੍ਹਾਂ ਵੀਰਾਂ, ਭੈਣਾਂ, ਬਜ਼ੁਰਗਾਂ, ਬੱਚਿਆਂ ਨੇ ਨਿਸ਼ਕਾਮ ਭਾਵਨਾ ਨਾਲ ਇਨ੍ਹਾਂ ਕਾਰਜਾਂ ਨੂੰ ਚਲਾਉਣ ਲਈ ਸਾਡੀ ਮਦਦ ਕੀਤੀ, ਸਾਨੂੰ ਉਤਸ਼ਾਹਿਤ ਕੀਤਾ, ਅਸੀਂ ਉਨ੍ਹਾਂ ਦੇ ਰੋਮ ਰੋਮ ਰਿਣੀ ਹਾਂ ਅਤੇ ਅੱਗੋਂ ਵੀ ਉਨ੍ਹਾਂ ਦੇ ਸਾਥ ਦੀ ਕਾਮਨਾ ਕਰਦੇ ਹਾਂ। ਵਿਸ਼ੇਸ਼ ਤੌਰ 'ਤੇ ਅਮਰੀਕਾ ਅਤੇ ਕੈਨੇਡਾ ਦੀਆਂ ਵੱਖ ਵੱਖ ਥਾਵਾਂ ਤੋਂ ਆਪਣੇ ਪਰਿਵਾਰਾਂ ਨੂੰ ਪਿਛੇ ਛੱਡ ਕੇ ਖਤਰਿਆਂ ਦੀ ਪਰਵਾਹ ਨਾ ਕਰਦੇ ਹੋਏ ਰਾਹਤ ਕਾਰਜਾਂ ਲਈ ਹੇਤੀ ਵਿਚ ਪਹੁੰਚੇ ਸਿੱਖ ਵਾਲੰਟੀਅਰ, ਡਾਕਟਰਾਂ, ਨਰਸਾਂ ਆਦਿ ਦੇ ਸਹਿਯੋਗ ਲਈ ਅਸੀਂ ਅਤੀ ਧੰਨਵਾਦੀ ਹਾਂ।

ਯੂ. ਐਸ. ਏ. ਦੇ ਕੁਝ ਕੁ ਗੁਰਦੁਆਰਾ ਸਾਹਿਬਾਨ ਤੇ ਉਨ੍ਹਾਂ ਦੀਆਂ ਸਿੱਖ ਸੰਗਤਾਂ ਅਤੇ ਸਮਾਜ ਸੇਵੀ ਸੰਸਥਾਵਾਂ, ਜਿਨ੍ਹਾਂ ਨੇ ਇਸ ਸੇਵਾ ਵਿਚ ਵਿਸ਼ੇਸ਼ ਸਹਿਯੋਗ ਦਿੱਤਾ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ, ਜੇ ਕਿਸੇ ਗੁਰਦੁਆਰਾ ਸਾਹਿਬ ਦਾ ਨਾਮ ਅਣਜਾਣੇ ਵਿਚ ਰਹਿ ਗਿਆ ਹੋਵੇ ਤਾਂ ਅਸੀਂ ਖਿਮਾ ਦੇ ਜਾਚਕ ਹਾਂ।

**Gurdwaras**

Gurdwara Sahib, Stockton, CA
Gurdwara Sahib, San Jose, CA
Kalgidhar Gurdwara, Selma, CA
Sikh Temple, Hayward, CA
Gurdwara Sahib, Fremont, CA
The Sikh Center of San Francisco Bay Area, El Sobrante, CA
Connecticut Sikh Association, Southington, CT
Gurdwara Guru Tegh Bahadur Ji Foundation, Norwalk, CT
Sikh Cultural Society of Central New England, Farmington, CT
Sikh Gurdwara of Greater Washington, D.C.
Sikh Religious Society of Chicago, Palatine, IL
Sikh Society of Central Florida, Orlando, FL
Guru Singh Sabha, Augusta, GA
Sewa Gurdwara, Roswell, GA
Sikh Study Circle, Atlanta, GA
Iowa Sikh Temple, West Des Moines, IA
Guru Nanak Sikh Society, Indianapolis, IN
New England Sikh Study Circle, Milford, MA
Gurdwara Sahib, Summerville, MA
Guru Nanak Foundation, Silver Spring, MD
Sikh Gurdwara, Rochester Hills, MI
Gurdwara Singh Sabha, Kalamazoo, MI
Sikh Society of West Michigan, Grand Rapids, MI
Minnesota Sikh Temple, Minneapolis, MN
Sikh Gurdwara of North Carolina, Durham, NC
Charlotte Gurdwara, Charlotte, NC
Gurdwara Dashmesh Darbar, Carteret, NJ
Gurdwara Singh Sabha, Carteret, NJ
Gurdwara Nanak Naam Jahaz Hai, Jersey City, NJ
Sri Guru Singh Sabha, Glen Rock, NJ
Baba Makhan Shah Lobana Sikh Center, New York, NY
Guru Gobind Singh Sikh Center, Plainview, NY
Ramgarhia Sikh Center, New York, NY
Mata Sahib Kaur Gurdwara, Glen Cove, NY
Sri Guru Ravidas Sabha, New York, NY
Sikh Center, Flushing, NY
The Sikh Cultural Society, Richmond Hill, NY
Gurdwara Sant Sagar, Bellrose, NY
Gurdwara Sahib, Dayton, OH
Gurdwara Akaljot, Murphy, TX
Gurdwara Sikh Sangat, Euless, TX
Gurdwara Singh Sabha, Richardson, TX
Sikh Center of Gulf Coast, Houston, TX
Breen Gurdwara Sahib, Houston, TX
Gurdwara Sahib of Southwest Houston, Houston, TX
Sikh Temple of Utah, Salt Lake City, UT
Gurdwara Singh Sabha, Fairfax, VA
Gurdwara Sri Guru Tegh Bahadur Ji, Kent, WA
Gurdwara Sacha Marag, Kent, WA
Gurdwara Singh Sabha, Renton, WA

**Organizations**

Sarbat Ka Bhalla, CA
Punjabi Heritage Society, CA
Good Heart Charity, CA
Sikh Council of Central California, CA
Bhai Mani Singh Society, NY
Sri Guru Ravidas Welfare Society, NY
Access Community Health Network, IL
NYDIS, NY
French Speaking Baptist Church, Brooklyn, NY
Doctors Without Borders
Office of Emergency Management (OEM)
Federal Emergency Management Agency (FEMA)
Red Cross
University of Chicago Hospitals, IL
University of Miami, FL
New York University, NY
Fordham University, NY
Denise Haiti Relief, A Network of Harvard University Alumni, MA
Sikh Student Associations – USA

**Businesses**

JetBlue Airlines
American Airlines
Microsoft Inc.
Bank of America
Goldman Sachs
Apnaa Bazaar, NJ
Freedom Transportation, NJ
East West Hauling, NJ
Tandoor Palace, NY
Subzi Mandi, NY
Time Warner

**ਜਾਰੀ ਕਰਤਾ**

ਜਤਿੰਦਰ ਸਿੰਘ, 510-421-0538
ਕੁਲਦੀਪ ਸਿੰਘ, 404-550-8356
ਕਸ਼ਮੀਰ ਸਿੰਘ ਸ਼ਾਹੀ, 510-299-7982
ਗੁਰਵਿੰਦਰ ਸਿੰਘ, 469-222-6288
ਅਰਵਿੰਦ ਕੌਰ, 646-688-3525

ਹੋਰ ਜਾਣਕਾਰੀ ਲਈ ਕਾਲ ਕਰੋ: 888-243-1690 www.unitedsikhs.org



VALERO
BIG B'S
VALERO
TRAVEL CENTER
EARLIMART MOTEL
Cable / TV / Refrigerator / Microwave / AC
Special Rates for Truckers
PORT OF SUBS
Sliced Fresh Sandwiches!
We Accept
COM Check • T Check • EFS • Fleet 1
CFN
Clean Shower & Bathroom
ATM
FLAT SCREEN TV
INTERSTATE 99
CERTIFIED SCALES
CAT SCALE
DO NOT ENTER
PORT OF SUBS
MEXICAN FOOD
ELECTRONICS
TRUCK PARTS
CAR WASH
COMMING SOON
DIESEL
ਟਰੱਕ ਪਾਰਟਸ ਅਤੇ ਇਲੈਕਟਰੌਨਿਕਸ
ਸਸਤੇ ਰੇਟਾਂ ਤੇ ਮਿਲਦਾ ਹੈ
ਪਰੋਪੇਨ ਗੈਸ
PROPANE GAS
Amrik Singh Bhandal
Owner
Mandeep Singh Bhandal
Free Coffee or Refill Soda with fillup Diesel
EXIT 65 ON INTERSTATE 99
OPEN 24 HOURS
1164 N. Front Road, Earlimart CA 93219
Tel:661.849.2222 Fax:661.849.3755
ਇਥੋਂ ਤੁਸੀਂ ਹਰ ਸਮੇਂ ਪੰਜਾਬ ਟਾਈਮਜ਼ ਅਖਬਾਰ ਲੈ ਸਕਦੇ ਹੋ
DESIGNED BY